ਐਤਵਾਰ, 14 ਸਤੰਬਰ, 2025
30 ਭਾਦੋਂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 104

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 14 SEPTEMBER, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪ੍ਰੂਫ਼-ਰੀਡਿੰਗ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 8+6=14

# 2300 ਪਿੰਡਾਂ ਦੀ ਸਫਾਈ 24 ਤੱਕ : ਮਾਨ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ਼ਨੀਵਾਰ ਇਕ ਵਾਰ ਮੁੜ ਪ੍ਰੈੱਸ ਕਾਨਫਰੰਸ ਕੀਤੀ ਗਈ, ਜਿਸ ਦੌਰਾਨ ਉਨ੍ਹਾਂ ਕਈ ਅਹਿਮ ਐਲਾਨ ਕੀਤੇ। ਮੁੱਖ ਮੰਤਰੀ ਨੇ ਕਿਹਾ ਕਿ ਅੱਜ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਕਈ ਇਲਾਕਿਆਂ ਵਿਚ ਪਾਣੀ ਘੱਟ ਕਰ ਦਿੱਤਾ ਗਿਆ ਹੈ, ਪਰ ਇਲਾਕਿਆਂ ਵਿਚ ਅਜੇ ਵੀ ਰੇਤ ਫੈਲੀ ਹੋਈ ਹੈ ਅਤੇ ਆਮ ਜਨਜੀਵਨ ਸ਼ੁਰੂ ਕਰਨ ਲਈ ਅਸੀਂ ਇਕ ਸਫ਼ਾਈ ਮੁਹਿੰਮ ਸ਼ੁਰੂ ਕਰਨ ਜਾ ਰਹੇ ਹਾਂ, ਜਿਸ ਵਿਚ 2300 ਪਿੰਡ ਲਏ ਜਾਣਗੇ ਤੇ ਹਰ ਪਿੰਡ ਵਿਚ ਜੇ ਸੀ ਬੀ, ਟਰੈਕਟਰ ਟਰਾਲੀ ਅਤੇ ਮਜ਼ਦੂਰਾਂ ਦਾ ਪ੍ਰਬੰਧ ਕੀਤਾ ਜਾਵੇਗਾ, ਜਿਸ ਵਿਚ ਜੋ ਮਲਬਾ ਵਹਿ ਕੇ ਆਇਆ ਹੈ, ਉਸ ਨੂੰ ਹਟਾਇਆ ਜਾਵੇਗਾ।

ਉਨ੍ਹਾਂ ਕਿਹਾ ਕਿ ਬਹੁਤ ਸਾਰੇ ਮਰੇ ਹੋਏ ਜਾਨਵਰ ਵੀ ਆਏ ਹੋਣਗੇ, ਜਿਨ੍ਹਾਂ ਨੂੰ ਹਟਾਉਣ ਦੇ ਪ੍ਰਬੰਧ ਕੀਤੇ ਜਾਣਗੇ, ਪੇਂਡੂ ਖੇਤਰਾਂ ਵਿਚ ਫਿੜਕਾਅ ਕੀਤਾ ਜਾਵੇਗਾ, ਤਾਂ ਜੋ ਕੋਈ ਬਿਮਾਰੀ ਨਾ ਫੈਲੇ, ਜਿਸ ਵਿਚ ਇਸ ਮੁਹਿੰਮ ਲਈ 100 ਕਰੋੜ ਰੁਪਏ ਰੱਖੇ ਜਾਣਗੇ ਅਤੇ 1 ਲੱਖ ਰੁਪਏ ਟੋਕਨ ਵਜੋਂ ਦਿੱਤੇ ਜਾਣਗੇ, ਉਸ ਤੋਂ ਬਾਅਦ ਲੋੜ ਅਨੁਸਾਰ ਪੈਸੇ ਦਿੱਤੇ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ ਸਫ਼ਾਈ ਦਾ ਸਾਰਾ ਖ਼ਰਚਾ ਪੰਜਾਬ ਸਰਕਾਰ ਵੱਲੋਂ ਚੁੱਕਿਆ ਜਾਵੇਗਾ ਅਤੇ ਇਹ 24 ਸਤੰਬਰ ਤੱਕ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ 15 ਅਕਤੂਬਰ ਤੱਕ ਪੇਂਡੂ ਖੇਤਰ ਦੀਆਂ ਸਾਂਝੀਆਂ ਥਾਵਾਂ ਨੂੰ ਆਮ ਜੀਵਨ ਵਿਚ ਵਾਪਸ ਲਿਆਂਦਾ ਜਾਵੇਗਾ, ਜਿਸ ਵਿਚ 21 ਅਕਤੂਬਰ ਤੱਕ ਸਫ਼ਾਈ ਕੀਤੀ ਜਾਵੇਗੀ। ਜੇਕਰ ਸਮਾਜ ਭਲਾਈ ਸੰਸਥਾਵਾਂ ਮਦਦ ਕਰਨਾ ਚਾਹੁੰਦੀਆਂ ਹਨ ਤਾਂ ਇਸ ਦਾ ਸਵਾਗਤ ਕੀਤਾ ਜਾਵੇਗਾ।

ਮਾਨ ਨੇ ਕਿਹਾ ਕਿ ਜੇਕਰ ਬਿਮਾਰੀ ਫੈਲਦੀ ਹੈ, ਤਾਂ ਸਰਕਾਰ 2300 ਪਿੰਡਾਂ ਵਿਚ ਮੈਡੀਕਲ ਕੈਂਪ ਲਗਾਏਗੀ, ਜਿਨ੍ਹਾਂ ਵਿਚੋਂ 500 ਪਿੰਡਾਂ ਵਿਚ ਆਮ ਆਦਮੀ ਕਲੀਨਿਕ ਹਨ ਅਤੇ ਬਾਕੀ ਪੰਚਾਇਤ ਭਵਨਾਂ, ਸਕੂਲਾਂ ਆਦਿ ਵਿਚ ਸਥਾਪਤ ਕੀਤੇ ਜਾਣਗੇ। ਸਰਕਾਰ 550 ਐਂਬੂਲੈਂਸਾਂ ਪ੍ਰਦਾਨ ਕਰੇਗੀ, ਤਾਂ ਜੋ ਐਮਰਜੈਂਸੀ ਸੇਵਾਵਾਂ ਵਿਚ ਕੋਈ ਸਮੱਸਿਆ ਨਾ ਆਵੇ। 713 ਪਿੰਡਾਂ ਵਿਚ 2.5 ਲੱਖ ਜਾਨਵਰ ਬਿਮਾਰੀ ਤੋਂ ਪ੍ਰਭਾਵਤ ਹਨ ਅਤੇ ਉਨ੍ਹਾਂ ਨੂੰ ਬਿਮਾਰੀ ਤੋਂ ਬਚਾਉਣ ਲਈ ਇਕ ਮੁਹਿੰਮ ਚਲਾਈ ਜਾਵੇਗੀ।

## ਕੇਂਦਰ ਕੋਲੋਂ ਭੀਖ ਨਹੀਂ ਆਪਣਾ ਹੱਕ ਮੰਗਦੇ ਹਾਂ



ਹਰ ਪਿੰਡ ਵਿਚ ਪਸ਼ੂਆਂ ਦੇ ਡਾਕਟਰਾਂ ਦੀ ਇਕ ਟੀਮ ਤਾਇਨਾਤ ਕੀਤੀ ਗਈ ਹੈ। ਕਈ ਪਿੰਡਾਂ ਅਤੇ ਪੰਚਾਇਤਾਂ ਵਿੱਚ ਧਰਮਸ਼ਾਲਾਵਾਂ ਆਦਿ ਨੂੰ ਹੋਏ ਨੁਕਸਾਨ ਦੀ ਮੁਰੰਮਤ 15 ਅਕਤੂਬਰ ਤੱਕ ਕਰ ਦਿੱਤੀ ਜਾਵੇਗੀ। ਮਾਨ ਨੇ ਕਿਹਾ ਕਿ 22 ਅਕਤੂਬਰ ਤੱਕ ਛੱਪੜਾਂ ਆਦਿ ਦੀ ਸਫਾਈ ਕਰ ਦਿੱਤੀ ਜਾਵੇਗੀ। ਮੰਡੀਆਂ ਦੀ ਹਾਲਤ ਬਿਲਕੁਲ ਠੀਕ ਹੈ। ਝੋਨਾ ਆਉਂਦੇ ਹੀ ਖਰੀਦਿਆ ਜਾਵੇਗਾ। ਸਰਕਾਰੀ ਖਰੀਦ 16 ਸਤੰਬਰ ਤੋਂ ਸ਼ੁਰੂ ਹੋਵੇਗੀ। ਹੜ੍ਹਾਂ ਨਾਲ ਪ੍ਰਭਾਵਤ ਮੰਡੀਆਂ ਦੀ ਮੁਰੰਮਤ ਕਰਕੇ 19 ਸਤੰਬਰ ਤੱਕ ਆਮ ਖਰੀਦ ਲਈ ਤਿਆਰ ਕਰ ਦਿੱਤਾ ਜਾਵੇਗਾ। ਸਰਕਾਰ ਰੋਜ਼ਾਨਾ ਖਰੀਦ ਦੇ ਅੰਕੜੇ ਜਾਰੀ ਕਰੇਗੀ। ਰਾਜਪਾਲ ਬਾਰੇ ਮਾਨ ਨੇ ਕਿਹਾ ਕਿ ਕੁਝ ਰਾਜ ਅਜਿਹੇ ਹਨ, ਜਿੱਥੇ ਰਾਜਪਾਲ ਕਿਸੇ ਨਾ ਕਿਸੇ ਮੁੱਦੇ 'ਤੇ ਵਿਵਾਦ ਪੈਦਾ ਕਰਦੇ ਹਨ। ਲੋਕਾਂ ਦੇ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਰਾਜਪਾਲ ਨੂੰ ਰਾਜ ਦੇ ਹਿੱਤ ਵਿੱਚ ਮਾਮਲਾ ਕੇਂਦਰ ਦੇ ਸਾਹਮਣੇ ਰੱਖਣਾ ਚਾਹੀਦਾ ਹੈ। ਮਾਨ ਨੇ ਕਿਹਾ ਕਿ ਕੁਝ ਲੋਕ ਇੰਟਰਨੈੱਟ ਮੀਡੀਆ 'ਤੇ ਝੂਠਾ ਪ੍ਰਚਾਰ ਕਰ ਰਹੇ ਹਨ। ਜਦੋਂ ਮੈਂ ਦੋ ਦਿਨਾਂ ਲਈ ਹਸਪਤਾਲ ਵਿੱਚ ਦਾਖਲ ਸੀ, ਤਾਂ ਕੁਝ ਮੀਡੀਆ ਚੈਨਲਾਂ ਨੇ ਪੰਜਾਬ ਵਿੱਚ 3 ਤੋਂ 4 ਮੁੱਖ ਮੰਤਰੀ ਬਣਾਉਣ ਦੀ ਗੱਲ ਕਰਨੀ ਸ਼ੁਰੂ ਕਰ ਦਿੱਤੀ। ਅਰਵਿੰਦ ਕੇਜਰੀਵਾਲ ਨੇ ਸ੍ਰੀ ਦਰਬਾਰ ਸਾਹਿਬ ਵਿੱਚ ਖੜ੍ਹੇ ਹੋ ਕੇ ਕਿਹਾ ਸੀ ਕਿ ਭਗਵੰਤ ਮਾਨ ਪੰਜਾਬ ਦੇ ਮੁੱਖ ਮੰਤਰੀ ਰਹਿਣਗੇ। ਫਿਰ ਵੀ ਕੁਝ ਵਿਦਵਾਨ ਚੈਨਲਾਂ 'ਤੇ ਅਫਵਾਹਾਂ ਫੈਲਾਉਂਦੇ ਹਨ ਅਤੇ ਅਜਿਹੀਆਂ ਗੱਲਾਂ ਕਰਦੇ ਹਨ। ਮਾਨ ਨੇ ਕਿਹਾ ਕਿ ਸਾਡੀ ਪਾਰਟੀ ਸੰਘਰਸ਼ ਵਿੱਚੋਂ ਪੈਦਾ ਹੋਈ ਪਾਰਟੀ ਹੈ। ਸਾਡੀ ਪਾਰਟੀ ਵਿੱਚ ਕੋਈ ਧੜਾ ਨਹੀਂ ਹੈ। ਲੋਕ ਖੁਦ ਸਾਡੇ ਧੜੇ ਦੇ ਮੈਂਬਰ ਹਨ। ਕੁਝ ਲੋਕ ਪਾਰਟੀ ਵਿੱਚ ਧੜੇਬੰਦੀ ਪੈਦਾ ਕਰਨਾ ਚਾਹੁੰਦੇ ਸਨ, ਪਰ ਉਨ੍ਹਾਂ ਨੂੰ ਸਮੇਂ ਸਿਰ ਬਾਹਰ ਕੱਢ ਦਿੱਤਾ ਗਿਆ। ਮਾਨ ਨੇ ਕਿਹਾ ਕਿ ਮੈਂ ਕੇਂਦਰ ਸਰਕਾਰ ਤੋਂ ਭੀਖ ਨਹੀਂ ਮੰਗ ਰਿਹਾ, ਮੈਂ ਪੰਜਾਬ ਦੇ ਹੱਕ ਮੰਗ ਰਿਹਾ ਹਾਂ। ਮੈਂ ਕੋਈ ਵਿਸ਼ੇਸ਼ ਫੰਡ ਨਹੀਂ ਮੰਗਦਾ। ਸਾਨੂੰ ਸਾਡਾ ਜੀ ਐੱਸ ਟੀ ਫੰਡ ਦਿਓ। ਸਾਡਾ ਆਰ ਡੀ ਐੱਫ ਫੰਡ ਦਿਓ। ਵਿਧਾਨ ਸਭਾ ਵਿੱਚ ਐਕਟ ਵੀ ਪਾਸ ਹੋ ਚੁੱਕਾ ਹੈ, ਪਰ ਫਿਰ ਵੀ ਸਾਡੇ ਹੱਕ ਰੋਕੇ ਜਾ ਰਹੇ ਹਨ। ਸਾਡਾ ਖਜ਼ਾਨਾ ਪੂਰੀ ਤਰ੍ਹਾਂ ਖਾਲੀ ਨਹੀਂ ਹੈ। ਅਸੀਂ ਲੋਕਾਂ ਨੂੰ ਮੁਫ਼ਤ ਬਿਜਲੀ ਦਿੱਤੀ ਹੈ। ਐੱਸ ਐੱਸ ਐੱਫ ਟੀਮ ਬਣਾਈ ਗਈ ਹੈ। ਪਾਣੀ ਕਿਸਾਨਾਂ ਦੇ ਖੇਤਾਂ ਤੱਕ ਪਹੁੰਚ ਰਿਹਾ ਹੈ। ਸਰਕਾਰ ਕਿਸੇ ਵੀ ਗਰੀਬ ਵਿਅਕਤੀ ਦਾ ਹੱਥ ਨਹੀਂ ਛੱਡਦੀ। ਸਾਡੇ ਲਈ ਸਭ ਬਰਾਬਰ ਹਨ। ਕੇਂਦਰ ਸਰਕਾਰ ਪੰਜਾਬ ਸਰਕਾਰ ਨੂੰ ਪਰੇਸ਼ਾਨ ਕਰਨਾ ਚਾਹੁੰਦੀ ਹੈ, ਪਰ ਜਨਤਾ ਹੁਣ ਸਭ ਕੁਝ ਸਮਝ ਗਈ ਹੈ। ਪੈਸੇ ਨਾ ਦੇ ਕੇ ਮਾਨ ਨੂੰ ਪਰੇਸ਼ਾਨ ਨਹੀਂ ਕੀਤਾ ਜਾ ਸਕਦਾ। ਸਾਨੂੰ 'ਜਿਸਦਾ ਖੇਤ, ਉਸਦੀ ਰੇਤ' ਬਾਰੇ ਨੋਟੀਫਿਕੇਸ਼ਨ ਜਾਰੀ ਕਰਨ ਦੀ ਜ਼ਰੂਰਤ ਨਹੀਂ, ਕਿਉਂਕਿ ਵਿਧਾਨ ਸਭਾ ਵਿੱਚ ਪਾਸ ਹੋ ਚੁੱਕਾ ਹੈ। ਪੰਜਾਬ ਵਿੱਚ ਸਭ ਤੋਂ ਮਹੱਤਵਪੂਰਨ ਚੀਜ਼ ਸਕੂਲ ਅਤੇ ਮੁਹੱਲਾ ਕਲੀਨਿਕ ਹਨ, ਜੋ ਸਹੀ ਢੰਗ ਨਾਲ ਚਲਾਏ ਜਾ ਰਹੇ ਹਨ। ਪੰਜਾਬ ਹਮੇਸ਼ਾ ਦੇਸ਼ ਦੇ ਨਾਲ ਖੜ੍ਹਾ ਰਿਹਾ ਹੈ, ਪਰ ਹੁਣ ਦੇਸ਼ ਨੂੰ ਵੀ ਪੰਜਾਬ ਦੇ ਨਾਲ ਖੜ੍ਹਾ ਹੋਣਾ ਚਾਹੀਦਾ ਹੈ।

ਦੂਜੇ ਪਾਸੇ ਮਾਨ ਨੇ ਇੱਕ ਵਾਰ ਫਿਰ ਸਾਰੇ ਆਗੂਆਂ ਨੂੰ ਪੰਜਾਬ ਦੇ ਮੁੱਦਿਆਂ 'ਤੇ ਖੁੱਲ੍ਹੀ ਬਹਿਸ ਲਈ ਚੁਣੌਤੀ ਦਿੱਤੀ, ਜਿਸ ਨੂੰ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਸਵੀਕਾਰ ਕਰ ਲਿਆ ਹੈ। ਮਾਨ ਨੇ ਕਿਹਾ ਕਿ ਹੁਣ ਮੈਂ ਰਵਨੀਤ ਬਿੱਟੂ ਨਾਲ ਕੀ ਬਹਿਸ ਕਰਾਂ। ਬਿੱਟੂ ਦੀ ਕੋਈ ਨਹੀਂ ਸੁਣਦਾ। ਮੈਂ ਕਿਹਾ ਸੀ ਕਿ ਧੂਰੀ ਵਿੱਚ ਰੇਲਵੇ ਪੁਲ ਬਣਾਉਣਾ ਹੈ, ਫਿਰ ਬਿੱਟੂ ਨੇ ਖੁਦ ਕਿਹਾ ਸੀ ਕਿ ਉਹ ਇਹ ਨਹੀਂ ਕਰ ਸਕਣਗੇ। ਜੋ ਆਗੂ ਖਤਮ ਹੋ ਜਾਂਦੇ ਹਨ, ਉਨ੍ਹਾਂ ਨੂੰ ਬੇਅਸਰ ਵਿਭਾਗ ਦਿੱਤੇ ਜਾਂਦੇ ਹਨ।

## ਗੋਰਿਆਂ ਵੱਲੋਂ ਯੂ ਕੇ 'ਚ ਸਿੱਖ ਕੁੜੀ ਨਾਲ ਜਬਰ-ਜ਼ਨਾਹ

**ਲੰਦਨ** : ਓਲਡਬਰੀ ਦੇ ਇੱਕ ਪਾਰਕ ਵਿੱਚ ਦਿਨ-ਦਿਹਾੜੇ 20 ਸਾਲਾ ਇੱਕ ਸਿੱਖ ਲੜਕੀ ਨਾਲ ਜਬਰ-ਜ਼ਨਾਹ ਹੋਣ ਦੀ ਖਬਰ ਹੈ। ਪੱਛਮੀ ਮਿਡਲੈਂਡਜ਼ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਬਰਮਿੰਘਮ ਮੇਲ. ਸੀ ਓ ਯੂ ਕੇ ਖ਼ਬਰ ਵੈੱਬਸਾਈਟ ਨੇ ਇਸ ਬਾਰੇ ਖੁਲਾਸਾ ਕੀਤਾ ਹੈ। ਰਿਪੋਰਟ ਅਨੁਸਾਰ 9 ਸਤੰਬਰ ਨੂੰ ਸਵੇਰੇ 8:30 ਵਜੇ ਦੇ ਕਰੀਬ ਵਾਪਰੀ ਘਟਨਾ ਨੂੰ ਨਸਲੀ ਘਟਨਾ ਮੰਨਿਆ ਜਾ ਰਿਹਾ ਹੈ। ਜਬਰ-ਜ਼ਨਾਹ ਕਰਨ ਵਾਲਿਆਂ ਨੇ ਕਈ ਨਸਲੀ ਟਿੱਪਣੀਆਂ ਕੀਤੀਆਂ। ਉਹਨਾਂ ਦੀ ਪਛਾਣ ਗੋਰਿਆਂ ਵਜੋਂ ਹੋਈ ਹੈ ਤੇ ਉਨ੍ਹਾਂ ਦੀ ਗਿਣਤੀ ਦੋ ਸੀ। ਉਨ੍ਹਾਂ ਲੜਕੀ ਨੂੰ 'ਆਪਣੇ ਦੇਸ਼ ਵਾਪਸ ਜਾਓ' ਕਿਹਾ । ਇਸ ਘਟਨਾ ਕਾਰਨ ਸਥਾਨਕ ਸਿੱਖ ਭਾਈਚਾਰੇ ਵਿੱਚ ਵਿਆਪਕ ਗੁੱਸਾ ਪੈਦਾ ਹੋ ਗਿਆ ਹੈ। ਇਸ ਘਟਨਾ ਨੂੰ ਲੈ ਕੇ ਸਿੱਖ ਭਾਈਚਾਰੇ ਵੱਲੋਂ ਸਮੈਦਵਿਕ ਦੇ ਗੁਰੂ ਨਾਨਕ ਗੁਰਦੁਆਰੇ ਵਿੱਚ ਮੀਟਿੰਗ ਕੀਤੀ ਗਈ। ਸੈਂਡਵੈੱਲ ਪੁਲਸ ਦੇ ਚੀਫ਼ ਸੁਪਰਡੈਂਟ ਕਿਮ ਮੈਡਿਲ ਨੇ ਕਿਹਾ : 'ਅਸੀਂ ਪੂਰੀ ਤਰ੍ਹਾਂ ਸਮਝਦੇ ਹਾਂ ਕਿ ਇਸ ਕਾਰਨ ਕਿੰਨਾ ਦੁੱਖ ਅਤੇ ਡਰ ਪੈਦਾ ਹੋਇਆ ਹੈ। ਅਸੀਂ ਜ਼ਿੰਮੇਵਾਰ ਲੋਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਕੰਮ ਕਰ ਰਹੇ ਹਾਂ। ਫੋਰੈਂਸਿਕ ਅਤੇ ਸੀ ਸੀ ਟੀ ਵੀ ਜਾਂਚ ਚੱਲ ਰਹੀ ਹੈ ਅਤੇ ਲੋਕਾਂ ਨੂੰ ਭਰੋਸਾ ਦਿਵਾਉਣ ਲਈ ਵਾਧੂ ਪੁਲਸ ਤਾਇਨਾਤ ਕੀਤੀ ਗਈ ਹੈ।' ਪੱਛਮੀ ਮਿਡਲੈਂਡਜ਼ ਪੁਲਸ ਨੇ ਲੋਕਾਂ ਨੂੰ ਇਸ ਘਟਨਾ ਬਾਰੇ ਜਾਣਕਾਰੀ ਸਾਂਝੀ ਕਰਨ ਦੀ ਅਪੀਲ ਕੀਤੀ ਹੈ। ਪੀੜਤਾ ਨੇ ਪੁਲਸ ਨੂੰ ਦੱਸਿਆ ਕਿ ਦੋਵੇਂ ਮੁਲਜ਼ਮ ਅੰਗਰੇਜ਼ ਸਨ। ਉਨ੍ਹਾਂ ਵਿੱਚੋਂ ਇਕ ਦੇ ਸਿਰ 'ਤੇ ਵਾਲ ਨਹੀਂ ਸਨ ਤੇ ਉਸ ਨੇ ਗਾੜ੍ਹੇ ਰੰਗ ਦੀ ਸਵੈਟਰ ਪਹਿਨੀ ਹੋਈ ਸੀ। ਦੂਜੇ ਮੁਲਜ਼ਮ ਨੇ ਸਲੇਟੀ ਰੰਗ ਦੀ ਸ਼ਰਟ ਪਹਿਨੀ ਹੋਈ ਸੀ। ਬ੍ਰਿਟਿਸ਼ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਉਹਨਾ ਕਿਹਾ ਕਿ ਸਿੱਖ ਭਾਈਚਾਰੇ ਸਮੇਤ ਸਾਰੇ ਭਾਈਚਾਰਿਆਂ ਨੂੰ ਸੁਰੱਖਿਅਤ ਮਹਿਸੂਸ ਕਰਨ ਦਾ ਪੂਰਾ ਹੱਕ ਹੈ। ਓਲਡਬਰੀ ਵਰਗੀਆਂ ਘਟਨਾਵਾਂ ਬ੍ਰਿਟੇਨ 'ਚ ਕਦੇ ਵੀ ਨਹੀਂ ਹੋਣੀਆਂ ਚਾਹੀਦੀਆਂ। ਸਮਿਥਵਿਕ ਦੇ ਸਾਂਸਦ ਗੁਰਿੰਦਰ ਸਿੰਘ ਜੋਸਨ ਨੇ ਕਿਹਾ ਹੈ ਕਿ ਇਹ ਬਹੁਤ ਹੀ ਘਿਨਾਉਣੀ ਘਟਨਾ ਹੈ।

## ਨੇਪਾਲ 'ਚ ਸੰਸਦੀ ਚੋਣਾਂ ਅਗਲੇ ਸਾਲ 5 ਮਾਰਚ ਨੂੰ

**ਕਾਠਮੰਡੂ** : ਰਾਸ਼ਟਰਪਤੀ ਪੌਡੇਲ ਨੇ ਨਵੇਂ ਨਿਯੁਕਤ ਪ੍ਰਧਾਨ ਮੰਤਰੀ ਸਾਬਕਾ ਚੀਫ ਜਸਟਿਸ ਸੁਸ਼ੀਲਾ ਕਾਰਕੀ ਦੀ ਸਿਫ਼ਾਰਸ਼ 'ਤੇ ਪ੍ਰਤੀਨਿਧੀ ਸਭਾ ਨੂੰ ਭੰਗ ਕਰਦੇ ਹੋਏ ਕਿਹਾ ਹੈ ਕਿ ਅਗਲੀਆਂ ਸੰਸਦੀ ਚੋਣਾਂ ਅਗਲੇ ਸਾਲ 5 ਮਾਰਚ ਨੂੰ ਹੋਣਗੀਆਂ। ਬੀਤੇ ਦਿਨ ਹੀ ਇੱਕ ਹਫ਼ਤੇ ਦੇ ਹਿੰਸਕ ਵਿਰੋਧ ਪ੍ਰਦਰਸ਼ਨਾਂ ਦੇ ਚਲਦਿਆਂ ਕੇ ਪੀ ਸ਼ਰਮਾ ਓਲੀ ਵੱਲੋਂ ਅਸਤੀਫਾ ਦੇਣ ਤੋਂ ਬਾਅਦ ਸੁਸ਼ੀਲਾ ਕਾਰਕੀ (73) ਨੇ ਦੇਸ਼ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਿਆ ਅਤੇ ਪ੍ਰਧਾਨ ਮੰਤਰੀ ਵਜੋਂ ਹਲਫ਼ ਲਿਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨੇਪਾਲ ਦੀ ਅੰਤਰਮ ਪ੍ਰਧਾਨ ਮੰਤਰੀ ਸੁਸ਼ੀਲਾ ਕਾਰਕੀ ਨੂੰ ਅਹੁਦਾ ਸੰਭਾਲਣ 'ਤੇ ਵਧਾਈ ਦਿੱਤੀ ਅਤੇ ਉਨ੍ਹਾ ਦੀ ਨਿਯੁਕਤੀ ਨੂੰ 'ਮਹਿਲਾ ਸ਼ਕਤੀਕਰਨ ਦੀ ਸ਼ਾਨਦਾਰ ਮਿਸਾਲ' ਕਰਾਰ ਦਿੱਤਾ। ਜ਼ਿਕਰਯੋਗ ਹੈ ਕਿ ਮੁਲਕ 'ਚ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਉਣ ਅਤੇ ਕੇ ਪੀ ਸ਼ਰਮਾ ਓਲੀ ਦੀ ਅਗਵਾਈ ਹੇਠਲੀ ਸਰਕਾਰ 'ਚ ਵਧ ਰਹੇ ਭ੍ਰਿਸ਼ਟਾਚਾਰ ਤੋਂ ਤੰਗ ਆ ਕੇ ਨੌਜਵਾਨ ਬੀਤੇ ਸੋਮਵਾਰ ਸੜਕਾਂ 'ਤੇ ਆ ਗਏ ਸਨ, ਜਿਸ ਕਾਰਨ ਓਲੀ ਨੂੰ ਅਹੁਦੇ ਤੋਂ ਲਾਂਭੇ ਹੋਣਾ ਪਿਆ ਸੀ।

## ਚੋਣ ਕਮਿਸ਼ਨ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਔਖਾ

**ਨਵੀਂ ਦਿੱਲੀ** : ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਦੇਸ਼ ਭਰ ਵਿੱਚ ਸਮੇਂ-ਸਮੇਂ 'ਤੇ ਵੋਟਰ ਸੂਚੀਆਂ ਦੀ ਵਿਸ਼ੇਸ਼ ਮੁੜ ਸੁਧਾਈ ਕਰਵਾਉਣ ਦਾ ਕੋਈ ਵੀ ਨਿਰਦੇਸ਼ ਚੋਣ ਕਮਿਸ਼ਨ ਦੇ ਵਿਸ਼ੇਸ਼ ਅਧਿਕਾਰ ਖੇਤਰ ਵਿਚ ਦਖਲਅੰਦਾਜ਼ੀ ਹੋਵੇਗਾ। ਇਸ ਸੰਬੰਧੀ ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ਵਿੱਚ ਹਲਫਨਾਮਾ ਦਾਇਰ ਕੀਤਾ, ਜਿਸ ਵਿਚ ਕਿਹਾ ਗਿਆ ਕਿ ਉਸ ਦਾ ਇਸ ਵਿਚ ਸੋਧ ਕਰਨ ਦਾ ਪੂਰਾ ਅਧਿਕਾਰ ਹੈ। ਇਸ ਸੰਬੰਧੀ ਵਕੀਲ ਅਸ਼ਵਨੀ ਕੁਮਾਰ ਉਪਾਧਿਆਏ ਨੇ ਇੱਕ ਪਟੀਸ਼ਨ ਦਾਇਰ ਕੀਤੀ ਸੀ, ਜਿਸ ਵਿੱਚ ਉਸ ਨੇ ਅਦਾਲਤ ਤੋਂ ਚੋਣ ਕਮਿਸ਼ਨ ਨੂੰ ਪੂਰੇ ਭਾਰਤ ਵਿੱਚ ਖਾਸ ਤੌਰ 'ਤੇ ਚੋਣਾਂ ਤੋਂ ਪਹਿਲਾਂ ਵੋਟਰ ਸੂਚੀਆਂ ਦੀ ਵਿਸ਼ੇਸ਼ ਮੁੜ ਸੁਧਾਈ ਕਰਵਾਉਣ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਸੀ। ਉਸ ਨੇ ਕਿਹਾ ਸੀ ਕਿ ਇਸ ਨਾਲ ਇਹ ਯਕੀਨੀ ਬਣਾਇਆ ਜਾਵੇਗਾ

• ਬਾਕੀ ਸਫਾ 2 'ਤੇ

## ਜ਼ੀਰਾ ਸ਼ਰਾਬ ਫੈਕਟਰੀ ਨੂੰ ਬੰਦ ਕਰਨ ਤੇ ਢਾਹੁਣ ਦੇ ਆਦੇਸ਼

### ਸਾਢੇ ਤਿੰਨ ਸਾਲ ਦੇ ਸੰਘਰਸ਼ ਦੀ ਜਿੱਤ

**ਜ਼ੀਰਾ** : ਇੱਥੋਂ ਦੇ ਪਿੰਡ ਮਨਸੂਰਵਾਲ ਕਲਾਂ ਦੀ ਮਾਲਬਰੋਜ਼ ਸ਼ਰਾਬ ਫੈਕਟਰੀ ਨੂੰ ਬੰਦ ਕਰਨ ਦੇ ਹੁਕਮ ਦਿੱਤੇ ਗਏ ਹਨ। ਇਸ ਫੈਕਟਰੀ ਨੂੰ ਬੰਦ ਕਰਵਾਉਣ ਲਈ ਸਾਂਝਾ ਮੋਰਚਾ ਜ਼ੀਰਾ ਵੱਲੋਂ ਲਗਭਗ ਸਾਢੇ ਤਿੰਨ ਸਾਲ ਤੋਂ ਸੰਘਰਸ਼ ਕੀਤਾ ਜਾ ਰਿਹਾ ਸੀ ਤੇ ਇਸ ਸੰਬੰਧੀ ਕੀਤੇ ਕੇਸ ਵਿੱਚ ਉਸ ਸਮੇਂ ਜਿੱਤ ਹਾਸਿਲ ਕਰ ਲਈ ਗਈ, ਜਦ ਐੱਨ ਜੀ ਟੀ ਦਿੱਲੀ ਦੀ ਅਦਾਲਤ ਵਿਚ ਜਸਟਿਸ ਪ੍ਰਕਾਸ਼ ਸ੍ਰੀਵਾਸਤਵਾ ਚੇਅਰਪਰਸਨ, ਜਸਟਿਸ ਅਰੁਨ ਕੁਮਾਰ ਤਿਆਗੀ ਜੁਡੀਸ਼ੀਅਲ ਮੈਂਬਰ ਅਤੇ ਡਾ: ਅਫਰੋਜ਼ ਅਹਿਮਦ ਦੇ ਬੈਂਚ ਨੇ ਮਾਲਬਰੋਜ਼ ਸ਼ਰਾਬ ਫੈਕਟਰੀ ਜ਼ੀਰਾ ਨੂੰ ਪੱਕੇ ਤੌਰ 'ਤੇ ਬੰਦ ਕਰਨ ਅਤੇ ਢਾਹੁਣ ਦੇ ਆਦੇਸ਼ ਜਾਰੀ ਕੀਤੇ। ਇਸ ਸੰਬੰਧੀ ਸ਼ਨੀਵਾਰ ਸਾਂਝਾ ਮੋਰਚਾ ਜ਼ੀਰਾ ਵਿਚ ਜਾਣਕਾਰੀ ਦਿੰਦਿਆਂ ਮੋਰਚੇ ਦੇ ਆਗੂ ਰੋਮਨ ਬਰਾੜ ਮਹੀਆਂਵਾਲਾ ਕਲਾਂ, ਸਾਬਕਾ ਸਰਪੰਚ ਗੁਰਮੇਲ ਸਿੰਘ ਮਨਸੂਰਵਾਲ ਕਲਾਂ, ਸਾਬਕਾ ਸਰਪੰਚ ਗੁਰਜੰਟ ਸਿੰਘ ਰਟੌਲ ਰੋਹੀ ਅਤੇ ਫਤਹਿ ਸਿੰਘ ਢਿੱਲੋਂ ਰਟੌਲ ਰੋਹੀ ਨੇ ਦੱਸਿਆ ਕਿ ਉਤਰਵਾਦੀ ਧਿਰ ਦੇ ਵਕੀਲਾਂ ਨੇ ਅਦਾਲਤ 'ਚ ਦੱਸਿਆ ਕਿ ਡਿਸਟਿਲਰੀ ਪਲਾਂਟ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਜਾਵੇਗਾ ਅਤੇ ਢਾਹ ਦਿੱਤਾ ਜਾਵੇਗਾ। ਉਨ੍ਹਾਂ ਵੱਲੋਂ ਉਸੇ ਅਹਾਤੇ ਵਿਚ ਸਥਿਤ 180 ਕੇ ਐੱਲ ਡੀ ਦੇ ਇਕ ਹੋਰ ਪਲਾਂਟ ਵਿੱਚ ਈਥਾਨੋਲ ਉਤਪਾਦਨ ਜਾਰੀ ਰੱਖਣ ਦੀ ਇਜਾਜ਼ਤ ਮੰਗੀ ਗਈ ਹੈ। ਇਸ ਸੰਬੰਧੀ ਸਾਂਝਾ ਮੋਰਚਾ ਜ਼ੀਰਾ ਦੇ ਵਕੀਲ ਕੋਲਿਨ ਗੋਂਜ਼ਾਲਵੇਸ ਨੇ ਦੋ ਹਫ਼ਤਿਆਂ ਦਾ ਸਮਾਂ ਮੰਗਿਆ ਹੈ।

ਮੋਰਚੇ ਦੇ ਆਗੂਆਂ, ਕਿਸਾਨ ਜਥੇਬੰਦੀਆਂ ਅਤੇ ਇਲਾਕੇ ਦੇ ਲੋਕਾਂ ਨੇ ਇਸ ਫ਼ੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਫੈਸਲੇ ਨਾਲ ਪੂਰੇ ਪੰਜਾਬ ਦੀ ਜਿੱਤ ਹੋਈ ਹੈ। ਉਨ੍ਹਾਂ ਕਿਹਾ ਕਿ ਹੁਣ ਲੜਾਈ ਈਥਾਨੋਲ ਪਲਾਂਟ ਦੀ ਰਹਿ ਗਈ ਹੈ ਅਤੇ ਸਾਂਝਾ ਮੋਰਚਾ ਜ਼ੀਰਾ ਇਸ ਦੀ ਵੀ ਲੜਾਈ ਅਦਾਲਤ ਵਿੱਚ ਲੜਦਾ ਰਹੇਗਾ।

## ਭਾਰਤ ਵੱਲੋਂ ਫਲਸਤੀਨ ਨੂੰ ਰਾਜ ਦਾ ਦਰਜਾ ਦੇਣ ਦੇ ਮਤੇ ਦੇ ਹੱਕ 'ਚ ਵੋਟਿੰਗ

**ਨਵੀਂ ਦਿੱਲੀ** : ਸੰਯੁਕਤ ਰਾਸ਼ਟਰ ਮਹਾਂ ਸਭਾ ਵਿਚ ਇਕ ਅਹਿਮ ਮਤਾ ਪਾਸ ਹੋਇਆ,ਜਿਸ ਵਿਚ ਭਾਰਤ ਸਣੇ 142 ਦੇਸ਼ਾਂ ਨੇ ਸਮਰਥਨ ਦਿੱਤਾ। ਇਹ ਮਤਾ ਫਰਾਂਸ ਨੇ ਪੇਸ਼ ਕੀਤਾ, ਜਿਸ ਦਾ ਮੰਤਵ ਇਜ਼ਰਾਈਲ ਤੇ ਫਲਸਤੀਨ ਵਿਚ ਸ਼ਾਂਤੀ ਸਥਾਪਤ ਕਰਨ ਨੂੰ ਹੁਲਾਰਾ ਦੇਣਾ ਸੀ ਤੇ ਦੋ ਰਾਜ ਪ੍ਰਣਾਲੀ ਨੂੰ ਲਾਗੂ ਕਰਨਾ ਸੀ। ਭਾਰਤ ਨੇ ਸੰਯੁਕਤ ਰਾਸ਼ਟਰ ਵਿਚ ਫਲਸਤੀਨ ਨੂੰ ਰਾਜ ਦਾ ਦਰਜਾ ਦੇਣ ਦੇ ਹੱਕ ਵਿਚ ਵੋਟ ਪਾਈ। ਇਸ ਪ੍ਰਸਤਾਵ ਵਿਚ ਅਕਤੂਬਰ 2023 ਵਿਚ ਹਮਾਸ ਵੱਲੋਂ ਇਜ਼ਰਾਈਲ 'ਤੇ ਕੀਤੇ ਗਏ ਹਮਲੇ ਦੀ ਵੀ ਨਿਖੇਧੀ ਕੀਤੀ ਗਈ, ਜਿਸ ਵਿਚ 1200 ਲੋਕ ਮਾਰੇ ਗਏ ਸਨ ਤੇ ਢਾਈ ਸੌ ਤੋਂ ਜ਼ਿਆਦਾ ਨੂੰ ਬੰਦੀ ਬਣਾਇਆ ਗਿਆ ਸੀ। ਇਸ ਦੇ ਨਾਲ ਹੀ ਗਾਜ਼ਾ ਵਿਚ ਇਜ਼ਰਾਈਲ ਦੀ ਜਵਾਬੀ ਕਾਰਵਾਈ ਦੀ ਵੀ ਨਿਖੇਧੀ ਕੀਤੀ ਗਈ, ਜਿਸ ਵਿਚ ਤਬਾਹੀ ਦਾ ਜ਼ਿਕਰ ਕੀਤਾ ਗਿਆ।

## ਟਾਪਰ ਰਿਹਾ ਅਫ਼ਸਰ ਰਿਸ਼ਵਤ ਲੈਂਦਾ ਫੜਿਆ



**ਭੁਬਨੇਸ਼ਵਰ** : ਓਡੀਸ਼ਾ ਵਿਜੀਲੈਂਸ ਨੇ ਸ਼ੁੱਕਰਵਾਰ ਸੰਭਲਪੁਰ ਜ਼ਿਲ੍ਹੇ ਦੇ ਬਾਮੜਾ ਦੇ ਤਹਿਸੀਲਦਾਰ ਅਸ਼ਵਿਨੀ ਕੁਮਾਰ ਪਾਂਡਾ ਤੇ ਉਸ ਦੇ ਡਰਾਈਵਰ ਨੂੰ ਕਥਿਤ ਤੌਰ 'ਤੇ 15 ਹਜ਼ਾਰ ਰਿਸ਼ਵਤ ਲੈਂਦਿਆਂ ਗ੍ਰਿਫਤਾਰ ਕਰ ਲਿਆ। ਵਿਜੀਲੈਂਸ ਨੇ ਦੱਸਿਆ ਕਿ ਪਾਂਡਾ ਨੇ ਸ਼ਿਕਾਇਤਕਰਤਾ ਤੋਂ ਖੇਤੀ ਜ਼ਮੀਨ ਨੂੰ ਰਿਹਾਇਸ਼ੀ ਵਿੱਚ ਬਦਲਣ ਲਈ 20 ਹਜ਼ਾਰ ਰੁਪਏ ਮੰਗੇ ਤੇ 15 ਹਜ਼ਾਰ ਰੁਪਏ 'ਤੇ ਰਾਜ਼ੀ ਹੋਇਆ ਸੀ। 29 ਸਾਲਾ ਪਾਂਡਾ ਬਿਨਾਂ ਕੋਚਿੰਗ ਦੇ ਸਟੇਟ ਸਿਵਲ ਪ੍ਰੀਖਿਆ ਵਿੱਚ ਅੱਵਲ ਰਿਹਾ ਸੀ ਤੇ ਉਸ ਦੀ ਗਿਣਤੀ ਹੋਣਹਾਰ ਅਧਿਕਾਰੀਆਂ ਵਿੱਚ ਹੁੰਦੀ ਸੀ।

## ਰਮਨ ਅਰੋੜਾ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ

**ਜਲੰਧਰ** : ਜਬਰਨ ਵਸੂਲੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਵਿਧਾਇਕ ਰਮਨ ਅਰੋੜਾ ਨੂੰ ਅਦਾਲਤ ਨੇ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਵਿਧਾਇਕ ਰਮਨ ਅਰੋੜਾ ਜਬਰਨ ਵਸੂਲੀ ਮਾਮਲੇ ਵਿੱਚ ਪਿਛਲੇ 9 ਦਿਨਾਂ ਤੋਂ ਪੁਲਸ ਰਿਮਾਂਡ 'ਤੇ ਹਨ। ਪਿਛਲੀ ਵਾਰ ਪੁਲਸ ਨੂੰ 3 ਦਿਨਾਂ ਦਾ ਰਿਮਾਂਡ ਮਿਲਿਆ ਸੀ। ਰਿਮਾਂਡ ਖਤਮ ਹੋਣ ਤੋਂ ਬਾਅਦ ਪੁਲਸ ਵਿਧਾਇਕ ਨੂੰ ਪੇਸ਼ੀ ਲਈ ਅਦਾਲਤ ਵਿੱਚ ਲੈ ਕੇ ਆਈ ਸੀ।

## ਰੈਸਟੋਰੈਂਟ 'ਚ ਪਾਣੀ ਦੀ ਬਜਾਏ ਤੇਜ਼ਾਬ ਦੀ ਬੋਤਲ ਦੇਣ 'ਤੇ 2 ਸਾਲ ਕੈਦ

ਹਲਦਵਾਨੀ : 2013 ਵਿੱਚ ਧੀਰਜ ਸਾਹਨੀ, ਜੋ ਆਪਣੇ ਪਰਵਾਰ ਨਾਲ ਦੁਰਗਾ ਸਿਟੀ ਸੈਂਟਰ ਦੇ ਮਾਚਨ ਰੈਸਟੋਰੈਂਟ ਵਿੱਚ ਖਾਣਾ ਖਾਣ ਗਈ ਸੀ, ਉਸ ਨੂੰ 12 ਸਾਲਾਂ ਬਾਅਦ ਇਨਸਾਫ ਮਿਲਿਆ ਹੈ। ਦਰਅਸਲ ਪੀੜਤ ਧੀਰਜ ਨੂੰ ਰੈਸਟੋਰੈਂਟ ਵਿੱਚ ਪਾਣੀ ਦੀ ਬੋਤਲ ਦੀ ਬਜਾਏ ਤੇਜ਼ਾਬ ਦਿੱਤਾ ਗਿਆ ਸੀ, ਜਿਸ ਕਾਰਨ ਉਸ ਦੀ ਸਿਹਤ ਵਿਗੜ ਗਈ। ਜੁਡੀਸ਼ੀਅਲ ਮੈਜਿਸਟਰੇਟ ਹਲਦਵਾਨੀ ਆਦਰਸ਼ ਤ੍ਰਿਪਾਠੀ ਦੀ ਅਦਾਲਤ ਨੇ ਰੈਸਟੋਰੈਂਟ ਸੰਚਾਲਕ ਅਖਿਲੇਸ਼ ਸੇਮਵਾਲ ਨੂੰ ਦੋ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ ਅਤੇ ਪੀੜਤ ਨੂੰ ਇੱਕ ਲੱਖ ਰੁਪਏ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ।

## ਹਿੰਸਾ ਤੋਂ ਦੋ ਸਾਲ ਬਾਅਦ ਮਨੀਪੁਰ ਦਾ ਗੇੜਾ



**ਇੰਫਾਲ** : ਜਾਤੀ ਹਿੰਸਾ ਤੋਂ ਦੋ ਸਾਲ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਨਿੱਚਰਵਾਰ ਦੁਪਹਿਰ ਇੰਫਾਲ ਪਹੁੰਚੇ ਅਤੇ ਫਿਰ ਭਾਰੀ ਮੀਂਹ ਦੌਰਾਨ ਸੜਕ ਰਾਹੀਂ ਸਿੱਧੇ ਕੁਕੀ ਪ੍ਰਭਾਵਤ ਖੇਤਰ ਚੁਰਾਚਾਂਦਪੁਰ ਪੁੱਜੇ। ਇਸ ਤੋਂ ਪਹਿਲਾਂ ਮੋਦੀ ਦਾ ਇੰਫਾਲ ਹਵਾਈ ਅੱਡੇ 'ਤੇ ਰਾਜਪਾਲ ਅਜੈ ਕੁਮਾਰ ਭੱਲਾ ਅਤੇ ਮੁੱਖ ਸਕੱਤਰ ਪੁਨੀਤ ਕੁਮਾਰ ਗੋਇਲ ਨੇ ਸਵਾਗਤ ਕੀਤਾ। ਉਨ੍ਹਾ ਕਿਹਾ ਕਿ ਉਨ੍ਹਾ ਦੀ ਸਰਕਾਰ ਮਨੀਪੁਰ ਦੇ ਲੋਕਾਂ ਦੇ ਨਾਲ ਹੈ ਅਤੇ ਉਹ ਸੂਬੇ ਨੂੰ ਖੁਸ਼ਹਾਲ ਬਣਾਉਣਾ ਚਾਹੁੰਦੀ ਹੈ। ਉਨ੍ਹਾ ਇੱਥੇ ਹੋਈ ਹਿੰਸਾ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ, 'ਇਹ ਮੰਦਭਾਗਾ ਹੈ ਕਿ ਇੱਥੇ ਹਿੰਸਾ ਹੋਈ, ਅੱਜ ਮੈਂ ਤੁਹਾਡੇ ਨਾਲ ਵਾਅਦਾ ਕਰਨਾ ਚਾਹੁੰਦਾ ਹਾਂ ਕਿ ਭਾਰਤ ਸਰਕਾਰ ਤੁਹਾਡੇ ਨਾਲ ਹੈ ਅਤੇ ਮੈਂ ਤੁਹਾਡੇ ਨਾਲ ਹਾਂ।'

ਮੋਦੀ ਦੇ ਦੌਰੇ ਦੇ ਮੱਦੇਨਜ਼ਰ ਰਾਜਧਾਨੀ ਇੰਫਾਲ ਅਤੇ ਚੁਰਾਚਾਂਦਪੁਰ ਜ਼ਿਲ੍ਹੇ ਵਿੱਚ ਸੁਰੱਖਿਆ ਵਧਾਈ ਗਈ ਹੈ। ਰਾਜ ਅਤੇ ਕੇਂਦਰੀ ਬਲਾਂ ਦੇ ਕਰਮਚਾਰੀਆਂ ਨੂੰ ਇੰਫਾਲ ਵਿੱਚ ਲਗਭਗ 237 ਏਕੜ ਵਿੱਚ ਫੈਲੇ ਕਾਂਗਲਾ ਕਿਲ੍ਹੇ ਅਤੇ ਚੁਰਾਚਾਂਦਪੁਰ ਵਿੱਚ ਪੀਸ ਗਰਾਊਂਡ ਦੇ ਆਲੇ-ਦੁਆਲੇ ਵੱਡੀ ਗਿਣਤੀ ਵਿੱਚ ਤਾਇਨਾਤ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਦਾ ਇਹ ਦੌਰਾ ਕੁਕੀ ਅਤੇ ਮੈਤੇਈ ਭਾਈਚਾਰਿਆਂ ਵਿਚਕਾਰ ਨਸਲੀ ਸੰਘਰਸ਼ ਤੋਂ ਬਾਅਦ ਮਨੀਪੁਰ ਦਾ ਦੌਰਾ ਨਾ ਕਰਨ ਲਈ ਵਿਰੋਧੀ ਪਾਰਟੀਆਂ ਦੀ ਵਾਰ-ਵਾਰ ਆਲੋਚਨਾ ਤੋਂ ਬਾਅਦ ਹੋਇਆ ਹੈ। ਮੋਦੀ ਨੇ ਮਿਜ਼ੋਰਮ ਦੀ ਪਹਿਲੀ ਰੇਲਵੇ ਲਾਈਨ ਦਾ ਉਦਘਾਟਨ ਕੀਤਾ ਅਤੇ ਰਾਜ ਦੀ ਪਹਿਲੀ ਰਾਜਧਾਨੀ ਐੱਕਸਪ੍ਰੈੱਸ ਨੂੰ ਹਰੀ ਝੰਡੀ

• ਬਾਕੀ ਸਫਾ 2 'ਤੇ

## ਪਾਕਿ 'ਚ ਫੌਜੀ ਕਾਫਲੇ 'ਤੇ ਹਮਲਾ, 12 ਹਲਾਕ

**ਪੇਸ਼ਾਵਰ** : ਉੱਤਰ-ਪੱਛਮੀ ਪਾਕਿਸਤਾਨ ਵਿੱਚ ਦਹਿਸ਼ਤਗਰਦਾਂ ਵੱਲੋਂ ਫੌਜੀ ਕਾਫਲੇ 'ਤੇ ਘਾਤ ਲਾ ਕੇ ਹਮਲਾ ਕੀਤਾ ਗਿਆ, ਜਿਸ ਕਾਰਨ ਬਾਰਾਂ ਫੌਜੀ ਮਾਰੇ ਗਏ। ਇਹ ਫੌਜੀ ਵਾਹਨਾਂ ਵਿੱਚ ਜਾ ਰਹੇ ਸਨ, ਜਦੋਂ ਅਫਗਾਨਿਸਤਾਨ ਨਾਲ ਲੱਗਦੀ ਸਰਹੱਦ ਨੇੜੇ ਦੱਖਣੀ ਵਜ਼ੀਰਿਸਤਾਨ ਦੇ ਪਹਾੜੀ ਬਦਰ ਖੇਤਰ ਵਿੱਚ ਉਨ੍ਹਾਂ 'ਤੇ ਗੋਲੀਬਾਰੀ ਕੀਤੀ ਗਈ। ਪਾਕਿਸਤਾਨੀ ਫੌਜ ਨੇ ਕਿਹਾ ਕਿ ਇਸ ਗੋਲੀਬਾਰੀ ਵਿੱਚ 12 ਫੌਜੀ ਅਤੇ 13 ਦਹਿਸ਼ਤਗਰਦ ਮਾਰੇ ਗਏ ਹਨ। ਸੁਰੱਖਿਆ ਅਧਿਕਾਰੀਆਂ ਨੇ ਦੱਸਿਆ ਕਿ ਇਸ ਘਟਨਾ ਵਿਚ ਚਾਰ ਆਮ ਲੋਕ ਜ਼ਖਮੀ ਹੋਏ ਹਨ। ਪਾਕਿਸਤਾਨੀ ਤਾਲਿਬਾਨ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਕਿ ਉਨ੍ਹਾਂ ਫੌਜੀਆਂ ਕੋਲੋਂ ਹਥਿਆਰ ਅਤੇ ਡਰੋਨ ਵੀ ਆਪਣੇ ਕਬਜ਼ੇ ਵਿੱਚ ਲੈ ਲਏ ਹਨ।

## ਜਾਖੜ ਫੰਡਾਂ ਬਾਰੇ ਗੁੰਮਰਾਹ ਕਰ ਰਹੇ : ਨੀਲ ਗਰਗ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਬੁਲਾਰੇ ਨੀਲ ਗਰਗ ਨੇ ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਐੱਸ ਡੀ ਆਰ ਐੱਫ (ਸਟੇਟ ਡਿਜ਼ਾਸਟਰ ਰਿਸਪਾਂਸ ਫੰਡ) ਬਾਰੇ ਦਿੱਤੇ ਬਿਆਨ ਨੂੰ ਪੂਰੀ ਤਰ੍ਹਾਂ ਗੁਮਰਾਹਕੁੰਨ ਅਤੇ ਤੱਥਾਂ ਤੋਂ ਦੂਰ ਕਰਾਰ ਦਿੱਤਾ ਹੈ। ਉਹਨਾ ਕਿਹਾ ਕਿ ਇਹ ਭਾਜਪਾ ਆਗੂਆਂ ਦੀ ਫਿਤਰਤ ਹੈ ਕਿ ਉਹ ਹਮੇਸ਼ਾ ਝੂਠ ਬੋਲ ਕੇ ਅਤੇ ਗੋਲ-ਗੋਲ ਗੱਲਾਂ ਕਰਕੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਉਣ ਦੀ ਕੋਸ਼ਿਸ਼ ਕਰਦੇ ਹਨ।

ਨੀਲ ਗਰਗ ਨੇ ਸੁਨੀਲ ਜਾਖੜ ਵੱਲੋਂ ਕੀਤੇ ਟਵੀਟ ਅਤੇ ਬਿਆਨ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਜਾਖੜ ਸਾਹਿਬ ਦਾ ਇਹ ਦਾਅਵਾ ਕਿ 'ਪੰਜਾਬ ਨੂੰ ਐੱਸ ਡੀ ਆਰ ਐੱਫ ਤਹਿਤ 12,000 ਕਰੋੜ ਰੁਪਏ ਦਿੱਤੇ ਗਏ', ਲੋਕਾਂ ਨੂੰ ਗੁੰਮਰਾਹ ਕਰਨ ਦੀ ਇੱਕ ਹੋਰ ਨਾਕਾਮਯਾਬ ਕੋਸ਼ਿਸ਼ ਹੈ। ਕੇਂਦਰ ਵਿੱਚ ਉਨ੍ਹਾ ਦੀ ਹੀ ਸਰਕਾਰ ਹੈ ਅਤੇ ਉਸ ਦੇ ਕੋਲ ਸਾਰਾ ਡਾਟਾ ਵੀ ਉਪਲੱਬਧ ਹੈ। ਇਸ ਲਈ ਜਾਖੜ ਸਾਹਿਬ ਨੂੰ ਪੰਜਾਬ ਦੇ ਲੋਕਾਂ ਸਾਹਮਣੇ ਤੱਥ ਰੱਖਣੇ ਚਾਹੀਦੇ ਹਨ।

ਗਰਗ ਨੇ ਜਾਖੜ ਨੂੰ ਸਵਾਲ ਕਰਦਿਆਂ ਕਿਹਾ ਕਿ ਜਾਖੜ ਸਾਹਿਬ ਐੱਸ ਡੀ ਆਰ ਐੱਫ ਦੀ ਸਥਾਪਨਾ 2010-11 ਵਿੱਚ ਹੋਈ ਸੀ। ਤੁਸੀਂ ਪੰਜਾਬੀਆਂ ਨੂੰ ਇਹ ਦੱਸੋ ਕਿ 2010 ਤੋਂ ਲੈ ਕੇ 2025 ਤੱਕ ਕੇਂਦਰ ਸਰਕਾਰ ਨੇ ਪੰਜਾਬ ਦੇ ਐੱਸ ਡੀ ਆਰ ਐੱਫ ਫੰਡ ਵਿੱਚ ਆਪਣਾ ਕਿੰਨਾ ਹਿੱਸਾ ਪਾਇਆ ਹੈ? ਸਾਲ

• ਬਾਕੀ ਸਫਾ 2 'ਤੇ

## ਪਤੀ ਹੋਵੇ ਤਾਂ ਲੀ ਜਕਸਿਨ ਵਰਗਾ...

**ਬੀਜਿੰਗ** : ਪੂਰਬੀ ਚੀਨ ਦੇ ਇੱਕ ਵਿਅਕਤੀ ਦੀ ਸੋਸ਼ਲ ਮੀਡੀਆ ਵਿੱਚ ਸਭ ਤੋਂ ਵੱਧ ਸਮਰਪਤ ਪਤੀ ਵਜੋਂ ਚਰਚਾ ਹੋ ਰਹੀ ਹੈ। 39 ਸਾਲਾ ਲੀ ਜਕਸਿਨ ਤੇ ਉਸ ਦੀ ਪਤਨੀ ਜ਼ਾਂਗ ਜ਼ੀਇੰਗ ਦੀ ਕਹਾਣੀ ਦਿਲ ਟੁੰਭਵੀਂ ਹੈ। ਸ਼ਾਨਡੋਂਗ ਸੂਬੇ ਦੇ ਕਿੰਗਦਾਓ ਵਿਖੇ ਕਾਰ ਵਰਕਸ਼ਾਪ ਚਲਾਉਂਦੇ ਲੀ ਦਾ ਵਿਆਹ 2008 ਵਿੱਚ ਹੋਇਆ ਸੀ। ਉਨ੍ਹਾ ਦੇ ਇੱਕ ਧੀ ਹੋਈ ਤੇ 2013 ਤੱਕ ਸਭ ਠੀਕ-ਠਾਕ ਚੱਲ ਰਿਹਾ ਸੀ। ਜਦੋਂ ਪਤਾ ਲੱਗਾ ਕਿ ਪਤਨੀ ਨੂੰ ਅੱਖ ਦੀ ਗੰਭੀਰ ਬਿਮਾਰੀ ਹੋ ਗਈ ਹੈ। ਇਲਾਜ 'ਤੇ 70 ਹਜ਼ਾਰ ਡਾਲਰ ਖਰਚਣ ਦੇ ਬਾਵਜੂਦ ਜੂਨ 2014 ਵਿੱਚ ਉਸ ਦੀ ਜੋਤ ਜਾਂਦੀ ਰਹੀ। ਇੱਕ ਇੰਟਰਵਿਊ ਦੌਰਾਨ ਜ਼ਾਂਗ ਨੇ ਕਿਹਾ, 'ਮੈਂ ਕੁਝ ਨਹੀਂ ਦੇਖ ਸਕਦੀ। ਆਪਣੀ ਧੀ ਨੂੰ ਨਹੀਂ ਦੇਖ ਸਕਦੀ।' ਲੀ ਨੇ ਦੱਸਿਆ ਕਿ ਉਸ ਦੀ ਜ਼ਿੰਦਗੀ ਸਵਰਗ ਤੋਂ ਨਰਕ ਵਰਗੀ ਹੋ ਗਈ, ਪਰ ਉਸ ਨੇ ਪਤਨੀ ਨੂੰ ਯਕੀਨ ਦਿਵਾਇਆ ਕਿ ਬਾਕੀ ਜ਼ਿੰਦਗੀ ਵਿੱਚ ਉਹ ਉਸ ਦੇ ਨਾਲ ਚੱਲੇਗਾ ਅਤੇ ਜਿੱਥੇ ਜਾਵੇਗਾ, ਉਸ ਨੂੰ ਨਾਲ ਲੈ ਕੇ ਜਾਵੇਗਾ। ਲੀ ਨੇ ਘਰ ਵਿੱਚ ਇਹ ਯਕੀਨੀ ਬਣਾਇਆ ਕਿ ਪਤਨੀ ਦੇ ਅੱਖਾਂ ਦੀ ਰੌਸ਼ਨੀ ਗੁਆਉਣ ਤੋਂ ਪਹਿਲਾਂ ਜਿਹੜੀ ਚੀਜ਼ ਜਿੱਥੇ ਸੀ, ਉੱਥੇ ਹੀ ਰਹੇ, ਤਾਂ ਜੋ ਉਹ ਯਾਦਾਂ ਦੇ ਸਹਾਰੇ ਚੱਲਦੀ ਰਹੇ। ਲੀ ਦੇ ਯਤਨਾਂ ਸਦਕਾ ਜ਼ਾਂਗ ਹੌਲੀ-ਹੌਲੀ ਅਜ਼ਾਦਾਨਾ ਤੌਰ 'ਤੇ ਵਿਚਰਨ ਲੱਗੀ ਤੇ ਖਾਣਾ ਤੱਕ ਬਣਾਉਣ ਲੱਗ ਪਈ। ਲੀ ਸਲਾਹੁੰਦਾ ਰਿਹਾ ਕਿ ਖਾਣਾ ਬਹੁਤ ਸੁਆਦੀ ਬਣਿਆ। ਜ਼ਾਂਗ ਨੇ ਕਿਹਾ ਕਿ ਉਸ ਨੇ ਵੀ ਸੰਕਲਪ ਲਿਆ ਕਿ ਪਰਵਾਰ ਖਾਤਰ ਉਸ ਨੇ ਜਿਊਣਾ ਹੈ ਤੇ ਤਕੜੇ ਹੋਣਾ ਪੈਣਾ।

## ਟੁੱਟੀਆਂ ਹੱਡੀਆਂ ਜੋੜਨ ਵਾਲਾ ਗੂੰਦ ਬਣਾ ਲਿਆ!



**ਬੀਜਿੰਗ** : ਚੀਨ ਦੇ ਜ਼ੇਜਿਆਂਗ ਸੂਬੇ ਵਿੱਚ ਮੈਡੀਕਲ ਖੋਜੀਆਂ ਨੇ ਅਜਿਹਾ ਗੂੰਦ ਵਿਕਸਤ ਕੀਤਾ ਹੈ, ਜਿਹੜਾ ਟੁੱਟੀ ਹੱਡੀ ਤਿੰਨ ਮਿੰਟਾਂ ਵਿੱਚ ਜੋੜ ਦਿੰਦਾ ਹੈ। ਇਸ ਦਾ ਨਾਂਅ 'ਬੋਨ-02' ਰੱਖਿਆ ਗਿਆ ਹੈ। ਖੋਜੀ ਟੀਮ ਦੇ ਮੁਖੀ ਸਰ ਰਨ ਰਨ ਸ਼ਾਅ ਹਸਪਤਾਲ ਦੇ ਹੱਡੀਆਂ ਦੇ ਸਰਜਨ ਲਿਨ ਜ਼ਿਆਂਗਫੇਂਗ ਨੇ ਦੱਸਿਆ ਕਿ ਡੇਢ ਸੌ ਤੋਂ ਵੱਧ ਮਰੀਜ਼ਾਂ 'ਤੇ ਇਸ ਦਾ ਤਜਰਬਾ ਸਫਲ ਰਿਹਾ ਹੈ। ਇਨ੍ਹਾਂ ਮਰੀਜ਼ਾਂ ਦੇ ਸਟੀਲ ਪਲੇਟਾਂ ਪਾਉਣ ਜਾਂ ਪੇਚ ਕੱਸਣ ਦੀ ਲੋੜ ਨਹੀਂ ਪਈ। ਇਹ ਗੂੰਦ ਬਣਾਉਣ ਦੀ ਪ੍ਰੇਰਨਾ ਸਿੱਪੀਆਂ ਤੋਂ ਮਿਲੀ, ਜਿਹੜੀਆਂ ਤੇਜ਼ ਸਮੁੰਦਰੀ ਲਹਿਰਾਂ ਦੇ ਬਾਵਜੂਦ ਪੁਲਾਂ ਤੇ ਚੱਟਾਨਾਂ ਨਾਲ ਚਿੰਬੜੀਆਂ ਰਹਿੰਦੀਆਂ ਹਨ। ਗੂੰਦ ਨੂੰ ਇੰਜੈਕਸ਼ਨ ਨਾਲ ਹੱਡੀ 'ਤੇ ਪਾਇਆ ਜਾਂਦਾ ਹੈ। ਇਹ ਹੱਡੀ ਦੇ ਠੀਕ ਹੋਣ ਤੋਂ ਬਾਅਦ ਛੇ ਮਹੀਨਿਆਂ 'ਚ ਸਰੀਰ ਵਿੱਚ ਕੁਦਰਤੀ ਤੌਰ 'ਤੇ ਘੁਲ-ਮਿਲ ਜਾਂਦਾ ਹੈ। ਇਸ ਤਰ੍ਹਾਂ ਪਹਿਲੀ ਸਰਜਰੀ ਦੌਰਾਨ ਅੰਦਰ ਪਾਏ ਸਟੀਲ ਦੀ ਛੜ ਆਦਿ ਕੱਢਣ ਲਈ ਦੁਬਾਰਾ ਸਰਜਰੀ ਦੀ ਲੋੜ ਨਹੀਂ ਰਹਿੰਦੀ।

1940 ਵਿਆਂ ਵਿੱਚ ਵੀ ਅਜਿਹਾ ਗੂੰਦ ਜੇਲੇਟਾਇਨ, ਇਪੌਕਸੀ ਬਰੋਜ਼ੇ ਤੇ ਐਕਰੀਲੇਟਸ (ਰੰਗ ਨੂੰ ਛੇਤੀ ਸੁਕਾਉਣ ਵਾਲਾ) ਨਾਲ ਵਿਕਸਤ ਕਰਨ ਦੇ ਯਤਨ ਹੋਏ ਸਨ, ਪਰ ਡਾਕਟਰੀ ਮੁਸ਼ਕਲਾਂ ਕਾਰਨ ਤੱਜ ਦਿੱਤੇ ਗਏ ਸਨ।

## ਗਣੇਸ਼ ਵਿਸਰਜਨ ਸਮਾਗਮ 'ਚ ਵੜਿਆ ਟਰੱਕ, 9 ਦੀ ਮੌਤ

**ਬੈਂਗਲੁਰੂ** : ਸ਼ੁੱਕਰਵਾਰ ਰਾਤ ਕਰਨਾਟਕ ਦੇ ਹਸਨ ਜ਼ਿਲ੍ਹੇ ਵਿਚ ਗਣੇਸ਼ ਵਿਸਰਜਨ ਸਮਾਗਮ ਵਿਚ ਹਿੱਸਾ ਲੈ ਰਹੇ ਲੋਕਾਂ ਨੂੰ ਇਕ ਟਰੱਕ ਨੇ ਕੁਚਲ ਦਿੱਤਾ। ਇਸ ਵਿਚ 9 ਲੋਕਾਂ ਦੀ ਮੌਤ ਹੋ ਗਈ ਤੇ 20 ਲੋਕ ਜ਼ਖਮੀ ਹੋ ਗਏ। ਇਹ ਘਟਨਾ ਮੋਸਾਲੇ ਹੋਸਾਹਲੀ ਪਿੰਡ ਵਿਚ ਵਾਪਰੀ। ਪੁਲਸ ਅਨੁਸਾਰ ਮ੍ਰਿਤਕਾਂ ਵਿਚੋਂ ਜ਼ਿਆਦਾਤਰ ਨੌਜਵਾਨ ਮੁੰਡੇ ਹਨ। ਜ਼ਖਮੀਆਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਮੌਕੇ 'ਤੇ ਮੌਜੂਦ ਵਿਅਕਤੀ ਨੇ ਦੱਸਿਆ ਕਿ ਟਰੱਕ ਅਰਕਲਗੁਡੂ ਤੋਂ ਆ ਰਿਹਾ ਸੀ। ਜਿਵੇਂ ਹੀ ਇਹ ਸਮਾਗਮ ਦੇ ਨੇੜੇ ਪਹੁੰਚਿਆ, ਟਰੱਕ ਨੇ ਕੰਟਰੋਲ ਗੁਆ ਦਿੱਤਾ ਅਤੇ ਭੀੜ ਨੂੰ ਕੁਚਲਦੇ ਹੋਏ ਬਾਹਰ ਚਲਾ ਗਿਆ। ਲੋਕ ਟਰੱਕ ਦੇ ਪਹੀਆਂ ਹੇਠ ਆ ਗਏ। ਪ੍ਰਧਾਨ ਮੰਤਰੀ ਮੋਦੀ ਨੇ ਹਾਦਸੇ ਵਿਚ ਮਰਨ ਵਾਲਿਆਂ ਦੇ ਪਰਵਾਰਾਂ ਨੂੰ 2 ਲੱਖ ਰੁਪਏ ਅਤੇ ਜ਼ਖਮੀਆਂ ਨੂੰ 50,000 ਰੁਪਏ ਦੇਣ ਦਾ ਐਲਾਨ ਕੀਤਾ ਹੈ।

## ਅੱਜ-ਨਾਮਾ

ਅਮਰੂਦ ਘੋਟਾਲਾ ਸੀ ਜਾਪਦਾ ਠੱਪ ਕੀਤਾ,
ਉਸ ਦਾ ਜਿੰਨ ਪਿਆ ਫੇਰ ਤੋਂ ਜਾਗ ਬੇਲੀ।
ਫਸ ਗਏ ਚੌਂਦਾਂ ਕੁ ਦੋਸ਼ੀ ਵੀ ਹੋਰ ਕਹਿੰਦੇ,
ਸਮਝੇ ਜਾਂਦੇ ਸਨ ਬਾਹਲੇ ਹੀ ਘਾਗ ਬੇਲੀ।
ਚੱਲਦਾ ਕੇਸ ਅਦਾਲਤ ਵਿੱਚ ਚਾਲ ਮੱਧਮ,
ਪਤਾ ਨਹੀਂ ਕਿਨ੍ਹਾਂ ਦੇ ਹੱਥ ਹੈ ਵਾਗ ਬੇਲੀ।
ਬੱਝਦਾ ਗੁੱਡਾ ਰਿਹਾ ਓਦੋਂ ਦੇ ਹਾਕਮਾਂ ਦਾ,
ਲੱਗਾ ਕਈਆਂ ਦੇ ਉੱਪਰ ਸੀ ਦਾਗ ਬੇਲੀ।
ਅੱਜ ਦੇ ਹਾਕਮ ਜੇ ਚੁੱਕਣਗੇ ਕਦਮ ਚੰਗਾ,
ਲੱਗਦੀ ਫੇਰ ਨਹੀਂ ਅਕਸ ਨੂੰ ਢਾਹ ਬੇਲੀ।
ਮੋਹ ਮਾਇਆ ਦਾ ਜੜ੍ਹੀਂ ਜੇ ਬਹਿਣ ਲੱਗਾ,
ਫਿਰ ਨਹੀਂ ਬਚਣ ਨੂੰ ਲੱਭਣਾ ਰਾਹ ਬੇਲੀ।

-ਤੀਸ ਮਾਰ ਖਾਂ

## ਟੈਰਿਫ ਅਸਲ 'ਚ ਅਮਰੀਕੀਆਂ ਉੱਪਰ ਟੈਕਸ

**ਨਵੀਂ ਦਿੱਲੀ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾਅਵਾ ਕਰਦੇ ਰਹੇ ਹਨ ਕਿ ਟੈਰਿਫ ਮਾਲੀਆ ਵਧਾਉਣਗੇ ਤੇ ਅਮਰੀਕੀਆਂ ਨੂੰ ਲਾਭ ਪਹੁੰਚਾਉਣਗੇ, ਪਰ ਯੇਲ ਯੂਨੀਵਰਸਿਟੀ ਦੀ ਬਜਟ ਲੈਬ ਦੁਆਰਾ ਕੀਤੇ ਗਏ ਇੱਕ ਵਿਸ਼ਲੇਸ਼ਣ ਦੇ ਅਨੁਸਾਰ ਟੈਰਿਫ ਹੋਰ ਅਮਰੀਕੀਆਂ ਨੂੰ ਗਰੀਬੀ ਵਿੱਚ ਧੱਕ ਸਕਦੇ ਹਨ। ਵਿਸ਼ਲੇਸ਼ਣ ਵਿੱਚ ਪਾਇਆ ਗਿਆ ਕਿ ਟਰੰਪ ਦੇ ਟੈਰਿਫ ਵਾਧੇ ਨਾਲ 2026 ਤੱਕ ਗਰੀਬੀ ਵਿੱਚ ਰਹਿਣ ਵਾਲੇ ਅਮਰੀਕੀਆਂ ਦੀ ਗਿਣਤੀ ਲਗਭਗ 10 ਲੱਖ ਹੋ ਸਕਦੀ ਹੈ। ਅਧਿਐਨ ਵਿੱਚ ਅਧਿਕਾਰਤ ਗਰੀਬੀ ਮਾਪ ਦੀ ਵਰਤੋਂ ਕੀਤੀ ਗਈ, ਜੋ ਟੈਕਸ ਤੋਂ ਪਹਿਲਾਂ ਦੀ ਆਮਦਨ ਦੇ ਅਧਾਰ 'ਤੇ ਗਰੀਬੀ ਦੀ ਗਣਨਾ ਕਰਦਾ ਹੈ। ਅਮਰੀਕੀ ਜਨਗਣਨਾ ਬਿਊਰੋ ਨੇ ਰਿਪੋਰਟ ਦਿੱਤੀ ਸੀ ਕਿ ਪਿਛਲੇ ਸਾਲ ਦੇ ਅੰਤ ਤੱਕ 36 ਮਿਲੀਅਨ ਲੋਕ ਗਰੀਬੀ ਵਿੱਚ ਰਹਿ ਰਹੇ ਸਨ। ਰਹਿਣ-ਸਹਿਣ ਦੀ ਲਾਗਤ ਦੇ ਅਨੁਸਾਰ ਆਮਦਨ ਵਧਣ ਕਾਰਨ ਗਰੀਬੀ ਦਰ 0.4 ਪ੍ਰਤੀਸ਼ਤ ਅੰਕ ਘਟ ਕੇ 10.6 ਪ੍ਰਤੀਸ਼ਤ ਹੋ ਗਈ। ਬਜਟ ਲੈਬ ਨੇ ਪਾਇਆ ਕਿ ਜਦੋਂ ਇਸ ਨੇ ਇੱਕ ਹੋਰ ਵਿਆਪਕ ਮਾਪ, ਪੂਰਕ ਗਰੀਬੀ ਮਾਪ ਦਾ ਵਿਸ਼ਲੇਸ਼ਣ ਕੀਤਾ ਤਾਂ ਪਾਇਆ ਕਿ ਗਰੀਬੀ ਵੀ ਵਧੇਗੀ। ਪੂਰਕ ਗਰੀਬੀ ਮਾਪ ਵਿੱਚ ਭੋਜਨ, ਬੱਚਿਆਂ ਦੀ ਦੇਖਭਾਲ, ਡਾਕਟਰੀ ਅਤੇ ਹੋਰ ਖਰਚੇ ਸ਼ਾਮਲ ਹਨ। ਇਸ ਅਨੁਸਾਰ 2026 ਵਿੱਚ ਗਰੀਬੀ ਦਰ 12 ਤੋਂ 12.2 ਫੀਸਦੀ ਤੱਕ ਵਧ ਜਾਵੇਗੀ। ਘੱਟ ਆਮਦਨ ਵਾਲੇ ਲੋਕ ਜ਼ਿਆਦਾ ਆਯਾਤ ਕੀਤੇ ਉਤਪਾਦ ਖਰੀਦਦੇ ਹਨ। ਅਰਥ ਸ਼ਾਸਤਰੀਆਂ ਦਾ ਕਹਿਣਾ ਹੈ ਕਿ ਟੈਰਿਫ ਅਤੇ ਇਸ ਨਾਲ ਜੁੜੀਆਂ ਕੀਮਤਾਂ ਵਿੱਚ ਵਾਧੇ ਦਾ ਘੱਟ ਆਮਦਨ ਵਾਲੇ ਪਰਵਾਰਾਂ 'ਤੇ ਸਭ ਤੋਂ ਵੱਧ ਪ੍ਰਭਾਵ ਪੈਂਦਾ ਹੈ। ਘੱਟ ਅਮੀਰ ਪਰਵਾਰ ਆਪਣੀ ਆਮਦਨ ਦਾ ਵੱਡਾ ਹਿੱਸਾ ਉੱਚ ਆਮਦਨ ਵਾਲੇ ਪਰਵਾਰਾਂ ਨਾਲੋਂ ਰਹਿਣ-ਸਹਿਣ ਦੇ ਖਰਚਿਆਂ 'ਤੇ ਵੱਧ ਖਰਚ ਕਰਦੇ ਹਨ, ਜਿਸ ਦਾ ਮਤਲਬ ਹੈ ਕਿ ਉਹ ਕੀਮਤਾਂ ਵਿੱਚ ਬਦਲਾਅ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੁੰਦੇ ਹਨ।

ਘੱਟ ਆਮਦਨ ਵਾਲੇ ਪਰਵਾਰ ਅਕਸਰ ਉੱਚ ਆਮਦਨ ਵਾਲੇ ਪਰਵਾਰਾਂ ਨਾਲੋਂ ਜ਼ਿਆਦਾ ਆਯਾਤ ਕੀਤੇ ਉਤਪਾਦ ਖਰੀਦਦੇ ਹਨ, ਜੋ ਉਨ੍ਹਾਂ ਨੂੰ ਟੈਰਿਫ ਵਾਧੇ ਤੋਂ ਸਭ ਤੋਂ ਵੱਧ ਪ੍ਰਭਾਵਤ ਕਰੇਗਾ। ਵਿਦਿਆਰਥੀ ਖੋਜਕਰਤਾਵਾਂ ਦਾ ਮੰਨਣਾ ਹੈ ਕਿ ਟਰੰਪ ਦੁਆਰਾ ਲਗਾਏ ਗਏ ਜ਼ਿਆਦਾਤਰ ਟੈਰਿਫ ਅਜੇ ਵੀ ਕਾਨੂੰਨੀ ਤੌਰ 'ਤੇ ਅੜਿੱਕੇ ਵਿੱਚ ਹਨ। ਅਮਰੀਕੀ ਸੁਪਰੀਮ ਕੋਰਟ ਟਰੰਪ ਦੇ ਗਲੋਬਲ ਟੈਰਿਫ 'ਤੇ ਬਹਿਸ ਸੁਣਨ ਲਈ ਸਹਿਮਤ ਹੋ ਗਈ ਹੈ। ਟਰੰਪ ਨੂੰ ਉਮੀਦ ਹੈ ਕਿ ਜੱਜ ਹੇਠਲੀ ਅਦਾਲਤ ਦੇ ਫੈਸਲੇ ਨੂੰ ਉਲਟਾ ਦੇਣਗੇ, ਜਿਸ ਵਿੱਚ ਦੇਸ਼ਾਂ ਵਿਰੁੱਧ ਲਗਾਏ ਗਏ ਟੈਰਿਫਾਂ ਨੂੰ ਰੱਦ ਕਰ ਦਿੱਤਾ ਗਿਆ ਸੀ। ਜੇਕਰ ਸੁਪਰੀਮ ਕੋਰਟ ਇਨ੍ਹਾਂ ਟੈਰਿਫਾਂ ਨੂੰ ਗੈਰ-ਕਾਨੂੰਨੀ ਘੋਸ਼ਿਤ ਕਰਦੀ ਹੈ ਤਾਂ 2025 ਵਿੱਚ ਲਗਾਏ ਗਏ ਜ਼ਿਆਦਾਤਰ (71 ਪ੍ਰਤੀਸ਼ਤ) ਟੈਰਿਫ ਹਟਾ ਦਿੱਤੇ ਜਾਣਗੇ।

## ਅਲਬਾਨੀਆ 'ਚ ਏ ਆਈ ਮੰਤਰੀ

**ਤਿਰਾਨਾ** : ਚੌਥੀ ਵਾਰ ਚੋਣ ਜਿੱਤਣ ਦੇ ਕੁਝ ਮਹੀਨਿਆਂ ਬਾਅਦ ਪ੍ਰਧਾਨ ਮੰਤਰੀ ਏ ਡੀ ਰਾਮਾ ਨੇ



ਆਪਣੇ ਮੰਤਰੀ ਮੰਡਲ ਵਿੱਚ ਏ ਆਈ ਮੰਤਰੀ ਨੂੰ ਸ਼ਾਮਲ ਕੀਤਾ ਹੈ। ਇਸ ਤਰ੍ਹਾਂ ਏ ਆਈ (ਆਰਟੀਫਿਸ਼ੀਅਲ ਇੰਟੈਲੀਜੈਂਸ) ਮੰਤਰੀ ਵਾਲਾ ਅਲਬਾਨੀਆ ਪਹਿਲਾ ਦੇਸ਼ ਬਣ ਗਿਆ ਹੈ। ਪਿਕਸਲ ਤੇ ਕੋਡ ਨਾਲ ਬਣੀ ਵਰਚੁਅਲ ਮੰਤਰੀ ਦੀ ਜ਼ਿੰਮੇਵਾਰੀ ਸਰਕਾਰੀ ਫੰਡਿੰਗ ਵਾਲੇ ਪ੍ਰੋਜੈਕਟਾਂ ਤੇ ਪਬਲਿਕ ਟੈਂਡਰਾਂ ਵਿੱਚ ਭ੍ਰਿਸ਼ਟਾਚਾਰ ਰੋਕਣ ਲਈ ਲਾਈ ਗਈ ਹੈ। ਆਪੋਜ਼ੀਸ਼ਨ ਡੈਮੋਕਰੇਟਿਕ ਪਾਰਟੀ ਨੇ ਇਸ ਨੂੰ ਪਬਲੀਸਿਟੀ ਸਟੰਟ ਤੇ ਸੰਵਿਧਾਨ ਦੇ ਖਿਲਾਫ ਕਰਾਰ ਦਿੱਤਾ ਹੈ। ਮੰਤਰੀ ਦਾ ਨਾਂਅ ਡਿਏਲਾ ਹੈ, ਜਿਸ ਦਾ ਮਤਲਬ ਹੁੰਦਾ ਹੈ ਧੁੱਪ ਜਾਂ ਸੂਰਜ। ਇਹ ਇਸ ਤੋਂ ਪਹਿਲਾਂ ਈ-ਅਲਬਾਨੀਆ ਪਲੇਟਫਾਰਮ 'ਤੇ 10 ਲੱਖ ਤੋਂ ਵੱਧ ਲੋਕਾਂ ਨੂੰ ਸਰਕਾਰੀ ਦਸਤਾਵੇਜ਼ ਬਣਾਉਣ ਵਿੱਚ ਮਦਦ ਕਰ ਚੁੱਕੀ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਡਿਏਲਾ ਸਰਕਾਰੀ ਭੇਦ ਲੀਕ ਨਹੀਂ ਕਰੇਗੀ, ਕੁਰੱਪਸ਼ਨ ਨਹੀਂ ਕਰੇਗੀ। ਉਸ ਨੂੰ ਸਿਰਫ ਬਿਜਲੀ ਦੀ ਲੋੜ ਹੋਵੇਗੀ। ਇਸ ਤੋਂ ਪਹਿਲਾਂ ਰਾਮਾ ਨੇ ਜੂਨ ਵਿੱਚ ਕਿਹਾ ਸੀ ਕਿ ਇੱਕ ਦਿਨ ਅਲਬਾਨੀਆ ਵਿੱਚ ਡਿਜੀਟਲ ਮੰਤਰੀ ਜਾਂ ਪ੍ਰਧਾਨ ਮੰਤਰੀ ਵੀ ਹੋ ਸਕਦਾ ਹੈ।

## ਬਿਲਾਸਪੁਰ ਨੇੜੇ ਬੱਦਲ ਫਟਿਆ



**ਸ਼ਿਮਲਾ** : ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜ਼ਿਲ੍ਹੇ 'ਚ ਸ਼ਨੀਵਾਰ ਤੜਕੇ ਬੱਦਲ ਫਟ ਗਿਆ, ਜਿਸ ਕਾਰਨ ਕਈ ਵਾਹਨ ਮਲਬੇ ਹੇਠਾਂ ਦੱਬ ਗਏ ਅਤੇ ਖੇਤਾਂ ਨੂੰ ਨੁਕਸਾਨ ਪੁੱਜਿਆ। ਹਾਲਾਂ ਕਿ ਕਿਸੇ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ। ਨੈਣਾ ਦੇਵੀ ਵਿਧਾਨ ਸਭਾ ਹਲਕੇ ਦੇ ਨਾਮਹੋਲ ਖੇਤਰ ਦੇ ਗੁਤਰਹਾਨ ਪਿੰਡ ਵਿੱਚ ਬੱਦਲ ਫਟਣ ਦੀ ਘਟਨਾ ਵਾਪਰੀ। ਇਸ ਪਿੰਡ ਦੇ ਵਾਸੀ ਕਸ਼ਮੀਰ ਸਿੰਘ ਨੇ ਦੱਸਿਆ ਕਿ ਬੱਦਲ ਫਟਣ ਤੋਂ ਬਾਅਦ ਪਾਣੀ ਵਿਚ ਆਇਆ ਮਲਬਾ ਖੇਤੀ ਵਾਲੀਆਂ ਜ਼ਮੀਨਾਂ ਵਿੱਚ ਚਲਾ ਗਿਆ।

ਸ਼ਿਮਲਾ ਵਿੱਚ ਸ਼ਨਿੱਚਰਵਾਰ ਸਵੇਰੇ ਧੁੰਦ ਪਈ, ਜਿਸ ਕਾਰਨ ਦਿਸਣਯੋਗਤਾ ਕੁਝ ਮੀਟਰ ਤੱਕ ਘਟ ਗਈ ਅਤੇ ਵਾਹਨਾਂ ਵਿੱਚ ਆਉਣ-ਜਾਣ ਵਾਲੇ ਲੋਕਾਂ ਨੂੰ ਸਕੂਲ ਸਮੇਂ ਦੌਰਾਨ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਸਥਾਨਕ ਮੌਸਮ ਵਿਭਾਗ ਨੇ ਸਨਿੱਚਰਵਾਰ ਅਤੇ ਐਤਵਾਰ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਭਾਰੀ ਮੀਂਹ ਦੀ ਚੇਤਾਵਨੀ ਜਾਰੀ ਕੀਤੀ ਹੈ। ਇਸ ਤੋਂ ਇਲਾਵਾ ਅਟਾਰੀ-ਲੇਹ ਰੋਡ (ਨੈਸ਼ਨਲ ਹਾਈਵੇ-3), ਔਟ-ਸਾਂਝ ਰੋਡ ਅਤੇ ਅੰਮ੍ਰਿਤਸਰ-ਭੁੱਟਾ ਰੋਡ ਸਮੇਤ ਕੁੱਲ 503 ਸੜਕਾਂ ਸ਼ੁੱਕਰਵਾਰ ਸ਼ਾਮ ਨੂੰ ਸੂਬੇ ਵਿੱਚ ਆਵਾਜਾਈ ਲਈ ਬੰਦ ਕਰ ਦਿੱਤੀਆਂ ਗਈਆਂ ਸਨ।

## ਲੱਧੜਾਂ ਵਿਖੇ ਢਿੱਲੋਂ ਨੇ ਵਾਲਮੀਕ ਮੰਦਰ ਦਾ ਰੱਖਿਆ ਨੀਂਹ ਪੱਥਰ



**ਸਮਰਾਲਾ (ਸੁਰਜੀਤ ਸਿੰਘ)**-ਨਜ਼ਦੀਕੀ ਪਿੰਡ ਲੱਧੜਾਂ ਵਿਖੇ ਵਾਲਮੀਕ ਭਾਈਚਾਰੇ ਵੱਲੋਂ ਸਮੂਹ ਨਗਰ ਨਿਵਾਸੀਆਂ ਤੇ ਗਰਾਮ ਪੰਚਾਇਤ ਦੇ ਸਹਿਯੋਗ ਨਾਲ ਵਾਲਮੀਕ ਮੰਦਰ ਦੀ ਉਸਾਰੀ ਦਾ ਕੰਮ ਸ਼ੁਰੂ ਕੀਤਾ ਗਿਆ, ਜਿਸ ਦਾ ਨੀਂਹ ਪੱਥਰ ਪਰਮਜੀਤ ਸਿੰਘ ਢਿੱਲੋਂ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਪੁਲਸ ਜ਼ਿਲ੍ਹਾ ਖੰਨਾ ਤੇ ਹਲਕਾ ਇੰਚਾਰਜ ਸਮਰਾਲਾ ਦੁਆਰਾ ਰੱਖਿਆ ਗਿਆ।ਇਸ ਮੌਕੇ ਅੰਮ੍ਰਿਤਪਾਲ ਸਿੰਘ ਗੁਰੋਂ ਯੂਥ ਆਗੂ ਸ਼੍ਰੋਮਣੀ ਅਕਾਲੀ ਦਲ, ਭਾਵਾਧਸ ਵੱਲੋਂ ਡਾ. ਰਾਜਪਾਲ ਸਿੰਘ ਵਿਸ਼ੇਸ਼ ਤੌਰ 'ਤੇ ਪੁੱਜੇ।ਪਰਮਜੀਤ ਸਿੰਘ ਢਿੱਲੋਂ ਨੇ ਵਾਲਮੀਕ ਭਾਈਚਾਰੇ, ਗਰਾਮ ਪੰਚਾਇਤ ਤੇ ਸਮੂਹ ਨਗਰ ਨਿਵਾਸੀਆਂ ਨੂੰ ਇਸ ਮੰਦਰ ਦੀ ਸਥਾਪਨਾ ਦੀ ਵਧਾਈ ਦਿੰਦੇ ਹੋਏ ਖੁਸ਼ੀ ਜ਼ਾਹਰ ਕੀਤੀ, ਜਿਨ੍ਹਾਂ ਨੇ ਆਪਣੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦੇ ਹੋਏ ਇਸ ਮੰਦਰ ਦੀ ਉਸਾਰੀ ਸਾਂਝੇ ਰੂਪ ਵਿੱਚ ਕਰਨ ਦਾ ਫੈਸਲਾ ਕੀਤਾ ਹੈ। ਵੱਖੋ ਵੱਖ ਆਪਸ ਵਿੱਚ ਪਿਆਰ ਵਧਦਾ ਹੈ ਤੇ ਆਪਸੀ ਭਾਈਚਾਰੇ ਨੂੰ ਮਜ਼ਬੂਤ ਕਰਨ ਲਈ ਮਿਲਜੁਲ ਕੇ ਰਹਿਣ ਦਾ ਸੰਦੇਸ਼ ਦਿੰਦਾ ਹੈ।ਮਹਾਂਰਿਸ਼ੀ ਵਾਲਮੀਕ ਜੀ, ਜਿਨ੍ਹਾਂ ਨੇ ਹਿੰਦੂ ਧਰਮ ਦੇ ਪਵਿੱਤਰ ਗ੍ਰੰਥ ਰਮਾਇਣ ਦੀ ਰਚਨਾ ਕਰਕੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ।ਉਨ੍ਹਾਂ ਕਿਹਾ ਕਿ ਪਿੰਡ ਲੱਧੜਾਂ ਦੇ ਸਮੂਹ ਨਿਵਾਸੀਆਂ ਦੁਆਰਾ ਇਸ ਮੰਦਰ ਲਈ ਦਿਖਾਈ ਆਸਥਾ ਦੀ ਪ੍ਰਸ਼ੰਸਾ ਕਰਦੇ ਹਨ ਤੇ ਉਮੀਦ ਕਰਦੇ ਹਨ ਨਗਰ ਦਾ ਭਾਈਚਾਰਾ ਇਸੇ ਤਰ੍ਹਾਂ ਕਾਇਮ ਰਹੇਗਾ।ਇਸ ਮੌਕੇ ਉਪਰੋਕਤ ਤੋਂ ਇਲਾਵਾ ਹਰਪਾਲ ਸਿੰਘ, ਬਲਵਿੰਦਰ ਸਿੰਘ, ਹਰਜਿੰਦਰ ਸਿੰਘ, ਬਲਵੰਤ ਸਿੰਘ, ਜਗਰੂਪ ਸਿੰਘ, ਹਰਪਾਲ ਸਿੰਘ, ਗਗਨ ਦੇਵ, ਜਗਦੀਪ ਸਿੰਘ ਗੁਰੋਂ, ਜੋਨੀ, ਜਤਿੰਦਰ ਸਿੰਘ, ਸੁਰਜਨ ਸਿੰਘ, ਸੁਰਤਾ ਸਿੰਘ, ਗੋਲਡੀ ਲੱਧੜਾਂ, ਦਵਿੰਦਰ ਸਿੰਘ, ਬਲਜੀਤ ਕੌਰ, ਜਸਵੀਰ ਕੌਰ, ਗੁੱਡੀ ਕੌਰ, ਸੁਖਵੀਰ ਕੌਰ, ਗੁਰਪ੍ਰੀਤ ਕੌਰ ਆਦਿ ਤੋਂ ਇਲਾਵਾ ਵਾਲਮੀਕ ਭਾਈਚਾਰੇ ਦੇ ਹੋਰ ਲੋਕ ਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

# ਹੜ੍ਹਾਂ ਦੇ ਉਜਾੜੇ ਕਾਰਨ ਕੈਂਪ 'ਚ ਜਨਮੇ ਬੱਚੇ ਦੇ ਪਰਵਾਰ ਦਾ ਆਸ਼ਿਆਨਾ ਢਹਿ-ਢੇਰੀ



**ਫਾਜ਼ਿਲਕਾ (ਪਰਮਜੀਤ ਢਾਬਾਂ)**-ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਸਰਹੱਦੀ ਖੇਤਰ ਫਾਜ਼ਿਲਕਾ 'ਚ ਵਹਿੰਦੇ ਸਤਲੁਜ ਦਰਿਆ ਦੇ ਪਾਣੀ ਦੇ ਵਧਣ ਕਾਰਨ ਆਏ ਹੜ੍ਹਾਂ ਕਾਰਨ ਸੈਂਕੜੇ ਲੋਕ ਘਰਾਂ ਤੋਂ ਬੇਘਰ ਹੋ ਗਏ ਤੇ ਹਜ਼ਾਰਾਂ ਏਕੜ ਫ਼ਸਲ ਤਬਾਹ ਹੋ ਚੁੱਕੀ ਹੈ, ਜਿਸ ਨੂੰ ਲੈ ਕੇ ਭਾਵੇਂ ਪਾਣੀ ਦਾ ਪੱਧਰ ਤਾਂ ਘਟਿਆ ਹੈ, ਪ੍ਰੰਤੂ ਮੁਸ਼ਕਿਲਾਂ ਦਿਨੋਂ ਦਿਨ ਹੋਰ ਮੂੰਹ ਅੱਡੀ ਖੜ੍ਹੀਆਂ ਹਨ।ਸਰਹੱਦੀ ਖੇਤਰ ਦੇ ਦੋ ਦਰਜਨ ਤੋਂ ਵੱਧ ਪਿੰਡਾਂ ਵਿੱਚ ਪਾਣੀ ਵੜਨ ਕਾਰਨ ਪਿੰਡਾਂ ਦੇ ਲੋਕਾਂ ਨੂੰ ਸਰਕਾਰ ਵੱਲੋਂ ਬਣਾਏ ਗਏ ਰਾਹਤ ਕੈਂਪਾਂ ਵਿੱਚ ਰਹਿਣ ਲਈ ਮਜਬੂਰ ਹੋਣਾ ਪਿਆ ਸੀ।ਸਰਹੱਦੀ ਖੇਤਰ ਫਾਜ਼ਿਲਕਾ ਅੰਦਰ ਹੜ੍ਹ ਪ੍ਰਭਾਵਿਤ ਖੇਤਰ ਦੇ ਲੋਕਾਂ ਨੂੰ ਜਿੱਥੇ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਉੱਥੇ ਨਵੀਆਂ ਜ਼ਿੰਦਗੀਆਂ ਨੇ ਵੀ ਇਨ੍ਹਾਂ ਮਾੜੀਆਂ ਪ੍ਰਸਥਿਤੀਆਂ ਵਿੱਚ ਜਨਮ ਲਿਆ।ਸਰਹੱਦੀ ਖੇਤਰ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚੋਂ ਪੰਜ ਦੇ ਕਰੀਬ ਨਵੇਂ ਬੱਚਿਆਂ ਨੇ ਜਨਮ ਲਿਆ, ਜਿਨ੍ਹਾਂ ਵਿੱਚ ਦੋ ਲੜਕੇ ਤੇ ਤਿੰਨ ਲੜਕੀਆਂ ਨੇ ਆਪਣੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਲਈ ਹੜ੍ਹਾਂ ਦੀ ਭਾਰੀ ਤਬਾਹੀ ਦੇ ਦਰਮਿਆਨ ਵੀ ਕਿਲਕਾਰੀ ਪਾਉਂਦਿਆਂ ਆਪਣੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਦੀ ਅੰਗੜਾਈ ਲਈ ਹੈ।ਪਿੰਡ ਤੇਜਾ ਰੁਹੇਲਾ ਦੀ ਸੁਨੀਤਾ ਰਾਣੀ ਨੇ ਲੜਕੀ ਨੂੰ ਜਨਮ ਦਿੱਤਾ।ਇਸੇ ਤਰ੍ਹਾਂ ਚੱਕ ਖੀਵਾ ਦੀ ਸੰਤੋਸ਼ ਰਾਣੀ ਨੇ ਵੀ ਲੜਕੀ ਨੂੰ ਜਨਮ ਦਿੱਤਾ।ਪਿੰਡ ਮਹਾਤਮ ਨਗਰ ਦੀ ਮਿੱਠੋ ਬਾਈ ਨੂੰ ਲੜਕੇ ਮੁਹਾਰ ਜਮਸ਼ੇਰ ਦੀ ਨਿਰਮਲਾ ਰਾਣੀ ਤੇ ਕੈਲਾਸ਼ ਰਾਣੀ ਨੇ ਵੀ ਲੜਕੇ ਨੂੰ ਜਨਮ ਦਿੱਤਾ। ਸਿਹਤ ਵਿਭਾਗ ਦੇ ਕਰਮਚਾਰੀ ਦਿਨੇਸ਼ ਕੁਮਾਰ ਨੇ ਦੱਸਿਆ ਕਿ ਜਿਸ ਤਰ੍ਹਾਂ ਹੀ ਹੜ੍ਹਾਂ ਦੀ ਆਫਤ ਆਈ ਤਾਂ ਉਨ੍ਹਾਂ ਵੱਲੋਂ ਤੁਰੰਤ ਮੁਸਤੈਦੀ ਨਾਲ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਜਾ ਕੇ ਗਰਭਵਤੀ ਔਰਤਾਂ ਦੀ ਸ਼ਨਾਖਤ ਕਰਦਿਆਂ ਉਨ੍ਹਾਂ ਦੀ ਨਿਗਰਾਨੀ ਰੱਖੀ ਗਈ।ਉਨ੍ਹਾਂ ਦੇ ਜਣੇਪੇ ਲਈ ਉਨ੍ਹਾਂ ਨੂੰ ਸਰਹੱਦੀ ਪਿੰਡਾਂ ਤੋਂ ਬੇੜੀਆਂ ਰਾਹੀਂ ਰੈਸਕਿਊ ਕਰਕੇ ਸਿਵਲ ਹਸਪਤਾਲ ਫਾਜ਼ਿਲਕਾ ਵਿਖੇ ਲਿਆ ਕੇ ਸੁਰੱਖਿਅਤ ਜਣੇਪਾ ਕਰਵਾਇਆ ਗਿਆ।

ਉਨ੍ਹਾਂ ਦੱਸਿਆ ਕਿ ਪਿੰਡ ਮੁਹਾਰ ਜਮਸ਼ੇਰ ਦੀ ਕੈਲਾਸ਼ ਰਾਣੀ ਅੱਜ ਵੀ ਹਸਪਤਾਲ ਤੋਂ ਵਾਪਸ ਕੈਂਪ ਵਿੱਚ ਆਪਣੇ ਬੱਚੇ ਸਮੇਤ ਰਹਿ ਰਹੀ ਹੈ, ਜਿੱਥੇ ਉਨ੍ਹਾਂ ਦੀ ਡਾਕਟਰ ਵੱਲੋਂ ਨਿਗਰਾਨੀ ਕੀਤੀ ਜਾ ਰਹੀ ਹੈ। ਫਾਜ਼ਿਲਕਾ ਦੇ ਤਿੰਨ ਪਾਸਿਓਂ ਪਾਕਿਸਤਾਨ ਤੇ ਚੌਥੇ ਪਾਸੇ ਸਤਲੁਜ ਦਰਿਆ ਨਾਲ ਘਿਰੇ ਸਰਹੱਦੀ ਪਿੰਡ ਮੁਹਾਰ ਜਮਸ਼ੇਰ ਦੇ ਵੀ ਦਰਜਨਾਂ ਪਰਵਾਰਾਂ ਨੂੰ ਇਨ੍ਹਾਂ ਰਾਹਤ ਕੈਂਪਾਂ ਵਿੱਚ ਰਹਿਣ ਲਈ ਮਜਬੂਰ ਹੋਣਾ ਪਿਆ। ਇਸ ਪਿੰਡ ਲਈ ਬਣਾਏ ਪਿੰਡ ਮੌਜਮ ਦੇ ਰਾਹਤ ਕੇਂਦਰ ਵਿੱਚ ਪਿੰਡ ਮੁਹਾਰ ਜਮਸ਼ੇਰ ਦੀ ਰਹਿਣ ਵਾਲੀ ਕੈਲਾਸ਼ ਰਾਣੀ ਨੇ ਇਸ ਰਾਹਤ ਕੇਂਦਰ ਵਿੱਚ ਬੱਚੇ ਨੂੰ ਜਨਮ ਦਿੱਤਾ ਸੀ।

ਕੈਲਾਸ਼ ਰਾਣੀ ਆਪਣੇ ਨਵੇਂ ਜਨਮੇ ਬੱਚੇ ਦੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਨਾਮੋਸ਼ੀ ਜ਼ਾਹਰ ਕਰਦਿਆਂ ਦੱਸਦੀ ਹੈ ਕਿ ਉਨ੍ਹਾਂ ਦੇ ਪਿੰਡ ਮੁਹਾਰ ਜਮਸ਼ੇਰ ਵਿਖੇ ਬਣਿਆ ਕੱਚਾ ਘਰ ਢਹਿ ਢੇਰੀ ਹੋ ਗਿਆ ਹੈ, ਜਿਸ ਦਾ ਉਸ ਨੂੰ ਬੇਹੱਦ ਦੁੱਖ ਹੈ।ਉਸ ਨੇ ਦੱਸਿਆ ਕਿ ਸਾਡੇ ਇਲਾਕੇ ਵਿੱਚ ਜਦੋਂ ਵੀ ਬੱਚੇ ਦਾ ਜਨਮ ਹੁੰਦਾ ਹੈ ਤਾਂ ਘਰ ਦੇ ਬਜ਼ੁਰਗ ਮਕਾਨ ਦੇ ਗੇਟ ਭਾਵ ਦਹਿਲੀਜ਼ ਉੱਪਰ ਸ਼ਰੀਂਹ ਦੇ ਦਰੱਖਤ ਦੇ ਹਰੇ ਪੱਤਿਆਂ ਨੂੰ ਸ਼ਿੰਗਾਰ ਕੇ ਬੰਨ੍ਹਿਆ ਜਾਂਦਾ ਹੈ ਤਾਂ ਕਿ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ ਕਿ ਇਨ੍ਹਾਂ ਦੇ ਘਰ ਖੁਸ਼ੀ ਆਈ ਹੈ, ਪ੍ਰੰਤੂ ਅੱਜ ਇਹ ਵੀ ਨਸੀਬ ਨਹੀਂ ਹੋਇਆ ਕਿ ਉਹ ਆਪਣੇ ਕੱਚੇ ਢਾਰਿਆਂ ਦੀਆਂ ਦਲੀਜਾਂ 'ਤੇ ਪੁੱਤ ਜੰਮਣ ਦੀ ਖੁਸ਼ੀ 'ਚ ਸ਼ਰੀਂਹ ਵੀ ਬੰਨ੍ਹ ਸਕਣ, ਕਿਉਂਕਿ ਉਨ੍ਹਾਂ ਦਾ ਢਹਿ ਢੇਰੀ ਹੋ ਚੁੱਕਿਆ ਮਕਾਨ ਹੁਣ ਮਲਬੇ ਵਿੱਚ ਤਬਦੀਲ ਹੋ ਚੁੱਕਿਆ ਹੈ।ਉਨ੍ਹਾਂ ਮੰਗ ਕੀਤੀ ਕਿ ਉਨ੍ਹਾਂ ਦੇ ਢਹਿ ਢੇਰੀ ਹੋਏ ਰਹਿਣ ਬਸੇਰੇ ਨੂੰ ਬਣਾਉਣ ਲਈ ਸਰਕਾਰ ਉਨ੍ਹਾਂ ਦਾ ਦੁਬਾਰਾ ਪ੍ਰਬੰਧ ਕਰੇ।

# ਪ੍ਰਨੀਤ ਕੌਰ ਨੇ ਹਾਂਸੀ-ਬਟਾਣਾ ਨਹਿਰ ਦੇ ਮੁੱਦੇ 'ਤੇ ਹਰਿਆਣਾ ਦੇ ਮੁੱਖ ਮੰਤਰੀ ਨੂੰ ਸੌਂਪਿਆ ਮੰਗ ਪੱਤਰ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਸਾਬਕਾ ਕੇਂਦਰੀ ਮੰਤਰੀ ਤੇ ਪਟਿਆਲਾ ਤੋਂ ਸਾਬਕਾ ਸੰਸਦ ਮੈਂਬਰ ਸ੍ਰੀਮਤੀ ਪ੍ਰਨੀਤ ਕੌਰ ਨੇ ਸਮਾਣਾ ਸਬ-ਡਵੀਜ਼ਨ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਕਿਸਾਨਾਂ ਨਾਲ ਮਿਲ ਕੇ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੂੰ ਇੱਕ ਮੰਗ ਪੱਤਰ ਸੌਂਪਿਆ।ਇਸ ਮੰਗ ਪੱਤਰ ਵਿੱਚ ਹਾਂਸੀ-ਬਟਾਣਾ ਨਹਿਰ ਕਾਰਨ ਘੱਗਰ ਦਰਿਆ ਦੇ ਪਾਣੀ ਦੇ ਰੁਕਾਵਟ ਨਾਲ ਪੈਦਾ ਹੋਈ ਗੰਭੀਰ ਸਥਿਤੀ ਬਾਰੇ ਜਾਣੂ ਕਰਵਾਇਆ ਗਿਆ।ਮੰਗ ਪੱਤਰ ਵਿੱਚ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੇ ਪਿੰਡਾਂ, ਜਿਵੇਂ ਕਿ ਸੱਸੀ ਬ੍ਰਾਹਮਣਾਂ, ਸੱਸੀ ਗੁੱਜਰਾਂ, ਧਰਮਹੇੜੀ, ਹਾਸ਼ਮਪੁਰ, ਭਗਵਾਨਪੁਰ ਤੇ ਸੱਸਾ ਵਿੱਚ ਹੜ੍ਹਾਂ ਕਾਰਨ ਭਾਰੀ ਤਬਾਹੀ ਹੋਈ ਹੈ।ਹਜ਼ਾਰਾਂ ਏਕੜ ਉਪਜਾਊ ਜ਼ਮੀਨ ਪਾਣੀ ਵਿੱਚ ਡੁੱਬ ਗਈ ਹੈ, ਜਿਸ ਨਾਲ ਕਿਸਾਨਾਂ ਤੇ ਇਲਾਕਾ ਵਾਸੀਆਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਹ ਹੜ੍ਹ ਮੁੱਖ ਤੌਰ 'ਤੇ ਨਹਿਰ 'ਤੇ ਬਣੇ ਸਾਈਫਨਾਂ ਤੇ ਬੰਨ੍ਹਾਂ ਵਰਗੇ ਢਾਂਚਿਆਂ ਵਿੱਚ ਗਾਦ ਜੰਮਣ ਕਾਰਨ ਆਏ ਹਨ, ਜਿਸ ਨਾਲ ਪਾਣੀ ਦਾ ਕੁਦਰਤੀ ਵਹਾਅ ਰੁਕ ਗਿਆ ਹੈ ਤੇ ਪਾਣੀ ਵਾਪਸ ਪੰਜਾਬ ਵੱਲ ਵਹਿ ਰਿਹਾ ਹੈ। ਉਨ੍ਹਾਂ ਹਰਿਆਣਾ ਦੇ ਮੁੱਖ ਮੰਤਰੀ ਨੂੰ ਸਾਈਫਨਾਂ ਦਾ ਆਕਾਰ ਘਟਾਉਣ, ਪਾਣੀ ਦਾ ਸੁਚਾਰੂ ਵਹਾਅ ਯਕੀਨੀ ਬਣਾਉਣ ਤੇ ਗਾਦ ਜਮ੍ਹਾਂ ਹੋਣ ਨੂੰ ਹਟਾਉਣ ਲਈ ਤੁਰੰਤ ਉਪਚਾਰਕ ਕਦਮ ਚੁੱਕਣ ਦੀ ਅਪੀਲ ਕੀਤੀ ਤਾਂ ਜੋ ਪੰਜਾਬ ਦੇ ਪਟਿਆਲਾ ਜ਼ਿਲ੍ਹੇ ਦੇ ਨਾਲ-ਨਾਲ ਹਰਿਆਣਾ ਦੇ ਪ੍ਰਭਾਵਿਤ ਹਿੱਸਿਆਂ ਵਿੱਚ ਹੋਰ ਨੁਕਸਾਨ ਨੂੰ ਰੋਕਿਆ ਜਾ ਸਕੇ।ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਤੇ ਤੁਰੰਤ ਕਾਰਵਾਈ ਕਰਨ ਦਾ ਭਰੋਸਾ ਦਿੱਤਾ।ਉਨ੍ਹਾਂ ਨੇ ਸਬੰਧਤ ਵਿਭਾਗਾਂ ਤੇ ਅਧਿਕਾਰੀਆਂ ਨੂੰ ਇਸ ਮਾਮਲੇ ਦੀ ਪਹਿਲ ਦੇ ਆਧਾਰ 'ਤੇ ਜਾਂਚ ਕਰਨ ਤੇ ਪਾਣੀ ਦੀ ਸੁਚਾਰੂ ਨਿਕਾਸੀ ਲਈ ਲੋੜੀਂਦੇ ਕਦਮ ਚੁੱਕਣ ਦੇ ਨਿਰਦੇਸ਼ ਵੀ ਦਿੱਤੇ।ਇਸ ਦੌਰਾਨ ਪ੍ਰਨੀਤ ਕੌਰ ਦੇ ਨਾਲ, ਜ਼ਿਲ੍ਹਾ ਪ੍ਰਧਾਨ (ਪਟਿਆਲਾ ਦੱਖਣੀ) ਹਰਮੇਸ਼ ਗੋਇਲ, ਸਮਾਣਾ ਇੰਚਾਰਜ ਸੁਰਿੰਦਰ ਸਿੰਘ ਖੇੜਕੀ ਤੇ ਸਬੰਧਤ ਪਿੰਡਾਂ ਦੇ ਕਿਸਾਨ ਵੀ ਮੁੱਖ ਮੰਤਰੀ ਨਾਲ ਮੀਟਿੰਗ ਦੌਰਾਨ ਮੌਜੂਦ ਸਨ।

## ਜ਼ਿਲ੍ਹਾ ਪੱਧਰੀ ਖੇਡਾਂ 'ਚ ਸ੍ਰੀ ਸ਼ੰਕਰ ਦਾਸ ਸਕੂਲ ਨੇ 4 ਮੈਡਲ ਜਿੱਤੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਸ੍ਰੀ ਸ਼ੰਕਰ ਦਾਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੇ ਖੇਡਾਂ ਦੇ ਖੇਤਰ ਵਿੱਚ 4 ਗੋਲਡ ਮੈਡਲ ਜਿੱਤੇ। ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਕੁਸ਼ਤੀ ਮੁਕਾਬਲਿਆਂ ਵਿੱਚ ਅੰਡਰ-19 ਤੇ ਅੰਡਰ-17 ਦੇ ਵੱਖ-ਵੱਖ ਭਾਰ ਵਰਗ ਤਹਿਤ ਸਕੂਲ ਦੇ ਵਿਦਿਆਰਥੀ ਰੁਸਤਮ ਤੇ ਗੈਵੀ ਨੇ ਪਹਿਲਾ ਸਥਾਨ ਹਾਸਲ ਕਰਦਿਆਂ 4 ਗੋਲਡ ਮੈਡਲ ਹਾਸਲ ਕੀਤੇ। ਦੋ ਗੋਲਡ ਮੈਡਲ ਫ੍ਰੀ ਸਟਾਈਲ ਤੇ ਦੋ ਗੋਲਡ ਮੈਡਲ ਗ੍ਰੀਕੋ ਫ੍ਰੀ ਸਟਾਈਲ ਕੁਸ਼ਤੀ ਮੁਕਾਬਲਿਆਂ ਦੌਰਾਨ ਇਨ੍ਹਾਂ ਵਿਦਿਆਰਥੀਆਂ ਨੇ ਹਾਸਲ ਕਰਕੇ ਸਕੂਲ, ਮਾਤਾ-ਪਿਤਾ ਤੇ ਇਲਾਕੇ ਦਾ ਨਾਂ ਰੌਸ਼ਨ ਕੀਤਾ। ਸਕੂਲ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਇਨ੍ਹਾਂ ਦੋਵਾਂ ਵਿਦਿਆਰਥੀਆਂ ਨੂੰ ਸਨਮਾਨਤ ਕਰਦੇ ਹੋਏ ਡੀ.ਪੀ.ਈ. ਸੰਦੀਪ ਸਿੰਘ ਤੇ ਸਮੂਹ ਸਟਾਫ਼ ਨੂੰ ਮੁਬਾਰਕਬਾਦ ਦਿੱਤੀ।

## ਹੋਲੀ ਹਾਰਟ ਦੇ ਵਿਦਿਆਰਥੀਆਂ ਨੇ ਜਿੱਤੇ ਗੋਲਡ ਮੈਡਲ




**ਮਹਿਲ ਕਲਾਂ (ਬਲਵਿੰਦਰ ਵਜੀਦਕੇ)**-ਜੀ. ਹੋਲੀ ਹਾਰਟ ਪਬਲਿਕ ਸਕੂਲ ਮਹਿਲ ਕਲਾਂ ਦੀਆਂ ਵਿਦਿਆਰਥਣਾਂ ਨੇ ਜ਼ਿਲ੍ਹਾ ਪੱਧਰੀ ਕ੍ਰਿਕਟ ਤੇ ਕਰਾਟੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਕੂਲ ਦਾ ਨਾਮ ਰੌਸ਼ਨ ਕੀਤਾ।ਇਹ ਗੌਰਵਮਈ ਪਲ ਮੈਨੇਜਿੰਗ ਡਾਇਰੈਕਟਰ ਸ੍ਰੀ ਸੁਸ਼ੀਲ ਗੋਇਲ ਦੇ ਸਦਾ ਮਿਲਦੇ ਹੌਸਲੇ ਤੇ ਰਹਿਨੁਮਾਈ ਕਾਰਨ ਸੰਭਵ ਹੋਇਆ।ਕ੍ਰਿਕਟ ਵਿੱਚ ਸਾਡੀ ਅੰਡਰ-19 ਕੁੜੀਆਂ ਦੀ ਟੀਮ ਨੇ ਸੋਨੇ ਦਾ ਤਮਗਾ ਜਿੱਤਿਆ, ਜਦੋਂਕਿ ਅੰਡਰ-17 ਤੇ ਅੰਡਰ-14 ਕੁੜੀਆਂ ਦੀਆਂ ਟੀਮਾਂ ਨੇ ਚਾਂਦੀ ਦੇ ਤਗਮੇ ਹਾਸਲ ਕੀਤੇ।ਬਹੁਤ ਸਾਰੀਆਂ ਖਿਡਾਰਨਾਂ ਸਟੇਟ ਪੱਧਰ ਲਈ ਵੀ ਚੁਣੀਆਂ ਗਈਆਂ ਹਨ, ਜੋ ਸਕੂਲ ਲਈ ਬੇਮਿਸਾਲ ਸਫਲਤਾ ਹੈ।ਇਸ ਸ਼ਾਨਦਾਰ ਪ੍ਰਾਪਤੀ ਦਾ ਸਿਹਰਾ ਕੋਚ ਸ੍ਰੀਮਤੀ ਮੁੱਕੋ ਕੌਰ ਦੀ ਲਗਨ, ਸਖ਼ਤ ਮਿਹਨਤ ਤੇ ਖਿਡਾਰਨਾਂ ਨੂੰ ਮਿਲੀ ਹੌਸਲਾ ਅਫਜ਼ਾਈ ਨੂੰ ਜਾਂਦਾ ਹੈ।ਕਰਾਟੇ ਵਿੱਚ ਵੀ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 2 ਚਾਂਦੀ ਦੇ ਤਮਗੇ ਤੇ 1 ਕਾਂਸੇ ਦਾ ਤਮਗਾ ਜਿੱਤਿਆ।ਉਨ੍ਹਾਂ ਦੀ ਇਸ ਕਾਮਯਾਬੀ ਦਾ ਸਿਹਰਾ ਕਰਾਟੇ ਕੋਚ ਸ੍ਰੀ ਗੋਬਿੰਦ ਦੇ ਸਮਰਪਣ ਤੇ ਸਿਖਲਾਈ ਨੂੰ ਜਾਂਦਾ ਹੈ।ਚੇਅਰਮੈਨ ਅਜੈ ਜਿੰਦਲ, ਡਾਇਰੈਕਟਰ ਰਾਕੇਸ਼ ਬਾਂਸਲ ਤੇ ਨਿਤਿਨ ਜਿੰਦਲ, ਪ੍ਰਿੰਸੀਪਲ ਸ੍ਰੀਮਤੀ ਗੀਤਿਕਾ ਸ਼ਰਮਾ ਤੇ ਵਾਇਸ ਪ੍ਰਿੰਸੀਪਲ ਸ੍ਰੀਮਤੀ ਪ੍ਰਦੀਪ ਕੌਰ ਗਰੇਵਾਲ ਨੇ ਵਿਦਿਆਰਥੀਆਂ ਤੇ ਕੋਚਾਂ ਦੀ ਮਿਹਨਤ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੀਆਂ ਜਿੱਤਾਂ ਨਾਲ ਵਿਦਿਆਰਥੀਆਂ ਵਿੱਚ ਆਤਮਵਿਸ਼ਵਾਸ, ਟੀਮਵਰਕ ਤੇ ਨੇਤ੍ਰਿਤਵ ਦੇ ਗੁਣ ਵਿਕਸਤ ਹੁੰਦੇ ਹਨ।

## ਸਿਮਰਜੀਤ ਬੈਂਸ ਨੇ ਮੀਂਹ ਨਾਲ ਨੁਕਸਾਨੇ ਘਰਾਂ ਲਈ ਲੋੜਵੰਦਾਂ ਨੂੰ ਨਗਦ ਰਾਸ਼ੀ ਦਿੱਤੀ



**ਲੁਧਿਆਣਾ (ਰਾਜ ਸਿੰਗਲਾ)**-ਪਿਛਲੇ ਦਿਨੀਂ ਆਏ ਭਾਰੀ ਤੇ ਲਗਾਤਾਰ ਮੀਂਹ ਨਾਲ ਲੁਧਿਆਣਾ ਮਹਾਨਗਰ ਦੇ ਆਤਮ ਨਗਰ, ਸ਼ਿਮਲਾਪੁਰੀ ਤੇ ਦੱਖਣੀ ਹਲਕੇ ਦੇ ਮਹਾਤੜ ਤੇ ਗਰੀਬ ਲੋਕਾਂ ਦਾ ਕਾਫੀ ਨੁਕਸਾਨ ਹੋਇਆ।ਕਈ ਲੋਕਾਂ ਦੇ ਘਰ ਦੀਆਂ ਛੱਤਾਂ ਡਿੱਗ ਗਈਆਂ ਤੇ ਕਈ ਲੋਕ ਮੀਂਹ ਕਾਰਨ ਕੰਮ ਨਾ ਮਿਲਣ ਕਾਰਨ ਘਰ 'ਚ ਰਾਸ਼ਨ ਨਾ ਹੋਣ ਕਾਰਨ ਰੋਟੀ ਤੋਂ ਵੀ ਅਵਾਜ਼ਾਰ ਹੋ ਗਏ।ਇਨ੍ਹਾਂ ਸਭ ਨੂੰ ਦੇਖਦਿਆਂ ਸਾਬਕਾ ਵਿਧਾਇਕ ਤੇ ਸੀਨੀਅਰ ਕਾਂਗਰਸੀ ਆਗੂ ਸਿਮਰਜੀਤ ਸਿੰਘ ਬੈਂਸ ਵੱਲੋਂ ਉਨ੍ਹਾਂ ਇਲਾਕਿਆਂ ਦਾ ਦੌਰਾ ਕਰ ਆਪਣੀ ਜੇਬ ਤੋਂ ਉਨ੍ਹਾਂ ਦੀ ਆਰਥਿਕ ਸਹਾਇਤਾ ਕੀਤੀ ਗਈ।

ਇਸ ਮੌਕੇ ਸਿਮਰਜੀਤ ਸਿੰਘ ਬੈਂਸ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਨੁੱਖਤਾ ਦੀ ਸੇਵਾ ਕਰਨਾ ਸਭ ਤੋਂ ਵੱਡਾ ਧਰਮ ਹੈ।ਪੰਜਾਬ ਦੇ ਪੇਂਡੂ ਖੇਤਰ ਵਿੱਚ ਬੇਹਿਸਾਬ ਨੁਕਸਾਨ ਹੋਇਆ ਤੇ ਪੰਜਾਬੀਆਂ ਨੇ ਪੇਂਡੂ ਖੇਤਰ 'ਚ ਹੋਏ ਨੁਕਸਾਨ ਦੀ ਆਪਣੇ ਵੱਲੋਂ ਕੀਤੀ ਲਾ-ਮਿਸਾਲ ਮਦਦ ਦੀ ਦੁਨੀਆ ਤਰੀਫ ਕਰ ਰਹੀ ਹੈ, ਓਥੇ ਹੀ ਸ਼ਹਿਰੀ ਖੇਤਰਾਂ 'ਚ ਵੀ ਲਗਾਤਾਰ ਦਸ-ਬਾਰਾਂ ਦਿਨ ਹੋਈ ਭਾਰੀ ਬਾਰਸ਼ ਨੇ ਗਰੀਬ ਲੋਕਾਂ ਦੇ ਮਕਾਨ ਢਾਹ ਦਿੱਤੇ।ਅੱਜ ਉਨ੍ਹਾਂ ਨੇ ਆਪਣੇ ਸਾਥੀਆਂ ਨਾਲ ਸ਼ਿਮਲਾਪੁਰੀ, ਆਤਮ ਨਗਰ ਤੇ ਦੱਖਣੀ ਹਲਕੇ ਦੇ ਕਈ ਇਲਾਕਿਆਂ ਦਾ ਦੌਰਾ ਕੀਤਾ ਅਤੇ ਮੀਂਹ ਕਾਰਨ ਜਿਨ੍ਹਾਂ ਦੇ ਮਕਾਨ ਡਿੱਗ ਗਏ ਸਨ, ਉਨ੍ਹਾਂ ਪਰਿਵਾਰਾਂ ਦੀ ਆਰਥਿਕ ਸਹਾਇਤਾ ਵੀ ਕੀਤੀ ਅਤੇ ਮਕਾਨ ਬਣਾਉਣ ਲਈ ਸੀਮੈਂਟ, ਰੇਤਾ, ਬਜਰੀ ਲਈ ਪੈਸੇ ਵੀ ਦਿੱਤੇ।ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਕਈ ਪਰਵਾਰਾਂ ਨੂੰ ਸਾਲ ਭਰ ਲਈ ਰਾਸ਼ਨ ਵੀ ਦਿੱਤਾ ਗਿਆ ਤੇ ਕਈ ਪਰਵਾਰਾਂ ਦੇ ਬੱਚਿਆਂ ਦੀ ਸਾਲ ਭਰ ਲਈ ਸਕੂਲ ਫੀਸ ਵੀ ਦਿੱਤੀ ਗਈ।ਬੈਂਸ ਨੇ ਕਿਹਾ ਕਿ ਅੱਜ ਹੜ੍ਹਾਂ ਕਾਰਨ ਪੰਜਾਬ ਦਾ ਮਾੜਾ ਹਾਲ ਹੋ ਚੁੱਕਾ ਹੈ।ਸਾਡਾ ਸਾਰਿਆਂ ਦਾ ਅੱਜ ਫ਼ਰਜ਼ ਬਣਦਾ ਹੈ ਕਿ ਅਸੀਂ ਸਭ ਰਲ ਮਿਲ ਉਨ੍ਹਾਂ ਲੋਕਾਂ ਦੀ ਮਦਦ ਕਰੀਏ, ਜਿਨ੍ਹਾਂ ਦਾ ਸਭ ਕੁਛ ਪਾਣੀ ਵਿੱਚ ਰੁੜ੍ਹ ਗਿਆ ਹੈ।ਇਸ ਮੌਕੇ ਲੋਕਾਂ ਨੇ ਬੈਂਸ ਦਾ ਧੰਨਵਾਦ ਕਰਦਿਆਂ ਕਿਹਾ ਕਿ ਬੈਂਸ ਹਮੇਸ਼ਾ ਹੀ ਮਜਬੂਰ ਤੇ ਗਰੀਬ ਲੋਕਾਂ ਲਈ ਇਕ ਮਸੀਹਾ ਹਨ।ਇਸ ਮੌਕੇ ਬਲਦੇਵ ਪ੍ਰਧਾਨ, ਬਲਾਕ ਪ੍ਰਧਾਨ ਹਰਵਿੰਦਰ ਸਿੰਘ ਕਲੇਰ, ਟੋਨਾ ਸੰਧੂ, ਪ੍ਰਦੀਪ ਸਿੰਘ ਬੰਟੀ, ਸੁਖਦੇਵ ਸਿੰਘ ਸ਼ੀਰਾ ਕੌਂਸਲਰ, ਜਸਪਾਲ ਗਲਫ, ਰਜੇਸ਼ ਖੋਖਰ ਆਦੀ ਹਾਜ਼ਰ ਸਨ।

## ਰੇਲ ਗੱਡੀ ਹੇਠਾਂ ਆਉਣ ਕਾਰਨ ਵਿਅਕਤੀ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ-ਬਸੀ ਪਠਾਣਾ ਰੇਲ ਮਾਰਗ ਤੋਂ ਜੀਆਰਪੀ ਨੂੰ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲਣ ਦਾ ਸਮਾਚਾਰ ਹੈ।ਮਾਮਲੇ ਦੀ ਜਾਂਚ ਕਰ ਰਹੇ ਜੀਆਰਪੀ ਥਾਣਾ ਸਰਹਿੰਦ ਦੇ ਸਹਾਇਕ ਥਾਣੇਦਾਰ ਜਗਜੀਤ ਸਿੰਘ ਨੇ ਦੱਸਿਆ ਕਿ ਸਰਹਿੰਦ-ਬਸੀ ਪਠਾਣਾ ਰੇਲ ਮਾਰਗ 'ਤੇ ਕਿਲੋਮੀਟਰ ਨੰਬਰ 04/7 ਨਜ਼ਦੀਕ ਰੇਲਵੇ ਲਾਈਨਾਂ ਤੋਂ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ ਹੈ।ਉਨ੍ਹਾਂ ਦੱਸਿਆ ਕਿ ਦੇਖਣ ਨੂੰ ਪ੍ਰਵਾਸੀ ਮਜ਼ਦੂਰ ਜਾਪਦੇ ਇਸ ਮ੍ਰਿਤਕ ਵਿਅਕਤੀ ਦੀ ਉਮਰ ਕਰੀਬ 30/35 ਸਾਲ, ਰੰਗ ਕਣਕਵਨਾ, ਕਲੀਨਸ਼ੇਵ, ਚਿਹਰਾ ਗੋਲ, ਸਿਰ ਦੇ ਵਾਲ ਕੱਟੇ ਹੋਏ, ਜਿਸ ਨੇ ਚਿੱਟੀ ਪ੍ਰਿੰਟਡ ਕਮੀਜ ਤੇ ਕਾਲੇ ਰੰਗ ਦੀ ਪੈਂਟ ਪਹਿਨੀ ਹੋਈ ਸੀ, ਦੀ ਮੌਤ ਰੇਲਵੇ ਲਾਈਨਾਂ ਕਰਾਸ ਕਰਦੇ ਸਮੇਂ ਕਿਸੇ ਰੇਲ ਗੱਡੀ ਹੇਠਾਂ ਆ ਕੇ ਹੋਈ ਜਾਪਦੀ ਹੈ।ਉਨ੍ਹਾਂ ਅਪੀਲ ਕੀਤੀ ਕਿ ਮ੍ਰਿਤਕ ਸਬੰਧੀ ਜੇਕਰ ਕਿਸੇ ਕੋਲ ਕੋਈ ਵੀ ਜਾਣਕਾਰੀ ਹੋਵੇ ਤਾਂ ਤੁਰੰਤ ਜੀ.ਆਰ.ਪੀ. ਥਾਣਾ ਸਰਹਿੰਦ ਨਾਲ ਸੰਪਰਕ ਕੀਤਾ ਜਾਵੇ।

## ਆਰਟ ਆਫ਼ ਲਿਵਿੰਗ ਟੀਮ ਵੱਲੋਂ ਹੈਪੀਨੈੱਸ ਪ੍ਰੋਗਰਾਮ



**ਜਗਰਾਓਂ (ਅਮਿਤ ਖੰਨਾ)**-ਗੁਰੂਦੇਵ ਸ੍ਰੀ ਸ੍ਰੀ ਰਵੀਸ਼ੰਕਰ ਜੀ ਦੇ ਆਸ਼ੀਰਵਾਦ ਨਾਲ ਆਰਟ ਆਫ਼ ਲਿਵਿੰਗ ਟੀਮ ਜਗਰਾਓਂ ਨੇ ਬਹੁਤ ਉਤਸ਼ਾਹ ਤੇ ਊਰਜਾ ਨਾਲ ਹੈਪੀਨੈੱਸ ਪ੍ਰੋਗਰਾਮ ਦਾ ਆਯੋਜਨ ਕੀਤਾ। ਇਹ ਪ੍ਰੋਗਰਾਮ ਏ. ਪੀ. ਰਿਫਾਇਨਰੀ ਮੈਡੀਟੇਸ਼ਨ ਹਾਲ ਤੇ ਲਾਇਨਜ਼ ਮਿੱਡ ਟਾਊਨ, ਕੱਚਾ ਕਿਲਾ, ਜਗਰਾਓਂ ਵਿਖੇ ਕੀਤਾ ਗਿਆ ਸੀ।ਇਸ ਜੀਵਨ ਬਦਲਣ ਵਾਲੇ ਪ੍ਰੋਗਰਾਮ ਵਿੱਚ 35 ਤੋਂ ਵੱਧ ਭਾਗੀਦਾਰਾਂ ਨੇ ਹਿੱਸਾ ਲਿਆ ਅਤੇ ਤਣਾਅ-ਮੁਕਤ, ਸਿਹਤਮੰਦ ਤੇ ਅਨੰਦਮਈ ਜੀਵਨ ਵੱਲ ਵਧਣ ਦਾ ਸੰਕਲਪ ਲਿਆ।ਪ੍ਰੋਗਰਾਮ ਦਾ ਸੰਚਾਲਨ ਆਰਟ ਆਫ਼ ਲਿਵਿੰਗ ਦੇ ਟ੍ਰੇਨਰ ਅਮਿਤ ਸ਼ਰਮਾ, ਰਾਜੇਸ਼ ਕੁਮਾਰ ਤੇ ਮੋਹਿਤ ਅਗਰਵਾਲ ਦੁਆਰਾ ਕੀਤਾ ਗਿਆ।ਨਾਲ ਹੀ ਵਲੰਟੀਅਰ ਤਮੰਨਾ, ਵੰਦਨਾ ਤੇ ਪ੍ਰੀਤੀ ਨੇ ਆਪਣੀ ਸਮਰਪਤ ਸੇਵਾ ਨਾਲ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।ਭਾਗੀਦਾਰਾਂ ਨੇ ਸੁਦਰਸ਼ਨ ਕਿਰਿਆ, ਪ੍ਰਾਣਾਯਾਮ, ਧਿਆਨ ਤੇ ਯੋਗ ਅਭਿਆਸ ਰਾਹੀਂ ਡੂੰਘੀ ਸ਼ਾਂਤੀ, ਵਿਸ਼ਵਾਸ ਤੇ ਸਕਾਰਾਤਮਕਤਾ ਦਾ ਅਨੁਭਵ ਕੀਤਾ।ਆਰਟ ਆਫ਼ ਲਿਵਿੰਗ ਟੀਮ ਦਾ ਕਹਿਣਾ ਹੈ ਕਿ ਅਜਿਹੇ ਪ੍ਰੋਗਰਾਮ ਸਮਾਜ ਵਿੱਚ ਖੁਸ਼ੀ, ਏਕਤਾ ਤੇ ਅਧਿਆਤਮਿਕ ਊਰਜਾ ਫੈਲਾਉਂਦੇ ਹਨ।

## ਐਡਵੋਕੇਟ ਬਾਂਸਲ ਪੰਜਾਬ ਐਂਡ ਹਰਿਆਣਾ ਬਾਰ ਕੌਂਸਲ ਦੇ ਮੈਂਬਰ ਨਿਯੁਕਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸੀਨੀਅਰ ਐਡਵੋਕੇਟ ਜੇ ਡੀ ਬਾਂਸਲ ਨੂੰ ਪੰਜਾਬ ਤੇ ਹਰਿਆਣਾ ਬਾਰ ਕੌਂਸਲ ਦਾ ਕੋਆਪਟਿਡ ਮੈਂਬਰ ਨਿਯੁਕਤ ਕੀਤਾ ਗਿਆ ਹੈ।ਉਨ੍ਹਾਂ ਨੂੰ ਨਿਯੁਕਤੀ ਪੱਤਰ ਬਾਰ ਕੌਂਸਲ ਦੇ ਚੇਅਰਮੈਨ ਐਡਵੋਕੇਟ ਰਾਕੇਸ਼ ਗੁਪਤਾ ਨੇ ਸੌਂਪਿਆ।ਐਡਵੋਕੇਟ ਜੇ ਡੀ ਬਾਂਸਲ ਨੇ ਇਹ ਸਨਮਾਨ ਦੇਣ ਲਈ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਬਾਰ ਕੌਂਸਲ ਦੇ ਚੇਅਰਮੈਨ ਐਡਵੋਕੇਟ ਰਾਕੇਸ਼ ਗੁਪਤਾ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਆਪਣੀ ਦਿੱਤੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ।ਐਡਵੋਕੇਟ ਜੇ ਡੀ ਬਾਂਸਲ ਨੂੰ ਐਡਮਿਨਿਸਟਰੇਸ਼ਨ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਕੋਆਪਟਿਡ ਮੈਂਬਰ ਬਣਨ ਤੋਂ ਬਾਅਦ ਅੱਜ ਐਡਵੋਕੇਟ ਜੇ ਡੀ ਬਾਂਸਲ ਨੂੰ 200 ਦੇ ਕਰੀਬ ਵੱਖ ਵੱਖ ਜ਼ਿਲ੍ਹਿਆਂ ਦੇ ਵਕੀਲ ਸਾਹਿਬਾਨਾਂ ਨੇ ਪਟਿਆਲਾ ਆ ਕੇ ਵਧਾਈਆਂ ਵੀ ਦਿੱਤੀਆਂ, ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ 'ਤੇ ਹਾਈਕੋਰਟ ਤੋਂ ਵੀ ਵਕੀਲ ਸਾਹਿਬਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ।ਦੱਸਣਯੋਗ ਹੈ ਕਿ ਐਡਵੋਕੇਟ ਜੇ ਡੀ ਬਾਂਸਲ ਸਾਲ 2006 ਤੋਂ ਪ੍ਰੈਕਟਿਸ ਕਰ ਰਹੇ ਹਨ ਤੇ ਸਾਲ 2012 ਤੋਂ ਭਾਰਤ ਸਰਕਾਰ ਦੇ ਸਰਕਾਰੀ ਵਕੀਲ ਵਜੋਂ ਸੇਵਾਵਾਂ ਦੇ ਰਹੇ ਹਨ।ਉਨ੍ਹਾਂ ਵੱਲੋਂ ਨਿਭਾਈਆਂ ਜ਼ਿੰਮੇਵਾਰੀਆਂ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੀਆਂ ਚੋਣਾਂ ਵਿੱਚ ਆਬਜ਼ਰਵਰ ਨਿਯੁਕਤ ਕੀਤਾ ਜਾਂਦਾ ਹੈ।ਇਸ ਮੌਕੇ ਐਡਵੋਕੇਟ ਸਤੀਸ਼ ਗੁਪਤਾ, ਐਡਵੋਕੇਟ ਅਮਨ ਮਾਥੁਰ, ਸੌਰਵ ਸਿੰਗਲਾ, ਜਗਪਾਲ ਸਿੰਘ ਆਦਿ ਹਾਜ਼ਰ ਸਨ।

## ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਲਵਾਇਆ ਆਸਟ੍ਰੇਲੀਆ ਦਾ ਵਿਜ਼ਟਰ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ ਜੋ ਕਿ ਰਫਿਊਜ਼ ਕੇਸਾਂ ਨੂੰ ਹੱਲ ਕਰਨ ਵਿੱਚ ਮਾਹਰ ਵਜੋਂ ਜਾਣੀ ਜਾਂਦੀ ਹੈ।ਇਸ ਦੇ ਨਾਲ-ਨਾਲ ਹੁਣ ਸੰਸਥਾ ਵੱਲੋਂ ਬਹੁਤ ਹੀ ਘੱਟ ਉਮਰ ਵਾਲੇ ਬੱਚਿਆਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਸੁਪਨਾ ਵੀ ਬੜੀ ਜਲਦੀ ਪੂਰਾ ਕੀਤਾ ਜਾ ਰਿਹਾ ਹੈ।ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਸੰਸਥਾ ਵੱਲੋਂ ਗੁਰਜਿੰਦਰ ਕੌਰ ਵਾਸੀ ਮੰਡਵਾਲਾ ਜ਼ਿਲ੍ਹਾ ਫ਼ਰੀਦਕੋਟ ਦਾ ਆਸਟ੍ਰੇਲੀਆ ਦਾ ਵਿਜ਼ਟਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਗਿਆ ਹੈ।ਗੁਰਜਿੰਦਰ ਕੌਰ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਸ ਨੂੰ ਬਹੁਤ ਹੀ ਜਲਦ ਜੇ.ਐੱਮ.ਐੱਸ. ਸੰਸਥਾ ਵੱਲੋਂ ਆਸਟ੍ਰੇਲੀਆ ਦਾ ਵਿਜ਼ਟਰ ਵੀਜ਼ਾ ਪ੍ਰਾਪਤ ਹੋਇਆ ਹੈ।ਦੱਸਣਯੋਗ ਹੈ ਕਿ ਮਾਹਰਾਂ ਦੀ ਦੇਖ-ਰੇਖ ਹੇਠ ਪਹਿਲਾਂ ਵੀਜ਼ੇ ਲਈ ਸਾਰੇ ਦਸਤਾਵੇਜ਼ ਤਸੱਲੀਬਖ਼ਸ਼ ਪੂਰੇ ਕੀਤੇ ਜਾਂਦੇ ਹਨ ਤੇ ਵਿਦੇਸ਼ਾਂ ਵਿੱਚ ਜਾਣ ਦੇ ਚਾਹਵਾਨਾਂ ਨੂੰ ਪਹਿਲੀ ਵਾਰ ਵਿੱਚ ਹੀ ਸੰਸਥਾ ਵੱਲੋਂ ਵੀਜ਼ਾ ਪ੍ਰਾਪਤ ਹੋ ਜਾਂਦਾ ਹੈ।ਸੰਸਥਾ ਵੱਲੋਂ ਵਿਜ਼ਟਰ ਵੀਜ਼ਾ, ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤੇ ਜਾਂਦੇ ਹਨ।ਸੰਸਥਾ ਦੀ ਐੱਮ ਡੀ ਅੰਮ੍ਰਿਤਪਾਲ ਕੌਰ ਮਾਨ ਤੇ ਸਟਾਫ ਮੈਂਬਰਾਂ ਨੇ ਵੀਜ਼ਾ ਚਾਹਵਾਨਾਂ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ।

## ਫੱਤਣਵਾਲਾ ਭਰਾਵਾਂ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਇੱਕ ਲੱਖ ਰੁਪਏ ਸੁਖਬੀਰ ਬਾਦਲ ਨੂੰ ਸੌਂਪੇ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਪੰਜਾਬ ਅੰਦਰ ਹਾਲ ਹੀ ਵਿੱਚ ਆਏ ਭਿਆਨਕ ਹੜ੍ਹਾਂ ਕਾਰਨ ਜਿੱਥੇ ਲੱਖਾਂ ਹੈਕਟੇਅਰ ਫਸਲੀ ਜ਼ਮੀਨ ਪਾਣੀ ਦੀ ਮਾਰ ਹੇਠਾਂ ਆ ਗਈ, ਉੱਥੇ ਹੀ ਕਿਸਾਨਾਂ ਦੀਆਂ ਖੜ੍ਹੀਆਂ ਫਸਲਾਂ ਪੂਰੀ ਤਰ੍ਹਾਂ ਨਾਲ ਬਰਬਾਦ ਹੋ ਗਈਆਂ, ਇਸ ਤੋਂ ਇਲਾਵਾ ਹਜ਼ਾਰਾਂ ਘਰ ਤੇ ਪਸ਼ੂ ਧੰਨ ਪਾਣੀ 'ਚ ਰੁੜ੍ਹ ਚੁੱਕਾ ਹੈ, ਜਿਸ ਨਾਲ ਕਿਸਾਨਾਂ ਤੇ ਆਮ ਲੋਕਾਂ ਮਜ਼ਦੂਰ, ਦੁਕਾਨਦਾਰਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ।ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਹਨੀ ਫੱਤਣਵਾਲਾ ਨੇ ਇੱਕ ਪ੍ਰੈੱਸ ਬਿਆਨ ਜਾਰੀ ਕਰਦਿਆਂ ਕੀਤਾ।

ਇਸ ਮੌਕੇ ਹਨੀ ਫੱਤਣਵਾਲਾ ਨੇ ਕਿਹਾ ਕਿ ਜਦੋਂ ਤੋਂ ਪੰਜਾਬ 'ਤੇ ਹੜ੍ਹਾਂ ਦੀ ਕੁਦਰਤੀ ਆਫ਼ਤ ਆਈ ਹੈ, ਉਦੋਂ ਤੋਂ ਹੀ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹੜ੍ਹ ਪੀੜਤ ਲੋਕਾਂ ਨਾਲ ਮਿਲ ਕੇ ਉਨ੍ਹਾਂ ਦੇ ਦੁੱਖ 'ਚ ਸ਼ਰੀਕ ਹੋ ਕੇ ਉਨ੍ਹਾਂ ਨੂੰ ਪੈਸੇ, ਚਾਰਾ, ਕਿਸ਼ਤੀਆਂ, ਡੀਜ਼ਲ, ਜਨਰੇਟਰ, ਤਰਪਾਲਾਂ ਤੇ ਹੋਰ ਬਹੁਤ ਸਾਰਾ ਲੋੜੀਂਦਾ ਸਾਮਾਨ ਵੰਡ ਰਹੇ ਹਨ ਤੇ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਲੋਕਾਂ ਦੀ ਸੇਵਾ ਕਰ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਵਲੋਂ ਹੜ੍ਹ ਪੀੜਤਾਂ ਦੀ ਮੱਦਦ ਲਈ ਕੀਤੇ ਜਾ ਰਹੇ ਕਾਰਜਾਂ 'ਚ ਫੱਤਣਵਾਲਾ ਪਰਵਾਰ ਨੇ ਆਪਣਾ ਯੋਗਦਾਨ ਪਾਉਂਦੇ ਹੋਏ ਫੱਤਣਵਾਲਾ ਪਰਵਾਰ ਵੱਲੋਂ ਮਨਜੀਤ ਸਿੰਘ ਬਰਾੜ ਫੱਤਣਵਾਲਾ ਸਾਬਕਾ ਚੇਅਰਮੈਨ ਸ਼ੂਗਰ ਮਿੱਲ ਫਰੀਦਕੋਟ, ਜਗਜੀਤ ਸਿੰਘ ਹਨੀ ਫੱਤਣਵਾਲਾ ਸਾਬਕਾ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਤੇ ਜੈ ਰਾਜ ਸਿੰਘ ਬਰਾੜ ਫੱਤਣਵਾਲਾ ਪ੍ਰਧਾਨ ਯੂਥ ਅਕਾਲੀ ਦਲ ਨੇ ਹੜ੍ਹ ਪੀੜਤਾਂ ਦੀ ਮੱਦਦ ਲਈ ਇੱਕ ਲੱਖ ਰੁਪਏ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਸੌਂਪੇ ਤੇ ਹੜ੍ਹ ਪੀੜਤ ਲੋਕਾਂ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ।ਇਸ ਮੌਕੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਫੱਤਣਵਾਲਾ ਪਰਵਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਡਾਕਟਰ ਸਤਨਾਮ ਸਿੰਘ ਕੈਨੇਡਾ ਨੇ ਮਜ਼ਦੂਰਾਂ ਦੇ ਡਿੱਗੇ ਘਰਾਂ ਲਈ ਸਹਾਇਤਾ ਰਾਸ਼ੀ ਭੇਜੀ



**ਚੀਮਾ ਮੰਡੀ (ਰਵਿੰਦਰ ਚੀਮਾ)**-ਪਿੰਡ ਤੋਲਾਵਾਲ ਵਿਖੇ ਪਿਛਲੇ ਦਿਨੀਂ ਭਾਰੀ ਬਾਰਿਸ਼ਾਂ ਕਾਰਨ ਕਈ ਮਜ਼ਦੂਰਾਂ ਦੇ ਘਰ ਡਿੱਗ ਪਏ ਸਨ, ਜਿਨ੍ਹਾਂ ਕੋਲ ਰਹਿਣ ਲਈ ਕੋਈ ਵੀ ਜਗ੍ਹਾ ਨਹੀਂ ਬਚੀ ਸੀ। ਉਨ੍ਹਾਂ ਲਈ ਪਿੰਡ ਤੋਲਾਵਾਲ ਦੇ ਜੰਮਪਲ ਸ੍ਰ. ਮਹਿੰਦਰ ਸਿੰਘ ਜਥੇਦਾਰ ਦੇ ਪੁੱਤਰ ਡਾਕਟਰ ਸਤਨਾਮ ਸਿੰਘ ਕੈਨੇਡਾ ਤੇ ਗੁਰਨਾਮ ਸਿੰਘ ਕੈਨੇਡਾ ਨੇ ਗਰੀਬ ਮਜ਼ਦੂਰਾਂ ਲਈ 21000 ਦੀ ਰਾਸ਼ੀ ਭੇਜੀ ਹੈ, ਜੋ ਕਿ ਸਾਬਕਾ ਸਰਪੰਚ ਨਿਰਮਲ ਸਿੰਘ ਤੇ ਉਨ੍ਹਾਂ ਦੇ ਭਰਾ ਗੇਜਾ ਸਿੰਘ ਨੇ ਗਰੀਬਾਂ ਨੂੰ ਉਨ੍ਹਾਂ ਦੇ ਘਰ ਜਾ ਕੇ ਇਹ ਰਾਸ਼ੀ ਦੇ ਦਿੱਤੀ ਹੈ। ਇਸ ਮੌਕੇ ਪਿੰਡ ਦੇ ਸਾਬਕਾ ਸਰਪੰਚ ਨਿਰਮਲ ਸਿੰਘ ਨੇ ਅਪੀਲ ਕੀਤੀ ਕਿ ਜੇਕਰ ਹੋਰ ਵੀ ਕੋਈ ਦਾਨੀ ਸੱਜਣ ਇਨ੍ਹਾਂ ਗਰੀਬਾਂ ਦੀ ਮਦਦ ਕਰਨਾ ਚਾਹੁੰਦਾ ਹੈ ਤਾਂ ਉਹ ਮਦਦ ਜ਼ਰੂਰ ਕਰੇ। ਇਸ ਮੌਕੇ ਸਾਬਕਾ ਸਰਪੰਚ ਨਿਰਮਲ, ਮੈਂਬਰ ਗੁਰਦੀਪ ਸਿੰਘ, ਸਾਬਕਾ ਮੈਂਬਰ ਜੀਤਾ ਸਿੰਘ ਤੇ ਮੇਜਰ ਸਿੰਘ ਆਦਿ ਨੇ ਉਨ੍ਹਾਂ ਦਾ ਬਹੁਤ ਬਹੁਤ ਧੰਨਵਾਦ ਕੀਤਾ, ਜਿਨ੍ਹਾਂ ਕਿ ਇਸ ਦੁੱਖ ਦੀ ਘੜੀ ਵਿੱਚ ਇਨ੍ਹਾਂ ਗਰੀਬ ਪਰਵਾਰਾਂ ਦੀ ਮਦਦ ਕੀਤੀ ਹੈ।

## ਬੀ ਕੇ ਯੂ ਏਕਤਾ ਉਗਰਾਹਾਂ ਦੀ ਟੀਮ ਵੱਲੋਂ ਹੜ੍ਹ ਪ੍ਰਭਾਵਤ ਪਿੰਡਾਂ ਦਾ ਦੌਰਾ



**ਦੋਰਾਹਾ (ਹਰਮਿੰਦਰ ਸੇਠ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਲੁਧਿਆਣਾ ਦੀ ਟੀਮ ਸੁਦਾਗਰ ਸਿੰਘ ਘੁਡਾਣੀ, ਰਾਜਿੰਦਰ ਸਿੰਘ ਸਿਆੜ, ਮਨੋਹਰ ਸਿੰਘ ਕਲਾੜ, ਚਰਨਜੀਤ ਸਿੰਘ ਫਲੇਵਾਲ ਤੇ ਹਰਜੀਤ ਸਿੰਘ ਘਲੋਟੀ ਦੀ ਅਗਵਾਈ ਹੇਠ ਹੜ੍ਹ ਪ੍ਰਭਾਵਿਤ ਪਿੰਡ ਜੋ ਦਰਿਆ ਦੇ ਨਾਲ ਲੱਗਦੇ ਹਨ ਦੇ ਪਿੰਡ ਬਹਾਦਰ ਕੇ, ਬਾਗੀਆਂ, ਸ਼ੇਰੇਵਾਲ ਤੇ ਮਦੇਪੁਰਾ ਦਾ ਦੌਰਾ ਕੀਤਾ ਗਿਆ ਤੇ ਪੀੜਤ ਪਰਵਾਰਾਂ ਨੂੰ ਮਿਲੇ ਤੇ ਤਕਰੀਬਨ 1100 ਏਕੜ ਫਸਲ ਪਾਣੀ ਨਾਲ ਤਬਾਹ ਹੋ ਗਈ, ਪੀੜਤ ਪਰਵਾਰਾਂ ਲਈ ਪਹਿਲਾਂ ਇਨ੍ਹਾਂ ਪਿੰਡਾਂ ਨੂੰ ਰਾਸ਼ਨ ਤੇ ਹਰੇ ਚਾਰੇ ਦਾ ਪ੍ਰਬੰਧ ਕੀਤਾ ਤੇ ਪ੍ਰਭਾਵਿਤ ਪਿੰਡਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਨੂੰ ਪੱਧਰ ਕਰਨ ਤੇ ਠੀਕ ਕਰਨ ਤੱਕ ਯੋਗਦਾਨ ਦੇਣਗੇ। ਆਗੂਆਂ ਨੇ ਕਿਹਾ ਕਿ ਸਰਕਾਰ 70 ਹਜ਼ਾਰ ਰੁਪਏ ਪ੍ਰਤੀ ਏਕੜ ਕਿਸਾਨਾਂ ਨੂੰ ਮੁਆਵਜ਼ਾ ਦੇਵੇ, ਪੀੜਤ ਪਰਵਾਰਾਂ ਦਾ ਕਰਜ਼ਾ ਮੁਆਫ ਕੀਤਾ ਜਾਏ, ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਸਾਰੇ ਪ੍ਰਭਾਵਿਤ ਜ਼ਿਲ੍ਹਿਆਂ 'ਚ ਕਣਕ ਬੀਜਣ ਤੱਕ ਕਿਸਾਨਾਂ ਦੀ ਹਰ ਸੰਭਵ ਕੋਸ਼ਿਸ਼ ਕਰਕੇ ਯੋਗਦਾਨ ਕੀਤਾ ਜਾਏਗਾ। ਇਨ੍ਹਾਂ ਨਾਲ ਯੁਵਰਾਜ ਸਿੰਘ ਘੁਡਾਣੀ, ਜਸਵੰਤ ਸਿੰਘ ਭੱਟੀਆ, ਅਮਰੀਕ ਸਿੰਘ ਭੂੰਦੜੀ, ਤੀਰਥ ਸਿੰਘ ਤਲਵੰਡੀ, ਮਨਜੀਤ ਸਿੰਘ ਸੇਖੋਂ, ਮਨਪ੍ਰੀਤ ਸਿੰਘ ਸਤਪਾਲ ਸਿੰਘ ਲਾਡੀ, ਟੋਨੀ ਉਪਲ ਤੇ ਹੋਰ ਕਿਸਾਨ ਸ਼ਾਮਲ ਸਨ।

# ਪ੍ਰੈੱਸ ਕਲੱਬ ਤੇ ਚਾਲੀ ਮੁਕਤੇ ਵੈੱਲਫੇਅਰ ਸੁਸਾਇਟੀ ਵੱਲੋਂ ਮੈਨੇਜਰ ਸਨਮਾਨਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਦੇ ਨਵ ਨਿਯੁਕਤ ਮੈਨੇਜਰ ਸ੍ਰ. ਨਿਰਮਲਜੀਤ ਸਿੰਘ ਨੂੰ ਪ੍ਰੈੱਸ ਕਲੱਬ ਸ੍ਰੀ ਮੁਕਤਸਰ ਸਾਹਿਬ ਤੇ ਚਾਲੀ ਮੁਕਤੇ ਵੈੱਲਫੇਅਰ ਸੁਸਾਇਟੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਸਾਂਝੇ ਤੌਰ 'ਤੇ ਸ੍ਰੀ ਦਰਬਾਰ ਦੀ ਤਸਵੀਰ ਤੇ ਸਿਰੋਪਾਓ ਭੇਂਟ ਕਰਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਪ੍ਰੈੱਸ ਕਲੱਬ ਦੇ ਪ੍ਰਧਾਨ ਸ੍ਰੀ ਦੀਪਕ ਪਾਲ ਸ਼ਰਮਾ, ਚਾਲੀ ਮੁਕਤੇ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਸ੍ਰੀ ਐੱਚ ਐੱਸ ਕਪੂਰ (ਪੱਤਰਕਾਰ), ਸ੍ਰੀ ਪਵਨ ਤਨੇਜਾ ਚੇਅਰਮੈਨ, ਸ਼ਮਿੰਦਰ ਪਾਲ (ਪੱਤਰਕਾਰ), ਪ੍ਰਿੰਸ ਖੇੜਾ, ਸਾਰੇ ਪੱਤਰਕਾਰ, ਸੋਸਾਇਟੀ ਵੱਲੋਂ ਸ੍ਰੀ ਗੌਰਵ ਛਾਬੜਾ, ਸੁਨੀਲ ਚਾਵਲਾ, ਇਕਬਾਲ ਸਿੰਘ ਕਮਰਾ, ਬਲਜੀਤ ਸਿੰਘ ਬੁੱਧ, ਪਿੰਟੂ ਵਰਮਾ, ਸਿਮਰਪ੍ਰੀਤ ਸਿੰਘ ਕਪੂਰ ਐਡਵੋਕੇਟ, ਸ੍ਰੀ ਦਰਬਾਰ ਸਾਹਿਬ ਸਟਾਫ਼ ਵੱਲੋਂ ਸੁਖਦੇਵ ਸਿੰਘ ਮੀਤ ਮੈਨੇਜਰ, ਕੁਲਵੰਤ ਸਿੰਘ ਮੀਤ ਮੈਨੇਜਰ, ਬਗ਼ੀਚਾ ਸਿੰਘ ਇੰਚਾਰਜ ਰਾਗੀਆਂ, ਚਾਨਣ ਸਿੰਘ ਮੰਮੂ ਖੇੜਾ, ਮਲਕੀਤ ਸਿੰਘ ਤਰਮਾਲਾ, ਗੁਰਜੀਤ ਸਿੰਘ ਵੱਟੂ, ਮਨਦੀਪ ਸਿੰਘ ਸਟੋਰ ਕੀਪਰ, ਲਵਪ੍ਰੀਤ ਸਿੰਘ, ਗੁਰਮੀਤ ਸਿੰਘ ਖਜ਼ਾਨਚੀ, ਮਨਜੀਤ ਸਿੰਘ ਸਹਾਇਕ ਖਜ਼ਾਨਚੀ, ਅੰਮ੍ਰਿਤਪਾਲ ਸਿੰਘ ਰਾਣੀ ਵਾਲਾ, ਕੁਲਵਿੰਦਰ ਸਿੰਘ, ਸੁਖਰਾਜ ਸਿੰਘ ਦੋਦਾ ਸੁਪਰਵਾਈਜ਼ਰ, ਮਨਦੀਪ ਸਿੰਘ ਵਾਦੀਆਂ ਤੋਂ ਇਲਾਵਾ ਸਟਾਫ ਦੇ ਹੋਰ ਬਹੁਤ ਸਾਰੇ ਮੈਂਬਰ ਮੌਜੂਦ ਸਨ।ਇਸ ਮੌਕੇ ਮੈਨੇਜਰ ਸਾਹਿਬ ਨੇ ਦੋਨਾਂ ਹੀ ਸੰਸਥਾਵਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਦਾ ਪਹਿਲਾਂ ਦੀ ਤਰ੍ਹਾਂ ਹੀ ਪੂਰਾ ਮਾਣ ਸਤਿਕਾਰ ਕੀਤਾ ਜਾਵੇਗਾ ਅਤੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਾਂ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਸਹਿਯੋਗ ਦੀ ਮੰਗ ਕੀਤੀ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਹੜ੍ਹ ਪੀੜਤਾਂ ਨੂੰ ਸਮੱਗਰੀ ਵੰਡੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਤੇ ਸਲੱਮ ਇਲਾਕਿਆਂ ਦੇ ਵਿੱਚ ਜਿੱਥੇ ਤੇਜ਼ ਬਾਰਸ਼ ਕਾਰਨ ਕਈ ਗਰੀਬ ਲੋਕਾਂ ਤੇ ਝੁੱਗੀ ਝੌਂਪੜੀ ਦੇ ਘਰਾਂ ਵਿੱਚ ਪਾਣੀ ਜ਼ਿਆਦਾ ਆਉਣ ਕਾਰਨ ਛੱਤਾਂ ਢਹਿ ਗਈਆਂ ਹਨ, ਉੱਥੇ ਰਾਹਤ ਸਮੱਗਰੀ ਦੀ ਵੰਡ ਕੀਤੀ ਗਈ।ਇਸ ਰਾਹਤ ਸਮੱਗਰੀ 'ਚ ਰਾਸ਼ਨ, ਤਿਰਪਾਲਾਂ ਤੇ ਮੱਛਰਦਾਨੀਆਂ ਆਦਿ ਸ਼ਾਮਲ ਸਨ। ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਅੰਸੁਲ ਬੈਰੀ ਤੇ ਸੀ.ਜੇ.ਐੱਮ. ਹਰੀਸ਼ ਕੁਮਾਰ ਨੇ ਕਿਹਾ ਕਿ ਇਸ ਤਰ੍ਹਾਂ ਦੇ ਰਾਹਤ ਕਾਰਜਾਂ ਨਾਲ ਨਾ ਸਿਰਫ਼ ਪੀੜਤ ਪਰਵਾਰਾਂ ਨੂੰ ਤੁਰੰਤ ਸਹਾਇਤਾ ਮਿਲਦੀ ਹੈ, ਸਗੋਂ ਉਨ੍ਹਾਂ ਵਿੱਚ ਆਪਣੇ ਅਧਿਕਾਰਾਂ ਬਾਰੇ ਵੀ ਜਾਗਰੂਕਤਾ ਆਉਂਦੀ ਹੈ।ਸੀ.ਜੇ.ਐੱਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਲਜਿੰਦਰ ਕੌਰ ਮਾਨ ਨੇ ਕਿਹਾ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਾ ਉਦੇਸ਼ ਨਾ ਸਿਰਫ਼ ਲੋਕਾਂ ਨੂੰ ਕਾਨੂੰਨੀ ਸਹਾਇਤਾ ਦੇਣਾ ਹੈ, ਸਗੋਂ ਸੰਕਟ ਦੇ ਸਮੇ ਉਨ੍ਹਾਂ ਦੀ ਤੁਰੰਤ ਸਹਾਇਤਾ ਕਰਨਾ ਵੀ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਮਾਨਯੋਗ ਜੱਜ ਸਾਹਿਬਾਨਾਂ, ਪੈਨਲ ਦੇ ਵਕੀਲ ਸਾਹਿਬਾਨਾਂ ਤੇ ਪੈਰਾ ਲੀਗਲ ਵਲੰਟੀਅਰਜ਼ ਦੀਆਂ ਟੀਮਾਂ ਬਣਾ ਦਿੱਤੀਆਂ ਗਈਆਂ ਹਨ, ਜੇਕਰ ਕਿਸੇ ਵਿਅਕਤੀ ਨੂੰ ਕਿਸੇ ਕਿਸਮ ਦੀ ਕੋਈ ਸਹਾਇਤਾ ਦੀ ਜ਼ਰੂਰਤ ਹੈ ਤਾਂ ਜ਼ਿਲ੍ਹੇ ਦੀਆਂ ਕੋਰਟਾਂ ਦੇ ਵਿੱਚ ਬਣੇ ਫਰੰਟ ਆਫਿਸ ਵਿੱਚ ਦਰਖਾਸਤ ਦੇ ਸਕਦੇ ਹਨ।ਇਸ ਮੌਕੇ ਸੰਜੀਵ ਕੁਮਾਰ, ਕੁਲਦੀਪ ਕੌਰ ਤੇ ਪਿੰਕੀ ਪੀ.ਐੱਲ.ਵੀ. ਆਦਿ ਹਾਜ਼ਰ ਸਨ।

## ਹਰਸਿਮਰਤ ਨੇ ਪਾਣੀ ਦੀ ਨਿਕਾਸੀ ਲਈ ਪੰਪ ਤੇ ਡੀਜ਼ਲ ਭੇਜਿਆ



**ਬਰੇਟਾ (ਰੀਤਵਾਲ)**-ਲੋਕ ਸਭਾ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਵੱਲੋਂ ਪਿੰਡ ਧਰਮਪੁਰਾ ਦੀ ਬਾਰਿਸ਼ ਦੀ ਮਾਰ ਹੇਠ ਆਈ ਫਸਲ ਤੇ ਹੋਰ ਨੀਵੀਆਂ ਥਾਵਾਂ ਵਿੱਚੋਂ ਪਾਣੀ ਦੀ ਨਿਕਾਸੀ ਲਈ ਇੱਕ ਪੰਪ ਤੇ 400 ਲੀਟਰ ਡੀਜ਼ਲ ਭੇਜਿਆ ਗਿਆ। ਜਾਣਕਾਰੀ ਦਿੰਦਿਆਂ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਗਿਆਨ ਸਿੰਘ ਧਰਮਪੁਰਾ ਨੇ ਦੱਸਿਆ ਕਿ ਬੀਬਾ ਬਾਦਲ ਦੇ ਇਸ ਉਪਰਾਲੇ ਨਾਲ ਪਿੰਡ ਵਾਸੀਆਂ ਨੂੰ ਵੱਡਾ ਫਾਇਦਾ ਹੋਵੇਗਾ। ਉਨ੍ਹਾ ਦੱਸਿਆ ਕਿ ਨੀਵੀਆਂ ਜ਼ਮੀਨਾਂ ਵਿੱਚੋਂ ਪਾਣੀ ਕੱਢਿਆ ਜਾਵੇਗਾ ਤੇ ਪਿੰਡ ਦਾ ਵਾਟਰ ਵਰਕਸ, ਜੋ ਕਿ ਨੀਵਾਂ ਹੈ, ਵਿੱਚੋਂ ਪਾਣੀ ਕੱਢਣ ਲਈ ਵੀ ਇਹ ਪੰਪ ਸਹਾਈ ਹੋਵੇਗਾ। ਉਨ੍ਹਾ ਕਿਹਾ ਕਿ ਬੀਬਾ ਬਾਦਲ ਵੱਲੋਂ ਹੋਰ ਵੀ ਸਾਮਾਨ ਦੇਣ ਦਾ ਵਿਸ਼ਵਾਸ ਦਿਵਾਇਆ ਗਿਆ ਹੈ। ਇਸ ਮੌਕੇ ਸਰਪੰਚ ਸੁਖਜਿੰਦਰ ਸਿੰਘ, ਅਮਰੀਕ ਸਿੰਘ, ਮੱਘਰ ਸਿੰਘ, ਕਰਨੈਲ ਸਿੰਘ, ਸੋਨੀ ਸ਼ਰਮਾ, ਪੰਚ ਸੁਖਪਾਲ ਸਿੰਘ, ਰੁਲਦੂ ਸਿੰਘ, ਮਲਕੀਤ ਸਿੰਘ ਆਦਿ ਮੌਜੂਦ ਸਨ।

## ...ਸ.ਫਾ 1 ਦੇ ਬਾਕੀ

### ਜਾਖੜ ਫੰਡਾਂ ਬਾਰੇ ...

2010, 2011, 2012 ਅਤੇ ਇਸੇ ਤਰ੍ਹਾਂ 2025 ਤੱਕ ਦਾ ਸਾਲ-ਦਰ-ਸਾਲ ਦਾ ਵੀ ਲੇਖਾ-ਜੋਖਾ ਪੇਸ਼ ਕਰੋ। ਜੇ ਤੁਸੀਂ ਇਹ ਡਾਟਾ ਨਹੀਂ ਦੇ ਸਕਦੇ, ਤਾਂ ਫਿਰ ਘੱਟੋ-ਘੱਟ ਪੰਜਾਬ ਨੂੰ ਗੁੰਮਰਾਹ ਕਰਨਾ ਬੰਦ ਕਰੋ।ਉਹਨਾ ਜਾਖੜ ਨੂੰ ਯਾਦ ਦਿਵਾਉਂਦਿਆਂ ਕਿਹਾ ਕਿ ਜਿਸ ਭਾਜਪਾ ਦੇ ਤੁਸੀਂ ਅੱਜ ਪ੍ਰਧਾਨ ਹੋ, ਉਸ ਦੀ 2007 ਤੋਂ 2017 ਤੱਕ ਪੰਜਾਬ ਵਿੱਚ ਅਕਾਲੀ ਦਲ ਨਾਲ ਗਠਜੋੜ ਦੀ ਸਰਕਾਰ ਸੀ। ਇਸ ਤੋਂ ਬਾਅਦ 2017 ਤੋਂ 2022 ਤੱਕ ਕਾਂਗਰਸ ਦੀ ਸਰਕਾਰ ਰਹੀ, ਜਿਸ ਦੇ ਉਹ ਖੁਦ ਪ੍ਰਧਾਨ ਸਨ। ਇਸ ਲਈ ਐੱਸ ਡੀ ਆਰ ਐੱਫ ਦੇ ਸਾਰੇ ਅੰਕੜੇ ਤੁਹਾਡੇ ਕੋਲ ਮੌਜੂਦ ਹੋਣੇ ਚਾਹੀਦੇ ਹਨ। ਉਹਨਾ ਕਿਹਾ ਕਿ ਇਕ ਪਾਸੇ ਜਾਖੜ ਸਾਹਿਬ ਆਪਣੇ ਆਪ ਨੂੰ ਪੰਜਾਬ ਦਾ ਮਸੀਹਾ ਅਤੇ ਕਿਸਾਨ ਦਾ ਪੁੱਤ ਕਹਾਉਂਦੇ ਹਨ, ਪਰ ਜਦੋਂ ਹੜ੍ਹਾਂ ਕਾਰਨ ਪੰਜਾਬ ਵਿੱਚ ਹਜ਼ਾਰਾਂ ਕਰੋੜਾਂ ਦਾ ਨੁਕਸਾਨ ਹੋਇਆ, ਲੱਖਾਂ ਪਸ਼ੂ ਮਾਰੇ ਗਏ ਅਤੇ ਲੱਖਾਂ ਏਕੜ ਫਸਲ ਬਰਬਾਦ ਹੋ ਗਈ ਅਤੇ ਪ੍ਰਧਾਨ ਮੰਤਰੀ ਨੇ ਪੰਜਾਬ ਆ ਕੇ ਸਿਰਫ਼ 1600 ਕਰੋੜ ਰੁਪਏ ਦੇ ਨਿਗੂਣੇ ਰਾਹਤ ਪੈਕੇਜ ਦਾ ਐਲਾਨ ਕੀਤਾ, ਉਦੋਂ ਜਾਖੜ ਸਾਹਿਬ ਨੇ ਦੱਬੀ ਜ਼ਬਾਨ ਵਿੱਚ ਵੀ ਇਸ ਦਾ ਵਿਰੋਧ ਕਿਉਂ ਨਹੀਂ ਕੀਤਾ। ਉਸ ਵੇਲੇ ਉਨ੍ਹਾ ਪ੍ਰਧਾਨ ਮੰਤਰੀ ਨੂੰ ਕਿਉਂ ਨਹੀਂ ਕਿਹਾ ਕਿ ਇਹ ਪੈਕੇਜ ਪੰਜਾਬ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੇ ਬਰਾਬਰ ਹੈ।

### ਹਿੰਸਾ ਤੋਂ ਦੋ ਸਾਲ...

ਦਿੱਤੀ। ਇਹ ਰੇਲਵੇ ਲਾਈਨ ਆਈਜ਼ੋਲ ਨੂੰ ਦਿੱਲੀ ਨਾਲ ਜੋੜੇਗੀ। 8,070 ਕਰੋੜ ਰੁਪਏ ਦੀ ਬੈਰਾਬੀ-ਸਾਈਰੰਗ ਰੇਲਵੇ ਲਾਈਨ, ਜਿਸ ਨੂੰ ਭਾਰਤੀ ਰੇਲਵੇ ਦੇ ਇਤਿਹਾਸ ਵਿੱਚ ਸਭ ਤੋਂ ਚੁਣੌਤੀਪੂਰਨ ਪ੍ਰੋਜੈਕਟਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਨੂੰ 2008-09 ਵਿੱਚ ਮਨਜ਼ੂਰੀ ਦਿੱਤੀ ਗਈ ਸੀ। ਇਸ ਦਾ ਨਿਰਮਾਣ 2015 ਵਿੱਚ ਸ਼ੁਰੂ ਹੋਇਆ ਸੀ। ਇਸ ਲਾਈਨ ਵਿੱਚ 45 ਸੁਰੰਗਾਂ, 55 ਵੱਡੇ ਪੁਲ ਅਤੇ 87 ਛੋਟੇ ਪੁਲ ਸ਼ਾਮਲ ਹਨ। ਉੱਤਰ-ਪੂਰਬੀ ਫਰੰਟੀਅਰ ਰੇਲਵੇ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਸਾਈਰੰਗ ਨੇੜੇ ਬਣਿਆ ਪੁਲ ਨੰਬਰ 144, 114 ਮੀਟਰ ਦੀ ਉਚਾਈ ਨਾਲ ਕੁਤਬ ਮੀਨਾਰ ਨਾਲੋਂ ਵੀ ਉੱਚਾ ਹੈ। ਇਹ ਦੇਸ਼ ਦਾ ਸਭ ਤੋਂ ਉੱਚਾ ਪੀਅਰ ਰੇਲਵੇ ਪੁਲ ਹੈ। ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਕਿ ਇਸ ਨਾਲ ਭੋਜਨ, ਖਾਦਾਂ ਅਤੇ ਹੋਰ ਜ਼ਰੂਰੀ ਵਸਤੂਆਂ ਦੀ ਸਮੇਂ ਸਿਰ ਅਤੇ ਭਰੋਸੇਯੋਗ ਸਪਲਾਈ ਯਕੀਨੀ ਹੋਵੇਗੀ, ਜਿਸ ਨਾਲ ਸਮੁੱਚੀ ਲੌਜਿਸਟਿਕ ਕੁਸ਼ਲਤਾ ਅਤੇ ਖੇਤਰੀ ਪਹੁੰਚ ਵਿੱਚ ਵਾਧਾ ਹੋਵੇਗਾ। ਉਨ੍ਹਾ ਕਈ ਪ੍ਰੋਜੈਕਟਾਂ ਦਾ ਨੀਂਹ ਪੱਥਰ ਵੀ ਰੱਖਿਆ, ਜੋ ਰੇਲਵੇ, ਸੜਕਾਂ, ਊਰਜਾ, ਖੇਡਾਂ, ਸਮੇਤ ਵੱਖ-ਵੱਖ ਖੇਤਰਾਂ ਨਾਲ ਸੰਬੰਧਤ ਹਨ। ਪ੍ਰਧਾਨ ਮੰਤਰੀ ਨੇ ਲਾਵੰਗਤਲਾਈ ਸਿਆਹਾ ਸੜਕ 'ਤੇ ਛਿਮਤੁਈਪੁਈ ਪੁਲ, ਖੇਡਾਂ ਦੇ ਵਿਕਾਸ ਲਈ ਖੇਲੋ ਇੰਡੀਆ ਬਹੁ-ਉਦੇਸ਼ੀ ਇਨਡੋਰ ਹਾਲ ਅਤੇ ਆਈਜ਼ੋਲ ਦੇ ਮੁਆਲਖੰਗ ਵਿੱਚ ਇੱਕ ਐੱਲ ਪੀ ਜੀ ਬਾਟਲਿੰਗ ਪਲਾਂਟ ਦਾ ਨੀਂਹ ਪੱਥਰ ਵੀ ਰੱਖਿਆ।

### ਚੋਣ ਕਮਿਸ਼ਨ ਸੁਪਰੀਮ...

ਕਿ ਸਿਰਫ਼ ਭਾਰਤੀ ਨਾਗਰਿਕ ਹੀ ਦੇਸ਼ ਦੀ ਰਾਜਨੀਤੀ ਅਤੇ ਨੀਤੀ ਬਾਰੇ ਫੈਸਲਾ ਕਰਨ। ਚੋਣ ਕਮਿਸ਼ਨ ਨੇ ਕਿਹਾ ਕਿ ਉਹ ਵੋਟਰ ਸੂਚੀਆਂ ਵਿਚ ਪਾਰਦਰਸ਼ਤਾ, ਪਵਿੱਤਰਤਾ ਤੇ ਅਖੰਡਤਾ ਬਾਰੇ ਪੂਰੀ ਤਰ੍ਹਾਂ ਸੁਚੇਤ ਹੈ। ਇਸ ਕਰ ਕੇ ਕਮਿਸ਼ਨ ਨੇ ਇਸ ਸਾਲ 24 ਜੂਨ ਨੂੰ ਕਈ ਸੂਬਿਆਂ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਮੁੜ ਸੁਧਾਈ ਕਰਨ ਦਾ ਫੈਸਲਾ ਲਿਆ ਸੀ। ਇਸੇ ਤਹਿਤ ਚੋਣ ਕਮਿਸ਼ਨ ਨੇ 5 ਜੁਲਾਈ ਨੂੰ ਬਿਹਾਰ ਨੂੰ ਛੱਡ ਕੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਚੋਣ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਵੋਟਰ ਸੂਚੀਆਂ ਦੀ ਵਿਸ਼ੇਸ਼ ਮੁੜ ਸੁਧਾਈ ਲਈ ਗਤੀਵਿਧੀਆਂ ਸ਼ੁਰੂ ਕਰਨ ਲਈ ਕਿਹਾ ਸੀ। ਚੋਣ ਕਮਿਸ਼ਨ ਦੇ ਹਲਫ਼ਨਾਮੇ ਵਿੱਚ ਕਿਹਾ ਗਿਆ ਹੈ ਕਿ ਚੋਣ ਕਮਿਸ਼ਨ ਕੋਲ ਵੋਟਰ ਸੂਚੀਆਂ ਦੀ ਤਿਆਰੀ ਅਤੇ ਸੁਧਾਈ ਦੀ ਨਿਗਰਾਨੀ ਕਰਨ ਲਈ ਸੰਵਿਧਾਨਕ ਅਤੇ ਕਾਨੂੰਨੀ ਸ਼ਕਤੀਆਂ ਹਨ। ਦੇਸ਼ ਭਰ ਵਿੱਚ ਨਿਯਮਤ ਵਕਫੇ 'ਤੇ ਵਿਸ਼ੇਸ਼ ਮੁੜ ਸੁਧਾਈ ਕਰਵਾਉਣ ਦਾ ਕੋਈ ਵੀ ਨਿਰਦੇਸ਼ ਉਨ੍ਹਾਂ ਦੇ ਵਿਸ਼ੇਸ਼ ਅਧਿਕਾਰ ਖੇਤਰ ਵਿਚ ਦਖਲਅੰਦਾਜ਼ੀ ਹੋਵੇਗੀ। ਸੁਪਰੀਮ ਕੋਰਟ ਨੇ 8 ਸਤੰਬਰ ਨੂੰ ਨਿਰਦੇਸ਼ ਦਿੱਤਾ ਸੀ ਕਿ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਆਪਕ ਸੁਧਾਈ ਵਿੱਚ ਵੋਟਰਾਂ ਦੇ ਪਛਾਣ ਦੇ ਸਬੂਤ ਵਜੋਂ ਆਧਾਰ ਕਾਰਡ ਨੂੰ ਲਾਜ਼ਮੀ ਤੌਰ 'ਤੇ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਅਤੇ ਅਦਾਲਤ ਨੇ ਚੋਣ ਕਮਿਸ਼ਨ ਨੂੰ 9 ਸਤੰਬਰ ਤੱਕ ਇਸ ਨਿਰਦੇਸ਼ ਨੂੰ ਲਾਗੂ ਕਰਨ ਲਈ ਕਿਹਾ ਸੀ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਹੜ੍ਹ ਪੀੜਤਾਂ ਲਈ 51 ਹਜ਼ਾਰ ਰੁਪਏ ਦਾ ਯੋਗਦਾਨ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਫ਼ਰੀਦਕੋਟ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਇੱਕ ਮਨੁੱਖਤਾ ਭਰਿਆ ਯਤਨ ਕਰਦਿਆਂ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੂੰ 51 ਹਜ਼ਾਰ ਰੁਪਏ ਦਾ ਚੈੱਕ ਮੁੱਖ ਮੰਤਰੀ ਰਾਹਤ ਫੰਡ ਲਈ ਸੌਂਪਿਆ ਗਿਆ।ਇਸ ਮੌਕੇ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਕਿਹਾ ਕਿ ਕੁਦਰਤੀ ਆਫ਼ਤ ਦੇ ਸਮੇਂ ਪੀੜਤ ਪਰਿਵਾਰਾਂ ਦੀ ਸਹਾਇਤਾ ਕਰਨਾ ਸਾਡੇ ਸਮਾਜਿਕ ਫਰਜ਼ਾਂ ਵਿੱਚ ਸ਼ਾਮਲ ਹੈ।ਉਨ੍ਹਾਂ ਦੱਸਿਆ ਕਿ ਐਸੋਸੀਏਸ਼ਨ ਵੱਲੋਂ ਅੱਗੇ ਵੀ ਹਰ ਸੰਭਵ ਯੋਗਦਾਨ ਜਾਰੀ ਰੱਖਿਆ ਜਾਵੇਗਾ।ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਜ਼ਿਲ੍ਹਾ ਫ਼ਰੀਦਕੋਟ ਦੇ ਇਸ ਉਪਰਾਲੇ ਦੀ ਪ੍ਰਸੰਸਾ ਕੀਤੀ।ਇਸ ਮੌਕੇ ਡਾ. ਅਮ੍ਰਿਤਵੀਰ ਸਿੰਘ ਸਿੱਧੂ ਜ਼ਿਲ੍ਹਾ ਪ੍ਰਧਾਨ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ, ਜ਼ਿਲ੍ਹਾ ਖਜ਼ਾਨਚੀ ਡਾ. ਜਗਸੀਰ ਸਿੰਘ, ਜਨਰਲ ਸਕੱਤਰ ਸਰਾਜ ਖਾਨ, ਜਸਵਿੰਦਰ ਸਿੰਘ ਖੀਵਾ ਸੀਨੀਅਰ ਮੀਤ ਪ੍ਰਧਾਨ ਸਟੇਟ ਪੰਜਾਬ, ਵੈਦ ਬਗੀਚਾ ਸਿੰਘ, ਡਾ. ਸ਼ਾਮ ਸਿੰਘ, ਡਾ. ਹਰਪਾਲ ਸਿੰਘ, ਡਾ. ਰਣਜੀਤ ਸਿੰਘ, ਡਾ. ਸੁਖਮੰਦਰ ਸਿੰਘ ਸੰਘਾ, ਡਾ. ਸੁਖਜਿੰਦਰ ਸਿੰਘ, ਡਾ. ਬਲਦੇਵ ਸਿੰਘ, ਡਾ. ਅਮਰਜੀਤ ਸਿੰਘ ਲੰਭਵਾਲੀ ਹਾਜ਼ਰ ਸਨ।

## ਸਬ-ਇੰਸਪੈਕਟਰ ਸਰਬਜੀਤ ਸਿੰਘ ਨੇ ਥਾਣਾ ਮੁਖੀ ਵਜੋਂ ਚਾਰਜ ਸੰਭਾਲਿਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ, ਬਲਵਿੰਦਰ ਵਜੀਦਕੇ)**-ਸੀ.ਆਈ.ਏ. ਸੰਗਰੂਰ ਤੋਂ ਬਦਲ ਕੇ ਆਏ ਸਬ-ਇੰਸਪੈਕਟਰ ਸਰਬਜੀਤ ਸਿੰਘ ਨੇ ਪੁਲਸ ਥਾਣਾ ਮਹਿਲ ਕਲਾ ਦੇ ਮੁੱਖ ਅਫ਼ਸਰ ਵਜੋਂ ਚਾਰਜ ਸੰਭਾਲ ਲਿਆ ਹੈ।ਇਸ ਮੌਕੇ ਗੱਲਬਾਤ ਕਰਦਿਆਂ ਐੱਸ.ਐੱਚ.ਓ. ਸਰਬਜੀਤ ਸਿੰਘ ਕਿਹਾ ਕਿ ਮਹਿਲ ਕਲਾਂ ਥਾਣੇ ਦੇ ਅਧੀਨ ਆਉਂਦੇ ਪਿੰਡਾਂ 'ਚ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਦੇ ਨਾਲ ਨਾਲ ਲੋਕਾਂ ਦੇ ਮਨ ਵਿਚ ਪੁਲਸ ਪ੍ਰਤੀ ਭਰੋਸਾ ਵਧਾਉਣ ਲਈ ਇਮਾਨਦਾਰੀ ਨਾਲ ਕੰਮ ਕੀਤਾ ਜਾਵੇਗਾ।ਇਸ ਤੋਂ ਇਲਾਵਾ ਨਸ਼ਾ ਤਸਕਰਾਂ, ਟਰੈਕਟਰਾਂ 'ਤੇ ਬੂਫ਼ਰ ਲਗਾਉਣ ਵਾਲਿਆਂ, ਬੁਲੇਟ ਦੇ ਪਟਾਕੇ ਤੇ ਹੋਰ ਕਿਸੇ ਵੀ ਤਰੀਕੇ ਨਾਲ ਮਹੌਲ ਨੂੰ ਵਗਾੜਨ ਦੀ ਕੋਸ਼ਿਸ਼ ਕਰਨ ਵਾਲੇ ਅਨਸਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ।ਉਨ੍ਹਾਂ ਸਮੂਹ ਗ੍ਰਾਮ ਪੰਚਾਇਤਾਂ, ਸਮਾਜਿਕ ਸੰਸਥਾਵਾਂ, ਜਥੇਬੰਦੀਆਂ, ਯੂਥ ਕਲੱਬਾਂ ਤੇ ਮੀਡੀਆ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ।ਇਸ ਸਮੇਂ ਏ.ਐੱਸ.ਆਈ. ਗੁਰਮੇਲ ਸਿੰਘ, ਏ.ਐੱਸ.ਆਈ. ਕਰਮਜੀਤ ਸਿੰਘ, ਮੁਣਸ਼ੀ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਕੈਡੇਟ ਸਵਸਤਿਕ ਸ਼ਰਮਾ ਨੇ ਪ੍ਰਤਾਪ ਵਰਲਡ ਸਕੂਲ ਦਾ ਨਾਂਅ ਰੁਸ਼ਨਾਇਆ



**ਪਠਾਨਕੋਟ (ਦਵਿੰਦਰ ਸਿੰਘ)-** ਪ੍ਰਤਾਪ ਵਰਲਡ ਸਕੂਲ ਪਠਾਨਕੋਟ ਦੇ ਕੈਡੇਟ ਸਵਸਤਿਕ ਸ਼ਰਮਾ ਨੇ ਵਿਲੱਖਣ ਹੁਨਰ ਅਤੇ ਅਟੁੱਟ ਸੰਕਲਪ ਦਾ ਪ੍ਰਦਰਸ਼ਨ ਕਰਦਿਆਂ 23 ਸਕਿੰਟ ਦੇ ਰਿਕਾਰਡ ਸਮੇਂ ਨੂੰ ਕਾਇਮ ਰੱਖਿਆ। NCC ਨਿਰਦੇਸ਼ਾਲਾ ਟੀਮ (ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ) ਨੇ ਰਾਸ਼ਟਰੀ ਪੱਧਰ ਤੇ ਕੁੱਲ ਰੈਂਕਿੰਗ ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਟੀਮ ਨੇ ਮੈਪ ਰੀਡਿੰਗ, ਸਿਹਤ ਅਤੇ ਸਫਾਈ, ਅਵਰੋਧ ਪ੍ਰਸ਼ਿਕਸ਼ਣ, ਲਾਈਨ ਏਰੀਆ ਅਤੇ ਟੈਂਟ ਲਗਾਉਣ ਵਰਗੇ ਵੱਖ-ਵੱਖ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਸ ਮੌਕੇ ਪ੍ਰਤਾਪ ਵਰਲਡ ਸਕੂਲ ਦੇ ਡਾਇਰੈਕਟਰ ਸੰਨੀ ਮਹਾਜਨ ਨੇ ਕਿਹਾ ਕਿ ਸਵਸਤਿਕ ਦਾ ਆਲ ਇੰਡੀਆ ਥਲ ਸੈਨਿਕ ਕੈਂਪ ਵਿੱਚ ਪ੍ਰਦਰਸ਼ਨ ਇਸ ਗੱਲ ਦੀ ਚਮਕਦੀ ਹੋਈ ਮਿਸਾਲ ਹੈ ਕਿ ਕਠਿਨ ਮਿਹਨਤ ਅਤੇ ਅਨੁਸ਼ਾਸਨ ਨਾਲ ਹੀ ਸਫਲਤਾ ਮਿਲਦੀ ਹੈ।ਉਸ ਦੀ ਇਸ ਉਪਲਬਧੀ ਨੇ ਸਕੂਲ ਅਤੇ ਪੂਰੇ ਖੇਤਰ ਦਾ ਮਾਣ ਵਧਾਇਆ ਹੈ।ਪ੍ਰਿੰਸੀਪਲ ਸੁਭਰਾ ਰਾਣੀ ਨੇ ਕਿਹਾ ਕਿ ਸਵਸਤਿਕ ਨੇ ਆਪਣੇ ਸਾਥੀਆਂ ਲਈ ਇੱਕ ਮਿਆਰ ਸੈੱਟ ਕੀਤਾ ਹੈ।ਉਸ ਦੀ ਲਗਾਤਾਰਤਾ ਅਤੇ ਦ੍ਰਿੜਤਾ ਹੋਰ ਵਿਦਿਆਰਥੀਆਂ ਨੂੰ ਵੱਡੇ ਸੁਪਨੇ ਦੇਖਣ ਅਤੇ ਆਪਣੀਆਂ ਹੱਦਾਂ ਤੋਂ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ।

# ਪੰਜਾਬ ਸਰਕਾਰ ਵੱਲੋਂ ਭੇਜੀ 4 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਰਮਨ ਬਹਿਲ ਨੇ ਪੀੜਤ ਪਰਿਵਾਰ ਨੂੰ ਸੌਂਪੀ

**ਗੁਰਦਾਸਪੁਰ (ਜਨਕ ਮਹਾਜਨ)-** ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲੋਕਾਂ ਦੀ ਜਾਨ ਬਚਾਉਣ ਦੇ ਉਪਰਾਲੇ ਕਰ ਰਹੇ ਪਿੰਡ ਤਲਵੰਡੀ ਵਿਰਕ ਦੇ ਨੌਜਵਾਨ ਜੂਲੀਅਸ ਮਸੀਹ ਜਿਸ ਦਾ ਸੱਪ ਦੇ ਡੰਗਣ ਕਾਰਨ ਦਿਹਾਂਤ ਹੋ ਗਿਆ ਸੀ, ਉਸ ਦੇ ਪਰਿਵਾਰ ਨੂੰ ਪੰਜਾਬ ਸਰਕਾਰ ਵੱਲੋਂ 4 ਲੱਖ ਰੁਪਏ ਦੀ ਮਾਲੀ ਸਹਾਇਤਾ ਦਿੱਤੀ ਗਈ ਹੈ। ਆਮ ਆਦਮੀ ਪਾਰਟੀ ਦੇ ਆਗੂ ਰਮਨ ਬਹਿਲ ਨੇ ਪੰਜਾਬ ਸਰਕਾਰ ਵਲੋਂ ਭੇਜਿਆ ਗਿਆ 4 ਲੱਖ ਰੁਪਏ ਦਾ ਚੈੱਕ ਪੀੜ੍ਹਤ ਪਰਿਵਾਰ ਦੇ ਮੈਂਬਰਾਂ ਨੂੰ ਸੌਂਪਿਆ। ਇਸ ਮੌਕੇ ਉਨ੍ਹਾਂ ਨਾਲ ਐੱਸਡੀਐੱਮ. ਗੁਰਦਾਸਪੁਰ ਸ. ਮਨਜੀਤ ਸਿੰਘ ਰਾਜਲਾ ਵੀ ਮੌਜੂਦ ਸਨ। ਪੀੜ੍ਹਤ ਪਰਿਵਾਰ ਨਾਲ ਆਪਣੀ ਦਿਲੀ ਸੰਵੇਦਨਾ ਜ਼ਾਹਰ ਕਰਦਿਆਂ ਸੀਨੀਅਰ ਆਗੂ ਰਮਨ ਬਹਿਲ ਨੇ ਕਿਹਾ ਕਿ ਨੌਜਵਾਨਾਂ ਦੀ ਮੌਤ ਹੋਣ ਕਾਰਨ ਪਰਿਵਾਰ ਉੱਪਰ ਕਹਿਰ ਟੁੱਟ ਗਿਆ ਹੈ। ਰਮਨ ਬਹਿਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਿਨਾਂ ਕਿਸੇ ਦੇਰੀ ਪੀੜਤ ਪਰਿਵਾਰ ਦੀ ਬਾਂਹ ਫੜਦਿਆਂ 4 ਲੱਖ ਰੁਪਏ ਦੀ ਮਾਲੀ ਸਹਾਇਤਾ ਭੇਜੀ ਗਈ ਹੈ ਜਿਸ ਨੂੰ ਪੀੜਤ ਪਰਿਵਾਰ ਦੇ ਸਪੁਰਦ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਵੇਂ ਇਸ ਰਾਸ਼ੀ ਨਾਲ ਇਨਸਾਨ ਨੂੰ ਵਾਪਸ ਤਾਂ ਨਹੀਂ ਲਿਆਂਦਾ ਜਾ ਸਕਦਾ ਪਰ ਇਹ ਮਾਲੀ ਸਹਾਇਤਾ ਪਰਿਵਾਰ ਦੇ ਪਾਲਣ ਪੋਸ਼ਣ ਵਿਚ ਜ਼ਰੂਰ ਕੁਝ ਨਾ ਕੁਝ ਮਦਦਗਾਰ ਸਾਬਤ ਹੋਵੇਗੀ। ਇਸ ਮੌਕੇ ਉਨ੍ਹਾਂ ਨਾਲ ਸਰਪੰਚ ਤਲਵੰਡੀ ਵਿਰਕ ਨਿਰਮਲ ਸਿੰਘ, ਕੰਵਰ ਪ੍ਰਤਾਪ ਸਿੰਘ ਮੋਟੀ ਮੈਂਬਰ ਪੰਚਾਇਤ, ਲੱਕੀ ਮਸੀਹ, ਰਵੀ ਮਸੀਹ, ਐਡਵੋਕੇਟ ਸੁੱਚਾ ਸਿੰਘ ਮੁਲਤਾਨੀ, ਨਗਰ ਸੁਧਾਰ ਟਰਸਟ ਦੇ ਮੈਂਬਰ ਹਿਤੇਸ਼ ਮਹਾਜਨ ਅਤੇ ਕਾਰ ਬਾਜ਼ਾਰ ਐਸੋਸੀਏਸ਼ਨ ਦੇ ਚੇਅਰਮੈਨ ਰੁਪੇਸ਼ ਬਿੱਟੂ ਵੀ ਹਾਜ਼ਰ ਸਨ।




# ਰਾਜਨ ਕ੍ਰਿਸ਼ ਸਾਗਰ ਅਤੇ ਕ੍ਰਿਸ਼ਨਾ ਦਿਓ ਸਿੰਹ ਵੱਲੋਂ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)-** ਕੁੱਲ ਹਿੰਦ ਕਿਸਾਨ ਸਭਾ ਦੇ ਰਾਸ਼ਟਰੀ ਪ੍ਰਧਾਨ ਰਾਜਨ ਕ੍ਰਿਸ਼ ਸਾਗਰ ਅਤੇ ਜਨਰਲ ਸਕੱਤਰ ਕਰਿਸ਼ਨਾ ਦਿਓ ਸਿੰਹ ਦੀ ਅਗਵਾਈ ਹੇਠ ਸੰਯੁਕਤ ਕਿਸਾਨ ਮੋਰਚੇ ਪੰਜਾਬ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਡਾ: ਸਤਨਾਮ ਸਿੰਘ ਅਜਨਾਲਾ ਪ੍ਰਧਾਨ ਜਮਹੂਰੀ ਕਿਸਾਨ ਸਭਾ ਪੰਜਾਬ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਪ੍ਰਧਾਨ ਬਲਦੇਵ ਸਿੰਘ ਨਿਹਾਲਗੜ੍ਹ, ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਹਰਪਾਲ ਸਿੰਘ ਛੀਨਾ ਅਤੇ ਲਖਬੀਰ ਸਿੰਘ ਨਿਜ਼ਾਮਪੁਰ ਨੇ ਪੰਜਾਬ ਵਿੱਚ ਆਏ ਹੜ੍ਹਾਂ ਦੀ ਮਾਰ ਹੇਠ ਆਏ ਇਲਾਕਿਆਂ ਦਾ ਦੌਰਾ ਕੀਤਾ। ਉਕਤ ਕਿਸਾਨ ਜਥੇਬੰਦੀਆਂ ਵੱਲੋਂ ਖਾਸ ਕਰਕੇ ਅੰਮ੍ਰਿਤਸਰ, ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹਿਆਂ ਅੰਦਰ ਰਾਵੀ ਦਰਿਆ ਵੱਲੋਂ ਪਹੁੰਚਾਈ ਭਿਆਨਕ ਮਾਰ ਬਾਰੇ ਆਪਣੇ ਅੱਖੀਂ ਸਾਰੇ ਹਾਲਾਤ ਦਾ ਜਾਇਜ਼ਾ ਲਿਆ ਅਤੇ ਵੱਖ-ਵੱਖ ਥਾਵਾਂ 'ਤੇ ਟੁੱਟੇ ਰਾਵੀ ਦਰਿਆ ਦੇ ਕੰਢਿਆਂ ਦਾ ਮੁਲੰਕਣ ਕੀਤਾ ਉਨਵਾਂ ਪ੍ਰਧਾਨ ਮੰਤਰੀ ਵੱਲੋਂ ਪੰਜਾਬ ਦੇ ਹੜਵ ਪੀੜਤਾਂ ਦੀ ਰਾਹਤ ਵਾਸਤੇ ਐਲਾਨੇ 1600 ਕਰੋੜ ਰੁਪਏ ਦੇ ਪੈਕਜ ਨੂੰ ਰੱਦ ਕਰਦਿਆਂ ਘੱਟੋ ਘੱਟ 50,0000 ਕਰੋੜ ਰੁਪਏ ਦੇ ਪੈਕਜ ਦੀ ਮੰਗ ਕੀਤੀ।ਪ੍ਰਭਾਵਿਤ ਕਿਸਾਨਾਂ ਨੂੰ ਪ੍ਰਤੀ ਏਕੜ ਇੱਕ ਫਸਲ ਵਾਸਤੇ 70,000 ਰੁਪਏ, ਜਾਨੀ ਨੁਕਸਾਨ ਤੇ ਦਸ ਲੱਖ ਰੁਪਏ, ਮੱਝਾਂ, ਗਾਵਾਂ, ਪੋਲਟਰੀ ਫਾਰਮਾਂ ਅਤੇ ਪ੍ਰਭਾਵਿਤ ਇਲਾਕੇ ਵਿੱਚ ਰਹਿਣ ਵਾਲੇ ਹੋਰ ਪਰਿਵਾਰਾਂ ਨੂੰ ਪ੍ਰਤੀ ਪਰਿਵਾਰ ਇਕ ਲੱਖ ਰੁਪਿਆ ਯੋਗ ਮੁਆਵਜ਼ਾ ਦੇਣ ਦੀ ਮੰਗ ਕੀਤੀ।



# ਸੀ ਪੀ ਆਈ ਦੇ ਮਹਾਂ ਸੰਮੇਲਨ ਲਈ ਮਹਿੰਗਾ ਸਿੰਘ ਮੁੱਗੋਵਾਲ ਵੱਲੋਂ ਮਾਇਕ ਸਹਿਯੋਗ

**ਜੇਜੋ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)-** ਸੀ ਪੀ ਆਈ ਦੇ 25ਵੇਂ ਪਾਰਟੀ ਮਹਾਂ ਸੰਮੇਲਨ ਲਈ ਕਾਮਰੇਡ ਮਹਿੰਗਾ ਸਿੰਘ ਸਾਬਕਾ ਕੰਡਕਟਰ ਪਿੰਡ ਮੁੱਗੋਵਾਲ ਨੇੜੇ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ 3000 ਰੁਪਏ ਦਾ ਯੋਗਦਾਨ ਪਾਇਆ ਗਿਆ।ਇਸੇ ਤਰ੍ਹਾਂ ਉਨ੍ਹਾਂ ਵੱਲੋਂ ਨਵਾਂ ਜ਼ਮਾਨਾ ਦਫਤਰ ਲਈ 1000 ਰੁਪਏ ਅਤੇ ਗਦਰੀ ਬਾਬਿਆਂ ਦੇ ਮੇਲੇ ਲਈ ਵੀ 1000 ਰੁਪਏ ਦਾ ਸਹਿਯੋਗ ਦਿੱਤਾ ਗਿਆ ਹੈ।ਗੱਲਬਾਤ ਕਰਦਿਆਂ ਕਾਮਰੇਡ ਮਹਿੰਗਾ ਸਿੰਘ ਮੁੱਗੋਵਾਲ ਨੇ ਕਿਹਾ ਕਿ ਉਹ ਇਸ ਵੇਲੇ ਆਪਣੀ ਉਮਰ ਦੇ 81ਵੇਂ ਸਾਲ ਵਿੱਚ ਚੱਲ ਰਹੇ ਹਨ ਤੇ ਪਿਛਲੇ 65 ਸਾਲਾਂ ਤੋਂ ਨਵੇਂ ਜ਼ਮਾਨੇ ਦੇ ਪਾਠਕ ਹਨ।ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੋਬਾਈਲ ਨੰਬਰ 70874-65380 ਹੈ।ਕਮਿਊਨਿਸਟ ਵਿਚਾਰਧਾਰਾ ਅਤੇ ਹੋਰ ਗਤੀਵਿਧੀਆਂ ਲਈ ਉਨ੍ਹਾਂ ਨਾਲ ਇਸ ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਕਾਮਰੇਡ ਮਹਿੰਗਾ ਸਿੰਘ ਮੁੱਗੋਵਾਲ ਸਮਾਜ ਭਲਾਈ ਦੇ ਕਾਰਜਾਂ ਵਿੱਚ ਆਪਣੀ ਸਮਰੱਥਾ ਅਨੁਸਾਰ ਸਹਿਯੋਗ ਕਰਦੇ ਰਹਿੰਦੇ ਹਨ।

# ਬਰਸਾਤੀ ਮੌਸਮ 'ਚ ਨਰੋਈ ਖੁਰਾਕ ਬਾਰੇ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-** ਸੀ. ਕੇ. ਡੀ. ਇੰਟਰਨੈਸ਼ਨਲ ਨਰਸਿੰਗ ਕਾਲਜ ਵੱਲੋਂ ਬਰਸਾਤੀ ਮੌਸਮ ਸੰਬੰਧੀ ਸਿਹਤ ਜਾਗਰੂਕਤਾ ਮੁਹਿਮ ਚਲਾਈ ਗਈ।ਇਸ ਮੁਹਿਮ ਦੌਰਾਨ ਜੀਐੱਨਐੱਮ. ਭਾਗ–1 ਦੇ ਵਿਦਿਆਰਥੀਆਂ ਨੇ ਭਾਈ ਧਰਮ ਸਿੰਘ ਸ਼ਹਿਰੀ ਪ੍ਰਾਇਮਰੀ ਸਿਹਤ ਕੇਂਦਰ, ਰਣਜੀਤ ਐਵੀਨਿਊ ਵਿਖੇ ਸ਼ਹਿਰ ਵਾਸੀਆਂ ਨਾਲ ਜਾਣਕਾਰੀ ਸਾਂਝੀ ਕੀਤੀ। ਪ੍ਰਿੰਸੀਪਲ ਡਾ. ਯਸ਼ਪ੍ਰੀਤ ਕੌਰ ਦੀ ਅਗਵਾਈ ਹੇਠ ਵਿਦਿਆਰਥੀਆਂ ਵੱਲੋਂ ਲੋਕਾਂ ਨੂੰ ਬਰਸਾਤੀ ਮੌਸਮ ਜੋ ਕਿ ਸਰੀਰਕ ਬਿਮਾਰੀਆਂ ਦੇ ਨਾਲ–ਨਾਲ ਮਨੁੱਖੀ ਜੀਵਨ ਸ਼ੈਲੀ ਲਈ ਵੀ ਚੁਣੌਤੀ ਪੈਦਾ ਕਰਦਾ ਹੈ, ਵਿਚ ਲਏ ਜਾਣ ਵਾਲੇ ਸਿਹਤਮੰਦ ਤੇ ਨਰੋਏ ਭੋਜਨ ਬਾਰੇ ਜਾਗਰੂਕ ਕੀਤਾ ਗਿਆ।ਇਸ ਮੌਕੇ ਡਾ. ਕੁਲਦੀਪ ਕੌਰ ਮੈਡੀਕਲ ਅਫਸਰ ਨੇ ਲੋਕਾਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਇਸ ਮੌਸਮ ਵਿਚ ਦਾਲਾਂ, ਕਾਲੇ ਚਿੱਟੇ ਛੋਲੇ, ਰਾਜਮਾਂਹ ਅਤੇ ਹੋਰ ਸੁੱਕੇ ਅਨਾਜ ਨੂੰ ਰੋਜ਼ਾਨਾ ਖੁਰਾਕ ਵਿਚ ਸ਼ਾਮਲ ਕਰਨਾ ਸਿਹਤ ਲਈ ਲਾਭਦਾਇਕ ਹੈ।ਚੀਫ ਫਾਰਮਾਸਿਸਟ ਡਾ. ਜੇਸੀਵ ਨੇ ਵਿਦਿਆਰਥੀਆਂ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੜ੍ਹਾਂ ਦੀ ਮਾਰ ਹੇਠ ਆਏ ਪੰਜਾਬ ਦੇ ਲੋਕਾਂ ਨੂੰ ਅਜੋਕੇ ਹਾਲਾਤ ਵਿਚ ਸਿਹਤ ਸੇਵਾਵਾਂ ਅਤੇ ਸਹੂਲਤਾਂ ਪ੍ਰਤੀ ਜਾਗਰੂਕ ਕਰਨਾ ਸਾਡਾ ਮੁੱਖ ਫਰਜ਼ ਅਤੇ ਸਮੇਂ ਦੀ ਲੋੜ ਹੈ।ਇਸ ਮੌਕੇ ਨਰਸਿੰਗ ਕਾਲਜ ਦੀ ਮੈਡਮ ਹਰਲੀਨ ਕੌਰ ਅਤੇ ਮੈਡਮ ਪੂਜਾ ਵੀ ਵਿਦਿਆਰਥੀਆਂ ਨਾਲ ਹਾਜ਼ਰ ਸਨ।



# ਦੋ ਕਾਰਾਂ ਦੀ ਸਿੱਧੀ ਟੱਕਰ 'ਚ 3 ਵਿਅਕਤੀ ਗੰਭੀਰ ਜ਼ਖ਼ਮੀ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-** ਗੁਰਦਾਸਪੁਰ-ਸ੍ਰੀ ਹਰਗੋਬਿੰਦਪੁਰ ਮੁੱਖ ਮਾਰਗ ਉਪਰ ਪੈਂਦੇ ਪਿੰਡ ਨਵਾਂ ਪਿੰਡ ਹੁੰਦਲ ਅਤੇ ਬਾਹੀਆ ਦੇ ਵਿਚਕਾਰ ਵੀਰਵਾਰ ਦੀ ਦੇਰ ਸ਼ਾਮ ਦੋ ਕਾਰਾਂ ਦੀ ਸਿੱਧੀ ਟੱਕਰ ਹੋ ਗਈ, ਇਸ ਹਾਦਸੇ ਦੌਰਾਨ ਦੋਵੇਂ ਕਾਰਾਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਅਤੇ ਸਵਾਰ ਤਿੰਨ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ। ਹਾਦਸਾ ਇੰਨਾ ਜ਼ਬਰਦਸਤ ਸੀ ਕਿ ਚੰਡੀਗੜ੍ਹ ਨੰਬਰ ਦੀ ਕਾਰ ਟੋਇਟਾ ਕਰੋਲਾ ਐਲਟਿਸ ਦਾ ਕਾਰ ਚਾਲਕ ਮਾਸਟਰ ਗੁਰਮਿੰਦਰ ਸਿੰਘ ਜੋ ਪਿੰਡ ਦੁੱਲੂਆਣਾ ਜਾ ਰਹੇ ਸਨ, ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਅਤੇ ਦੂਸਰੀ ਗੱਡੀ ਵੀ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ। ਉਸ ਵਿੱਚ ਸਵਾਰ ਦੋ ਨੌਜਵਾਨ ਵੀ ਗੰਭੀਰ ਜ਼ਖ਼ਮੀ ਹੋਏ ਹਨ ਜਿਨ੍ਹਾਂ ਦੀ ਪਹਿਚਾਣ ਤਿੱਬੜ ਵਾਸੀ ਬੱਲੂ ਅਤੇ ਗੋਪੀ ਵਜੋਂ ਹੋਈ ਹੈ। ਮੌਕੇ 'ਤੇ ਪੁੱਜੀ ਸੜਕ ਸੁਰੱਖਿਆ ਫੋਰਸ ਵੱਲੋਂ ਗੰਭੀਰ ਰੂਪ 'ਚ ਜ਼ਖ਼ਮੀ ਨੌਜਵਾਨਾਂ ਨੂੰ ਸਰਕਾਰੀ ਹਸਪਤਾਲ ਗੁਰਦਾਸਪੁਰ ਪਹੁੰਚਾਇਆ ਗਿਆ।



# ਪੁਲਸ ਦੀ ਢਿੱਲੀ ਕਾਰਗੁਜ਼ਾਰੀ ਤੋਂ ਦੁਖੀ ਟੱਬਰ ਵੱਲੋਂ ਇਨਸਾਫ ਦੀ ਗੁਹਾਰ

**ਵੇਰਕਾ (ਰਾਣਾ)-** ਥਾਣਾ ਕੱਥੂਨੰਗਲ ਦੀ ਪੁਲਸ ਵੱਲੋਂ ਇੱਕ ਔਰਤ ਨਾਲ ਛੇੜਛਾੜ ਕਰਨ ਅਤੇ ਉਸਦੀ ਮਾਰ ਕੁਟਾਈ ਕਰਨ ਦੇ ਮਾਮਲੇ 'ਚ ਮੁਕੱਦਮਾ ਨੰ: 0121 ਮਿਤੀ 30/8/2025 ਨੂੰ ਦਰਜ ਤਾਂ ਕਰ ਲਿਆ ਪ੍ਰੰਤੂ ਲਗਭਗ ਅੱਧਾ ਮਹੀਨਾ ਲੰਘਣ ਉਪਰੰਤ ਵੀ ਹਾਲੇ ਤੱਕ ਦੋਸ਼ੀ ਨੂੰ ਜਾਣਬੁੱਝ ਕੇ ਗ੍ਰਿਫਤਾਰ ਨਹੀਂ ਕੀਤਾ ਹੈ।ਆਲ ਇੰਡੀਆ ਕ੍ਰਿਸ਼ਚਨ ਸਮਾਜ ਭਲਾਈ ਦਲ ਦੇ ਚੇਅਰਮੈਨ ਪੂਰਨ ਸਫਰੀ ਨੇ ਮੁੱਖ ਮੰਤਰੀ ਪੰਜਾਬ, ਡੀਜੀਪੀ ਪੰਜਾਬ ਪੁਲਸ ਚੰਡੀਗੜ੍ਹ, ਡੀਆਈਜੀ ਪੁਲਸ ਵਿਭਾਗ (ਬਾਰਡਰ ਰੇਂਜ) ਅੰਮ੍ਰਿਤਸਰ ਅਤੇ ਮਾਨਯੋਗ ਐੱਸਐੱਸਪੀ ਅੰਮ੍ਰਿਤਸਰ (ਦਿਹਾਤੀ) ਪਾਸੋਂ ਉਕਤ ਮੁਲਜ਼ਮ ਨੂੰ ਫੌਰੀ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ।ਇਸ ਬਾਬਤ ਚੇਅਰਮੈਨ ਪੂਰਨ ਸਫਰੀ ਨੇ ਦੱਸਿਆ ਕਿ ਮਸੀਹੀ ਸਮਾਜ ਨਾਲ ਸਬੰਧਿਤ ਪੀੜਤ ਔਰਤ ਪਿੰਡ ਅਜੈਬਵਾਲੀ ਨਾਲ ਪਿੰਡ ਦੇ ਹੀ ਮੁਕੱਦਮੇ 'ਚ ਨਾਮਜ਼ਦ ਉਕਤ ਵਿਅਕਤੀ ਵੱਲੋਂ ਛੇੜਛਾੜ ਕਰਨ ਅਤੇ ਉਸਦੀ ਮਾਰ ਕੁਟਾਈ ਕੀਤੇ ਜਾਣ ਦੇ ਮਾਮਲੇ ਵਿੱਚ ਪੁਲਸ ਥਾਣਾ ਕੱਥੂਨੰਗਲ ਵੱਲੋਂ ਮੁਕੱਦਮਾ ਤਾਂ ਦਰਜ ਕਰ ਲਿਆ ਗਿਆ ਹੈ ਪਰ ਮੁਲਜ਼ਮ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਰਿਹਾ ਹੈ ਜਿਸ ਕਾਰਨ ਪੀੜਤ ਪਰਿਵਾਰ ਅਤੇ ਸਮੂਹ ਮਸੀਹ ਭਾਈਚਾਰੇ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ।ਉਨ੍ਹਾਂ ਨੇ ਉਪਰੋਕਤ ਮਾਮਲੇ ਵਿੱਚ ਰਾਜ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਪਾਸੋਂ ਮੁਲਜ਼ਮ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਗੁਹਾਰ ਲਗਾਈ ਹੈ ਤਾਂ ਜੋ ਪੀੜਤ ਪਰਿਵਾਰ ਨੂੰ ਇਨਸਾਫ ਮਿਲ ਸਕੇ।



# ਆਂਗਣਵਾੜੀ ਵਰਕਰ ਵੱਧ ਤੋਂ ਵੱਧ ਕੇਵਾਈਸੀ ਕਰਨ, ਬਣਦਾ ਲਾਭ ਜ਼ਰੂਰ ਦਿੱਤਾ ਜਾਵੇਗਾ : ਏਐੱਫਐੱਸਓ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-** ਅਜਨਾਲਾ ਪੰਜਾਬ ਵਿੱਚ ਜੋ ਡਿਪੂਆਂ ਉਤੇ ਅਤੇ ਕਾਰਡ ਹੋਲਡਰਾਂ ਦੀ ਕੇਵਾਈਸੀ ਚੱਲ ਰਹੀ ਹੈ ਉਸ ਤਹਿਤ ਤਕਰੀਬਨ ਪੰਜਾਬ ਦਾ 85 ਪਰਸੈਂਟ ਕੰਮ ਹੋ ਚੁੱਕਾ ਹੈ ਅਤੇ ਜੋ ਕੰਮ ਰਹਿ ਗਿਆ ਉਸ ਲਈ ਡਿਪਾਰਟਮੈਂਟ ਅਤੇ ਪੰਜਾਬ ਸਰਕਾਰ ਨੇ ਡਿਊਟੀ ਆਂਗਣਵਾੜੀ ਵਰਕਰਾਂ ਦੀ ਲਗਾਈ ਹੈ।ਉਕਤ ਵਿਚਾਰਾਂ ਦਾ ਪ੍ਰਗਟਾਵਾ ਅਜਨਾਲਾ ਦੇ ਸੀਨੀਅਰ ਸੈਕੰਡਰੀ ਸਕੂਲ ਵਿਖੇ ਇੱਕ ਟ੍ਰੇਨਿੰਗ ਕੈਂਪ ਦੌਰਾਨ ਸੰਦੀਪ ਸਿੰਘ ਏਐੱਫਐੱਸਓ ਅਤੇ ਇੰਸਪੈਕਟਰ ਸੁਮਿਤ ਪ੍ਰਕਾਸ਼ ਨੇ ਕੀਤਾ। ਉਨ੍ਹਾਂ ਦੱਸਿਆ ਕਿ ਹਰ ਆਂਗਣਵਾੜੀ ਵਰਕਰ ਨੂੰ ਇੱਕ ਮੈਂਬਰ ਦੀ ਕੇਵਾਈਸੀ ਕਰਨ 'ਤੇ 40 ਰੁਪਏ ਦਿੱਤੇ ਜਾਣਗੇ। ਇਹ ਹੁਕਮ ਪੰਜਾਬ ਸਰਕਾਰ ਅਤੇ ਡਿਪਾਰਟਮੈਂਟ ਦੇ ਨਿਰਦੇਸ਼ਾਂ ਤਹਿਤ ਹਨ। ਇਸ ਮੌਕੇ ਆਂਗਣਵਾੜੀ ਵਰਕਰ ਕੰਵਲਜੀਤ ਕੌਰ ਅਜਨਾਲਾ, ਅਰੁਣ ਕਾਂਤਾ, ਜਸਵਿੰਦਰ ਕੌਰ, ਹਰਪ੍ਰੀਤ ਕੌਰ, ਹਰਦੀਪ ਕੌਰ, ਰਮਨਦੀਪ ਕੌਰ, ਪ੍ਰੀਆ ਕੁਮਾਰੀ, ਰਾਜਵਿੰਦਰ ਕੌਰ, ਮਨਦੀਪ ਕੌਰ, ਪਰਨਜੀਤ ਕੌਰ, ਬਲਜੀਤ ਕੌਰ, ਅੰਜੂ ਬਾਲਾ, ਗੀਤਾ, ਵੀਰ ਕੌਰ, ਸ਼ਰਨਜੀਤ ਕੌਰ ਹਾਜ਼ਰ ਸਨ।



## ਬਲਾਕ ਤਰਸਿੱਕਾ ਬਾਬਤ ਵਿਰੋਧੀ ਲੋਕਾਂ ਨੂੰ ਗੁੰਮਰਾਹ ਕਰਨਾ ਬੰਦ ਕਰਨ : 'ਆਪ'




**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-** ਜੰਡਿਆਲਾ ਗੁਰੂ ਦੇ ਤਰਸਿੱਕਾ ਬਲਾਕ ਵਿੱਚ ਆਮ ਆਦਮੀ ਪਾਰਟੀ ਵੱਲੋਂ ਭਾਰੀ ਇਕੱਠ ਕੀਤਾ ਗਿਆ, ਜਿਸ ਵਿੱਚ ਗਹਿਰੀ ਮੰਡੀ ਮਾਰਕੀਟ ਕਮੇਟੀ ਚੇਅਰਮੈਨ ਸ਼ਨਾਖ ਸਿੰਘ, ਚੇਅਰਮੈਨ ਮਾਰਕੀਟ ਕਮੇਟੀ ਮਹਿਤਾ ਡਾਕਟਰ ਗੁਰਵਿੰਦਰ ਸਿੰਘ, ਮੈਂਬਰ ਪੰਜਾਬ ਸਬਾਰਡੀਨੇਟ ਸਰਵਿਸਿਜ਼ ਬੋਰਡ ਨਰੇਸ਼ ਪਾਠਕ, ਸਰਬਜੀਤ ਡਿੰਪੀ, ਸਰਪੰਚਾਂ, ਪੰਚਾਂ ਅਤੇ ਵਲੰਟੀਅਰਾਂ ਨੇ ਸ਼ਿਰਕਤ ਕੀਤੀ।ਇਸ ਮੌਕੇ ਬੁਲਾਰਿਆਂ ਅਤੇ ਬੀਡੀਓ ਨੇ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਸਪੱਸ਼ਟ ਕੀਤਾ ਕਿ ਵਿਰੋਧੀ ਪਾਰਟੀਆਂ ਬੇਬੁਨਿਆਦ ਪ੍ਰਚਾਰ ਕਰਕੇ ਸਿਰਫ਼ ਲੋਕਾਂ ਨੂੰ ਗੁੰਮਰਾਹ ਕਰ ਰਹੀਆਂ ਹਨ।ਹਕੀਕਤ ਇਹ ਹੈ ਕਿ ਬੀਡੀਓ ਤੇ ਸਾਰਾ ਸਟਾਫ਼ ਤਰਸਿੱਕਾ ਬਲਾਕ ਵਿੱਚ ਹੀ ਬੈਠ ਕੇ ਸਾਰੇ ਸਰਕਾਰੀ ਕੰਮ ਨਿਭਾਉਣਗੇ ਅਤੇ ਕਿਸੇ ਵੀ ਇਲਾਕਾ ਨਿਵਾਸੀ ਨੂੰ ਕਿਤੇ ਹੋਰ ਨਹੀਂ ਜਾਣਾ ਪਵੇਗਾ।ਚੇਅਰਮੈਨ ਸ਼ਨਾਖ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਕਾਲੀ, ਕਾਂਗਰਸ ਅਤੇ ਭਾਜਪਾ ਵਰਗੀਆਂ ਵਿਰੋਧੀ ਪਾਰਟੀਆਂ ਸਿਰਫ਼ ਲੋਕਾਂ ਨੂੰ ਭਟਕਾਉਣ ਦਾ ਕੰਮ ਕਰ ਰਹੀਆਂ ਹਨ, ਜਦਕਿ ਆਮ ਆਦਮੀ ਪਾਰਟੀ ਲੋਕਾਂ ਦੇ ਹਿੱਤਾਂ ਵਿੱਚ ਠੋਸ ਫੈਸਲੇ ਕਰ ਰਹੀ ਹੈ।ਉਨ੍ਹਾਂ ਨੇ ਵਿਰੋਧੀ ਪਾਰਟੀਆਂ ਨੂੰ ਨਸੀਹਤ ਦਿੱਤੀ ਕਿ ਲੋਕਾਂ ਦੀਆਂ ਮੁਸ਼ਕਲਾਂ ਵਧਾਉਣ ਦੀ ਬਜਾਏ ਉਹ ਵੀ ਲੋਕ ਭਲਾਈ ਦੇ ਕੰਮਾਂ ਵਿੱਚ ਸਹਿਯੋਗ ਕਰਨ।

# ਹਰਿਆਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪੀੜਤਾਂ ਦੀ ਮਦਦ

**● ਪਿੰਡਾਂ 'ਚ ਪਹੁੰਚ ਕੇ ਜ਼ਰੂਰਤਮੰਦਾਂ ਨੂੰ 2 ਟਰੱਕ ਰਾਹਤ ਸਮੱਗਰੀ ਵੰਡੀ**

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-** ਹਰਿਆਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਵਿੰਦਰ ਸਿੰਘ ਰਾਣਾ ਲੈਟਸ ਹੈਲਪ ਫਾਊਂਡੇਸ਼ਨ ਫਰੀਦਾਬਾਦ ਦੇ ਗਰੁੱਪ ਮੈਂਬਰਾਂ ਸਮੇਤ ਹੜ੍ਹ ਪੀੜਤ ਪਰਿਵਾਰਾਂ ਨੂੰ ਵੰਡਣ ਲਈ 2 ਟਰੱਕ ਰਾਹਤ ਸਮੱਗਰੀ ਲੈ ਕੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਪੁੱਜੇ।ਇਸ ਮੌਕੇ ਉਨ੍ਹਾਂ ਨਾਲ ਪੰਜਾਬ ਦੇ ਸਾਬਕਾ ਖੇਤੀਬਾੜੀ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਪ੍ਰਧਾਨ ਜਥੇਦਾਰ ਸੁੱਚਾ ਸਿੰਘ ਲੰਗਾਹ ਵੀ ਵਿਸ਼ੇਸ਼ ਤੌਰ ਹਾਜ਼ਰ ਸਨ।ਇਸ ਮੌਕੇ ਰਵਿੰਦਰ ਸਿੰਘ ਰਾਣਾ ਨੇ ਕਿਹਾ ਕਿ ਜਥੇਦਾਰ ਸੁੱਚਾ ਸਿੰਘ ਲੰਗਾਹ ਮੇਰੇ ਮਿੱਤਰ ਹਨ ਅਤੇ ਉਹ ਉਨ੍ਹਾਂ ਦੇ ਕਹਿਣ 'ਤੇ ਡੇਰਾ ਬਾਬਾ ਨਾਨਕ ਰਾਹਤ ਸਮੱਗਰੀ ਲੈ ਕੇ ਪੁੱਜੇ ਹਨ। ਉਹ ਲੋਕਾਂ ਦੀ ਮਦਦ ਕਰਨ ਲਈ 2 ਟਰੱਕ ਰਾਹਤ ਸਮੱਗਰੀ ਲੈ ਕੇ ਪਹੁੰਚੇ ਹਨ।ਉਨ੍ਹਾਂ ਦੀ ਟੀਮ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਨੂੰ ਨਾਲ ਲੈ ਕੇ ਆਪ ਪਿੰਡਾਂ ਵਿਚ ਜਾ ਕੇ ਰਾਹਤ ਸਮੱਗਰੀ ਵੰਡਣਗੇ।ਉਨ੍ਹਾਂ ਕਿਹਾ ਕਿ ਰਾਹਤ ਸਮੱਗਰੀ ਵਿੱਚ ਆਟਾ, ਦਾਲਾਂ, ਰਸ, ਬਿਸਕੁਟ, ਪਾਣੀ, ਚੱਪਲਾਂ ਅਤੇ ਹੋਰ ਜ਼ਰੂਰੀ ਵਸਤਾਂ ਸ਼ਾਮਲ ਸਨ।ਇਸ ਮੌਕੇ ਮੀਡੀਏ ਨਾਲ ਗੱਲਬਾਤ ਕਰਦਿਆਂ ਜਥੇਦਾਰ ਸੁੱਚਾ ਸਿੰਘ ਲੰਗਾਹ ਨੇ ਜਿੱਥੇ ਹਰਿਆਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ ਉਥੇ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਵੀ ਅਪੀਲ ਕੀਤੀ ਕਿ ਉਹ ਰਾਹਤ ਸਮੱਗਰੀ ਸਹੀ ਹੱਥਾਂ ਵਿੱਚ ਦੇਣ ਤਾਂ ਜੋ ਉਨ੍ਹਾਂ ਲੋੜਵੰਦ ਲੋਕਾਂ ਤੱਕ ਪਹੁੰਚ ਸਕੇ। ਉਨ੍ਹਾਂ ਕਿਹਾ ਕੁਝ ਲੋਕ ਸੇਵਾ ਦੇ ਨਾਮ ਤੇ ਸਕੈਨਰ ਲਗਾ ਕੇ ਬੈਠ ਗਏ ਹਨ, ਅਜਿਹੇ ਲੋਕਾਂ ਦੇ ਸਕੈਨਰਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ।ਇਸ ਮੌਕੇ ਮੈਨੇਜਰ ਸਤਨਾਮ ਸਿੰਘ ਗੋਸਲ, ਮੈਨੇਜਰ ਰਣਜੀਤ ਸਿੰਘ ਕਲਿਆਣਪੁਰ, ਨਰਿੰਦਰ ਸਿੰਘ ਵਾੜਾ, ਲੈਟਸ ਹੈਲਪ ਫਾਊਂਡੇਸ਼ਨ ਗਰੁੱਪ ਫਰੀਦਾਬਾਦ ਦੇ ਮੈਂਬਰ ਮਨਜੀਤ ਸਿੰਘ, ਸੁਰਿੰਦਰ ਸਿੰਘ, ਸੁਮਨਦੀਪ ਸਿੰਘ, ਮੰਨੂ ਸਿੰਘ, ਜਸਵਿੰਦਰ ਸਿੰਘ, ਸਤਨਾਮ ਸਿੰਘ, ਅਨਿਲ ਅਰੋੜਾ, ਦਲਜੀਤ ਸਿੰਘ, ਕੁਲਵਿੰਦਰ ਸਿੰਘ, ਬੂਟਾ ਸਿੰਘ ਤੋਂ ਇਲਾਵਾ ਹੋਰ ਵੀ ਲੋਕ ਹਾਜ਼ਰ ਸਨ।



# ਏਡੀਸੀ ਵੱਲੋਂ ਝੋਨੇ ਦੇ ਖ਼ਰੀਦ ਪ੍ਰਬੰਧਾਂ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਤੇ ਕੰਬਾਈਨ ਮਾਲਕਾਂ ਨਾਲ ਮੀਟਿੰਗ

**ਗੁਰਦਾਸਪੁਰ (ਜਨਕ ਮਹਾਜਨ)-** ਵਧੀਕ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਰਜਿੰਦਰ ਸਿੰਘ ਬੇਦੀ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਜ਼ਿਲ੍ਹਾ ਅਧਿਕਾਰੀਆਂ, ਕਿਸਾਨ ਜਥੇਬੰਦੀਆਂ ਅਤੇ ਕੰਬਾਈਨ ਮਾਲਕਾਂ ਨਾਲ ਝੋਨੇ ਦੀ ਖ਼ਰੀਦ ਅਤੇ ਪਰਾਲੀ ਪ੍ਰਬੰਧਨ ਸਬੰਧੀ ਕੀਤੇ ਜਾਣ ਵਾਲੇ ਪ੍ਰਬੰਧਾਂ ਨੂੰ ਲੈ ਕੇ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਸੁਖਜਿੰਦਰ ਸਿੰਘ, ਜ਼ਿਲ੍ਹਾ ਖ਼ੁਰਾਕ ਤੇ ਸਪਲਾਈ ਕੰਟਰੋਲਰ, ਗੁਰਦਾਸਪੁਰ, ਮੁੱਖ ਖੇਤੀਬਾੜੀ ਅਫ਼ਸਰ ਗੁਰਦਾਸਪੁਰ ਡਾ. ਅਮਰੀਕ ਸਿੰਘ, ਸਮੂਹ ਖ਼ਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰ, ਸਮੂਹ ਸਕੱਤਰ ਮਾਰਕਿਟ ਕਮੇਟੀ, ਕਿਸਾਨ ਆਗੂ ਸੁਖਦੇਵ ਸਿੰਘ ਭੋਜਰਾਜ, ਕੰਵਲਜੀਤ ਸਿੰਘ ਖੁਸ਼ਹਾਲਪੁਰ, ਸੁਖਜਿੰਦਰ ਸਿੰਘ ਕੱਤੋਂਵਾਲ ਸਮੇਤ ਹੋਰ ਕਿਸਾਨ ਆਗੂ ਅਤੇ ਕੰਬਾਈਨ ਮਾਲਿਕ ਹਾਜ਼ਰ ਸਨ। ਉਨ੍ਹਾਂ ਕਿਹਾ ਖ਼ਰੀਦ ਸੀਜ਼ਨ 2025-26 ਦੌਰਾਨ ਝੋਨੇ ਦੀ ਖ਼ਰੀਦ ਲਈ ਸਾਰੇ ਪ੍ਰਬੰਧ ਕਰ ਲਏ ਗਏ ਹਨ। ਉਨ੍ਹਾਂ ਕਿਸਾਨ ਆਗੂਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸਾਲ 2025-26 ਦੌਰਾਨ ਜ਼ਿਲ੍ਹਾ ਗੁਰਦਾਸਪੁਰ ਵਿਚ ਝੋਨੇ ਦੀ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਜ਼ੀਰੋ ਪੱਧਰ 'ਤੇ ਲਿਆਉਣ ਲਈ ਸਮੂਹ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ 1221 ਪਿੰਡਾਂ ਵਿਚ ਨੋਡਲ ਅਫ਼ਸਰ ਨਿਯੁਕਤ ਕਰ ਦਿੱਤੇ ਗਏ ਹਨ ਜੋ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਸਾੜੇ ਬਗੈਰ ਖੇਤਾਂ ਵਿਚ ਸੰਭਾਲ ਕੇ ਕਣਕ ਦੀ ਬਿਜਾਈ ਕਰਨ ਲਈ ਪ੍ਰੇਰਿਤ ਕਰਨਗੇ। ਮੁੱਖ ਖੇਤੀਬਾੜੀ ਅਫ਼ਸਰ ਡਾਕਟਰ ਅਮਰੀਕ ਸਿੰਘ ਨੇ ਕਿਹਾ ਕਿ ਝੋਨੇ ਦੀ ਪਰਾਲੀ ਬੋਝ ਨਹੀਂ ਸਗੋਂ ਖ਼ੁਰਾਕੀ ਤੱਤਾਂ ਦਾ ਕੁਦਰਤੀ ਖਜ਼ਾਨਾ ਹੈ, ਇਸ ਨੂੰ ਅੱਗ ਲਗਾ ਕੇ ਸਾੜਨ ਦੀ ਨਹੀਂ ਸਗੋਂ ਖੇਤ ਵਿਚ ਸੰਭਾਲਣ ਦੀ ਜ਼ਰੂਰਤ ਹੈ।




## ਆਰ. ਡੀ. ਖੋਸਲਾ ਡੀਏਵੀ ਮਾਡਲ ਸਕੂਲ ਨੇ 6 ਸੋਨੇ, 7 ਚਾਂਦੀ ਤੇ 7 ਕਾਂਸੀ ਦੇ ਤਮਗੇ ਜਿੱਤੇ

**ਬਟਾਲਾ (ਤਰਲੋਕ ਬੱਗਾ)-** ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੀ ਕਰਾਟੇ ਟੀਮ ਨੇ ਜ਼ਿਲ੍ਹਾ ਪੱਧਰੀ ਕਰਾਟੇ ਖੇਡ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਕੁੱਲ 20 ਤਮਗੇ ਜਿੱਤ ਕੇ ਸਕੂਲ ਅਤੇ ਖੇਤਰ ਦਾ ਨਾਮ ਰੌਸ਼ਨ ਕੀਤਾ।ਕੁੜੀਆਂ ਦੀ ਅੰਡਰ 14, 17 ਅਤੇ 19 ਟੀਮਾਂ ਨੇ ਤਿੰਨ ਸੋਨੇ ਦੇ ਤਗਮੇ, ਦੋ ਚਾਂਦੀ ਅਤੇ ਦੋ ਕਾਂਸੀ ਦੇ ਤਮਗੇ ਜਿੱਤੇ।ਏਕਮਜੋਤ ਕੌਰ, ਜੋਸ਼ਦੀਪ ਕੌਰ, ਅਨੁਰੀਤ ਕੌਰ ਨੇ ਸੋਨੇ ਦੇ ਤਮਗੇ, ਗੁਰਨੂਰਪ੍ਰੀਤ ਕੌਰ, ਜਸਕੀਰਤ ਕੌਰ ਨੇ ਚਾਂਦੀ, ਜਸਮੀਤ ਕੌਰ ਅਤੇ ਪੀਹੂ ਨੇ ਕਾਂਸੇ ਦੇ ਤਮਗੇ ਜਿੱਤੇ। ਲੜਕਿਆਂ ਦੀ ਅੰਡਰ 14, 17 ਅਤੇ 19 ਟੀਮ ਵਿੱਚ ਲਕਸ਼ ਕਾਲਰਾ, ਕਾਵਿਆ ਸ਼ਰਮਾ, ਉਦੈ ਪ੍ਰਤਾਪ ਸਿੰਘ ਨੇ ਸੋਨੇ, ਗੁਰਨੂਰ ਸਿੰਘ, ਕੁੰਵਰ ਯੁਵਰਾਜ ਸਿੰਘ, ਅੰਸ਼ਦੀਪ ਸਿੰਘ, ਹਰਗੁਣਪ੍ਰੀਤ ਸਿੰਘ, ਸ਼ਿਵਚਰਨ ਸਿੰਘ ਨੇ ਚਾਂਦੀ ਦੇ ਤਮਗੇ ਅਤੇ ਗੁਰਅੰਸ਼, ਦਕਸ਼, ਹਰਲੀਨ ਸਿੰਘ, ਹਰਸ਼ ਅਤੇ ਮਨਦੀਪ ਸਿੰਘ ਨੇ ਕਾਂਸੇ ਦੇ ਤਮਗੇ ਜਿੱਤੇ ਜਿਸ ਨਾਲ ਸਕੂਲ ਦਾ ਨਾਮ ਰੌਸ਼ਨ ਹੋਇਆ।ਮੁਕਾਬਲੇ ਵਿੱਚ ਦੋਵਾਂ ਟੀਮਾਂ ਨੇ 6 ਸੋਨੇ, 7 ਚਾਂਦੀ ਅਤੇ 7 ਕਾਂਸੇ ਦੇ ਤਮਗੇ ਜਿੱਤੇ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਅਜੈ ਖੋਸਲਾ ਅਤੇ ਪ੍ਰਿੰ. ਡਾ. ਬਿੰਦੂ ਭੱਲਾ ਨੇ ਸਾਰੇ ਜੇਤੂ ਖਿਡਾਰੀਆਂ, ਉਨ੍ਹਾਂ ਦੇ ਮਾਪਿਆਂ ਅਤੇ ਕੋਚ ਮਨਜਿੰਦਰ ਸਿੰਘ, ਰਾਜਬੀਰ ਸਿੰਘ ਅਤੇ ਰਾਜਬੀਰ ਕੌਰ ਨੂੰ ਵਧਾਈ ਦਿੱਤੀ।



## ਰਾਸ਼ਨ ਕਾਰਡਾਂ ਦੀ ਈਕੇਵਾਈਸੀ ਆਂਗਣਵਾੜੀ ਵਰਕਰਾਂ ਕੋਲੋਂ ਕਰਵਾਉਣ ਸੰਬੰਧੀ ਜਾਰੀ ਫ਼ੁਰਮਾਨ ਦਾ ਵਿਰੋਧ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਪੰਜਾਬ ਸਰਕਾਰ ਵੱਲੋਂ ਰਾਸ਼ਨ ਕਾਰਡਾਂ ਦੀ ਬਕਾਇਆ ਈਕੇਵਾਈਸੀ ਆਂਗਣਵਾੜੀ ਵਰਕਰਾਂ ਕੋਲੋਂ ਕਰਵਾਉਣ ਸਬੰਧੀ ਜਾਰੀ ਕੀਤੇ ਫਰਮਾਨ ਨੂੰ ਸਿਰੇ ਤੋਂ ਨਿਕਾਰਦਿਆਂ ਹੋਇਆ ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਨੇ ਈਕੇਵਾਈਸੀ ਡਿਪੂ ਹੋਲਡਰਾਂ ਵੱਲੋਂ ਕਰਵਾਉਣ ਦੀ ਹਮਾਇਤ ਕੀਤੀ ਹੈ। ਇਸ ਸੰਬੰਧੀ ਸਰਵ ਆਂਗਣਵਾੜੀ ਵਰਕਰ ਹੈਲਪਰ ਯੂਨੀਅਨ ਦੇ ਸੂਬਾ ਪ੍ਰਧਾਨ ਬਰਿੰਦਰਜੀਤ ਕੌਰ ਛੀਨਾ ਅਤੇ ਜ਼ਿਲ੍ਹਾ ਗੁਰਦਾਸਪੁਰ/ਬਲਾਕ ਧਾਰੀਵਾਲ ਪ੍ਰਧਾਨ ਕੰਵਲਜੀਤ ਕੌਰ ਚਾਹਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਂਗਣਵਾੜੀ ਵਰਕਰਾਂ ਰਾਹੀਂ ਈਕੇਵਾਈਸੀ ਕਰਵਾਉਣ ਦੇ ਫੈਸਲੇ 'ਤੇ ਮੁੜ ਵਿਚਾਰ ਕਰਦੇ ਹੋਏ ਇਹ ਕੰਮ ਪਹਿਲਾਂ ਵਾਂਗ ਹੀ ਡਿਪੂ ਹੋਲਡਰਾਂ ਰਾਹੀਂ ਕਰਵਾਇਆ ਜਾਵੇ। ਉਨ੍ਹਾਂ ਕਿਹਾ ਆਂਗਣਵਾੜੀ ਵਰਕਰਾਂ ਕੋਲ ਪਹਿਲਾਂ ਹੀ ਵਿਭਾਗ ਦਾ ਐੱਫਆਰਐੱਸ ਦਾ ਕੰਮ ਹੈ ਜਿਸ ਨੂੰ ਸਮੇਂ ਸਿਰ ਨਿਪਟਾਉਣ ਲਈ ਆਂਗਣਵਾੜੀ ਵਰਕਰਾਂ ਜੁਟੀਆਂ ਹੋਈਆਂ ਹਨ ਅਤੇ ਹੁਣ ਅਜਿਹੇ ਵਾਧੂ ਕੰਮ ਸੌਂਪਣ ਨਾਲ ਵਿਭਾਗ ਦਾ ਕੰਮ ਹੋਰ ਪ੍ਰਭਾਵਿਤ ਹੋਵੇਗਾ। ਉਨ੍ਹਾਂ ਨੇ ਡਿਪੂ ਹੋਲਡਰਾਂ ਦੀ ਜਾਇਜ਼ ਮੰਗ ਦਾ ਸਮਰਥਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੂੰ ਡਿਪੂ ਹੋਲਡਰਾਂ ਦੁਆਰਾ 85 ਪ੍ਰਤੀਸ਼ਤ ਕੀਤੇ ਈਕੇਵਾਈਸੀ ਦੇ ਮਿਹਨਤਾਨਾ/ਪੈਸੇ ਜਲਦ ਜਾਰੀ ਕਰਨੇ ਚਾਹੀਦੇ ਹਨ।



# ਪੁਰਾਣਾ ਸ਼ਾਲਾ ਵਿਖੇ ਬੱਸ ਅੱਡਾ ਨਾ ਹੋਣ ਕਾਰਨ ਇਲਾਕਾ ਵਾਸੀ ਪ੍ਰੇਸ਼ਾਨ




**ਗੁਰਦਾਸਪੁਰ (ਜਨਕ ਮਹਾਜਨ)-** ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰ ਪੈਂਦੇ ਕਸਬਾ ਪੁਰਾਣਾ ਸ਼ਾਲਾ ਵਿਖੇ ਬੱਸ ਅੱਡਾ ਨਾ ਹੋਣ ਕਾਰਨ ਇਲਾਕਾ ਵਾਸੀਆਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਇਲਾਕਾ ਵਾਸੀਆਂ ਨੇ ਦੱਸਿਆ ਕਿ ਦਰਿਆ ਬਿਆਸ 'ਤੇ 20 ਸਾਲ ਤੋਂ ਉਪਰ ਪੁਲ ਬਣੇ ਨੂੰ ਸਮਾਂ ਹੋ ਗਿਆ ਹੈ ਪਰ ਅਜੇ ਤੀਕ ਕਿਸੇ ਵੀ ਸਰਕਾਰ ਨੇ ਪੁਰਾਣਾ ਸ਼ਾਲਾ ਵਿਖੇ ਬੱਸ ਅੱਡੇ ਦੀ ਉਸਾਰੀ ਨਹੀਂ ਕਰਵਾਈ ਜਦੋਂ ਕਿ ਸਰਦੀਆਂ ਅਤੇ ਗਰਮੀਆਂ ਦੇ ਮੌਸਮ ਵਿਚ ਸਵਾਰੀਆਂ ਨੂੰ ਕਾਫ਼ੀ ਪ੍ਰੇਸ਼ਾਨੀਆਂ ਪੇਸ਼ ਆਉਂਦੀਆਂ ਹਨ। ਉਨ੍ਹਾਂ ਕਿਹਾ ਇਸ ਸੜਕ ਤੋਂ ਰੋਜ਼ਾਨਾਂ ਹੁਸ਼ਿਆਰਪੁਰ, ਜਲੰਧਰ, ਚੰਡੀਗੜ੍ਹ, ਦਿੱਲੀ ਆਦਿ ਤੋਂ ਇਲਾਵਾ ਵੱਖ-ਵੱਖ ਰਾਜਾਂ ਜਿਵੇਂ ਜੰਮੂ, ਸ੍ਰੀਨਗਰ, ਹਿਮਾਚਲ, ਹਰਿਆਣਾ ਦੇ ਸ਼ਹਿਰਾਂ ਨੂੰ ਬੱਸਾਂ ਆਉਂਦੀਆਂ ਅਤੇ ਜਾਂਦੀਆਂ ਹਨ ਪਰ ਬੱਸ ਸਟੈਂਡ ਨਾ ਹੋਣ ਕਰਕੇ ਸਵਾਰੀਆਂ ਦੀ ਖੱਜਲ ਖੁਆਰੀ ਦਿਨੋਂ-ਦਿਨ ਵਧ ਰਹੀ ਹੈ। ਜ਼ਿਕਰਯੋਗ ਹੈ ਕਿ ਕਸਬਾ ਪੁਰਾਣਾ ਸ਼ਾਲਾ 80 ਦੇ ਕਰੀਬ ਪਿੰਡਾਂ ਦਾ ਬਿੰਦੂ ਕੇਂਦਰ ਹੈ।

# ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ 'ਚ ਸਾਰਾਗੜ੍ਹੀ ਦਿਵਸ ਮਨਾਇਆ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)-** ਬਾਬਾ ਆਇਆ ਸਿੰਘ ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਦੇ ਵਿਦਿਆਰਥੀਆਂ ਵੱਲੋਂ ਸਾਰਾਗੜ੍ਹੀ ਦਿਵਸ ਨੂੰ ਬਹੁਤ ਸ਼ਾਨਦਾਰ ਢੰਗ ਨਾਲ ਮਨਾਇਆ ਗਿਆ।ਇਸ ਮੌਕੇ 'ਜੋ ਕੌਮਾਂ ਆਪਣਾ ਇਤਿਹਾਸ ਯਾਦ ਨਹੀਂ ਕਰਦੀਆਂ, ਉਹ ਆਪਣਾ ਵਿਰਸਾ ਗੁਆ ਬੈਠਦੀਆਂ ਹਨ' ਵਾਲੇ ਵਿਚਾਰਾਂ ਹੇਠ ਅੰਗਰੇਜ਼ੀ ਹਕੂਮਤ ਸਮੇਂ ਸਾਰਾਗੜ੍ਹੀ ਕਿਲ੍ਹੇ 'ਤੇ ਸ਼ਹੀਦ ਹੋਏ 21 ਬਹਾਦਰ ਸਿੱਖ ਸੂਰਮਿਆਂ ਨੂੰ ਯਾਦ ਕੀਤਾ ਗਿਆ। ਸਕੂਲ ਦੇ ਸਤਲੁਜ, ਰਾਵੀ, ਬਿਆਸ ਅਤੇ ਜਿਹਲਮ ਹਾਊਸ ਦੇ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਇਸ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਵਿਦਿਆਰਥੀਆਂ ਵੱਲੋਂ ਵੱਖ-ਵੱਖ ਮੁਕਾਬਲੇ ਜਿਵੇਂ ਕਿ ਮੈਗਜ਼ੀਨ, ਬਾਲ ਮੈਗਜ਼ੀਨ, ਲੈਕਚਰ, ਕਵੀਸ਼ਰੀ, ਗੀਤ, ਕਵਿਤਾਵਾਂ ਅਤੇ ਪੇਂਟਿੰਗ ਆਦਿ ਕਰਵਾਏ ਗਏ।ਜਮਾਤ ਨੌਵੀਂ ਅਤੇ ਦਸਵੀਂ ਦੇ ਵਿਦਿਆਰਥੀਆਂ ਨੇ 21 ਸਿੱਖ ਫੌਜੀਆਂ ਦੀਆਂ ਤਸਵੀਰਾਂ ਹੱਥਾਂ ਵਿੱਚ ਫੜ ਕੇ ਇੱਕ ਵੱਖਰਾ ਹੀ ਨਜ਼ਾਰਾ ਪੇਸ਼ ਕੀਤਾ, ਜਿਸ ਰਾਹੀਂ ਸ਼ਹੀਦਾਂ ਦੀ ਸ਼ਹਾਦਤ ਨੂੰ ਯਾਦ ਕੀਤਾ ਗਿਆ।ਸਮਾਗਮ ਦੇ ਅੰਤ ਵਿੱਚ ਡਾਇਰੈਕਟਰ ਮਨਪ੍ਰੀਤ ਕੌਰ ਵਿਰਕ ਅਤੇ ਪ੍ਰਿੰ. ਇੰਦਰਜੀਤ ਕੌਰ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਗਈ।ਅਧਿਆਪਕਾਂ ਅਤੇ ਵਿਦਿਆਰਥੀਆਂ ਸਾਰਿਆਂ ਨੇ ਸ਼ਹੀਦਾਂ ਦੀ ਯਾਦ ਵਿੱਚ ਨਮਨ ਕੀਤਾ ਅਤੇ ਉਨ੍ਹਾਂ ਦੀਆਂ ਸ਼ਹਾਦਤਾਂ ਨੂੰ ਸਦਾ ਯਾਦ ਰੱਖਣ ਦਾ ਸੰਕਲਪ ਲਿਆ।



# ਲੋਕਾਂ ਦੀ ਚਿਰੋਕਣੀ ਮੰਗ ਹੋਈ ਪੂਰੀ, ਵਾਰਡ ਨੰਬਰ 48 'ਚ ਗਲੀ ਦਾ ਕੰਮ ਸ਼ੁਰੂ



**ਬਟਾਲਾ (ਤਰਲੋਕ ਬੱਗਾ)-** ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਅੰਦਰ ਕਰਵਾਏ ਜਾ ਰਹੇ ਵਿਕਾਸ ਕੰਮਾਂ ਤਹਿਤ ਵਾਰਡ ਨੰਬਰ 48, ਮੱਲੀ ਮਾਰਕੀਟ ਵਾਲੀ ਗਲੀ ਵਿਖੇ ਵਿਧਾਇਕ ਸ਼ੈਰੀ ਕਲਸੀ ਦੇ ਭਰਾ ਅੰਮ੍ਰਿਤ ਕਲਸੀ ਵੱਲੋਂ ਵਾਰਡ ਵਾਸੀਆਂ ਦੀ ਮੌਜੂਦਗੀ ਵਿੱਚ ਗਲੀ ਵਿੱਚ ਇੰਟਰਲੌਕ ਟਾਇਲਾਂ ਲਗਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ। ਇਸ ਮੌਕੇ ਵਾਰਡ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਗਲੀ ਪੱਕੀ ਬਣਨ ਨਾਲ ਉਨ੍ਹਾਂ ਨੂੰ ਵੱਡੀ ਰਾਹਤ ਮਿਲੇਗੀ।ਇਸ ਮੌਕੇ ਰਣਬੀਰ ਸਿੰਘ ਰਾਣਾ, ਦਵਿੰਦਰ ਸਿੰਘ, ਤਰਸੇਮ ਸਿੰਘ, ਸੁਖਦੀਪ ਸਿੰਘ, ਨਿਰਮਲ ਸਿੰਘ, ਵਿਕਰਮ ਸਿੰਘ, ਸਵਿੰਦਰ ਸਿੰਘ, ਅਵਤਾਰ ਸਿੰਘ, ਰਣਜੀਤ ਸਿੰਘ ਅਤੇ ਕਰਨੈਲ ਸਿੰਘ ਆਦਿ ਮੌਜੂਦ ਸਨ।ਇਸ ਮੌਕੇ ਗੱਲ ਕਰਦਿਆਂ ਅੰਮ੍ਰਿਤ ਕਲਸੀ ਨੇ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਵੱਲੋਂ ਉਨਾਂ ਦੀ ਡਿਊਟੀ ਲਗਾਈ ਸੀ ਅਤੇ ਉਹ ਵਾਰਡ ਨੰਬਰ 48, ਮੱਲੀ ਮਾਰਕੀਟ ਡੇਰਾ ਬਾਬਾ ਨਾਨਕ ਰੋਡ ਵਿਚ ਪਹੁੰਚੇ ਹਨ।ਉਨ੍ਹਾਂ ਨੇ ਦੱਸਿਆ ਕਿ ਪਿਛਲੇ ਕਾਫੀ ਲੰਮੇ ਸਮੇਂ ਤੋਂ ਵਾਰਡ ਵਾਸੀਆਂ ਨੂੰ ਗਲੀ ਨਾ ਬਣਨ ਕਰਕੇ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਪਰ ਹੁਣ ਲੋਕਾਂ ਦੀ ਮੁਸ਼ਕਿਲ ਹੱਲ ਕਰਦਿਆਂ ਗਲੀ ਬਣਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ।

# ਭਾਅ ਜੀ ਗੁਰਸ਼ਰਨ ਸਿੰਘ ਦੇ 96ਵੇਂ ਜਨਮ ਦਿਵਸ ਮੌਕੇ ਸਮਾਗਮ

**ਨਾਟਕਕਾਰ ਗੁਰਸ਼ਰਨ ਸਿੰਘ ਇਨਕਲਾਬੀ ਰੰਗਮੰਚ ਦੀ ਵਡਮੁੱਲੀ ਵਿਰਾਸਤ : ਡਾ. ਅਤੁਲ**

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਗੁਰਸ਼ਰਨ ਸਿੰਘ ਯਾਦਗਰ ਟਰੱਸਟ ਵੱਲੋਂ ਪ੍ਰਸਿੱਧ ਲੋਕ ਪੱਖੀ ਇਨਕਲਾਬੀ ਨਾਟਕਕਾਰ ਅਤੇ ਚਿੰਤਕ ਭਾਅ ਜੀ ਗੁਰਸ਼ਰਨ ਸਿੰਘ ਦੇ 96ਵੇਂ ਜਨਮ ਦਿਹਾੜੇ ਤੇ ਅੰਮ੍ਰਿਤਸਰ ਵਿੱਚ ਉਨ੍ਹਾਂ ਦੇ ਰਣਜੀਤਪੁਰਾ ਸਥਿਤ ਜੱਦੀ ਘਰ ਗੁਰੂ ਖਾਲਸਾ ਨਿਵਾਸ ਵਿਖੇ ਇਕ ਯਾਦਗਾਰੀ ਸਮਾਗਮ ਕੀਤਾ ਗਿਆ ਜਿਸ ਵਿੱਚ ਗੁਰਸ਼ਰਨ ਭਾਅ ਜੀ ਵੱਲੋਂ ਇਨਕਲਾਬੀ ਰੰਗਮੰਚ ਦੇ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਬਾਰੇ ਗੰਭੀਰ ਵਿਚਾਰ ਚਰਚਾ ਕੀਤੀ ਗਈ।ਇਸ ਮੌਕੇ ਸਹਿਯੋਗੀ ਸੰਸਥਾਵਾਂ ਦੇ ਆਗੂਆਂ ਵੱਲੋਂ ਅਮੋਲਕ ਸਿੰਘ ਅਤੇ ਚਿੰਤਕ ਯਸ਼ ਪਾਲ ਵੱਲੋਂ ਫਲਸਤੀਨ ਦੇ ਲੋਕਾਂ ਦੀ ਨਸਲਕੁਸ਼ੀ ਵਿਰੁੱਧ ਚੇਤਨ ਕਰਦੀ ਸੰਪਾਦਤ ਪੁਸਤਕ 'ਫਲਸਤੀਨ ਦੀ ਆਵਾਜ਼' ਲੋਕ ਅਰਪਣ ਕੀਤੀ ਗਈ।ਇਸ ਸਮਾਗਮ ਦਾ ਆਗਾਜ਼ ਹੜ੍ਹਾਂ ਵਿੱਚ ਮਾਰੇ ਗਏ ਅਤੇ ਉਜਾੜੇ ਮੂੰਹ ਆਏ ਪਰਿਵਾਰਾਂ ਨਾਲ ਦੁੱਖ ਅਤੇ ਹਮਦਰਦੀ ਦਾ ਖੜੇ ਹੋ ਕੇ ਇਜ਼ਹਾਰ ਕਰਨ ਨਾਲ ਕੀਤਾ ਗਿਆ।ਸਮਾਗਮ ਦੇ ਮੁੱਖ ਵਕਤਾ ਲੋਕ ਪੱਖੀ ਬੁੱਧੀਜੀਵੀ ਅਤੇ ਜੇਐਨਯੂ ਦੇ ਪ੍ਰੋ. ਡਾ.ਅਤੁਲ ਨੇ ਗੁਰਸ਼ਰਨ ਭਾਅ ਜੀ ਵੱਲੋਂ ਇਨਕਲਾਬੀ ਰੰਗਮੰਚ ਅਤੇ ਸਮਾਜਕ ਜਮਹੂਰੀ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਗੁਰਸ਼ਰਨ ਭਾਅ ਜੀ ਨੇ ਲੋਕ ਪੱਖੀ ਰੰਗਮੰਚ ਦੇ ਮਾਧਿਅਮ ਰਾਹੀਂ ਇਨਕਲਾਬੀ ਸਿਧਾਂਤਾਂ ਉਤੇ ਦ੍ਰਿੜਤਾ ਨਾਲ ਪਹਿਰਾ ਦਿੰਦਿਆਂ ਆਪਣਾ ਸਮੁੱਚਾ ਜੀਵਨ ਦੱਬੇ ਕੁਚਲੇ ਮਿਹਨਤਕਸ਼ ਲੋਕਾਂ, ਕਿਸਾਨਾਂ, ਮਜ਼ਦੂਰਾਂ,ਔਰਤਾਂ, ਨੌਜਵਾਨਾਂ ਅਤੇ ਪਿਛੜੇ ਵਰਗਾਂ ਨੂੰ ਜਮਹੂਰੀ ਹੱਕਾਂ ਲਈ ਚੇਤਨ ਅਤੇ ਜੱਥੇਬੰਦ ਕਰਨ ਲਈ ਸਮਰਪਿਤ ਕੀਤਾ। ਉਨ੍ਹਾਂ ਨੇ ਇਕ ਸਿਹਤਮੰਦ ਸਭਿਆਚਾਰ ਅਤੇ ਲੁੱਟ ਰਹਿਤ ਤੇ ਬਰਾਬਰੀ ਵਾਲਾ ਸਮਾਜ ਸਿਰਜਣ ਲਈ ਆਪਣੀ ਸਾਰੀ ਜ਼ਿੰਦਗੀ ਰੰਗ ਮੰਚ ਦੇ ਲੇਖੇ ਲਾ ਦਿੱਤੀ। ਮਨੁੱਖੀ ਅਧਿਕਾਰਾਂ ਦੇ ਨਾਮਵਰ ਕਾਰਕੁਨ ਡਾ. ਨਵਸ਼ਰਨ ਨੇ ਕਿਹਾ ਕਿ ਮੌਜੂਦਾ ਹਕੂਮਤਾਂ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਉਤੇ ਸਖ਼ਤ ਰੋਕਾਂ ਲਾ ਰਹੀਆਂ ਹਨ ਅਤੇ ਉਮਰ ਖਾਲਿਦ, ਸ਼ਰਜੀਲ ਇਮਾਮ ਅਤੇ ਗੁਲਫ਼ਿਸ਼ਾ ਫਾਤਿਮਾ ਸਮੇਤ ਸਮਾਜਿਕ ਕਾਰਕੁੰਨ ਯੂਏਪੀਏ ਦੇ ਸਖ਼ਤ ਕਾਨੂੰਨ ਤਹਿਤ ਬਿਨਾਂ ਕਿਸੇ ਦੋਸ਼ ਅਤੇ ਸਬੂਤਾਂ ਦੇ ਪਿਛਲੇ ਪੰਜ ਸਾਲਾਂ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਹਨ ਅਤੇ ਉਨ੍ਹਾਂ ਨੂੰ ਇਕ ਸਾਜਿਸ਼ ਹੇਠ ਜ਼ਮਾਨਤ ਨਹੀਂ ਦਿੱਤੀ ਜਾ ਰਹੀ।ਇਸੇ ਤਰਾਂ ਭੀਮਾ ਕੋਰੇਗਾਂਵ ਕਥਿਤ ਹਿੰਸਾ ਕੇਸ ਵਿੱਚ ਦੇਸ਼ ਦੇ ਨਾਮਵਰ ਬੁੱਧੀਜੀਵੀ, ਪੱਤਰਕਾਰ, ਲੇਖਕ, ਵਕੀਲ, ਪਿਛਲੇ ਸੱਤ ਸਾਲਾਂ ਤੋਂ ਜੇਲ੍ਹਾਂ ਵਿੱਚ ਡੱਕੇ ਹੋਏ ਹਨ ਜਿਸਦੇ ਖਿਲਾਫ ਸਾਨੂੰ ਆਵਾਜ਼ ਬੁਲੰਦ ਕਰਨ ਦੀ ਲੋੜ ਹੈ।ਉਪਰੋਕਤ ਤੋਂ ਇਲਾਵਾ ਹੋਰ ਵੀ ਕਈ ਵਿਦਵਾਨਾਂ ਨੇ ਗੁਰਸ਼ਰਨ ਭਾਅ ਜੀ ਬਾਬਤ ਆਪਣੇ ਬਹੁਮੁੱਲੇ ਵਿਚਾਰ ਪ੍ਰਗਟ ਕੀਤੇ।



# ਬਾਇਰ ਵੱਲੋਂ ਭਾਰਤੀ ਕਿਸਾਨਾਂ ਲਈ ਕੈਮਾਲਸ ਕੀਟਨਾਸ਼ਕ ਪੇਸ਼




**ਹੁਸ਼ਿਆਰਪੁਰ :** ਬਾਇਰ ਨੇ ਕੈਮਾਲਸ ਲਾਂਚ ਕੀਤਾ ਹੈ। ਕੈਮਲਸ ਇੱਕ ਦੋਹਰੀ ਕਾਰਵਾਈ ਦੀ ਪੇਸ਼ਕਸ਼ ਕਰਦਾ ਹੈ, ਜੋ ਕਿ ਚਬਾਉਣ ਅਤੇ ਚੂਸਣ ਵਾਲੇ ਕੀੜਿਆਂ ਦੋਵਾਂ ਨੂੰ ਕੰਟਰੋਲ ਕਰਦਾ ਹੈ-ਸਬਜ਼ੀਆਂ ਦੀ ਖੇਤੀ ਵਿੱਚ ਇੱਕ ਵੱਡੀ ਚੁਣੌਤੀ।ਇਹ ਜੜ੍ਹਾਂ ਅਤੇ ਪੱਤਿਆਂ ਰਾਹੀਂ ਪੌਦਿਆਂ ਦੀ ਅੰਦਰੋਂ ਰੱਖਿਆ ਕਰਦਾ ਹੈ, ਕੀੜਿਆਂ ਨੂੰ ਜਲਦੀ ਖਾਣ ਤੋਂ ਰੋਕਦਾ ਹੈ, ਅਤੇ ਲੰਬੇ ਸਮੇਂ ਤੱਕ ਚੱਲਣ ਵਾਲੀ ਸੁਰੱਖਿਆ ਪ੍ਰਦਾਨ ਕਰਦਾ ਹੈ, ਵਾਰ-ਵਾਰ ਸਪਰੇਅ ਦੀ ਜ਼ਰੂਰਤ ਨੂੰ ਘਟਾਉਂਦਾ ਹੈ ਅਤੇ ਇਨਪੁਟ ਲਾਗਤਾਂ ਨੂੰ ਘਟਾਉਂਦਾ ਹੈ।ਸਬਜ਼ੀਆਂ ਦੀਆਂ ਫਸਲਾਂ ਜਿਵੇਂ ਕਿ ਟਮਾਟਰ, ਬੈਂਗਣ, ਮਿਰਚ, ਗੋਭੀ ਅਤੇ ਭਿੰਡੀ ਨੂੰ ਸਭ ਤੋਂ ਵੱਧ ਲਾਭ ਹੋਵੇਗਾ ਜਦੋਂ ਕੈਮਲਸ ਨੂੰ ਸ਼ੁਰੂਆਤੀ ਫਸਲ ਪੜਾਵਾਂ ਵਿੱਚ ਲਾਗੂ ਕੀਤਾ ਜਾਂਦਾ ਹੈ।ਮੋਹਨ ਬਾਬੂ, ਕਲਸਟਰ ਕਮਰਸ਼ੀਅਲ ਲੀਡ, ਫਸਲ ਵਿਗਿਆਨ, ਬਾਇਰ , ਭਾਰਤ, ਬੰਗਲਾਦੇਸ਼ ਅਤੇ ਸ਼੍ਰੀਲੰਕਾ ਵਿੱਚ ਨੇ ਕਿਹਾ ਕਿ ਇਹ ਉਤਪਾਦ ਕੀਟ ਪ੍ਰਬੰਧਨ ਨੂੰ ਮਜ਼ਬੂਤ ਕਰੇਗਾ

# ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਨੇ ਅਕਾਲ ਤਖਤ ਸਾਹਿਬ 'ਤੇ ਮਨਾਇਆ ਜਥੇਬੰਦੀ ਦਾ ਸਥਾਪਨਾ ਦਿਵਸ

**● ਸਮੁੱਚੀ ਮਨੁੱਖਤਾ ਸਰਬੱਤ ਦੇ ਭਲੇ ਦਾ ਸੰਕਲਪ ਲੈ ਕੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਕਰੇ: ਢੋਟ, ਸੇਖੋਂ**

**ਚੇਤਨਪੁਰਾ (ਸੁਖਵੰਤ ਚੇਤਨਪੁਰੀ)-** ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਵੱਲੋਂ ਸੰਗਠਨ ਦਾ 81ਵਾਂ ਸਥਾਪਨਾ ਦਿਵਸ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।ਇਸ ਮੌਕੇ ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਦੇ ਪ੍ਰਧਾਨ ਅਮਰਬੀਰ ਸਿੰਘ ਢੋਟ ਅਤੇ ਸਕੱਤਰ ਜਨਰਲ ਭਾਈ ਲਖਬੀਰ ਸਿੰਘ ਸੇਖੋਂ ਦੀ ਅਗਵਾਈ ਹੇਠ ਜਥੇਬੰਦੀ ਦੇ ਨੌਜਵਾਨਾਂ ਨੇ ਭਾਰੀ ਗਿਣਤੀ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹਾਜ਼ਰੀ ਭਰ ਕੇ ਕੌਮ ਦੀ ਚੜ੍ਹਦੀ ਕਲਾ ਲਈ ਅਰਦਾਸ ਬੇਨਤੀ ਕੀਤੀ।ਸਮਾਗਮ ਦੌਰਾਨ ਫੈਡਰੇਸ਼ਨ ਆਗੂਆਂ ਨੇ ਕਿਹਾ ਕਿ ਸੰਗਠਨ ਦੇ 81 ਸਾਲਾਂ ਦਾ ਇਤਿਹਾਸ ਜਥੇਬੰਦੀ ਦੇ ਬਲੀਦਾਨਾਂ, ਸੰਘਰਸ਼ਾਂ ਅਤੇ ਸਿੱਖ ਨੌਜਵਾਨਾਂ ਦੇ ਜਜ਼ਬੇ ਦਾ ਪ੍ਰਤੀਕ ਹੈ।ਅਰਦਾਸ ਰਾਹੀਂ ਸਿੱਖ ਕੌਮ ਲਈ ਅਮਨ, ਏਕਤਾ ਅਤੇ ਨੌਜਵਾਨ ਪੀੜ੍ਹੀ ਨੂੰ ਗੁਰਮਤਿ ਨਾਲ ਜੋੜਨ ਦੀ ਕਾਮਨਾ ਕੀਤੀ ਗਈ। ਇਸ ਮੌਕੇ ਹਾਲ ਹੀ ਵਿੱਚ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਪਰਿਵਾਰਾਂ ਲਈ ਵੀ ਗੁਰੂ ਮਹਾਰਾਜ ਅੱਗੇ ਅਰਦਾਸ ਬੇਨਤੀ ਕੀਤੀ ਗਈ।ਫੈਡਰੇਸ਼ਨ ਵੱਲੋਂ ਕਿਹਾ ਗਿਆ ਕਿ ਕੁਦਰਤੀ ਆਫਤਾਂ ਦੇ ਸਮੇਂ ਸਾਰਾ ਸਿੱਖ ਸਮਾਜ ਇਕ-ਦੂਜੇ ਦਾ ਸਾਥ ਦੇ ਕੇ ਸਰਬੱਤ ਦੇ ਭਲੇ ਦੇ ਸਿਧਾਂਤ 'ਤੇ ਚਲਣ ਦਾ ਫਰਜ਼ ਨਿਭਾਏ। ਪ੍ਰਣ ਕੀਤਾ ਕਿ ਪ੍ਰਕਿਰਤਕ ਆਫ਼ਤ ਕਾਰਨ ਪੀੜਤ ਲੋਕਾਂ ਦੀ ਸਹਾਇਤਾ ਲਈ ਹਰ ਸੰਭਵ ਯੋਗਦਾਨ ਦੇਣ ਲਈ ਜਥੇਬੰਦੀ ਤਤਪਰ ਹੈ।ਫੈਡਰੇਸ਼ਨ ਆਗੂਆਂ ਨੇ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਜਥੇਬੰਦੀ ਦੇ ਉਦੇਸ਼ਾਂ, ਗੁਰਮਤਿ, ਸਿੱਖਿਆ, ਸਮਾਜ ਸੇਵਾ ਅਤੇ ਪੰਥਕ ਏਕਤਾ ਨੂੰ ਅੱਗੇ ਵਧਾਉਣ ਲਈ ਸਰਗਰਮ ਭੂਮਿਕਾ ਨਿਭਾਉਣ।



## ਹਰਬੰਸ ਸਿੰਘ ਨੇ ਥਾਣਾ ਸਿਟੀ ਦਾ ਚਾਰਜ ਸੰਭਾਲਿਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਥਾਣਾ ਸਿਟੀ ਰਾਮਪੁਰਾ ਦਾ ਚਾਰਜ ਹਰਬੰਸ ਸਿੰਘ ਨੇ ਸੰਭਾਲ ਲਿਆ ਹੈ।ਉਨ੍ਹਾਂ ਆਪਣਾ ਅਹੁਦਾ ਸੰਭਾਲਣ ਉਪਰੰਤ ਕਿਹਾ ਕਿ ਥਾਣੇ ਅਧੀਨ ਆਉਂਦੇ ਇਲਾਕੇ ਦੇ ਮੋਹਤਬਰ ਤੇ ਆਮ ਜਨਤਾ ਆਪਣੇ ਖੇਤਰ ਅੰਦਰ ਗਲਤ ਅਨਸਰਾਂ ਦੇ ਹੋਣ ਬਾਰੇ ਪੁਲਸ ਨੂੰ ਸੂਚਿਤ ਕਰਨ ਤਾਂ ਜੋ ਇਲਾਕੇ ਅੰਦਰ ਅਮਨ ਸ਼ਾਂਤੀ ਨੂੰ ਕਾਇਮ ਰੱਖਿਆ ਜਾ ਸਕੇ।ਥਾਣੇ ਅੰਦਰ ਆਉਣ ਵਾਲੇ ਹਰ ਵਿਅਕਤੀ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।ਥਾਣਾ ਮੁਖੀ ਹਰਬੰਸ ਸਿੰਘ ਨੇ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜਾ ਤਾਂ ਉਹ ਆਪਣਾ ਗੋਰਖ ਧੰਦਾ ਬੰਦ ਕਰ ਦੇਣ ਨਹੀਂ ਤਾਂ ਜੇਲ੍ਹ ਦੀਆਂ ਸਲਾਖਾਂ ਪਿੱਛੇ ਜਾਣ ਲਈ ਤਿਆਰ ਰਹਿਣ।ਉਨ੍ਹਾਂ ਜੂਆ, ਦੜਾ, ਸੱਟਾ ਖੇਡਣ ਵਾਲਿਆਂ ਨੂੰ ਵੀ ਸਖਤ ਲਹਿਜੇ ਵਿੱਚ ਕਿਹਾ ਹੈ ਕਿ ਬਿਹਤਰੀ ਇਹ ਹੈ ਕਿ ਤੁਸੀਂ ਰਾਮਪੁਰਾ ਥਾਣਾ ਸਿਟੀ ਦਾ ਖੇਤਰ ਛੱਡ ਦਿਓ ਨਹੀਂ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਉਹਨਾਂ ਕਿਹਾ ਕਿ ਲੋਕਾਂ ਨੂੰ ਟ੍ਰੈਫਿਕ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।ਥਾਣਾ ਮੁਖੀ ਹਰਬੰਸ ਸਿੰਘ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨਬਾਲਿਗ ਬੱਚਿਆਂ ਨੂੰ ਵਹੀਕਲ ਸੜਕ 'ਤੇ ਦੜਾਉਣ ਦੀ ਆਗਿਆ ਨਾ ਦੇਣ, ਇਸ ਨਾਲ ਜਿੱਥੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਹੁੰਦੀ ਹੈ, ਉੱਥੇ ਹੀ ਕਿਸੇ ਅਣਹੋਣੀ ਘਟਨਾ ਤੋਂ ਬਚਿਆ ਜਾ ਸਕਦਾ ਹੈ।

## ਵਿਭਾਗ ਵੱਲੋਂ ਖੇਤੀਬਾੜੀ ਸੰਦਾਂ ਦੀ ਭੌਤਿਕ ਪੜਤਾਲ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਡਿਪਟੀ ਕਮਿਸ਼ਨਰ ਫਿਰੋਜ਼ਪੁਰ ਸ਼੍ਰੀਮਤੀ ਦੀਪਸ਼ਿਖਾ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਮੁੱਖ ਖੇਤੀਬਾੜੀ ਅਫਸਰ ਫ਼ਿਰੋਜ਼ਪੁਰ ਗੁਰਪ੍ਰੀਤ ਸਿੰਘ ਸਿੱਧੂ ਦੀ ਯੋਗ ਅਗਵਾਈ ਅਧੀਨ ਅਮਨਦੀਪ ਸਿੰਘ ਖੇਤੀਬਾੜੀ ਵਿਕਾਸ ਅਫਸਰ, ਸੰਦੀਪ ਕੁਮਾਰ ਖੇਤੀਬਾੜੀ ਵਿਕਾਸ ਅਫਸਰ ਤੇ ਅਮਨਦੀਪ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਸਰਕਲ ਕੋਹਰ ਸਿੰਘ ਵਾਲਾ ਤੇ ਉਨ੍ਹਾਂ ਦੀ ਟੀਮ ਵੱਲੋਂ ਪਿੰਡ ਮੋਠਾ ਵਾਲਾ, ਰੱਤੇ ਵਾਲਾ, ਚੁਘਾ, ਮੋਹਣ ਕੇ ਉਤਾੜ, ਜਮਾਲਗੜ੍ਹ ਤੇ ਪਿੰਡ ਪਿੰਡੀ ਵਿਖੇ ਸੀ.ਆਰ.ਐੱਮ. ਸਕੀਮ ਅਧੀਨ ਕਿਸਾਨਾਂ ਦੀ ਸਹੂਲਤ ਲਈ 80% ਸਬਸਿਡੀ 'ਤੇ ਆਏ ਖੇਤੀਬਾੜੀ ਸੰਦਾ ਦੀ ਭੌਤਿਕ ਪੜਤਾਲ ਕੀਤੀ ਗਈ।ਇਸ ਮੌਕੇ ਮੌਜੂਦ ਖੇਤੀਬਾੜੀ ਮਾਹਰਾਂ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਤੇ ਇਸ ਦੇ ਨਾਲ ਹੋਣ ਵਾਲੇ ਨੁਕਸਾਨ ਸਬੰਧੀ ਵੀ ਦੱਸਿਆ ਗਿਆ।ਇਸ ਤੋਂ ਇਲਾਵਾ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਲਈ ਮਹਿਕਮੇ ਵੱਲੋਂ ਖੇਤੀਬਾੜੀ ਮਸ਼ੀਨਰੀ ਤੇ ਆਉਣ ਵਾਲੀ ਸਬਸਿਡੀ ਬਾਰੇ ਵੀ ਕਿਸਾਨਾਂ ਨੂੰ ਜਾਗਰੂਕ ਕੀਤਾ ਗਿਆ ਤਾਂ ਜੋ ਕਿਸਾਨ ਇਸ ਦਾ ਵੱਧ ਤੋਂ ਵੱਧ ਫਾਇਦਾ ਲੈ ਸਕਣ।

## ਮਹਾਰਾਜ ਅਗਰਸੈਨ ਜਯੰਤੀ ਮਨਾਉਣ ਸੰਬੰਧੀ ਮੀਟਿੰਗ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮਹਾਰਾਜ ਅਗਰਸੈਨ ਜੀ ਦੀ ਜੇਯੰਤੀ ਮਨਾਉਣ ਸੰਬੰਧੀ ਅਗਰਵਾਲ ਭਾਈਚਾਰੇ ਦੀ ਮੀਟਿੰਗ ਸਭਾ ਦੇ ਪ੍ਰਧਾਨ ਵਿਜੇ ਬਾਂਸਲ ਤੇ ਯੂਥ ਪ੍ਰਧਾਨ ਪਵਨ ਗੋਇਲ ਦੀ ਅਗਵਾਈ 'ਚ ਜਨਤਾ ਧਰਮਸ਼ਾਲਾ ਨਿਹਾਲ ਸਿੰਘ ਵਾਲਾ ਰੋਡ ਬਾਘਾ ਪੁਰਾਣਾ ਵਿਖੇ ਹੋਈ ਤੇ ਆਏ ਹੋਏ ਸਾਰੇ ਮੈਂਬਰ ਸਾਹਿਬਾਨਾਂ ਨੇ ਮਹਾਰਾਜ ਅਗਰਸੈਨ ਜੀ ਦਾ ਜਨਮ ਦਿਨ ਮਨਾਉਣ ਬਾਰੇ ਵਿਚਾਰ ਵਿਟਾਂਦਰਾ ਕੀਤਾ। ਸਾਰੇ ਹੀ ਅਗਰਵਾਲ ਭਾਈਚਾਰੇ ਦੀ ਸਹਿਮਤੀ ਨਾਲ ਸ੍ਰੀ ਅਗਰਸੈਨ ਮਹਾਰਾਜ ਜੀ ਦੀ ਅਗਰਸੈਨ ਜੇਯੰਤੀ 22 ਤੇ 27 ਸਤੰਬਰ ਨੂੰ ਮਨਾਉਣ ਦਾ ਪ੍ਰੋਗਰਾਮ ਬਣਾਇਆ। ਪ੍ਰਧਾਨ ਵਿਜੇ ਬਾਂਸਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 22 ਸਤੰਬਰ ਨੂੰ ਸਵੇਰੇ 10:15 ਵਜੇ ਮਹਾਰਾਜ ਅਗਰਸੈਨ ਚੌਕ 'ਚ ਜੋਤੀ ਪ੍ਰਚੰਡ ਕਰਕੇ ਮਹਾਰਾਜ ਅਗਰਸੈਨ ਜੀ ਦੀ ਆਰਤੀ ਕਰਕੇ ਲੱਡੂਆਂ ਦਾ ਪ੍ਰਸ਼ਾਦ ਵੰਡਿਆ ਜਾਵੇਗਾ ਤੇ 27 ਸਤੰਬਰ ਨੂੰ ਸ਼ਾਮ ਕਰੀਬ 07:00 ਵਜੇ ਟਾਈਮ ਜੈਨ ਮਾਡਲ ਹਾਈ ਸਕੂਲ ਕਾਲੇਕੇ ਰੋਡ ਬਾਘਾ ਪੁਰਾਣਾ ਵਿਖੇ ਜਯੰਤੀ ਮਨਾਈ ਜਾਵੇਗੀ। ਇਸ ਮੌਕੇ ਯੂਥ ਪ੍ਰਧਾਨ ਪਵਨ ਗੋਇਲ, ਸੈਕਟਰੀ ਅਸ਼ੋਕ ਗਰਗ, ਸਹਾਇਕ ਸੈਕਟਰੀ ਸੁਰਿੰਦਰ ਬਾਂਸਲ, ਕੈਸ਼ੀਅਰ ਕ੍ਰਿਸ਼ਨ ਕਾਂਸਲ, ਲਖਵਿੰਦਰ ਗਰਗ, ਦੀਪਕ ਬਾਂਸਲ, ਸਾਹਿਲ ਬਾਂਸਲ, ਪ੍ਰੇਮ ਬਾਂਸਲ, ਬੱਲੂ ਬਾਂਸਲ, ਬਲਕ੍ਰਿਸ਼ਨ ਗਰਗ, ਰਾਜਿੰਦਰ ਗੋਇਲ, ਦਵਿੰਦਰ ਚੀਕਾ, ਪਵਨ ਕਾਂਸਲ, ਯਾਦਵਿੰਦਰ ਬਾਂਸਲ, ਟੀਟੂ ਗਰਗ, ਅਮਿਤ ਜਿੰਦਲ, ਪਵਨ ਸਿੰਗਲਾ, ਅਰੁਣ ਮਿੱਤਲ, ਭਗਵੰਤ ਰਾਏ ਜੁਗਨੂੰ ਤੇ ਬਾਂਸਲ ਬਿੱਟਾ ਜਿੰਦਲ ਆਦਿ ਹਾਜ਼ਰ ਸਨ।

## ਵਿਧਾਇਕ ਤੇ ਮੇਅਰ ਵੱਲੋਂ ਹਲਕਾ ਪੂਰਬੀ ਦੇ ਲੋਕਾਂ ਲਈ ਮੋਬਾਈਲ ਵੈਨ ਸਮਰਪਤ



**ਲੁਧਿਆਣਾ (ਰਾਜ ਸਿੰਗਲਾ)**-ਪੰਜਾਬ ਦੀ ਭਗਵੰਤ ਮਾਨ ਸਰਕਾਰ ਸਿਹਤ ਵਿਭਾਗ ਨੂੰ ਲੈ ਕੇ ਕਾਫੀ ਪੱਧਰ 'ਤੇ ਕੰਮ ਕਰ ਰਹੀ ਹੈ ਪਹਿਲਾਂ ਸਰਕਾਰ ਨੇ ਮਹੱਲਾ ਕਲੀਨਿਕ ਵੀ ਕਾਫੀ ਖੋਲ੍ਹੇ ਹਨ, ਉਸੇ ਲੜੀ ਤਹਿਤ ਅੱਜ ਮਹਾਂਨਗਰ ਦੇ ਵਾਰਡ ਨੰਬਰ 13 ਸੁਭਾਸ਼ ਨਗਰ ਵਿਖੇ ਸਿਵਲ ਹਸਪਤਾਲ ਨਵੀ ਐਂਬੂਲੈਂਸ ਵੈਨ ਨੂੰ ਰਵਾਨਾ ਕੀਤਾ ਗਿਆ, ਜੋ ਲੁਧਿਆਣਾ ਸ਼ਹਿਰ ਹਲਕਾ ਪੂਰਵੀ ਦੇ ਹਰ ਵਾਰਡ ਤੇ ਮੁਹੱਲੇ ਵਿੱਚ ਡੋਰ ਟੂ ਡੋਰ ਜਾ ਕੇ ਲੋਕਾਂ ਦੀ ਸਹਾਇਤਾ ਲਈ ਹਾਜ਼ਰ ਹੋਵੇਗੀ। ਇਹ ਵਿਚਾਰ ਹਲਕਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ ਤੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਵੈਨ ਨੂੰ ਰਵਾਨਾ ਕਰਦਿਆਂ ਪੱਤਰਕਾਰਾਂ ਨਾਲ ਸਾਂਝੇ ਕੀਤੇ।ਇਸ ਮੌਕੇ ਬੋਲਦਿਆਂ ਲੁਧਿਆਣਾ ਦੇ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਕਿਹਾ ਕਿ ਪੰਜਾਬ ਅੰਦਰ ਆਏ ਹਾੜ੍ਹਾ ਹੜ੍ਹਾਂ ਕਾਰਨ ਸ਼ਹਿਰ ਦੇ ਕਾਫੀ ਇਲਾਕਿਆਂ ਵਿੱਚ ਜਿੱਥੇ ਵੀ ਕਿਤੇ ਜਨਤਾ ਨੂੰ ਲੋੜ ਪਵੇਗੀ, ਇਹ ਵੈਨ ਡਾਕਟਰ ਸਾਹਿਬਾਨ ਨਾਲ ਲੈਸ ਹੋ ਕੇ ਗਲੀ ਮਹੱਲੇ ਤੇ ਵਾਰਡਾਂ ਦੇ ਅੰਦਰ ਲੋੜਵੰਦਾਂ ਦਾ ਹਰ ਸਮੇਂ ਇਲਾਜ ਕਰੇਗੀ।

## ਪੀ ਜੀ ਆਈ ਵੱਲੋਂ ਗਾਮਾ ਨਾਇਫ ਤਕਨੀਕ ਰਾਹੀਂ 2 ਹਜ਼ਾਰ ਮਰੀਜ਼ਾਂ ਦਾ ਸ.ਫਲ ਇਲਾਜ

**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਚੰਡੀਗੜ੍ਹ ਵੱਲੋਂ ਸਿਹਤ ਸੁਧਾਰ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਦਿਆਂ ਮੈਡੀਕਲ ਕਾਰਨਾਮੇ ਵਿੱਚ ਵੱਡਾ ਨਾਮਣਾ ਖੱਟਿਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੀਜੀਆਈ ਦੇ ਡਾ. ਸੁਸ਼ਾਂਤ ਕੁਮਾਰ ਸਾਹੂ, ਡਾ. ਰੇਣੂ ਮਦਾਨ, ਡਾ. ਨਰਿੰਦਰ ਕੁਮਾਰ, ਡਾ. ਧੰਡਾਪਾਨੀ ਐੱਸ. ਐੱਸ. ਤੇ ਡਾ. ਚਿਰਾਗ ਆਹੂਜਾ ਦੀ ਟੀਮ ਨੇ ਗਾਮਾ ਨਾਈਫ ਰੇਡੀਓਸਰਜਰੀ ਰਾਹੀਂ ਦਿਮਾਗ ਦੀਆਂ ਬਿਮਾਰੀਆਂ ਦੇ 2 ਹਜ਼ਾਰ ਤੋਂ ਵੱਧ ਮਰੀਜ਼ਾਂ ਦਾ ਸਫਲ ਇਲਾਜ ਕੀਤਾ ਹੈ।ਇਹ ਸਰਜਰੀ ਰਹਿਤ ਤਰੀਕਾ 34 ਸਟੀਰੀਓਟੈਕਸੀ ਦੀ ਵਰਤੋਂ ਕਰਕੇ ਇੱਕ ਉੱਚ ਖੁਰਾਕ ਵਾਲੀ ਰੇਡੀਏਸ਼ਨ ਸਿੱਧੀ ਤੌਰ 'ਤੇ ਪਹੁੰਚਾਉਂਦਾ ਹੈ, ਜੋ ਕਿ ਬਿਨਾਂ ਕਿਸੇ ਕੱਟ ਦੇ ਅਸਧਾਰਣ ਗੱਠਾਂ ਨੂੰ ਨਸ਼ਟ ਕਰ ਦਿੰਦਾ ਹੈ।ਗਾਮਾ ਨਾਈਫ ਰੇਡੀਓਸਰਜਰੀ ਨਾਲ ਦਿਮਾਗ ਦੇ ਬਹੁਤ ਹੀ ਗਹਿਰਾਈ ਵਿੱਚ ਹੋਣ ਵਾਲੇ ਖੋਪਰੀ ਦੇ ਟਿਊਮਰ ਜਿਵੇਂ ਕਿ ਮੇਨਿੰਜੀਓਮਾ, ਸੀਪੀ ਐਂਗਲ ਟਿਊਮਰ ਅਤੇ ਕੋਰਡੋਮਾ, ਜੋ ਬਹੁਤ ਨਾਜ਼ੁਕ ਨਾੜਾਂ ਦੇ ਨੇੜੇ ਹੁੰਦੇ ਹਨ, ਦਾ ਵੀ ਇਲਾਜ ਸੰਭਵ ਹੈ।ਡਾ. ਸੁਸ਼ਾਂਤ ਦੀ ਟੀਮ ਨੇ ਗਾਮਾ ਨਾਈਫ ਦੀ ਵਰਤੋਂ ਕਰਦਿਆਂ ਕਈ ਨਵੇਂ ਤਰੀਕੇ ਵਿਕਸਿਤ ਕੀਤੇ ਹਨ ਤੇ ਨਵੇਂ ਪ੍ਰੋਟੋਕਾਲ ਤਿਆਰ ਕੀਤੇ ਹਨ।ਬਹੁਤ ਸਾਰੇ ਦਿਮਾਗੀ ਟਿਊਮਰ, ਜਿਨ੍ਹਾਂ ਦਾ ਪਹਿਲਾਂ ਇਲਾਜ ਕਰਨਾ ਮੁਸ਼ਕਲ ਮੰਨਿਆ ਜਾਂਦਾ ਸੀ, ਹੁਣ ਉਨ੍ਹਾਂ ਦੀ ਟੀਮ ਵੱਲੋਂ ਪੀਜੀਆਈ ਦੇ ਗਾਮਾ ਨਾਈਫ ਸੈਂਟਰ 'ਤੇ ਸਫਲਤਾਪੂਰਵਕ ਇਲਾਜ ਕੀਤੇ ਜਾ ਰਹੇ ਹਨ।

## ਵੱਖ-ਵੱਖ ਸੰਸਥਾਵਾਂ ਵੱਲੋਂ ਵਾਤਾਵਰਣ ਪ੍ਰੇਮੀ ਗੰਗੋਹਰ ਦਾ ਸਨਮਾਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਵਾਤਾਵਰਣ ਦੀ ਸੰਭਾਲ ਤੇ ਧਰਤੀ ਨੂੰ ਹਰਾ-ਭਰਿਆ ਬਣਾਉਣ ਲਈ ਆਪਣੀ ਜ਼ਿੰਦਗੀ ਦੇ ਮਹਿੰਗੇ ਪਲ ਸਮਰਪਤ ਭਾਵਨਾ ਲੇਖੇ ਲਾਉਣ ਵਾਲੇ ਵਾਤਾਵਰਣ ਪ੍ਰੇਮੀ ਜੀਤ ਸਿੰਘ ਗੰਗੋਹਰ ਨੂੰ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ, ਮੀਰੀ ਪੀਰੀ ਸੇਵਾ ਲਹਿਰ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਪ੍ਰਧਾਨ ਬਾਬਾ ਸ਼ੇਰ ਸਿੰਘ, ਭਾਈ ਸਵਰਨ ਸਿੰਘ ਖ਼ਾਲਸਾ ਨੇ ਲਗਾਤਾਰ ਕਈ ਦਹਾਕੇ ਤੋਂ ਮਹਿਲ ਕਲਾਂ ਦੇ ਵੱਖ-ਵੱਖ ਪਿੰਡਾਂ 'ਚ ਬੋਹੜ ਤੇ ਪਿੱਪਲ ਵਰਗੇ ਜੀਵਨ ਦਾਨੀ ਦਰੱਖ਼ਤ ਲਗਾਉਣ ਉਪਰੰਤ ਉਨ੍ਹਾਂ ਦੀ ਸਾਂਭ ਸੰਭਾਲ ਕਰਕੇ ਪਿੰਡਾਂ ਦੀ ਸ਼ੋਭਾ ਵਧਾਈ ਤੇ ਵਾਤਾਵਰਣ ਪ੍ਰਤੀ ਲੋਕਾਂ ਵਿੱਚ ਜਾਗਰੂਕਤਾ ਪੈਦਾ ਕੀਤੀ ਹੈ।ਇਸ ਮੌਕੇ ਮੀਰੀ-ਪੀਰੀ ਸੇਵਾ ਲਹਿਰ ਤੇ ਲੋਕਲ ਗੁਰਦੁਆਰਾ ਕਮੇਟੀ ਵੱਲੋਂ ਸਨਮਾਨ ਚਿੰਨ੍ਹ ਭੇਟ ਕਰਕੇ ਵਾਤਾਵਰਣ ਪ੍ਰੇਮੀ ਜੀਤ ਸਿੰਘ ਗੰਗੋਹਰ ਦਾ ਸਨਮਾਨ ਕੀਤਾ ਗਿਆ।ਵੱਖ ਵੱਖ ਆਗੂਆਂ ਨੇ ਕਿਹਾ ਕਿ ਜੀਤ ਸਿੰਘ ਗੰਗੋਹਰ ਨੇ ਬੂਟਿਆਂ ਨੂੰ ਆਪਣਾ ਧਾਰਮਿਕ ਤੇ ਸਮਾਜਿਕ ਫ਼ਰਜ਼ ਸਮਝ ਕੇ ਲਗਾਇਆ ਹੈ।ਉਨ੍ਹਾਂ ਦੀ ਮਿਹਨਤ ਸਦਕਾ ਸੈਂਕੜੇ ਦਰੱਖ਼ਤ ਅੱਜ ਪਿੰਡਾਂ ਦੀ ਸ਼ਾਨ ਬਣ ਕੇ ਠੰਢਕ ਤੇ ਆਕਸੀਜਨ ਪ੍ਰਦਾਨ ਕਰ ਰਹੇ ਹਨ।ਪ੍ਰਚਾਰਕ ਬੀਬੀ ਗਗਨਦੀਪ ਕੌਰ ਖ਼ਾਲਸਾ ਨੇ ਕਿਹਾ ਕਿ ਸਾਨੂੰ ਵੀ ਉਨ੍ਹਾਂ ਵੱਲੋਂ ਕੀਤੇ ਕਾਰਜ ਤੋਂ ਸੇਧ ਲੈ ਕੇ ਵਾਤਾਵਰਣ ਨੂੰ ਬਚਾਉਣ ਲਈ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ।ਵਾਤਾਵਰਣ ਪ੍ਰੇਮੀ ਜੀਤ ਸਿੰਘ ਗੰਗੋਹਰ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਇੱਛਾ ਹੈ ਕਿ ਉਨ੍ਹਾਂ ਦੇ ਲਗਾਏ ਦਰੱਖ਼ਤ ਪਿੰਡਾਂ ਨੂੰ ਸਦਾ ਹਰਾ-ਭਰਿਆ ਰੱਖਣ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਿਹਤਮੰਦ ਵਾਤਾਵਰਣ ਛੱਡਣ।ਇਸ ਮੌਕੇ ਕਾਂਗਰਸੀ ਆਗੂ ਗੁਰਮੇਲ ਸਿੰਘ ਮੌੜ, ਗਿਆਨੀ ਸਤਨਾਮ ਸਿੰਘ, ਰਾਗੀ ਜਗਸੀਰ ਸਿੰਘ, ਭਾਈ ਹਰਪਾਲ ਸਿੰਘ ਤੇ ਸਮੂਹ ਪ੍ਰਬੰਧਕ ਹਾਜ਼ਰ ਸਨ।

# ਡਾਕਟਰ ਓਬਰਾਏ ਵੱਡੀ ਤਦਾਦ 'ਚ ਹੜ੍ਹ ਪੀੜਤਾਂ ਲਈ ਸਾਮਾਨ ਲੈ ਕੇ ਪਹੁੰਚੇ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਵਿੱਚ ਪੰਜਾਬ ਵਿੱਚ ਆਏ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਲੋੜੀਂਦਾ ਸਾਮਾਨ (ਸੁੱਕਾ ਰਾਸ਼ਨ, ਮੱਛਰਦਾਨੀਆਂ, ਸੈਨਟਰੀ ਪੈਡ, ਦਵਾਈਆਂ, ਤਰਪਾਲਾਂ, ਪਸ਼ੂਆਂ ਦੀ ਫੀਡ) ਵੱਡੀ ਪੱਧਰ ਤੇ ਮੁਹੱਈਆ ਕਰਵਾਇਆ ਜਾ ਰਿਹਾ ਹੈ।ਬੀਤੇ ਕੱਲ੍ਹ ਡਾਕਟਰ ਓਬਰਾਏ ਵੱਲੋਂ ਜਸਟਿਸ ਨਵਾਬ ਸਿੰਘ (ਪੰਜਾਬ ਹਰਿਆਣਾ ਹਾਈਕੋਰਟ) ਦੇ ਨਾਲ ਤੀਸਰੇ ਦੌਰ ਵਿੱਚ ਹੜ੍ਹਾਂ ਤੋਂ ਪ੍ਰਭਾਵਿਤ ਪਿੰਡਾਂ (ਰੁਕਨੇਵਾਲਾ ਬੰਨ, ਅਰਾਜੀ ਸਭਰਾਂ, ਬਸਤੀ ਗਰੀਬ ਸਿੰਘ, ਰੋਡੇਵਾਲਾ) ਦਾ ਦੌਰਾ ਕੀਤਾ ਗਿਆ। ਪੀੜਤ ਲੋਕਾਂ ਨਾਲ ਗੱਲਬਾਤ ਕੀਤੀ ਤੇ ਲੋੜੀਂਦੇ ਸਾਮਾਨ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਹਾਸਲ ਕੀਤੀ ਅਤੇ ਆਉਣ ਵਾਲੇ ਸਮੇਂ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਵੀ ਜਾਣਕਾਰੀ ਲਈ ਅਤੇ ਹੜ੍ਹਾਂ ਨਾਲ ਪੀੜਤ ਲੋਕਾਂ ਨਾਲ ਲੰਮੇ ਸਮੇਂ ਤੱਕ ਸਹਿਯੋਗ ਦੇਣ ਦਾ ਐਲਾਨ ਵੀ ਕੀਤਾ।ਡਾ. ਓਬਰਾਏ ਅਪਣੇ ਨਾਲ ਵੱਡੀ ਤਦਾਦ ਵਿੱਚ ਸਾਮਾਨ (ਤਰਪਾਲਾਂ, ਮੱਛਰਦਾਨੀਆਂ, ਸੈਨਟਰੀ ਪੈਡ, ਦਵਾਈਆਂ, ਸੁੱਕਾ ਰਾਸ਼ਣ, ਪਸ਼ੂਆਂ ਦੀ ਫੀਡ) ਵੀ ਲੈ ਕੇ ਆਏ ਸਨ।ਅਮਰਜੀਤ ਕੌਰ ਪ੍ਰਧਾਨ ਫਿਰੋਜ਼ਪੁਰ ਇਕਾਈ ਤੇ ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਡਾ. ਓਬਰਾਏ ਵੱਲੋਂ ਲਿਆਂਦੇ ਸਾਮਾਨ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀਆਂ ਟੀਮਾਂ ਵੱਲੋਂ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤਰਤੀਬ ਅਨੁਸਾਰ ਲੋੜਵੰਦਾਂ ਨੂੰ ਤਕਸੀਮ ਕੀਤਾ ਗਿਆ, ਜਿਸ ਦੀ ਸ਼ੁਰੂਆਤ ਡਾ. ਓਬਰਾਏ ਤੇ ਜਸਟਿਸ ਨਵਾਬ ਸਿੰਘ ਵੱਲੋਂ ਕੀਤੀ ਗਈ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਮੌਕੇ ਨਰੇਸ਼ ਕਟਾਰੀਆ ਵਿਧਾਇਕ, ਐੱਸ ਡੀ ਐੱਮ ਜ਼ੀਰਾ, ਤਹਿਸੀਲਦਾਰ ਜ਼ੀਰਾ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਵੱਲੋਂ ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਸੁਖਬੀਰ ਸਿੰਘ ਜੈਲਦਾਰ, ਹਰਭਗਵਾਨ ਸਿੰਘ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਫਿਰੋਜ਼ਪੁਰ ਵੱਲੋਂ ਦਵਿੰਦਰ ਸਿੰਘ ਛਾਬੜਾ ਮੀਤ ਪ੍ਰਧਾਨ, ਰਣਜੀਤ ਸਿੰਘ ਰਾਏ ਸਲਾਹਕਾਰ, ਮਹਾਂਵੀਰ ਸਿੰਘ, ਰਣਧੀਰ ਜੋਸ਼ੀ, ਬਲਵਿੰਦਰ ਕੌਰ, ਤਲਵਿੰਦਰ ਕੌਰ ਆਦਿ ਹਾਜ਼ਰ ਸਨ।

## ਆਪਣਿਆਂ ਦੀ ਤਕਲੀਫ਼ ਨਾ ਦੇਖਣ ਵਾਲਾ ਅਨਪੜ੍ਹ ਹੀ ਹੁੰਦਾ ਹੈ : ਗਰਗ

**ਜੈਤੋ (ਸਤੀਸ਼ ਕੁਮਾਰ ਭੀਰੀ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾਵਾਂ ਸ਼ਿਵਾਲਿਕ ਪਬਲਿਕ ਸਕੂਲ, ਅਲਾਇੰਸ ਇੰਟਰਨੈਸ਼ਨਲ ਸਕੂਲ ਤੇ ਸਵਾਮੀ ਵਿਵੇਕਾਨੰਦ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਸਰਵੇ ਸਰਵਾ ਅਸ਼ੋਕ ਕੁਮਾਰ ਗਰਗ ਨੇ ਸ਼ਿਵਾਲਿਕ ਕਿਡਜ਼ ਸਕੂਲ ਵਿਖੇ ਸਟਾਫ ਤੇ ਵਿਦਿਆਰਥੀਆਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਹਰ ਪਲ੍ਹ ਮੁਸਕਰਾਓ ਬਹੁਤ ਖ਼ਾਸ ਹੈ ਜ਼ਿੰਦਗੀ, ਕੀ ਸੁੱਖ ਕੀ ਦੁੱਖ ਵੱਡੀ ਆਸ ਹੈ ਜ਼ਿੰਦਗੀ ਨਾ ਸ਼ਿਕਾਇਤ ਕਰੋ ਨਾ ਹੀ ਕਦੇ ਉਦਾਸ ਹੋਵੋ ਜ਼ਿੰਦਾਦਿਲ ਨਾਲ ਜਿਉਣ ਦਾ ਅਹਿਸਾਸ ਹੈ ਜ਼ਿੰਦਗੀ।ਅਸ਼ੋਕ ਕੁਮਾਰ ਗਰਗ ਨੇ ਬਹੁਤ ਹੀ ਵਧੀਆ ਤਰਕ ਨਾਲ ਕਿਹਾ ਕਿ ਮੈਂ ਸਭ ਕੁਝ ਤੇ ਤੂੰ ਕੁਝ ਵੀ ਨਹੀਂ ਬੱਸ ਇਹੀ ਸੋਚ ਸਾਨੂੰ ਇੰਨਸਾਨ ਨਹੀਂ ਬਣਨ ਦਿੰਦੀ।ਉਨ੍ਹਾਂ ਕਿਹਾ ਕਿ ਇੱਜ਼ਤ ਸਦਾ ਵਕਤ ਦੀ ਹੁੰਦੀ ਹੈ, ਪਰ ਆਦਮੀ ਉਸ ਨੂੰ ਆਪਣੀ ਸਮਝ ਲੈਂਦਾ ਹੈ, ਝੂਠ ਤੇ ਦਿਖਾਵਾ ਕਿੰਨਾ ਵੀ ਤੇਜ਼ ਹੋਵੇ ਮੰਜ਼ਿਲ ਤੱਕ ਸਿਰਫ਼ ਸੱਚ ਹੀ ਪਹੁੰਚਦਾ ਹੈ।

ਅੰਤ ਵਿੱਚ ਅਸ਼ੋਕ ਕੁਮਾਰ ਗਰਗ ਨੇ ਕਿਹਾ ਕਿ ਸਾਡੇ ਕੋਲ ਭਾਵੇਂ ਜ਼ਮਾਨੇ ਭਰ ਦੀਆਂ ਡਿਗਰੀਆਂ ਹੋਣ, ਜੇ ਆਪਣਿਆਂ ਦੀ ਤਕਲੀਫ਼ ਨਹੀਂ ਪੜ੍ਹ ਸਕਦੇ ਤਾਂ ਅਸੀਂ ਅਨਪੜ੍ਹ ਹੀ ਹਾਂ। ਪਿਆਰੇ ਬੱਚਿਓ ਤੇ ਸਾਥੀਓ ਅਸੀਂ ਦੋ ਹੱਥਾਂ ਨਾਲ ਦਸ ਲੋਕਾਂ ਨੂੰ ਨਹੀਂ ਹਰਾ ਸਕਦੇ, ਪ੍ਰੰਤੂ ਦੋ ਹੱਥ ਜੋੜ ਕੇ ਕਰੋੜਾਂ ਲੋਕਾਂ ਦਾ ਦਿਲ ਜਿੱਤ ਸਕਦੇ ਹਾਂ।

## ਦੇਸ਼ ਭਗਤ ਆਯੁਰਵੈਦਿਕ ਕਾਲਜ 'ਚ ਮਨਾਇਆ ਅਧਿਆਪਕ ਦਿਵਸ

**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਆਯੁਰਵੈਦਿਕ ਕਾਲਜ ਤੇ ਹਸਪਤਾਲ ਵਿਖੇ ਅਧਿਆਪਕ ਦਿਵਸ ਮਨਾਉਣ ਲਈ ਇੱਕ ਸ਼ਾਨਦਾਰ ਸਮਾਗਮ ਕੀਤਾ ਗਿਆ।ਇਹ ਪ੍ਰੋਗਰਾਮ ਡਾਇਰੈਕਟਰ ਪ੍ਰੋਫੈਸਰ ਡਾ. ਕੁਲਭੂਸ਼ਣ ਤੇ ਪ੍ਰਿੰਸੀਪਲ ਪ੍ਰੋਫੈਸਰ ਡਾ. ਹੇਮਰਾਜ ਦੀ ਅਗਵਾਈ ਹੇਠ ਕਰਾਇਆ ਗਿਆ।ਸਮਾਗਮ ਦਾ ਉਦਘਾਟਨ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਕੀਤਾ ਅਤੇ ਉਨ੍ਹਾਂ ਨੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਅਤੇ ਆਸ਼ੀਰਵਾਦ ਦਿੱਤਾ।ਉਨ੍ਹਾਂ ਵਿਦਿਆਰਥੀਆਂ 'ਚ ਗਿਆਨ ਤੇ ਚਰਿੱਤਰ ਨੂੰ ਨਿਖਾਰਨ ਵਿੱਚ ਸਿੱਖਿਅਕਾਂ ਦੀ ਅਨਮੋਲ ਭੂਮਿਕਾ 'ਤੇ ਚਾਨਣਾ ਪਾਇਆ।ਇਸ ਜਸ਼ਨ ਵਿੱਚ ਬੀਏਐਮਐਸ ਦੇ ਵਿਦਿਆਰਥੀਆਂ ਦੁਆਰਾ ਰੰਗਾਰੰਗ ਸੱਭਿਆਚਾਰਕ ਪੇਸ਼ਕਾਰੀਆਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਨੇ ਆਪਣੇ ਗੁਰੂਆਂ ਨੂੰ ਗੀਤ, ਨਾਚ ਤੇ ਸਕਿੱਟਾਂ ਸਮਰਪਿਤ ਕੀਤੀਆਂ।ਸਮਾਗਮ ਨੂੰ ਸੰਬੋਧਨ ਕਰਦੇ ਡੀਬੀਏਸੀਐਚ ਦੇ ਪ੍ਰਿੰਸੀਪਲ, ਪ੍ਰੋ. ਡਾ. ਹੇਮਰਾਜ ਨੇ ਫੈਕਲਟੀ ਮੈਂਬਰਾਂ ਦੀ ਡੂੰਘੀ ਪ੍ਰਸੰਸਾ ਕੀਤੀ।ਉਨ੍ਹਾਂ ਸਿੱਖਿਆ ਪ੍ਰਤੀ ਉਨ੍ਹਾਂ ਦੇ ਸਮਰਪਣ ਅਤੇ ਭਵਿੱਖ ਦੇ ਸਿਹਤ ਸੰਭਾਲ ਪੇਸ਼ੇਵਰਾਂ ਨੂੰ ਹੁਨਰ, ਹਮਦਰਦੀ ਤੇ ਵਚਨਬੱਧਤਾ ਨਾਲ ਘੜਨ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਦੀ ਸ਼ਲਾਘਾ ਕੀਤੀ।

## ਐੱਸ ਕੇ ਐੱਮ ਨੇ ਮੁੱਖ ਮੰਤਰੀ ਦੇ ਨਾਮ ਐੱਸ ਡੀ ਐੱਮ ਨੂੰ ਸੌਂਪਿਆ ਮੰਗ ਪੱਤਰ

### ਨੁਕਸਾਨੀਆਂ ਫ਼ਸਲਾਂ ਦਾ 70 ਹਜ਼ਾਰ ਫੀ ਏਕੜ ਮੁਅਵਜ਼ਾ ਦਿੱਤਾ ਜਾਵੇ : ਪੁੰਨਾਂਵਾਲ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ, ਮਨੋਹਰ ਸੱਗੂ)**-ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ੁਮਾਰ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਐੱਸ.ਡੀ.ਐੱਮ. ਧੂਰੀ ਨੂੰ ਪੰਜਾਬ ਦੇ ਮੁੱਖ ਮੰਤਰੀ ਦੇ ਨਾਮ ਮੰਗ ਪੱਤਰ ਸੌਂਪ ਕੇ ਹੜ੍ਹਾਂ ਦੀ ਕੁਦਰਤੀ ਆਫ਼ਤ ਕਾਰਨ ਪੀੜਤ ਲੋਕਾਂ ਦੀ ਬਾਂਹ ਫੜਨ ਦੀ ਅਪੀਲ ਕੀਤੀ ਹੈ। ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਮੇਜਰ ਸਿੰਘ ਪੁੰਨਾਂਵਾਲ ਨੇ ਮੰਗ ਪੱਤਰ ਵਿੱਚ ਦਰਜ ਮੰਗਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਵਿੱਚ ਹੜ੍ਹਾਂ ਦੀ ਕੁਦਰਤੀ ਆਫਤ ਨੇ ਵੱਡੇ ਪੱਧਰ 'ਤੇ ਤਬਾਹੀ ਲਿਆਂਦੀ ਹੈ, ਜਿਸ ਲਈ ਸਰਕਾਰ 'ਤੇ ਹੀ ਪੀੜਤਾਂ ਦੀ ਅੱਖ ਟਿਕੀ ਹੋਈ ਹੈ।ਇਸ ਸਾਲ ਮੱਕੀ, ਮੂੰਗੀ, ਮਿਰਚਾਂ, ਝੋਨੇ ਦੀ ਫਸਲ ਵੱਡੇ ਪੱਧਰ 'ਤੇ ਪੰਜਾਬ ਵਿੱਚ ਬੀਜੀ ਹੋਈ ਹੈ, ਪਰ ਇਹ ਫਸਲ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ।ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਤੁਰੰਤ 70 ਹਜ਼ਾਰ ਰੁਪੈ ਫੀ ਏਕੜ ਦੀ ਮੁਆਵਜ਼ਾ ਰਾਸ਼ੀ ਐਲਾਨ ਕੀਤੀ ਜਾਵੇ, ਜਿਨ੍ਹਾਂ ਵਿਅਕਤੀਆਂ ਦੀ ਹੜ੍ਹਾਂ ਵਿੱਚ ਮੌਤ ਹੋ ਗਈ ਹੈ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ 10 ਲੱਖ ਰੁਪੈ ਦੀ ਸਹਾਇਤਾ ਦਿੱਤੀ ਜਾਵੇ।ਪ੍ਰਤੀ ਪਸ਼ੂ 1 ਲੱਖ ਰੁਪੈ ਮੁਆਵਜ਼ਾ ਦਿੱਤਾ ਜਾਵੇ। ਜਿਨ੍ਹਾਂ ਵਿਅਕਤੀਆਂ ਦੇ ਘਰਾਂ, ਮਸ਼ੀਨਾਂ ਨੂੰ ਨੁਕਸਾਨ ਪਹੁੰਚਿਆ ਹੈ, ਉਨ੍ਹਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਸਰਕਾਰੀ ਪੱਧਰ 'ਤੇ ਕਰਵਾਇਆ ਜਾਵੇ।ਇਸ ਮੌਕੇ ਜਰਨੈਲ ਸਿੰਘ ਜਹਾਂਗੀਰ, ਨਾਜਮ ਸਿੰਘ ਪੁੰਨਾਂਵਾਲ, ਗੁਰਜੀਤ ਸਿੰਘ ਭੜੀ ਮਾਨਸਾ, ਜੀਵਨ ਸਿੰਘ ਜਹਾਂਗੀਰ, ਭੂਪਿੰਦਰ ਸਿੰਘ ਭੁੱਲਰਹੇੜੀ, ਅਮਰੀਕ ਸਿੰਘ ਕਾਂਝਲਾ ਅਤੇ ਬਲਕਾਰ ਸਿੰਘ ਬੁਗਰਾ, ਭੂਪਿੰਦਰ ਸਿੰਘ ਆਦਿ ਹਾਜ਼ਰ ਸਨ।

## ਡਰੇਨਾਂ ਦੀ ਸਫਾਈ ਸਮੇਂ ਸਿਰ ਨਾ ਹੋਣ ਕਰਕੇ ਲੋਕਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਇਆ : ਕਿਸਾਨ ਆਗੂ



**ਬੱਧਨੀ ਕਲਾਂ (ਲਵਲੀ ਕੁਮਾਰ)**

ਅੱਜਕੱਲ੍ਹ ਤਕਰੀਬਨ ਪੰਜਾਬ ਦੇ ਤੇਈ ਜ਼ਿਲ੍ਹੇ ਹੀ ਹੜ੍ਹਾਂ ਦੀ ਮਾਰ ਦਾ ਸੰਤਾਪ ਝੱਲ ਰਹੇ ਹਨ, ਜਿਨ੍ਹਾਂ ਦੇ ਬਹੁਤ ਸਾਰੇ ਮੁੱਖ ਕਾਰਨ ਹਨ ਅੱਜ ਸਾਡੇ ਵੱਖ ਵੱਖ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸੀਨੀਅਰ ਆਗੂ ਲੱਖੋਵਾਲ ਗੁਲਜਾਰ ਸਿੰਘ ਘੱਲ ਕਲਾਂ, ਮੁਖਤਿਆਰ ਸਿੰਘ ਦੀਨਾ ਸਾਹਿਬ, ਪ੍ਰਧਾਨ ਰਾਮ ਸਿੰਘ ਪੱਤੋ ਹੀਰਾ ਸਿੰਘ ਨੇ ਦੱਸਿਆ ਕਿ ਬਹੁਤੇ ਜ਼ਿਲ੍ਹਿਆਂ ਮੋਗਾ, ਬਠਿੰਡਾ ਤੇ ਬਰਨਾਲਾ ਵਿੱਚ ਹੜ੍ਹਾਂ ਦੇ ਪਾਣੀਆਂ ਦੀ ਨਿਕਾਸੀ ਲਈ ਉਚੇਚੇ ਤੌਰ 'ਤੇ ਬਣੀਆਂ ਡਰੇਨਾਂ ਦੀ ਸਫਾਈ ਸਮੇਂ ਸਿਰ ਨਾ ਹੋਣ ਕਰਕੇ ਬਰਸਾਤ ਦੇ ਪਾਣੀਆਂ ਨੇ ਵੱਡੇ ਪੱਧਰ 'ਤੇ ਨੁਕਸਾਨ ਕੀਤਾ। ਪ੍ਰਧਾਨ ਨਿਰਮਲ ਸਿੰਘ ਸੈਦੋਕੇ ਤੇ ਬਾਈ ਦਰਸ਼ਨ ਸਿੰਘ ਪੱਤੋ ਨੇ ਦੱਸਿਆ ਕਿ ਸਾਡੇ ਪਿੰਡਾਂ ਵਿੱਚੋਂ ਜੋ ਡਰੇਨਾਂ ਨਿਕਲਦੀਆਂ ਹਨ, ਉਨ੍ਹਾਂ ਵਿੱਚ ਵੱਡੇ ਪੱਧਰ 'ਤੇ ਫੈਲੀ ਕੇਲਾ ਬੂਟੀ ਹੋਣ ਕਾਰਨ ਡਰੇਨਾਂ ਓਵਰ ਫਲੋਅ ਹੋਣ ਕਰਕੇ ਪਾਣੀ ਕਿਸਾਨਾਂ ਦੇ ਖੇਤਾਂ ਵਿੱਚ ਬੂਟੀ ਨੂੰ ਵਹਾ ਕੇ ਲੈ ਗਿਆ ਤੇ ਕਿਸਾਨਾਂ ਨੂੰ ਦੁਵਾਰਾ ਫੇਰ ਝੋਨਾ ਲਾਉਣਾ ਪਿਆ, ਪਰ ਥੋੜ੍ਹੇ ਚਿਰ ਪਿੱਛੋਂ ਦੁਬਾਰਾ ਫੇਰ ਲਗਾਤਾਰ ਬਰਸਾਤ ਨੇ ਇਨ੍ਹਾਂ ਜ਼ਿਲ੍ਹਿਆਂ ਦੀ ਝੋਨੇ ਤੇ ਹਰੇ ਚਾਰੇ, ਸਬਜ਼ੀਆਂ ਦੀ ਸੈਂਕੜੇ ਏਕੜ ਜ਼ਮੀਨ ਬਰਬਾਦ ਕਰ ਦਿੱਤੀ। ਇਹ ਨੁਕਸਾਨ ਜੋ ਪੰਜਾਬ ਦੇ ਡਰੇਨਜ਼ ਵਿਭਾਗ ਦੀ ਲਾਪ੍ਰਵਾਹੀ ਨਾਲ ਹੋਇਆ ਹੈ, ਕੀ ਇਨ੍ਹਾਂ ਦੀ ਅਫਸਰਸ਼ਾਹੀ ਉੱਪਰ ਕੋਈ ਕਾਰਵਾਈ ਪ੍ਰਸ਼ਾਸਨ ਕਰੇਗਾ ਜਾਂ ਗੋਂਗਲੂਆਂ ਤੋਂ ਮਿੱਟੀ ਝਾੜਨ ਵਾਲਾ ਹੀ ਸਾਬਿਤ ਹੋਵੇਗਾ। ਡਰੇਨਾਂ ਉਪਰ ਕਾਗਜ਼ੀ ਕਾਰਵਾਈ ਹਿੱਤ ਖੜੀਆਂ ਕਰੋੜਾਂ ਦੀਆਂ ਮਸ਼ੀਨਾਂ ਮਿੱਟੀ ਹੋ ਗਈਆਂ, ਪਰ ਸਰਕਾਰੀ ਕਾਗਜ਼ਾਂ ਵਿੱਚ ਚਲਦੀਆਂ ਰਹੀਆਂ ਤੇ ਮਹਿਕਮੇ ਦੇ ਅਫਸਰਾਂ ਦੇ ਘਰ ਭਰਦੀਆਂ ਰਹੀਆਂ, ਇਹ ਇੱਕ ਜਾਂਚ ਦਾ ਵੱਖਰਾ ਵਿਸ਼ਾ ਹੈ। ਇਸ ਸਮੇਂ ਪੂਰਾ ਪੰਜਾਬ ਹੜ੍ਹਾਂ ਦੇ ਸੰਤਾਪ ਨੂੰ ਹੰਢਾ ਰਿਹਾ ਹੈ, ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਨੂੰ ਬੇਨਤੀ ਹੈ ਕਿ ਉਹ ਰਲ਼ ਕੇ ਪੰਜਾਬ ਨੂੰ ਵਿਸ਼ੇਸ਼ ਰਾਹਤ ਪੈਕਜ ਦੇਣ। ਕਿਸਾਨਾਂ, ਮਜ਼ਦੂਰਾਂ ਤੇ ਛੋਟੇ ਦੁਕਾਨਦਾਰਾਂ ਦੇ ਸਮੁੱਚੇ ਕਰਜ਼ੇ ਮੁਆਫ ਕਰਨ ਦੀ ਜ਼ਰੂਰਤ ਹੈ, ਇਸ ਦੀ ਭਰਪਾਈ ਨੂੰ ਲੰਮਾ ਸਮਾਂ ਲੱਗੇਗਾ ਤੇ ਪੂਰੇ ਦੇਸ਼ ਦਾ ਪੇਟ ਭਰਨ ਵਾਲੇ ਨਾਲ ਅੱਜ ਪੂਰੇ ਦੇਸ਼ ਨੂੰ ਖੜਨ ਦੀ ਜ਼ਰੂਰਤ ਹੈ। ਇਸ ਸਮੇਂ ਬਲਵੀਰ ਸਿੰਘ, ਪਰਮਜੀਤ ਸਿੰਘ, ਨਿਰਮਲ ਸਿੰਘ, ਅਜੀਤ ਸਿੰਘ, ਪ੍ਰਧਾਨ ਜਗਸੀਰ ਸਿੰਘ, ਸਰਪੰਚ ਪੂਰਨ ਸਿੰਘ, ਸਰਪੰਚ ਮੁਖਤਿਆਰ ਸਿੰਘ, ਸਕੱਤਰ ਕਰਮ ਸਿੰਘ ਪੱਤੋ ਕਾਲਾ ਸਿੰਘ, ਪਾਲ ਸਿੰਘ ਰਾਜ ਸਿੰਘ ਆਦਿ ਸ਼ਾਮਲ ਹੋਏ।

## ਪ੍ਰਧਾਨ ਮੰਤਰੀ ਦੀ ਪੰਜਾਬ ਤੇ ਕਿਸਾਨ ਵਿਰੋਧੀ ਸੋਚ ਦਾ ਪਰਦਾ ਫਾਸ਼ ਹੋਇਆ : ਸੇਖੋਂ

### ਨਿਗੂਣੀ ਰਾਹਤ ਰਾਸ਼ੀ ਦੇ ਐਲਾਨ ਨਾਲ ਜ਼ਖ਼ਮਾਂ 'ਤੇ ਲੂਣ ਛਿੜਕਿਆ ਜਾ ਰਿਹੈ

**ਬਠਿੰਡਾ (ਬਖਤੌਰ ਢਿੱਲੋਂ)**-ਪੰਜਾਬ 'ਚ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਦੇ ਐਲਾਨ ਨਾਲ ਪ੍ਰਧਾਨ ਮੰਤਰੀ ਸ੍ਰੀ ਮੋਦੀ ਦੀ ਪੰਜਾਬ ਨਾਲ ਵਿਤਕਰੇ ਵਾਲੀ ਤੇ ਖਾਸ ਕਰਕੇ ਕਿਸਾਨ ਵਿਰੋਧੀ ਸੋਚ ਦਾ ਪਰਦਾਫਾਸ਼ ਹੋ ਗਿਆ ਹੈ। ਇਹ ਵਿਚਾਰ ਪ੍ਰਗਟ ਕਰਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਸੂਬੇ ਦੇ ਹੋਏ ਨੁਕਸਾਨ ਦਾ ਨਿਗੂਣਾ ਜਿਹਾ ਮੁਆਵਜ਼ਾ ਦੇਣ ਦੇ ਨਾਲ ਨਾਲ ਲੋਕਾਂ ਨੂੰ ਗੁੰਮਰਾਹ ਕਰਕੇ ਉਨ੍ਹਾਂ ਦੇ ਜ਼ਖ਼ਮਾਂ 'ਤੇ ਲੂਣ ਵੀ ਛਿੜਕਿਆ ਜਾ ਰਿਹਾ ਹੈ।

ਕਾ: ਸੇਖੋਂ ਨੇ ਕਿਹਾ ਕਿ ਕੇਵਲ ਭਾਜਪਾ ਤੋਂ ਬਗੈਰ ਬਾਕੀ ਸਾਰੀਆਂ ਸਿਆਸੀ ਪਾਰਟੀਆਂ ਤੇ ਜਾਗਰੂਕ ਲੋਕ ਤੀਹ ਹਜ਼ਾਰ ਕਰੋੜ ਤੋਂ ਵੱਧ ਰੁਪਏ ਦੇ ਨੁਕਸਾਨ ਦਾ ਅੰਦਾਜ਼ਾ ਲਾ ਰਹੇ ਹਨ, ਪਰ ਪ੍ਰਧਾਨ ਮੰਤਰੀ ਨੇ ਪੰਜਾਬ ਦੇ ਹਾਲਾਤਾਂ ਦਾ ਜਾਇਜ਼ਾ ਲੈਣ ਤੋਂ ਬਾਅਦ ਵੀ ਕੇਵਲ 16 ਸੌ ਕਰੋੜ ਰੁਪਏ ਦਾ ਮੁਆਵਜ਼ਾ ਦੇ ਕੇ ਜ਼ਖ਼ਮਾਂ 'ਤੇ ਲੂਣ ਛਿੜਕਣ ਦਾ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸਲ ਅੰਦਾਜ਼ਾ ਤਾਂ ਪਾਣੀ ਸੁੱਕਣ ਤੋਂ ਬਾਅਦ ਹੋਵੇਗਾ, ਜੋ ਹੋਰ ਵਧਣ ਦਾ ਖਦਸ਼ਾ ਹੈ। ਸੂਬਾ ਸਕੱਤਰ ਨੇ ਕਿਹਾ ਕਿ ਸਾਲ 1988 ਵਿੱਚ ਵੀ ਹੜ੍ਹਾਂ ਨੇ ਪੰਜਾਬ ਦਾ ਭਾਰੀ ਨੁਕਸਾਨ ਕੀਤਾ ਸੀ। ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਨੁਕਸਾਨ ਦਾ ਖੁਲ੍ਹਦਿਲੀ ਨਾਲ ਮੁਆਵਜ਼ਾ ਦੇ ਕੇ ਲੋਕਾਂ ਦੇ ਨੁਕਸਾਨ ਦੀ ਭਰਪਾਈ ਕੀਤੀ ਸੀ। ਇਸ ਸਾਲ ਉਸ ਸਮੇਂ ਨਾਲੋਂ ਨੁਕਸਾਨ ਕਰੀਬ ਦੁੱਗਣਾ ਹੋਇਆ ਹੈ ਤੇ ਭਾਰਤੀ ਰੁਪਏ ਦੀ ਕੀਮਤ ਵੀ ਕਾਫ਼ੀ ਘਟ ਗਈ ਹੈ, ਫੇਰ ਵੀ ਸ੍ਰੀ ਮੋਦੀ ਨੇ ਉਸ ਸਮੇਂ ਨਾਲੋਂ ਘੱਟ ਮੁਆਵਜ਼ਾ ਦੇ ਕੇ ਆਪਣੀ ਕਿਸਾਨ ਵਿਰੋਧੀ ਸੋਚ ਸਪੱਸ਼ਟ ਕਰ ਦਿੱਤੀ ਹੈ। ਕਾ: ਸੇਖੋਂ ਨੇ ਕਿਹਾ ਕਿ ਪੰਜਾਬ ਵਾਸੀਆਂ ਨੂੰ ਭੰਬਲਭੂਸੇ ਵਿੱਚ ਪਾ ਕੇ ਗੁੰਮਰਾਹ ਕਰਨ ਲਈ ਹੀ ਸ੍ਰੀ ਮੋਦੀ ਨੇ ਸਟੇਟ ਡਿਜ਼ਾਸਟਰ ਰਿਸਪੌਂਸ ਫੰਡ ਦਾ 12 ਹਜ਼ਾਰ ਕਰੋੜ ਵਰਤਣ ਦਾ ਬਿਆਨ ਦਿੱਤਾ ਹੈ। ਇਹ ਰਕਮ ਪ੍ਰਧਾਨ ਮੰਤਰੀ ਦੇ ਰਾਹਤ ਕੋਟੇ ਵਿੱਚੋਂ ਨਹੀਂ ਮਿਲੀ, ਇਹ ਕਰੀਬ ਦਹਾਕਾ ਪਹਿਲਾਂ ਕੁਦਰਤੀ ਆਫ਼ਤਾਂ ਤੋਂ ਬਚਾਅ ਲਈ ਸ਼ੁਰੂ ਕੀਤੇ ਫੰਡ ਨਾਲ ਇਕੱਠੀ ਹੋਈ ਹੈ। ਹੁਣ ਪੰਜਾਬ ਸਰਕਾਰ ਵੱਲੋਂ ਇਹ ਰਕਮ ਹੋਰ ਕੰਮਾਂ ਤੇ ਖ਼ਰਚ ਕਰਨ ਦਾ ਮਾਮਲਾ ਵੀ ਚਰਚਾ ਵਿੱਚ ਲਿਆਂਦਾ ਗਿਆ ਹੈ, ਪਰ ਇਹ ਵੱਖਰਾ ਮੁੱਦਾ ਹੈ ਤੇ ਇਸ ਦੀ ਪੜਤਾਲ ਵੀ ਹੋਣੀ ਚਾਹੀਦੀ ਹੈ, ਪ੍ਰੰਤੂ ਇਸ ਰਕਮ ਨੂੰ ਪ੍ਰਧਾਨ ਮੰਤਰੀ ਵੱਲੋਂ ਦਿੱਤੀ ਰਾਹਤ ਰਾਸ਼ੀ ਨਾਲ ਨਹੀਂ ਜੋੜਿਆ ਜਾ ਸਕਦਾ।

ਕਾ: ਸੇਖੋਂ ਨੇ ਕਿਹਾ ਕਿ ਪੰਜਾਬੀਆਂ ਵੱਲੋਂ ਇਹ ਰਾਹਤ ਰਾਸ਼ੀ ਪ੍ਰਤੀ ਪ੍ਰਗਟ ਕੀਤੇ ਜਾ ਰਹੇ ਇਤਰਾਜ਼ਾਂ ਤੇ ਗੁੱਸੇ ਨੂੰ ਵੇਖਦਿਆਂ ਹੁਣ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਇਸ ਨੂੰ ਪੇਸ਼ਗੀ ਰਾਸ਼ੀ ਕਹਿਣ ਲਈ ਮਜਬੂਰ ਹੋਏ ਹਨ ਅਤੇ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਫੌਰੀ ਮਦਦ ਦਾ ਬਿਆਨ ਦਾਗਿਆ ਹੈ। ਅਜਿਹੇ ਬਿਆਨ ਵੀ ਕੇਵਲ ਗੁੰਮਰਾਹ ਕਰਨ ਵਾਲੇ ਹੀ ਹਨ। ਕਾ: ਸੇਖੋਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਤੇ ਭਾਜਪਾ ਪੰਜਾਬ ਵਾਸੀਆਂ ਨੂੰ ਗੁੰਮਰਾਹ ਕਰਨਾ ਬੰਦ ਕਰਕੇ ਤੁਰੰਤ ਮੁਕੰਮਲ ਮੁਆਵਜ਼ੇ ਦਾ ਐਲਾਨ ਕਰਨ। ਪੀੜਤਾਂ ਨੂੰ ਬੀਮਾਰੀਆਂ ਤੋਂ ਬਚਾਉਣ ਤੇ ਮੁੜ ਪੈਰਾਂ 'ਤੇ ਖੜਾ ਕਰਨ ਲਈ ਠੋਸ ਯਤਨ ਕਰਨ।

## ਇਯਾਲੀ ਖੁਰਦ 'ਚ ਧਾਰਮਿਕ ਦੀਵਾਨ 16 ਤੋਂ

**ਲੁਧਿਆਣਾ (ਜਸਦੀਪ ਵਰਤਿਆ)**-ਭਾਈ ਬਾਲਾ ਜੀ ਸੇਵਾ ਸੋਸਾਇਟੀ ਤੇ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸਾਲਾਨਾ ਧਾਰਮਿਕ ਦੀਵਾਨ ਕਰਵਾਉਣ ਲਈ ਵਿਸ਼ੇਸ਼ ਮੀਟਿੰਗ ਪ੍ਰਧਾਨ ਜਰਨੈਲ ਸਿੰਘ ਤੇ ਪ੍ਰਧਾਨ ਬਲਵੀਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ 'ਚ ਉਨ੍ਹਾਂ ਆਖਿਆ ਕਿ ਦਾਣਾ ਮੰਡੀ ਨੇੜੇ ਪ੍ਰਤਾਪ ਸਿੰਘਵਾਲਾ ਇਯਾਲੀ ਖੁਰਦ ਵਿਖੇ 16 ਸਤੰਬਰ ਤੋਂ 20 ਸਤੰਬਰ ਸ਼ਾਮ 7 ਤੋਂ ਰਾਤ 10 ਵਜੇ ਤੱਕ ਧਾਰਮਿਕ ਦੀਵਾਨ ਸਜਾਏ ਜਾਣਗੇ, ਜਿਸ 'ਚ ਬਾਬਾ ਕਰਮ ਸਿੰਘ ਜੀ ਸਿੱਧ ਸਰ ਭੀਖੀ ਰਾੜਾ ਸਾਹਿਬ ਵਾਲਿਆਂ ਵੱਲੋਂ ਵਰੋਸਾਏ ਜਥੇਦਾਰ ਬਾਬਾ ਬੂਟਾ ਸਿੰਘ ਜੀ ਗੁੜਥੜੀ ਵਾਲੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।20 ਸਤੰਬਰ ਨੂੰ ਅੰਮ੍ਰਿਤ ਸੰਚਾਰ ਹੋਵੇਗਾ।ਇਸ ਮੌਕੇ ਗੁਰਵਿੰਦਰ ਸਿੰਘ ਖਜ਼ਾਨਚੀ, ਰਘਵੀਰ ਸਿੰਘ ਸੈਕਟਰੀ, ਰਣਜੀਤ ਸਿੰਘ, ਧਰਮ ਸਿੰਘ, ਕਰਮਜੀਤ ਸਿੰਘ, ਗੁਲਵੰਤ ਸਿੰਘ, ਜਸਵੰਤ ਸਿੰਘ, ਸੁਖਵਿੰਦਰ ਸਿੰਘ, ਸ਼ਿਵਦਿਆਲ ਸਿੰਘ, ਪ੍ਰਭਜੋਤ ਸਿੰਘ, ਪਾਲ ਸਿੰਘ, ਸੁਧਾ ਸਿੰਘ ਰੰਧਾਵਾ, ਕੁਲਵੰਤ ਸਿੰਘ, ਮਨਜੀਤ ਸਿੰਘ ਖਾਲਸਾ, ਦਲਜੀਤ ਸਿੰਘ ਬੌਬੀ ਆਦਿ ਹਾਜ਼ਰ ਸਨ।

## ਲਾਇਨਜ਼ ਕਲੱਬ ਦਾ ਤਾਜਪੋਸ਼ੀ ਸਮਾਗਮ ਯਾਦਗਾਰੀ ਹੋ ਨਿੱਬੜਿਆ

### ਵਿੱਤੀ ਵਰ੍ਹੇ 2025-26 ਦੇ ਬੋਰਡ ਆਫ ਡਾਇਰੈਕਟਰ ਤੇ ਟੀਮ ਨੇ ਚੁੱਕੀ ਸਹੁੰ
### ਲੋਕ ਭਲਾਈ ਨੂੰ ਸਮਰਪਤ ਰਹੇਗਾ ਇਹ ਸਾਲ : ਡਾ.ਵਰਮਾ



**ਜਗਰਾਓਂ (ਅਮਿਤ ਖੰਨਾ)**-ਕਰੀਬ 111 ਵਰ੍ਹਿਆਂ ਤੋਂ ਦੁਨੀਆ ਭਰ ਵਿੱਚ ਲੋੜਵੰਦਾਂ ਦੀ ਸੇਵਾ 'ਚ ਲੱਗੀ ਲਾਇਨਜ਼ ਕਲੱਬ ਇੰਟਰਨੈਸ਼ਨਲ ਦੀ (ਇਕਾਈ) ਜਗਰਾਉਂ ਦੀ ਨਵੇਂ ਵਿੱਤੀ ਵਰ੍ਹੇ 2025-26 ਲਈ ਟੀਮ ਦਾ ਗਠਨ ਕੀਤਾ ਗਿਆ।ਕਲੱਬ ਦੇ ਮੈਂਬਰਾਂ ਤੇ ਟੀਮ ਚੁਣਨ ਲਈ ਗਠਿਤ ਕੀਤੀ ਟੀਮ ਵੱਲੋਂ ਸਰਬਸੰਮਤੀ ਨਾਲ ਲਾਇਨ ਡਾ. ਵਿਨੋਦ ਵਰਮਾ ਨੂੰ ਪ੍ਰਧਾਨ ਚੁਣਿਆ ਗਿਆ।ਉਨ੍ਹਾਂ ਤੋਂ ਇਲਾਵਾ ਸਕੱਤਰ ਦੀਆਂ ਜ਼ੁੰਮੇਵਾਰੀਆਂ ਲਾਇਨ ਗੁਲਵੰਤ ਸਿੰਘ ਗਿੱਲ, ਖਜ਼ਾਨਚੀ ਲਾਇਨ ਗੁਰਤੇਜ ਸਿੰਘ ਗਿੱਲ ਐਡਵੋਕੇਟ ਤੇ ਪਬਲਿਕ ਰਿਲੇਸ਼ਨ ਅਫਸਰ ਦੀ ਜ਼ੁੰਮੇਵਾਰੀ ਲਾਇਨ ਚਰਨਜੀਤ ਸਿੰਘ ਢਿੱਲੋਂ ਨੂੰ ਸੌਂਪੀ ਗਈ।ਕਲੱਬ ਵੱਲੋਂ ਡਾ. ਵਿਨੋਦ ਵਰਮਾ ਦਾ ਤਾਜ਼ਪੋਸ਼ੀ ਤੇ ਕਲੱਬ ਦਾ ਸਾਲਾਨਾ ਸਮਾਗਮ ਸਟਾਰ ਕੰਪਲੈਕਸ ਜਗਰਾਉਂ 'ਚ ਰੱਖਿਆ ਗਿਆ।ਇੰਸਟਾਲੇਸ਼ਨ ਫੰਕਸ਼ਨ ਚੇਅਰਮੈਨ ਲਾਇਨ ਅੰਮ੍ਰਿਤ ਸਿੰਘ ਥਿੰਦ ਦੀ ਰਹਿਨੁਮਾਈ ਹੇਠ ਨਵੀਂ ਟੀਮ ਨੂੰ ਸਹੁੰ ਚੁਕਾਉਣ ਲਈ ਇੰਸਟਾਲੇਸ਼ਨ ਆਫੀਸਰ ਐੱਮ.ਜੇ.ਐੱਫ. ਲਾਇਨ ਡਾ. ਮਨਮੋਹਣ ਕੌਸ਼ਲ ਪਾਸਟ ਡਿਸਟ੍ਰਿਕ ਗਵਰਨਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਸਮਾਗਮ ਦੀ ਆਰੰਭਤਾ ਕਰਦਿਆਂ ਇਨਵੋਕੇਸ਼ਨ ਤੇ ਰਾਸ਼ਟਰੀ ਗੀਤ ਅਰਸ਼ਦੀਪ ਕੌਰ ਗਿੱਲ ਨੇ ਗਾਇਆ।ਉਪਰੰਤ ਤੱਤਕਾਲੀ ਪ੍ਰਧਾਨ ਲਾਇਨ ਮੇਜਰ ਸਿੰਘ ਭੈਣੀ ਨੇ ਸਵਾਗਤੀ ਸ਼ਬਦਾਂ ਨਾਲ ਸਾਂਝ ਪਾਈ।ਕਲੱਬ ਵਿੱਚ ਨਵੇਂ ਆਏ ਮੈਂਬਰਾਂ ਨਾਲ ਜਾਣ-ਪਹਿਚਾਣ ਤੇ ਲਾਇਨਜ਼ ਕਲੱਬ ਦੇ ਨਿਯਮਾਂ ਸਬੰਧੀ ਕਮੇਟੀ ਚੇਅਰਪਰਸਨ ਲਾਇਨ ਭੁਪਿੰਦਰ ਸ਼ਰਮਾ ਨੇ ਦੱਸਿਆ।ਅਗਲੇ ਪੜਾਅ ਵਿੱਚ ਲੱਕੀ ਡਰਾਅ ਕੱਢੇ ਗਏ।ਸਹੁੰ ਚੁੱਕਣ ਤੋਂ ਬਾਅਦ ਡਾ. ਵਿਨੋਦ ਵਰਮਾ ਨੇ ਅਗਲੇ ਵਰ੍ਹੇ ਕਲੱਬ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਦੀ ਗੱਲ ਕਰਦਿਆਂ, ਨਵਾਂ ਵਰ੍ਹਾ ਲੋਕ ਭਲਾਈ ਨੂੰ ਸਮਰਪਤ ਕਰਨ ਦਾ ਵਾਅਦਾ ਕੀਤਾ।ਸਮਾਗਮ ਦੌਰਾਨ ਇਲਾਕੇ ਦੇ ਦੋ ਸਫਲ ਅਧਿਆਪਕਾਂ ਸੁਖਜੀਵਨ ਕੌਰ ਗਿੱਲ ਤੇ ਜਗਦੀਪ ਸਿੰਘ ਸਵੱਦੀ ਨੂੰ ਚੰਗੀਆਂ ਸੇਵਾਵਾਂ ਬਦਲੇ ਲੋਈਆਂ ਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ।ਕਲੱਬ ਵੱਲੋਂ ਤੱਤਕਾਲੀ ਪ੍ਰਧਾਨ ਮੇਜਰ ਸਿੰਘ ਭੈਣੀ, ਕੁਲਦੀਪ ਸਿੰਘ ਰੰਧਾਵਾ, ਚਰਨਜੀਤ ਸਿੰਘ ਢਿੱਲੋਂ, ਅੰਮ੍ਰਿਤ ਸਿੰਘ ਥਿੰਦ, ਅਰਸ਼ਦੀਪ ਕੌਰ ਗਿੱਲ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਸਮਾਗਮ ਦੌਰਾਨ ਮਾਸਟਰ ਆਫ ਸੈਰਾਮਨੀ ਵਜੋਂ ਚਰਨਜੀਤ ਸਿੰਘ ਢਿੱਲੋਂ, ਸਤਪਾਲ ਸਿੰਘ ਗਰੇਵਾਲ ਨੇ ਸਟੇਜ ਸੰਭਾਲੀ।ਅੰਤਿਮ ਪੜਾਅ 'ਚ ਚੇਅਰਮੈਨ ਲਾਇਨ ਅੰਮ੍ਰਿਤ ਸਿੰਘ ਥਿੰਦ ਵੱਲੋਂ ਸਾਰੀ ਟੀਮ ਦਾ ਸਮਾਗਮ ਪ੍ਰਬੰਧਾਂ ਲਈ ਧੰਨਵਾਦ ਕੀਤਾ।ਇਸ ਮੌਕੇ ਕਲੱਬ ਦੇ ਐੱਸ.ਪੀ.ਐੱਸ. ਢਿੱਲੋਂ, ਬੀਰਿੰਦਰ ਸਿੰਘ ਗਿੱਲ, ਗੁਰਪ੍ਰੀਤ ਮਹਿੰਦਰ ਸਿੰਘ ਸਿੱਧੂ, ਹਰਵਿੰਦਰ ਸਿੰਘ ਚਾਵਲਾ, ਹਰਿੰਦਰ ਸਹਿਗਲ, ਅਵਤਾਰ ਸਿੰਘ, ਸਤਪਾਲ ਨਿਸ਼ਾਵਨ, ਪ੍ਰੀਤਮ ਸਿੰਘ ਗੀਹਲ, ਸੁਭਾਸ਼ ਕਪੂਰ, ਮੋਹਨ ਬਾਂਸਲ ਸਮੇਤ ਦੋ ਦਰਜਨ ਮੈਂਬਰ ਹਾਜ਼ਰ ਸਨ।

## ਸਾਈਂ ਮੰਦਰ 'ਚ ਮੂਰਤੀ ਸਥਾਪਨਾ ਦਿਵਸ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਖੁੱਲਰ ਮੁਹੱਲਾ ਵਿਖੇ ਸਥਿਤ ਸਾਂਈਂ ਮੰਦਰ 'ਚ ਮੂਰਤੀ ਸਥਾਪਨਾ ਦਿਵਸ ਮਨਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਸ਼ਰਧਾਲੂਆਂ ਨੇ ਭਾਗ ਲਿਆ। ਮੰਦਰ 'ਚ ਸਵੇਰੇ ਸਾਂਈਂ ਜੀ ਦੀ ਮੂਰਤੀ ਨੂੰ ਇਸ਼ਨਾਨ ਕਰਵਾਇਆ ਗਿਆ, ਉਪਰੰਤ ਹਵਨ ਯੱਗ ਕਰਵਾਇਆ ਗਿਆ। ਇਸ ਸਮੇਂ ਮੰਦਰ ਦੇ ਮੁੱਖ ਪੁਜਾਰੀ ਪੰਡਿਤ ਸੰਤੋਸ਼ ਸ਼ਰਮਾ ਨੇ ਸ੍ਰੀ ਸਾਂਈਂ ਬਾਬਾ ਜੀ ਦੇ ਜੀਵਨ ਬਾਰੇ ਸ਼ਰਧਾਲੂਆਂ ਨੂੰ ਜਾਣੂ ਕਰਵਾਇਆ। ਔਰਤਾਂ ਦੀ ਭਜਨ ਮੰਡਲੀ ਵੱਲੋਂ ਸਾਂਈਂ ਜੀ ਦੀ ਮਹਿਮਾ ਦਾ ਗੁਣਗਾਣ ਕੀਤਾ ਗਿਆ। ਆਈਆਂ ਸੰਗਤਾਂ ਲਈ ਅਟੁੱਟ ਲੰਗਰ ਵਰਤਾਏ ਗਏ। ਇਸ ਮੌਕੇ ਪ੍ਰਧਾਨ ਰਿਸ਼ੀ ਬਾਂਸਲ, ਮਹਿੰਦਰ ਸਿੰਘ ਸੋਢੀ, ਸੁਰਜੀਤ ਕੁਮਾਰ ਸਰੀਨ, ਮੋਹਣ ਸਿੰਘ, ਅਨਿਲ ਖੁੱਲਰ, ਮੋਹਣਜੀਤ ਸਿੰਘ, ਵਰਿੰਦਰ ਖੁੱਲਰ, ਪੰਡਿਤ ਸੁਨੀਲ ਕੁਮਾਰ ਸ਼ਾਸਤਰੀ, ਜਤਿੰਦਰ ਸ਼ਰਮਾ, ਮੀਨਾ ਰਾਣੀ, ਪਰਮਜੀਤ ਕੌਰ ਸੋਢੀ, ਪ੍ਰੀਤੀ ਖੁੱਲਰ, ਨੀਰੂ ਰਾਣੀ, ਵੰਦਨਾ ਦੇਵੀ, ਰਕਸ਼ਾ ਕੁਮਾਰੀ ਆਦਿ ਹਾਜ਼ਰ ਸਨ।

## ਵਰਲਡ 'ਵਰਸਿਟੀ ਵਿਖੇ 'ਖੋਜ 'ਚ ਉੱਭਰ ਰਹੇ ਨੈਤਿਕ ਮੁੱਦੇ' ਵਿਸ਼ੇ 'ਤੇ ਭਾਸ਼ਣ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਸਿੱਖਿਆ ਵਿਭਾਗ ਦੇ ਖੋਜ ਵਿਕਾਸ ਤੇ ਸਿਖਲਾਈ ਕੇਂਦਰ ਨੇ ਡਾ. ਅਨੁਰਾਧਾ ਸੇਖੜੀ, ਐਸੋਸੀਏਟ ਪ੍ਰੋਫੈਸਰ, ਆਈਡੀਸੀ, ਚੰਡੀਗੜ੍ਹ ਦੁਆਰਾ 'ਖੋਜ ਵਿੱਚ ਉੱਭਰ ਰਹੇ ਨੈਤਿਕ ਮੁੱਦੇ : ਆਰਟੀਫੀਸ਼ੀਅਲ ਇੰਟੈਲੀਜੈਂਸ ਤੇ ਡੇਟਾ ਗੋਪਨੀਯਤਾ' ਵਿਸ਼ੇ 'ਤੇ ਇੱਕ ਭਾਸ਼ਣ ਦਾ ਆਯੋਜਨ ਕੀਤਾ ਗਿ।ਆਪਣੇ ਭਾਸ਼ਣ ਵਿੱਚ ਡਾ. ਅਨੁਰਾਧਾ ਸੇਖੜੀ ਨੇ ਖੋਜ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਧ ਰਹੀ ਭੂਮਿਕਾ ਤੇ ਨੈਤਿਕ ਵਿਚਾਰਾਂ, ਖਾਸ ਕਰਕੇ ਡੇਟਾ ਗੋਪਨੀਯਤਾ, ਸਹਿਮਤੀ, ਜਵਾਬਦੇਹੀ ਤੇ ਜਾਣਕਾਰੀ ਦੀ ਦੁਰਵਰਤੋਂ ਦੀ ਸੰਭਾਵਨਾ ਦੇ ਮਾਮਲੇ ਵਿੱਚ ਪੇਸ਼ ਆਉਣ ਵਾਲੀਆਂ ਚੁਣੌਤੀਆਂ 'ਤੇ ਚਾਨਣਾ ਪਾਇਆ।ਉਨ੍ਹਾਂ ਖੋਜਕਰਤਾਵਾਂ ਨੂੰ ਜ਼ਿੰਮੇਵਾਰ ਅਭਿਆਸਾਂ ਨੂੰ ਅਪਨਾਉਣ, ਇਮਾਨਦਾਰੀ ਨੂੰ ਬਰਕਰਾਰ ਰੱਖਣ ਤੇ ਤਕਨੀਕੀ ਤਰੱਕੀ ਅਤੇ ਨੈਤਿਕ ਜ਼ਿੰਮੇਵਾਰੀ ਵਿਚਕਾਰ ਸੰਤੁਲਨ ਬਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਡਾ. ਹਰਨੀਤ ਬਿਲਿੰਗ ਮੁਖੀ ਸਿੱਖਿਆ ਵਿਭਾਗ ਤੇ ਕੋਆਰਡੀਨੇਟਰ ਖੋਜ ਅਤੇ ਸਿਖਲਾਈ ਕੇਂਦਰ ਨੇ ਸਾਂਝਾ ਕੀਤਾ ਕਿ ਸੈਸ਼ਨ ਵਿਦਿਆਰਥੀਆਂ ਲਈ ਲਾਭਕਾਰੀ ਸਿੱਧ ਹੋਇਆ।ਲੈਕਚਰ ਦਾ ਸਮਾਪਨ ਸਿੱਖਿਆ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਗਗਨਦੀਪ ਟਿਵਾਣਾ ਵੱਲੋਂ ਸੰਚਾਲਤ ਇੱਕ ਇੰਟਰਐਕਟਿਵ ਸੈਸ਼ਨ ਨਾਲ ਹੋਇਆ ਜਿੱਥੇ ਵਿਦਿਆਰਥੀਆਂ ਨੇ ਆਪਣੇ ਸ਼ੰਕਿਆਂ ਨੂੰ ਦੂਰ ਕੀਤਾ ਤੇ ਵਿਸ਼ੇ 'ਤੇ ਵਿਚਾਰ ਸਾਂਝੇ ਕੀਤੇ।ਡੀਨ ਅਕਾਦਮਿਕ ਮਾਮਲੇ ਪ੍ਰੋਫੈਸਰ ਸੁਖਵਿੰਦਰ ਸਿੰਘ ਬਿਲਿੰਗ ਤੇ ਵਾਇਸ ਚਾਂਸਲਰ ਪ੍ਰੋ. ਪਰਿਤ ਪਾਲ ਸਿੰਘ ਨੇ ਵਿਭਾਗ ਨੂੰ ਅਕਾਦਮਿਕ ਉੱਤਮਤਾ ਵੱਲ ਨਿਰੰਤਰ ਯਤਨਾਂ ਲਈ ਵਧਾਈ ਦਿੱਤੀ।

## ਲਾਇਨਜ਼ ਕਲੱਬ ਰਾਇਲ ਵੱਲੋਂ 11 ਅਧਿਆਪਕ ਸਨਮਾਨਤ



**ਕੋਟਕਪੂਰਾ (ਰਛਪਾਲ ਭੁੱਲਰ)**-'ਲਾਇਨਜ਼ ਕਲੱਬ ਕੋਟਕਪੂਰਾ ਰਾਇਲ' ਵੱਲੋਂ ਅਧਿਆਪਕ ਦਿਵਸ ਨੂੰ ਸਮਰਪਤ ਕਰਵਾਏ ਗਏ ਸਨਮਾਨ ਸਮਾਰੋਹ ਦੌਰਾਨ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਹਰੀਨੌਂ ਦੇ 11 ਅਧਿਆਪਕਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਕਲੱਬ ਦੇ ਪ੍ਰਧਾਨ ਮਨਜੀਤ ਸਿੰਘ ਔਲਖ ਦੀ ਅਗਵਾਈ ਹੇਠ ਹੋਏ ਪ੍ਰੋਗਰਾਮ ਸਬੰਧੀ ਜਾਣਕਾਰੀ ਦਿੰਦਿਆਂ ਪੀ.ਆਰ.ਓ. ਨੰਬਰਦਾਰ ਸੁਖਵਿੰਦਰ ਸਿੰਘ ਪੱਪੂ ਨੇ ਦੱਸਿਆ ਕਿ ਅਧਿਆਪਕ ਦਿਵਸ ਅਰਥਾਤ 5 ਸਤੰਬਰ ਵਾਲੇ ਦਿਨ ਸਰਕਾਰ ਵੱਲੋਂ ਭਾਰੀ ਬਾਰਿਸ਼ ਕਾਰਨ ਛੁੱਟੀਆਂ ਦਾ ਐਲਾਨ ਹੋ ਜਾਣ ਕਰਕੇ ਅੱਜ ਸਨਮਾਨ ਸਮਾਰੋਹ ਕੀਤਾ ਜਾ ਰਿਹਾ ਹੈ।ਮਨਜੀਤ ਸਿੰਘ ਲਵਲੀ, ਇੰਸ. ਨਛੱਤਰ ਸਿੰਘ, ਅਮਰਦੀਪ ਸਿੰਘ ਮੀਤਾ ਤੇ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਕਲੱਬ ਵੱਲੋਂ ਇਸ ਸਕੂਲ ਨੂੰ ਗੋਦ ਲਿਆ ਗਿਆ ਹੈ ਤੇ ਅੱਜ ਦੇ ਸਮਾਗਮ ਦੌਰਾਨ 11 ਅਧਿਆਪਕਾਂ ਦੇ ਸਨਮਾਨ ਦੇ ਨਾਲ ਨਾਲ ਬੱਚਿਆਂ ਨੂੰ ਦੁੱਧ ਤੇ ਬਿਸਕੁਟ ਵੰਡ ਕੇ ਵੀ ਖੁਸ਼ੀ ਸਾਂਝੀ ਕੀਤੀ ਗਈ।ਸਮਾਗਮ ਦੇ ਮੁੱਖ ਮਹਿਮਾਨ ਤੇ ਮੁੱਖ ਵਕਤਾ ਵਜੋਂ ਪੁੱਜੇ ਸਮਾਜਸੇਵੀ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਬੱਚਿਆਂ ਨੂੰ ਮਾੜੀ ਸੁਸਾਇਟੀ ਤੇ ਨਸ਼ਿਆਂ ਵਰਗੀਆਂ ਸਮਾਜਿਕ ਕੁਰੀਤੀਆਂ ਤੋਂ ਬਚਣ ਲਈ ਪ੍ਰੇਰਿਤ ਕਰਦਿਆਂ ਵੱਖ ਵੱਖ ਨੁਕਤਿਆਂ ਦੀ ਸਾਂਝ ਪਾਈ।ਡਾ. ਸੁਨੀਲ ਛਾਬੜਾ ਨੇ ਵਰਤਮਾਨ ਸਰੋਕਾਰਾਂ ਦੀਆਂ ਅਨੇਕਾਂ ਉਦਾਹਰਨਾਂ ਦਿੰਦਿਆਂ ਆਖਿਆ ਕਿ ਤੰਦਰੁਸਤ ਸਮਾਜ ਤੇ ਸਿਹਤਮੰਦ ਪੰਜਾਬ ਦੀ ਸਿਰਜਣਾ ਕਰਨ ਵਿੱਚ ਅਧਿਆਪਕ ਵਰਗ ਦਾ ਬਹੁਤ ਵੱਡਾ ਯੋਗਦਾਨ ਹੈ, ਇਸ ਲਈ ਅਧਿਆਪਕਾਂ ਦਾ ਗੁਰੂ ਸਮਾਨ ਮਾਣ ਸਤਿਕਾਰ ਬਰਕਰਾਰ ਰਹਿਣਾ ਚਾਹੀਦਾ ਹੈ। ਮਾ. ਮੰਗਾ ਸਿੰਘ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ ਤੇ ਸਕੂਲ ਮੁਖੀ ਦੀਪਕ ਬਾਂਸਲ ਨੇ ਸਾਰਿਆਂ ਦਾ ਧੰਨਵਾਦ ਕੀਤਾ।ਇਸ ਮੌਕੇ ਉਪਰੋਕਤ ਤੋਂ ਇਲਾਵਾ ਗੇਜ ਰਾਮ ਭੋਰਾ, ਹਰਿੰਦਰ ਸਿੰਘ ਗੋਗੀ ਪੰਚਾਇਤ ਮੈਂਬਰ, ਗੁਰਮੀਤ ਸਿੰਘ ਧਾਲੀਵਾਲ, ਗੁਰਚਰਨ ਸਿੰਘ ਪੇਂਟਰ ਤੇ ਜਸਵਿੰਦਰ ਸਿੰਘ ਹਨੀ ਆਦਿ ਹਾਜ਼ਰ ਸਨ।

## ਹੜ੍ਹ ਪੀੜਤਾਂ ਦੀ ਸੇਵਾ 'ਚ ਪੰਜਾਬੀਆਂ ਨੇ ਵਿਸ਼ਵ ਚ ਮਿਸਾਲ ਕਾਇਮ ਕੀਤੀ : ਆਸ਼ੂ ਬੰਗੜ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਪੰਜਾਬ ਵਿੱਚ ਆਏ ਹੜ੍ਹਾਂ ਨਾਲ ਫ਼ਸਲਾਂ, ਹਰਾ ਚਾਰਾ ਤੇ ਖਾਣ ਪੀਣ ਦੇ ਸਾਮਾਨ ਦੇ ਨੁਕਸਾਨੇ ਜਾਣ 'ਤੇ ਬਣੀ ਇਸ ਸੰਕਟ ਦੀ ਘੜੀ ਵਿੱਚ ਹੜ੍ਹ ਪੀੜਤਾਂ ਦੀ ਜੋ ਮਦਦ ਪੰਜਾਬ ਵਾਸੀਆਂ ਨੇ ਕੀਤੀ ਹੈ, ਉਹ ਪੂਰੀ ਦੁਨੀਆ ਵਾਸਤੇ ਇੱਕ ਮਿਸਾਲ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਅਮਰਦੀਪ ਸਿੰਘ ਆਸ਼ੂ ਬੰਗੜ ਨੇ ਮੀਡੀਆ ਨਾਲ ਨਾਲ ਗੱਲ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 1600 ਕਰੋੜ ਰੁਪਏ ਦੇਣ ਦਾ ਐਲਾਨ ਕਰ ਕੇ ਪੰਜਾਬ ਨਾਲ ਕੋਝਾ ਮਜ਼ਾਕ ਕੀਤਾ ਹੈ, ਜੋ ਕਿ ਬਹੁਤ ਨਿੰਦਣਯੋਗ ਹੈ, ਜਦੋਂ ਕਿ ਇਥੇ ਕਈ ਹਜ਼ਾਰ ਕਰੋੜਾਂ ਦਾ ਨੁਕਸਾਨ ਹੋਇਆ ਹੈ।ਉਨ੍ਹਾਂ ਕਿਹਾ ਕਿ ਇਸ ਆਫ਼ਤ ਦੇ ਸਮੇਂ ਕਾਂਗਰਸ ਪਾਰਟੀ ਪੂਰੀ ਤਰ੍ਹਾਂ ਪੰਜਾਬ ਵਾਸੀਆਂ ਨਾਲ ਖੜੀ ਹੈ ਅਤੇ ਉਨ੍ਹਾਂ ਨੂੰ ਆਤਮ ਨਿਰਭਰ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ ਸਰਬਜੀਤ ਕੌਰ ਬਰਾੜ, ਮਨੀਸ਼ ਕੁਮਾਰ ਸੁਲਹਾਣੀ ਜ਼ਿਲ੍ਹਾ ਮੀਤ ਪ੍ਰਧਾਨ, ਜੋਬਨ ਜੀਤ ਧਾਲੀਵਾਲ ਜ਼ਿਲ੍ਹਾ ਸੈਕਟਰੀ, ਮੱਖਣ ਸਿੰਘ ਤਲਵੰਡੀ, ਰਾਕੇਸ਼ ਕੁਮਾਰ ਐੱਮ ਸੀ, ਹੈਪੀ ਬਰਾੜ, ਕੁਲਬੀਰ ਸਿੰਘ ਠੇਠਰ, ਮਨਪ੍ਰੀਤ ਸਿੰਘ ਭੁੱਲਰ, ਜਤਿੰਦਰ ਸਿੰਘ ਗੋਪੀ ਔਲਖ, ਹੈਪੀ ਜਨੇਰ, ਗੁਲਸ਼ਨ ਸਿੰਘ ਬਜ਼ੀਦਪੁਰ, ਹਰਮਨ ਸਿੰਘ ਸਾਈਆਂ ਵਾਲਾ, ਸੁਲੱਖਣ ਸਿੰਘ ਸੁਲਹਾਣੀ, ਬਲਾਕ ਪ੍ਰਧਾਨ ਗੁਰਬਚਨ ਸਿੰਘ ਕਾਲਾ ਟਿੱਬਾ, ਬਲਾਕ ਪ੍ਰਧਾਨ ਕੰਵਲਪ੍ਰੀਤ ਸਿੰਘ ਗਿੱਲ, ਸੀਨੀਅਰ ਯੂਥ ਆਗੂ ਅਮਿਤਾਬ ਸਿੰਘ ਸਿੱਧੂ, ਪੁਸ਼ਪਿੰਦਰ ਸਿੰਘ ਸੰਧੂ, ਸ਼ਹਿਰੀ ਪ੍ਰਧਾਨ ਨੀਟਾ ਸੋਢੀ ਲੱਖਾ ਜੋਸਨ, ਸੁੱਖਾ ਸਿੰਘ ਜੋਧਪੁਰ, ਸਰਪੰਚ ਗੁਰਦੇਵ ਸਿੰਘ ਤਰਾਂ ਵਾਲਾ, ਤਰਨ ਬੁੱਟਰ ਪੀ ਏ ਆਦਿ ਹਾਜ਼ਰ ਸਨ।

## ਸਟੇਸ਼ਨ ਚੁਆਇਸ ਨਾ ਕਰਾਉਣ ਕਾਰਨ ਪਦ-ਉੱਨਤ ਲੈਕਚਰਾਰਾਂ 'ਚ ਰੋਸ



**ਸਮਰਾਲਾ (ਸੁਰਜੀਤ ਸਿੰਘ)**-ਸਿੱਖਿਆ ਵਿਭਾਗ ਵੱਲੋਂ ਪਦ-ਉੱਨਤ ਕੀਤੇ ਗਏ ਲੈਕਚਰਾਰਾਂ ਨੂੰ ਸਟੇਸ਼ਨ ਚੁਆਇਸ ਨਾ ਕਰਾਉਣ ਕਾਰਨ ਸਮੁੱਚੇ ਪਦ-ਉੱਨਤ ਲੈਕਚਰਰ ਕੇਡਰ ਵਿੱਚ ਰੋਸ ਦੀ ਲਹਿਰ ਹੈ। ਜ਼ਿਲ੍ਹਾ ਲੁਧਿਆਣਾ ਤੋਂ ਪਦ-ਉੱਨਤ ਲੈਕਚਰਾਰਾਂ ਦੇ ਆਗੂ ਰੁਪਿੰਦਰ ਪਾਲ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਿਰਧਾਰਤ ਸਮੇਂ ਦੇ ਵਿੱਚ ਬਦਲੀਆਂ ਨਾ ਕਰਕੇ ਤੇ ਬਦਲੀਆਂ ਨੂੰ ਲੰਬਾ ਖਿੱਚਣ ਕਾਰਨ ਪਦ ਉਨਤ ਲੈਕਚਰਾਰਾਂ ਨੂੰ ਸਟੇਸ਼ਨ ਚੁਆਇਸ ਕਰਾਉਣ ਵਿੱਚ ਹੋ ਰਹੀ ਦੇਰੀ ਕਾਰਨ ਸਮੁੱਚੇ ਕੇਡਰ ਦੇ ਵਿੱਚ ਗੁੱਸੇ ਦੀ ਲਹਿਰ ਹੈ, ਕਿਉਂ ਜੋ ਵਿਭਾਗ ਵੱਲੋਂ ਨਾ ਸਮੇਂ ਸਿਰ ਨਿਯੁਕਤੀਆਂ ਹੋ ਸਕੀਆਂ ਨਾ ਬਦਲੀਆਂ ਤੇ ਨਾ ਹੀ ਤਰੱਕੀਆਂ। ਲੁਧਿਆਣਾ ਤੋਂ ਪਦ-ਉੱਨਤ ਲੈਕਚਰਾਰ ਰਜਿੰਦਰ ਜੰਡਿਆਲੀ, ਜਸਵਿੰਦਰ ਸਿੰਘ, ਨਵਦੀਪ ਸਿੰਘ, ਹਰਭਜਨ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਵਿਭਾਗ ਵੱਲੋਂ ਵੱਖ ਵੱਖ ਵਿਸ਼ਿਆਂ ਦੀਆਂ ਤਰੱਕੀਆਂ ਕੀਤੀਆਂ ਗਈਆਂ ਅਤੇ ਇਨ੍ਹਾਂ ਪਦ-ਉੱਨਤ ਲੈਕਚਰਾਰਾਂ ਵੱਲੋਂ ਸੰਬੰਧਤ ਡੀਈਓ ਆਫਿਸ ਵਿੱਚ ਹਾਜ਼ਰੀ ਰਿਪੋਰਟ ਪੇਸ਼ ਕਰਨ ਦੇ ਬਾਵਜੂਦ ਕਰੀਬ ਦੋ ਮਹੀਨੇ ਬੀਤ ਜਾਣ 'ਤੇ ਵੀ ਪਦ-ਉੱਨਤ ਲੈਕਚਰਾਰ ਨੂੰ ਸਟੇਸ਼ਨ ਚੁਆਇਸ ਨਹੀਂ ਕਰਵਾਈ ਗਈ, ਜਿਸ ਕਾਰਨ ਗਿਆਰਵੀਂ ਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦਾ ਸੈਸ਼ਨ ਦਾ ਅੱਧਾ ਸਾਲ ਬੀਤ ਜਾਣ ਦੇ ਬਾਵਜੂਦ ਪੜ੍ਹਾਈ ਪ੍ਰਭਾਵਿਤ ਹੋ ਰਹੀ।ਪਦ- ਉੱਨਤ ਲੈਕਚਰਾਰ ਫਰੰਟ ਇਹ ਮੰਗ ਕਰਦਾ ਕਿ ਇਨ੍ਹਾਂ ਸਾਰੇ ਲੈਕਚਰਰਾਂ ਨੂੰ ਆਪਸੀ ਬਦਲੀਆਂ ਦਾ ਰਾਊਂਡ ਚੱਲਣ ਦੇ ਤੁਰੰਤ ਬਾਅਦ ਸਟੇਸ਼ਨ ਚੁਆਇਸ ਕਰਵਾਈ ਜਾਵੇ ਤੇ ਸਟੇਸ਼ਨ ਚੁਆਇਸ ਕਰਾਉਣ ਵੇਲੇ ਸਕੂਲਾਂ ਵਿੱਚ ਗਿਣਤੀ ਨੂੰ ਆਧਾਰ ਨਾ ਬਣਾਉਂਦੇ ਹੋਏ ਸਮੂਹ ਸਕੂਲਾਂ ਦੇ ਸਟੇਸ਼ਨ ਨੂੰ ਸਟੇਸ਼ਨ ਚੁਆਇਸ ਲਈ ਖੋਲ੍ਹਿਆ ਜਾਵੇ।ਇਸ ਸਮੇਂ ਲੈਕਚਰਾਰ ਕੇਡਰ ਯੂਨੀਅਨ ਲੁਧਿਆਣਾ ਦੇ ਜ਼ਿਲ੍ਹਾ ਪ੍ਰਧਾਨ ਧਰਮਜੀਤ ਸਿੰਘ ਢਿੱਲੋਂ, ਹਰਪ੍ਰੀਤ ਸਿੰਘ, ਜਗਦੀਪ ਸਿੰਘ, ਹਰਜਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

# ਕੁੱਲ ਹਿੰਦ ਕਿਸਾਨ ਸਭਾ ਵੱਲੋਂ ਫਾਜ਼ਿਲਕਾ ਦੇ ਹੜ੍ਹ ਪ੍ਰਭਾਵਤ ਖੇਤਰ ਦਾ ਜਾਇਜ਼ਾ

## ਕੇਂਦਰ ਤੇ ਸੂਬਾ ਸਰਕਾਰ ਵੱਲੋਂ ਐਲਾਨਿਆ ਮੁਆਵਜ਼ਾ ਹੜ੍ਹ ਪ੍ਰਭਾਵਤ ਖੇਤਰ ਲਈ ਨਿਗੂਣਾ : ਸਾਗਰ, ਨਿਹਾਲਗੜ੍ਹ




**ਫਾਜ਼ਿਲਕਾ/ਮੰਡੀ ਘੁਬਾਇਆ (ਪਰਮਜੀਤ ਢਾਬਾਂ/ਬਲਵਿੰਦਰ ਸਿੰਘ)**-ਪੰਜਾਬ ਭਰ ਵਿੱਚ ਆਏ ਹੜ੍ਹਾਂ ਨੇ ਜਿੱਥੇ ਆਮ ਲੋਕਾਂ ਨੂੰ ਘਰੋਂ ਬੇਘਰ ਕਰਕੇ ਉਨ੍ਹਾਂ ਦਾ ਵੱਡੇ ਪੱਧਰ 'ਤੇ ਜਾਨੀ-ਮਾਲੀ ਨੁਕਸਾਨ ਕੀਤਾ ਹੈ, ਉੱਥੇ ਵਿਸ਼ੇਸ਼ ਤੌਰ 'ਤੇ ਸਰਹੱਦੀ ਖੇਤਰ ਦੇ ਕਿਸਾਨਾਂ, ਮਜ਼ਦੂਰਾਂ ਤੇ ਆਮ ਲੋਕਾਂ 'ਤੇ ਵੱਡੀ ਆਰਥਿਕ ਮਾਰ ਪਈ ਹੈ।ਫਾਜ਼ਿਲਕਾ ਦੇ ਸਰਹੱਦੀ ਖੇਤਰ ਵਿੱਚ ਹਜ਼ਾਰਾਂ ਏਕੜ ਫਸਲ ਤਬਾਹ ਹੋ ਗਈ ਤੇ ਸੈਂਕੜੇ ਪਰਵਾਰਾਂ ਦੇ ਮਕਾਨ ਹੜ੍ਹਾਂ ਦੇ ਆਏ ਪਾਣੀ ਕਰਕੇ ਡਿੱਗ ਕੇ ਢਹਿ ਢੇਰੀ ਹੋ ਗਏ ਹਨ।ਇਸ ਸਭ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਕੁੱਲ ਹਿੰਦ ਕਿਸਾਨ ਸਭਾ ਦੇ ਕੌਮੀ ਪ੍ਰਧਾਨ ਰਾਜਨ ਸ਼ਿਵ ਸਾਗਰ, ਕੌਮੀ ਸਹਾਇਕ ਸਕੱਤਰ ਕੇਡੀ, ਪੰਜਾਬ ਦੇ ਪ੍ਰਧਾਨ ਕਾਮਰੇਡ ਬਲਦੇਵ ਸਿੰਘ ਨਿਹਾਲਗੜ੍ਹ, ਸੂਬਾ ਸਕੱਤਰ ਬਲਕਰਨ ਸਿੰਘ ਬਰਾੜ, ਮੀਤ ਸਕੱਤਰ ਕਾਮਰੇਡ ਸੁਰਿੰਦਰ ਢੰਡੀਆਂ ਤੇ ਜ਼ਿਲ੍ਹਾ ਫਾਜ਼ਿਲਕਾ ਦੇ ਸਕੱਤਰ ਕਾਮਰੇਡ ਵਜ਼ੀਰ ਚੰਦ ਸੱਪਾਂਵਾਲੀ ਦੀ ਟੀਮ ਵੱਲੋਂ ਫਾਜ਼ਿਲਕਾ ਦੇ ਸਰਹੱਦੀ ਖੇਤਰ ਵਿੱਚ ਪਹੁੰਚ ਕੇ ਹੜ੍ਹਾਂ ਨਾਲ ਹੋਏ ਜਾਨੀ/ਮਾਲੀ ਨੁਕਸਾਨ ਦਾ ਜਾਇਜ਼ਾ ਲਿਆ ਗਿਆ। ਫਾਜ਼ਿਲਕਾ ਦੇ ਸਰਹੱਦੀ ਖੇਤਰ ਉੱਪਰ ਵਹਿੰਦੇ ਸਤਲੁਜ ਦਰਿਆ ਦੇ ਵਿੱਚ ਪਾਣੀ ਵਧਣ ਕਾਰਨ ਹੋਏ ਸਰਹੱਦੀ ਖੇਤਰ ਦੇ ਵੱਡੇ ਨੁਕਸਾਨ ਦਾ ਜਾਇਜ਼ਾ ਲੈਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੁੱਲ ਕਿਸਾਨ ਸਭਾ ਦੇ ਪ੍ਰਧਾਨ ਰਾਜਨ ਸ਼ਿਵ ਸਾਗਰ ਤੇ ਸਕੱਤਰ ਕੇਡੀ ਸਿੰਘ ਨੇ ਕਿਹਾ ਕਿ ਕਿਸਾਨਾਂ/ਮਜ਼ਦੂਰਾਂ ਤੇ ਆਮ ਲੋਕਾਂ ਦਾ ਇੰਨੇ ਵੱਡੇ ਪੱਧਰ 'ਤੇ ਜਾਨੀ ਤੇ ਮਾਲੀ ਨੁਕਸਾਨ ਜਾਣ ਕੇ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ ਹੈ।ਕਿਸਾਨਾਂ ਦੇ ਕੌਮੀ ਆਗੂਆਂ ਨੇ ਕਿਹਾ ਕਿ ਉਨ੍ਹਾਂ ਨੂੰ ਵੱਡਾ ਦੁੱਖ ਇਹ ਵੀ ਹੋਇਆ ਹੈ ਕਿ ਇਨ੍ਹਾਂ ਦੇ ਹੋਏ ਨੁਕਸਾਨ ਦੀ ਭਰਪਾਈ ਲਈ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਨਿਗੂਣੇ ਮੁਆਵਜ਼ੇ ਦਾ ਐਲਾਨ ਕੀਤਾ ਗਿਆ ਹੈ, ਜੋ ਕਿ ਕਿਸਾਨਾਂ, ਮਜ਼ਦੂਰਾਂ ਤੇ ਆਮ ਲੋਕਾਂ ਲਈ ਨਾ ਕਾਫ਼ੀ ਹੈ।ਕੁੱਲ ਹਿੰਦ ਕਿਸਾਨ ਸਭਾ ਦੇ ਕੌਮੀ ਆਗੂਆਂ ਨੇ ਦੇਸ਼ ਦੀ ਕੇਂਦਰ ਤੇ ਪੰਜਾਬ ਦੀ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਟੀਮਾਂ ਬਣਾ ਕੇ ਜਾਇਜ਼ਾ ਲੈ ਕੇ ਸਹੀ ਮੁਆਵਜ਼ਾ ਦੇਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਫ਼ਸਲ ਪੱਕਣ ਕਿਨਾਰੇ ਸੀ ਤੇ ਉਨ੍ਹਾਂ ਦਾ ਇੱਕ ਏਕੜ ਫਸਲ ਨੂੰ ਪਕਾਉਣ ਤੱਕ 30 ਤੋਂ 40 ਹਜ਼ਾਰ ਰੁਪਏ ਤੱਕ ਤਾਂ ਸਿਰਫ਼ ਖ਼ਰਚ ਹੀ ਹੋਇਆ ਹੈ।ਬਾਕੀ ਦੀ ਮਜ਼ਦੂਰੀ ਤੇ ਹੋਰ ਖ਼ਰਚਾ ਬਣਦਾ ਹੈ।ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਹੋਏ ਨੁਕਸਾਨ ਦਾ ਘੱਟੋ ਘੱਟ ਇੱਕ ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ ਸਰਕਾਰ ਵੱਲੋਂ ਦਿੱਤਾ ਜਾਣਾ ਚਾਹੀਦਾ ਹੈ। ਆਗੂਆਂ ਨੇ ਸਰਹੱਦੀ ਕਿਸਾਨਾਂ ਦੀ ਅਧਿਮ ਮੰਗ ਦਾ ਜ਼ਿਕਰ ਕਰਦਿਆਂ ਕਿਹਾ ਕਿ 2007 ਵਿੱਚ ਸਰਹੱਦੀ ਖੇਤਰ ਦੀਆਂ ਜ਼ਮੀਨਾਂ ਪੱਕੀਆਂ ਤੋਂ ਕੱਚੀਆਂ ਕਰ ਦਿੱਤੀਆਂ ਜ਼ਮੀਨਾਂ ਨੂੰ ਕੇਂਦਰ ਵੱਲੋਂ ਵਿਸ਼ੇਸ਼ ਮਤਾ ਪਾਸ ਕਰਕੇ ਦੇਸ਼ ਦੀ ਪਾਰਲੀਮੈਂਟ ਵਿੱਚ ਇਨ੍ਹਾਂ ਜ਼ਮੀਨਾਂ ਨੂੰ ਪੱਕਾ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ, ਕਿਉਂਕਿ ਕੱਚੀਆਂ ਜ਼ਮੀਨਾਂ ਹੋਣ ਕਰਕੇ ਕਈ ਕਿਸਾਨ ਆਪਣੀਆਂ ਅਸਲ ਸਹੂਲਤਾਂ ਲੈਣ ਤੋਂ ਵਾਂਝੇ ਰਹਿ ਜਾਂਦੇ ਹਨ।ਉਨ੍ਹਾਂ ਨਾਲ ਹੀ ਪੰਜਾਬ ਸਰਕਾਰ ਨੂੰ ਮੰਗ ਕਰਦਿਆਂ ਕਿਹਾ ਕਿ ਕੱਚੀਆਂ ਜ਼ਮੀਨਾਂ ਵਾਲੇ ਕਿਸਾਨਾਂ ਨੂੰ ਵੀ ਪੱਕੀਆਂ ਜ਼ਮੀਨਾਂ ਦੇ ਬਰਾਬਰ ਜਾਂਚ ਪੜਤਾਲ ਕਰਕੇ ਬਣਦਾ ਉਚਿਤ ਮੁਆਵਜ਼ਾ ਦਿੱਤਾ ਜਾਵੇ।ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਮਚੀ ਤਬਾਹੀ ਕਾਰਨ ਫੌਤ ਹੋ ਗਏ ਕਿਸਾਨਾਂ ਤੇ ਮਜ਼ਦੂਰਾਂ ਨੂੰ 10 ਲੱਖ ਰੁਪਏ ਤੇ ਇੱਕ ਨੌਕਰੀ ਦੀ ਸਰਕਾਰ ਵੱਲੋਂ ਗਾਰੰਟੀ ਕੀਤੀ ਜਾਵੇ, ਡਿੱਗੇ ਕੱਚੇ ਮਕਾਨ ਲਈ 5 ਲੱਖ ਤੇ ਪੱਕੇ ਮਕਾਨ ਲਈ 2 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਕਿਸਾਨ ਸਭਾ ਦੇ ਸੂਬਾ ਸਕੱਤਰ ਕਾਮਰੇਡ ਬਲਕਰਨ ਬਰਾੜ ਤੇ ਮੀਤ ਸਕੱਤਰ ਕਾਮਰੇਡ ਸੁਰਿੰਦਰ ਢੰਡੀਆਂ ਨੇ ਕਿਹਾ ਕਿ ਸਰਹੱਦੀ ਖੇਤਰ ਦੀਆਂ ਮੁਸ਼ਕਲਾਂ ਬਹੁਤ ਵੱਡੀਆਂ ਹਨ।ਜਦੋਂ ਵੀ ਸਰਹੱਦ ਤੇ ਭਾਰਤ ਪਾਕਿਸਤਾਨ ਵਿੱਚ ਤਨਾਅ ਬਣਦਾ ਹੈ, ਤਾਂ ਉਸ ਵਕਤ ਵੀ ਇਨ੍ਹਾਂ ਸਰਹੱਦੀ ਖੇਤਰ ਦੇ ਲੋਕਾਂ ਨੂੰ ਉਜੜਨਾ ਪੈਂਦਾ ਹੈ।ਉਨ੍ਹਾਂ ਸਰਕਾਰਾਂ ਤੋਂ ਮੰਗ ਕਰਦਿਆਂ ਕਿਹਾ ਕਿ ਸਰਹੱਦੀ ਖੇਤਰ ਦੇ ਲੋਕਾਂ ਲਈ ਸੁਰੱਖਿਅਤ ਜਗ੍ਹਾ 'ਤੇ ਉਨ੍ਹਾਂ ਦੇ ਘਰ ਬਣਾਉਣ ਲਈ ਜਗ੍ਹਾ ਅਲਾਟ ਕਰਕੇ ਉਨ੍ਹਾਂ ਦੇ ਘਰ ਵਸਾਏ ਜਾਣ, ਤਾਂ ਕਿ ਉਹ ਇਨ੍ਹਾਂ ਉਜਾੜਿਆ ਤੋਂ ਬਚ ਸਕਣ।ਇਸ ਮੌਕੇ ਕੁੱਲ ਦੇ ਕਿਸਾਨ ਸਭਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਵਜ਼ੀਰ ਚੰਦ ਸੱਪਾਂਵਾਲੀ ਤੇ ਕਾਮਰੇਡ ਹੰਸਰਾਜ ਗੋਲਡਨ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਨੁਕਸਾਨ ਹੋਈਆਂ ਫਸਲਾਂ ਦੀ ਪਾਰਦਰਸ਼ੀ ਢੰਗ ਨਾਲ ਗਿਰਦਾਵਰੀ ਕਰਵਾਉਣ ਤੇ ਡਿੱਗੇ ਮਕਾਨਾਂ ਦੀ ਸਹੀ ਨਿਸ਼ਾਨਦੇਹੀ ਕਰਵਾਉਣ ਲਈ ਅਪੀਲ ਕਰਦਿਆਂ ਕਿਹਾ ਕਿ ਹਰ ਵਾਰ ਆਉਂਦੇ ਹੜ੍ਹਾਂ ਕਾਰਨ ਯੋਗ ਲੋਕਾਂ ਨੂੰ ਮੁਆਵਜ਼ੇ ਲੰਬਾ ਲੰਬਾ ਸਮਾਂ ਨਹੀਂ ਮਿਲਦੇ ਤੇ ਉਨ੍ਹਾਂ ਨੂੰ ਪਿਛਲੇ ਬਕਾਏ ਮੁਆਵਜ਼ੇ ਵੀ ਤੁਰੰਤ ਜਾਰੀ ਕੀਤੇ ਜਾਣ।ਕਿਸਾਨ ਆਗੂਆਂ ਵੱਲੋਂ ਦੇਸ਼ ਦੇ ਪ੍ਰਧਾਨ ਮੰਤਰੀ ਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਲਈ ਪੈਕੇਜ ਦੇਣ ਲਈ ਲਿਖਤੀ ਪੱਤਰ ਭੇਜਣ ਲਈ ਵੀ ਕਿਹਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਸਾਨ ਸਭਾ ਵੱਲੋਂ ਹੁਸ਼ਿਆਰ ਸਿੰਘ, ਪੰਜਾਬ ਇਸਤਰੀ ਸਭਾ ਦੇ ਆਗੂ ਸੁਮਿੱਤਰਾ ਫਾਜ਼ਿਲਕਾ, ਹਰਜੀਤ ਕੌਰ ਢੰਡੀਆਂ, ਗੁਰਦਿਆਲ ਢਾਬਾਂ ਆਦਿ ਹਾਜ਼ਰ ਸਨ।

# ਮੰਡਲ ਪੱਧਰ 'ਤੇ ਕੌਮੀ ਲੋਕ ਅਦਾਲਤ 'ਚ 340 ਕੇਸਾਂ ਦਾ ਮੌਕੇ 'ਤੇ ਫੈਸਲਾ

## ਕਰੀਬ ਸਵਾ 12 ਕਰੋੜ ਰੁਪਏ ਦੇ ਅਵਾਰਡ ਕੀਤੇ ਪਾਸ




**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਮਾਣਾ ਦੀਆਂ ਨਿਆਇਕ ਅਦਾਲਤਾਂ ਵਿਖੇ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਮੈਡਮ ਰੁਪਿੰਦਰਜੀਤ ਚਹਿਲ ਤੇ ਐੱਮ ਐੱਸ ਅਮਨਦੀਪ ਕੰਬੋਜ ਸੀ.ਜੇ.ਐੱਮ-ਕਮ-ਸੈਕਟਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੀ ਅਗਵਾਈ ਹੇਠ ਸ੍ਰੀ ਮਨਦੀਪ ਸਿੰਘ ਵਧੀਕ ਸਿਵਲ ਜੱਜ ਸੀਨੀਅਰ ਡਵੀਜ਼ਨ ਸਮਾਣਾ, ਕਮ-ਚੇਅਰਮੈਨ ਉਪ-ਮੰਡਲ ਕਾਨੂੰਨੀ ਸੇਵਾਵਾਂ ਕਮੇਟੀ ਸਮਾਣਾ ਦੀ ਪ੍ਰਧਾਨਗੀ ਹੇਠ ਇਸ ਸਾਲ ਦੀ ਤੀਜੀ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ।

ਉਪ-ਮੰਡਲ ਪੱਧਰ 'ਤੇ 6 ਕੌਮੀ ਲੋਕ ਅਦਾਲਤਾਂ ਦਾ ਆਯੋਜਨ ਕੀਤਾ ਗਿਆ, ਜਿਨ੍ਹਾਂ ਵਿੱਚੋਂ ਇੱਕ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਸ੍ਰੀ ਮਨਦੀਪ ਸਿੰਘ ਵਧੀਕ ਸਿਵਲ ਜੱਜ ਸੀਨੀਅਰ ਡਵੀਜ਼ਨ ਸਮਾਣਾ, ਦੂਜੀ ਦੀ ਪ੍ਰਧਾਨਗੀ ਜੱਜ ਡਾਕਟਰ ਰਾਜਵਿੰਦਰ ਕੌਰ, ਤੀਜੀ ਦੀ ਪ੍ਰਧਾਨਗੀ ਮੈਡਮ ਏਕਤਾ ਸੇਡਾ, ਚੌਥੀ ਦੀ ਪ੍ਰਧਾਨਗੀ ਮੈਡਮ ਜਸਲੀਨ ਕੌਰ ਬਵੇਜਾ, ਪੰਜਵੀਂ ਦੀ ਪ੍ਰਧਾਨਗੀ ਮੈਡਮ ਮੋਹਿਨੀ ਗੋਇਲ ਤੇ ਛੇਵੀਂ ਲੋਕ ਅਦਾਲਤ ਦੀ ਪ੍ਰਧਾਨਗੀ ਮੈਡਮ ਡਿੰਪਲ ਗਰਗ ਨੇ ਕੀਤੀ।ਇਨ੍ਹਾਂ ਕੌਮੀ ਲੋਕ ਅਦਾਲਤਾਂ ਵਿੱਚ ਦੀਵਾਨੀ ਤੇ ਸਮਝੌਤਾਯੋਗ ਫੌਜਦਾਰੀ, ਟ੍ਰੈਫਿਕ ਚਲਾਨ, ਬੈਂਕਾਂ ਦੇ ਕੇਸ ਆਦਿ ਕੇਸ ਸੁਣਵਾਈ ਲਈ ਪੇਸ਼ ਹੋਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਕੇਸਾਂ ਦੇ ਆਪਸੀ ਸਮਝੌਤੇ ਕਰਵਾ ਕੇ ਕੇਸ ਫੈਸਲਾ ਕਰਵਾ ਦਿੱਤੇ ਗਏ। ਇਨ੍ਹਾਂ ਕੌਮੀ ਲੋਕ ਅਦਾਲਤਾਂ ਵਿੱਚ ਕਰੀਬ 1148 ਕੇਸ ਸੁਣਵਾਈ ਲਈ ਪੇਸ਼ ਹੋਏ, ਜਿਨ੍ਹਾਂ ਵਿੱਚੋਂ 340 ਕੇਸਾਂ ਦੇ ਆਪਸੀ ਸਮਝੌਤਿਆਂ ਰਾਹੀਂ ਫੈਸਲੇ ਕਰਵਾ ਦਿੱਤੇ ਗਏ ਅਤੇ ਕਰੀਬ 122670376 ਰੁਪਏ ਦੇ ਐਵਾਰਡ ਪਾਸ ਕੀਤੇ ਗਏ।ਇਸ ਮੌਕੇ ਲੋਕ ਅਦਾਲਤ ਕਮੇਟੀ ਮੈਂਬਰ ਐਡਵੋਕੇਟਸ ਅਰਣਦੀਪ ਸਿੰਘ ਸੰਧੂ, ਜਸਵਿੰਦਰ ਸਿੰਘ ਗੋਲਣ, ਰਜਨੀ ਬਾਲਾ, ਨਿਰਲੇਪ ਕੌਰ, ਪੂਜਾ ਸਿੰਗਲਾ, ਅਰਮਾਨ ਸਿੰਘ, ਪਵਨ ਸਾਸਤਰੀ, ਸੰਜੇ ਸਿੰਗਲਾ, ਸ਼ਿਵ ਕੁਮਾਰ ਘੱਗਾ, ਡਾ. ਸ਼ਾਮ ਲਾਲ, ਜਤਿੰਦਰ ਕੁਮਾਰ ਢੀਂਗੜਾ ਤੋਂ ਇਲਾਵਾ ਰੀਡਰ ਮੇਜਰ ਸਿੰਘ, ਗੁਰਦੀਪ ਸਿੰਘ, ਰਜਿੰਦਰ ਸਿੰਘ, ਰਾਹੁਲ ਢੀਂਗਰਾ, ਕਿਰਨ ਕੁਮਾਰ, ਸਰਵੇਸ਼ ਕੁਮਾਰ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਐਡਵੋਕੇਟ ਗੁਰਵਿੰਦਰ ਸਿੰਘ ਗੋਲਣ ਤੇ ਪੀ ਐੱਲ ਵੀ ਮੋਨਿਕਾ ਪਹੂਜਾ ਤੋਂ ਇਲਾਵਾ ਬਾਰ-ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਸ੍ਰ: ਨਵਦੀਪ ਸਿੰਘ ਢਿੱਲੋਂ, ਸੈਕਟਰੀ ਕਸ਼ਮੀਰ ਸਿੰਘ ਚੂੰਬਰ, ਮੀਤ ਪ੍ਰਧਾਨ, ਸੰਦੀਪ ਜਿੰਦਲ, ਜੁਆਇੰਟ ਸੈਕਟਰੀ ਕੁਲਜੀਤ ਸਿੰਘ ਵਿਰਕ, ਕੈਸ਼ੀਅਰ, ਬਘੇਲ ਸਿੰਘ ਸੰਧੂ, ਲਾਈਬ੍ਰੇਰੀਅਨ ਖਵਾਬ ਸੋਨੀ, ਕਾਰਜਕਾਰੀ ਮੈਂਬਰ ਅਰਣਦੀਪ ਸਿੰਘ ਸੰਧੂ, ਜਸਵਿੰਦਰ ਸਿੰਘ ਗੋਲਣ, ਨੇਹਾ ਚੋਪੜਾ, ਸਾਬਕਾ ਪ੍ਰਧਾਨ ਸ੍ਰ: ਕਰਮਜੀਤ ਸਿੰਘ ਰੰਧਾਵਾ, ਐਡਵੋਕੇਟ ਦਵਿੰਦਰ ਸਿੰਘ ਢਿੱਲੋਂ, ਐਡਵੋਕੇਟਸ ਰਿਸ਼ੀ ਚੋਪੜਾ ਇਲਾਵਾ ਸਮਾਣਾ ਬਾਰ ਦੇ ਵਕੀਲ ਸਹਿਬਾਨ, ਵੱਖ-ਵੱਖ ਬੈਂਕਾਂ ਦੇ ਕਰਮਚਾਰੀ ਤੇ ਕੇਸਾਂ ਦੀ ਸੁਣਵਾਈ ਵਾਲੇ ਲੋਕ ਹਾਜ਼ਰ ਸਨ।

## ਕਾਤਰਾਂ

### ਵੱਖ ਵੱਖ ਥਾਈਂ 14, 15 ਤੇ 16 ਨੂੰ ਬਿਜਲੀ ਬੰਦ ਰਹੇਗੀ

**ਧੂਰੀ (ਮਨੋਹਰ ਸਿੰਘ ਸੱਗੂ)**-ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਵੰਡ ਉਪ ਮੰਡਲ ਸ਼ਹਿਰੀ ਧੂਰੀ ਅਨੁਸਾਰ 14, 15 ਤੇ 16 ਸਤੰਬਰ ਨੂੰ ਸ਼ਹਿਰ ਦੇ ਵੱਖ ਵੱਖ ਹਿੱਸਿਆਂ 'ਚ ਬਿਜਲੀ ਸਪਲਾਈ ਬੰਦ ਰਹੇਗੀ।ਜਾਣਕਾਰੀ ਅਨੁਸਾਰ ਸ਼ਡਿਊਲ ਰੋਡ ਦੇ ਨਿਰਮਾਣ ਲਈ ਪੋਲ ਸ਼ਿਫਟਿੰਗ ਦਾ ਕੰਮ ਕਰਨ ਲਈ 14 ਸਤੰਬਰ ਨੂੰ ਸ਼ੂਗਰ ਮਿੱਲ ਗੇਟ ਤੋਂ ਮੇਨ ਰੇਲ ਫਾਟਕਾਂ ਤੱਕ 11 ਕੇ ਵੀ ਆਰੀਆ ਕਾਲਜ ਫੀਡਰ ਦੀ ਸਪਲਾਈ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ, 15 ਸਤੰਬਰ ਨੂੰ ਬਾਗੜੀਆਂ ਰੋਡ ਤੋਂ ਸ਼ੂਗਰ ਮਿੱਲ ਗੇਟ ਤੱਕ 11 ਕੇਵੀ ਗਊਸ਼ਾਲਾ ਫੀਡਰ ਦੀ ਸਪਲਾਈ ਸਵੇਰੇ, 10 ਵਜੇ ਤੋਂ ਸ਼ਾਮ 6 ਵਜੇ ਤੱਕ ਤੇ 16 ਸਤੰਬਰ ਨੂੰ ਸ਼ੂਗਰ ਮਿੱਲ ਗੇਟ ਤੋਂ ਮੇਨ ਰੇਲਵੇ ਫਾਟਕਾਂ ਤੱਕ ਆਰੀਆ ਕਾਲਜ ਫੀਡਰ ਦੀ ਬਿਜਲੀ ਸਪਲਾਈ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਬੰਦ ਰਹੇਗੀ।

### ਰੇਲਵੇ ਸਟੇਸ਼ਨ ਨੇੜਿਓਂ ਅਣਪਛਾਤੇ ਨੌਜਵਾਨ ਦੀ ਲਾਸ਼ ਬਰਾਮਦ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਰੇਲਵੇ ਸਟੇਸ਼ਨ ਸੁਨਾਮ ਦੇ ਨੇੜੇ ਕਿਲੋਮੀਟਰ ਨੰਬਰ 90/9 'ਤੇ ਬੰਦ ਪਈ ਪਾਣੀ ਵਾਲੀ ਟੈਂਕੀ ਕੋਲ ਮੋਟਰ ਦੇ ਕਮਰੇ ਦੀ ਕੰਧ ਨਾਲ ਲੱਗੀ ਕਰੀਬ 25 ਤੋਂ 30 ਸਾਲ ਦੀ ਉਮਰ ਵਾਲੇ ਅਣਪਛਾਤੇ ਵਿਅਕਤੀ ਦੀ ਲਾਸ਼ ਬਰਾਮਦ ਹੋਈ ਹੈ।ਮ੍ਰਿਤਕ ਦੀ ਪਹਿਚਾਣ ਅਜੇ ਨਹੀਂ ਹੋ ਸਕੀ।ਜਾਣਕਾਰੀ ਮੁਤਾਬਕ 12 ਸਤੰਬਰ 2025 ਨੂੰ ਇਹ ਲਾਸ਼ ਮਿਲੀ।ਇਸ ਦੀ ਪਛਾਣ ਲਈ ਮ੍ਰਿਤਕ ਦੀ ਡੈੱਡਬਾਡੀ ਨੂੰ ਸਿਵਲ ਹਸਪਤਾਲ ਸੁਨਾਮ ਦੀ ਮੋਰਚਰੀ (ਫਰੀਜ਼ਰ) 'ਚ ਰੱਖਿਆ ਗਿਆ ਹੈ।ਇਸ ਸਬੰਧ 'ਚ ਏ/ਪੀ ਜੀ.ਆਰ.ਪੀ. ਸੁਨਾਮ ਵੱਲੋਂ 194 ਬੀ ਐੱਨ ਐੱਸ ਐੱਸ ਤਹਿਤ ਕਾਰਵਾਈ ਕੀਤੀ ਜਾ ਰਹੀ ਹੈ।ਜੀ.ਆਰ.ਪੀ. ਅਧਿਕਾਰੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਨੂੰ ਇਸ ਵਿਅਕਤੀ ਸਬੰਧੀ ਕੋਈ ਵੀ ਜਾਣਕਾਰੀ ਪ੍ਰਾਪਤ ਹੋਵੇ ਤਾਂ ਤੁਰੰਤ ਹੇਠ ਲਿਖੇ ਨੰਬਰਾਂ ਜਿਵੇਂ-ਐਸ.ਆਈ. ਹਰਵਿੰਦਰ ਸਿੰਘ, ਮੁੱਖ ਅਫਸਰ ਥਾਣਾ ਜੀ.ਆਰ.ਪੀ. ਸੰਗਰੂਰ-ਮੋਬਾਇਲ 98158-45736, ਏ.ਐਸ.ਆਈ. ਸਰਬਜੀਤ ਸਿੰਘ, ਜੀ.ਆਰ.ਪੀ. ਸੁਨਾਮ-ਮੋਬਾਇਲ 98153-41547, ਏ.ਐਸ.ਆਈ. ਅਜੇ ਕੁਮਾਰ, ਜੀ.ਆਰ.ਪੀ. ਸੁਨਾਮ - ਮੋਬਾਇਲ 95924-24026 'ਤੇ ਸੰਪਰਕ ਕੀਤਾ ਜਾਵੇ।

### ਪਲੇਸਮੈਂਟ ਕੈਂਪ 16 ਨੂੰ

**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਮਾਨਸਾ ਵਿਖੇ 16 ਸਤੰਬਰ ਨੂੰ 'ਪੇਅ ਟੀਐੱਮ' ਵੱਲੋਂ ਫੀਲਡ ਸੇਲਜ਼ ਐਗਜ਼ੀਕਿਊਟਿਵ ਦੀ ਭਰਤੀ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਘੱਟੋ ਘੱਟ ਯੋਗਤਾ 12ਵੀਂ ਪਾਸ ਲੜਕੇ ਭਾਗ ਲੈ ਸਕਦੇ ਹਨ, ਜਿਨ੍ਹਾਂ ਦੀ ਉਮਰ ਸੀਮਾ 18 ਤੋਂ 35 ਸਾਲ ਤੱਕ ਹੋਣੀ ਚਾਹੀਦੀ ਹੈ ਤੇ ਪ੍ਰਾਰਥੀ ਸਰੀਰਕ ਤੌਰ 'ਤੇ ਫਿੱਟ ਹੋਣੇ ਚਾਹੀਦੇ ਹਨ।ਭਾਗ ਲੈਣ ਵਾਲੇ ਪ੍ਰਾਰਥੀਆਂ ਕੋਲ ਆਪਣਾ ਦੋ ਪਹੀਆ ਵਾਹਨ ਤੇ ਡ੍ਰਾਇਵਿੰਗ ਲਾਇਸੰਸ ਹੋਣਾ ਲਾਜ਼ਮੀ ਹੈ।ਚਾਹਵਾਨ ਪ੍ਰਾਰਥੀ ਆਪਣੇ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ ਤੇ ਯੋਗਤਾ ਦਾ ਵੇਰਵਾ (ਰਜ਼ਿਊਮ) ਲੈ ਕੇ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦਫ਼ਤਰ, ਮਾਨਸਾ ਕੈਂਪ ਵਾਲੇ ਦਿਨ ਸਵੇਰੇ 10:00 ਵਜੇ ਪਹੁੰਚਣ।

# ਭੇਦਭਰੀ ਹਾਲਤ 'ਚ ਵਿਆਹੁਤਾ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਥਾਣਾ ਬਡਾਲੀ ਆਲਾ ਸਿੰਘ ਦੀ ਹੱਦ 'ਚ ਪੈਂਦੇ ਪਿੰਡ ਬੀਬੀਪੁਰ ਵਿਖੇ ਰਹਿ ਰਹੀ ਇੱਕ 30 ਸਾਲਾ ਵਿਆਹੁਤਾ ਔਰਤ ਦੀ ਭੇਤਭਰੀ ਹਾਲਤ ਵਿੱਚ ਹੋਈ ਮੌਤ ਦੇ ਮਾਮਲੇ ਵਿੱਚ ਮ੍ਰਿਤਕ ਮਹਿਲਾ ਦੇ ਪਤੀ ਉੱਤੇ ਉਸ ਨੂੰ ਮਾਰਨ ਦੇ ਦੋਸ਼ ਲੱਗੇ ਹਨ, ਜਦੋਂ ਕਿ ਪਤੀ ਵੱਲੋਂ ਇਨ੍ਹਾਂ ਦੋਸ਼ਾਂ ਨੂੰ ਨਕਾਰਿਆ ਗਿਆ ਹੈ।

ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਦੀ ਮੋਰਚਰੀ ਵਿੱਚ ਰੱਖੀ ਮ੍ਰਿਤਕਾ ਜਸਪ੍ਰੀਤ ਕੌਰ ਦੀ ਲਾਸ਼ ਦਾ ਪੋਸਟਮਾਰਟਮ ਕਰਵਾਉਣ ਲਈ ਪਹੁੰਚੀਆਂ ਦੋਵੇਂ ਧਿਰਾਂ ਨੇ ਹਸਪਤਾਲ ਵਿੱਚ ਬਹਿਸਬਾਜ਼ੀ ਕਰਦਿਆਂ ਇੱਕ ਦੂਜੇ 'ਤੇ ਗੰਭੀਰ ਦੋਸ਼ ਲਗਾਏ।ਮ੍ਰਿਤਕ ਮਹਿਲਾ ਜਸਪ੍ਰੀਤ ਕੌਰ ਦੇ ਭਰਾ ਹਰਚੰਦ ਸਿੰਘ ਵਾਸੀ ਪਿੰਡ ਭਾਗੋਮਾਜਰਾ ਤੇ ਭੈਣ ਰਾਜਵੀਰ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੋਸ਼ ਲਗਾਉਂਦੇ ਹੋਏ ਦੱਸਿਆ ਕਿ 2019 'ਚ ਉਨ੍ਹਾਂ ਦੀ ਭੈਣ ਜਸਪ੍ਰੀਤ ਕੌਰ ਦਾ ਵਿਆਹ ਗੁਰਸੇਵਕ ਸਿੰਘ ਵਾਸੀ ਪਿੰਡ ਬੀਬੀਪੁਰ ਨਾਲ ਹੋਇਆ ਸੀ, ਜੋ ਕਿ ਨਸ਼ੇ ਦਾ ਆਦੀ ਹੈ ਤੇ ਨਸ਼ੇ ਦੀ ਪੂਰਤੀ ਲਈ ਉਹ ਜਸਪ੍ਰੀਤ ਕੌਰ ਤੋਂ ਪੈਸਿਆਂ ਤੇ ਗਹਿਣਿਆਂ ਦੀ ਮੰਗ ਕਰਦਾ ਰਹਿੰਦਾ ਸੀ ਤੇ ਉਸਦੀ ਕੁੱਟਮਾਰ ਕਰਦਾ ਸੀ, ਜਿਸ ਵੱਲੋਂ ਬੀਤੀ ਰਾਤ ਜਸਪ੍ਰੀਤ ਕੌਰ ਦੀ ਕੁੱਟਮਾਰ ਕਰਦੇ ਹੋਏ ਉਸ ਦਾ ਗਲ ਘੁੱਟ ਕੇ ਕਤਲ ਕਰ ਦਿੱਤਾ ਗਿਆ, ਜਦੋਂ ਕਿ ਮ੍ਰਿਤਕਾ ਦੇ ਪਤੀ ਗੁਰਸੇਵਕ ਸਿੰਘ ਦਾ ਕਹਿਣਾ ਸੀ ਕਿ ਉਹ ਜਦੋਂ ਘਰ ਆਇਆ ਤਾਂ ਜਸਪ੍ਰੀਤ ਕੌਰ ਤਾਂ ਉਹ ਬੈੱਡ 'ਤੇ ਬੇਹੋਸ਼ੀ ਦੀ ਹਾਲਤ ਵਿੱਚ ਪਈ ਸੀ, ਜਿਸ ਨੂੰ ਉਹ ਚੁੱਕ ਕੇ ਪਹਿਲਾਂ ਇੱਕ ਨਿੱਜੀ ਹਸਪਤਾਲ ਵਿੱਚ ਤੇ ਫਿਰ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਲੈ ਕੇ ਆਏ ਜਿੱਥੇ ਜਸਪ੍ਰੀਤ ਕੌਰ ਦੀ ਮੌਤ ਹੋ ਗਈ।ਉਨ੍ਹਾਂ ਜਸਪ੍ਰੀਤ ਕੌਰ ਦੇ ਪਰਿਵਾਰ ਵੱਲੋਂ ਲਗਾਏ ਜਾ ਰਹੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਉਸ ਵੱਲੋਂ ਆਪਣੀ ਪਤਨੀ ਦੀ ਕਦੇ ਕੋਈ ਮਾਰਕੁੱਟ ਨਹੀਂ ਕੀਤੀ ਗਈ ਅਤੇ ਨਾ ਹੀ ਉਹ ਇਹ ਘਟਨਾ ਵਾਪਰਨ ਸਮੇਂ ਘਰ ਸੀ। ਮਾਮਲੇ ਦੀ ਜਾਂਚ ਕਰ ਰਹੇ ਥਾਣਾ ਬਡਾਲੀ ਆਲਾ ਸਿੰਘ ਦੇ ਸਹਾਇਕ ਥਾਣੇਦਾਰ ਰਾਮ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਦਾ ਪੋਸਟਮਾਰਟਮ ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਡਾਕਟਰਾਂ ਦੇ ਇੱਕ ਬੋਰਡ ਤੋਂ ਕਰਵਾਇਆ ਜਾ ਰਿਹਾ ਹੈ, ਜਿਸ ਦੀ ਰਿਪੋਰਟ ਆਉਣ ਤੋਂ ਬਾਅਦ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਲਾਪਤਾ ਨੌਜਵਾਨਾਂ ਦੇ ਵਾਰਸਾਂ ਵੱਲੋਂ ਘੱਗਾ ਥਾਣੇ ਅੱਗੇ ਰੋਸ ਧਰਨਾ

- ਮਾਮਲਾ ਨਾਬਾਲਗ ਲੜਕੀ ਸਮੇਤ ਦੋ ਨੌਜਵਾਨਾਂ ਦੇ ਲਾਪਤਾ ਹੋਣ ਦਾ
- ਪੁਲਸ ਕਾਰਵਾਈ ਨਾ ਹੋਣ ਤੋਂ ਗੁੱਸੇ 'ਚ ਆਏ ਲੋਕ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਪਿੰਡ ਡਰੋਲੀ ਦੇ ਦੋ ਨੌਜਵਾਨਾਂ ਵੱਲੋਂ ਨਾਲ ਲੱਗਦੇ ਪਿੰਡ ਦੀ ਨਾਬਾਲਗ ਲੜਕੀ ਨੂੰ ਲੈ ਕੇ ਫਰਾਰ ਹੋਣ ਦੇ ਮਾਮਲੇ ਵਿੱਚ ਉਸ ਸਮੇਂ ਨਵਾਂ ਮੋੜ ਆ ਗਿਆ, ਜਦੋਂ ਪਿਛਲੇ ਕਰੀਬ ਡੇਢ ਮਹੀਨੇ ਤੋਂ ਲਾਪਤਾ ਲੜਕਿਆਂ ਦੇ ਪਰਿਵਾਰਕ ਮੈਂਬਰਾਂ ਤੇ ਪਿੰਡ ਵਾਸੀਆਂ ਵੱਲੋਂ ਬਾਲਮੀਕ ਸਭਾ ਦੇ ਸਹਿਯੋਗ ਨਾਲ ਪੁਲਸ ਥਾਣਾ ਘੱਗਾ ਦਾ ਘਿਰਾਓ ਕਰਕੇ ਗੇਟ ਸਾਹਮਣੇ ਧਰਨਾ ਦਿੰਦੇ ਹੋਏ ਕਾਰਵਾਈ ਦੀ ਮੰਗ ਕੀਤੀ ਗਈ।

ਇਸ ਦੌਰਾਨ ਇਕੱਤਰ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਨੇ ਪੁਲਸ ਵੱਲੋਂ ਲੰਬਾਂ ਸਮਾਂ ਬੀਤ ਜਾਣ ਦੇ ਬਾਵਜੂਦ ਕੋਈ ਕਾਰਵਾਈ ਨਾ ਕੀਤੇ ਜਾਣ ਨੂੰ ਲੈ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਰੋਸ ਪ੍ਰਦਰਸ਼ਨ ਦੌਰਾਨ ਬਾਲਮੀਕ ਸਭਾ ਦੇ ਪ੍ਰਧਾਨ ਅਮਰਵੀਰ ਸਿੰਘ ਉਸਕੀ ਤੇ ਲਾਪਤਾ ਲੜਕਿਆਂ ਦੇ ਪਿਤਾ ਗੁਰਮੁੱਖ ਸਿੰਘ, ਬਲਵਿੰਦਰ ਰਾਮ, ਮਾਂ ਅਮਰਜੀਤ ਕੌਰ, ਅਮਰੀਕੋ ਦੇਵੀ ਨੇ ਦੱਸਿਆ ਕਿ ਉਨ੍ਹਾਂ ਦੇ ਲੜਕੇ ਪਾਤੜਾਂ ਵਿਖੇ ਕਾਰ ਬਾਜ਼ਾਰ ਵਿੱਚ ਡੈਂਟਿਗ ਪੇਂਟਿੰਗ ਦਾ ਕੰਮ ਕਰਦੇ ਹਨ।ਬੀਤੀ 29 ਤੇ 30 ਜੁਲਾਈ ਦੀ ਰਾਤ ਨੂੰ ਉਨ੍ਹਾਂ ਦੇ ਲੜਕੇ ਮਿਨਤ ਰਾਮ ਤੇ ਮੰਨੂ ਅਚਾਨਕ ਘਰੋਂ ਚਲੇ ਗਏ।ਤੜਕਸਾਰ 3 ਵਜੇ ਦੇ ਕਰੀਬ ਨਾਲ ਲੱਗਦੇ ਪਿੰਡ ਦੀ ਲੜਕੀ ਦੇ ਮਾਪੇ ਪੁਲਸ ਲੈ ਕੇ ਉਨ੍ਹਾਂ ਦੇ ਘਰੇ ਆਏ ਅਤੇ ਕਿਹਾ ਕਿ ਦੋਵੇਂ ਲੜਕੇ ਉਨ੍ਹਾਂ ਦੀ ਨਾਬਾਲਗ ਲੜਕੀ ਨੂੰ ਲੈ ਕੇ ਫਰਾਰ ਹੋ ਗਏ ਹਨ।ਇਸ ਦੌਰਾਨ ਜਦੋਂ ਉਹ ਲੜਕਿਆਂ ਦੀ ਭਾਲ ਕਰ ਰਹੇ ਸਨ ਤਾਂ ਭਾਖੜਾ ਨਹਿਰ ਦੇ ਕਿਨਾਰੇ ਉਨ੍ਹਾਂ ਦੇ ਮੋਟਰਸਾਈਕਲ ਦੇ ਕੁਝ ਹਿੱਸੇ ਮਿਲੇ, ਜਿਸ ਤੋਂ ਪਰਵਾਰ ਨੂੰ ਸ਼ੱਕ ਹੋਣ 'ਤੇ ਜਦੋਂ ਗੋਤਾਖੋਰ ਬੁਲਾ ਕੇ ਭਾਖੜਾ ਨਹਿਰ ਵਿੱਚ ਭਾਲ ਸ਼ੁਰੂ ਕੀਤੀ ਤਾਂ ਨਹਿਰ ਵਿੱਚੋਂ ਲੜਕਿਆਂ ਦਾ ਮੋਟਰਸਾਈਕਲ ਤੇ ਮੋਬਾਇਲ ਫੋਨ ਗੋਤਾਖੋਰ ਨੂੰ ਲੱਭਾ।ਉਨ੍ਹਾਂ ਸ਼ੱਕ ਜ਼ਾਹਰ ਕੀਤਾ ਕਿ ਲੜਕਿਆਂ ਨੂੰ ਗਾਇਬ ਜਾਂ ਕਤਲ ਕਰ ਦਿੱਤਾ ਗਿਆ ਹੈ, ਪਰ ਬਦਕਿਸਮਤੀ ਦੀ ਗੱਲ ਹੈ ਕਿ ਪੁਲਸ ਵੱਲੋਂ ਹਾਲੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ।ਇਨਸਾਫ਼ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਪੁਲਸ ਲੜਕਿਆਂ ਦੇ ਲਾਪਤਾ ਹੋਣ ਦੇ ਮਾਮਲੇ ਦੀ ਬਾਰੀਕੀ ਨਾਲ ਪੜਤਾਲ ਕਰਨ ਦੇ ਨਾਲ ਨਾਲ ਮਾਮਲੇ ਵਿੱਚ ਕਿਸੇ ਵਿਅਕਤੀ ਦੇ ਦੋਸ਼ੀ ਪਾਏ ਜਾਣ ਦੀ ਸੂਰਤ ਵਿੱਚ ਸਖਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਪਰਿਵਾਰਕ ਮੈਂਬਰ ਥਾਣੇ ਦਾ ਘਰਾਓ ਕਰਕੇ ਆਪਣਾ ਰੋਸ ਜ਼ਾਹਰ ਕਰ ਚੁੱਕੇ ਹਨ ਤੇ ਅੱਜ ਦੂਜੀ ਵਾਰ ਪਰਿਵਾਰਕ ਮੈਂਬਰਾਂ ਵੱਲੋਂ ਤੇ ਮ੍ਰਿਤਕਾਂ ਦੇ ਵਾਰਸਾਂ ਵੱਲੋਂ ਧਰਨਾ ਦਿੱਤਾ ਗਿਆ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਪ੍ਰੀਤ ਸਿੰਘ ਉਰਲਾਣਾ, ਜਰਨੈਲ ਸਿੰਘ ਡਰੋਲੀ, ਅਮਨ ਘੱਗਾ, ਜੱਸ ਘੱਗਾ, ਜਸਕਰਨ ਸਿੰਘ, ਮਨਦੀਪ ਸਿੰਘ ਮੋਮੀਆਂ, ਜਸਵਿੰਦਰ ਸਿੰਘ, ਰਾਜੂ, ਰੋਸ਼ਨ ਰਾਮ, ਦਰਸ਼ਨ ਰਾਮ, ਨੰਬੜਦਾਰ ਬੀਰਾ ਰਾਮ ਡਰੋਲੀ ਤੇ ਮੇਵਾ ਰਾਮ ਆਦਿ ਹਾਜ਼ਰ ਸਨ।

# ਪੰਚਾਇਤ ਦਫ਼ਤਰ ਅੱਗੇ ਬੀ ਕੇ ਯੂ ਕਾਦੀਆਂ ਦਾ ਧਰਨਾ ਦੂਜੇ ਦਿਨ 'ਚ ਸ਼ਾਮਲ




**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਬਲਾਕ ਪੰਚਾਇਤ ਦਫ਼ਤਰ ਅੱਗੇ ਆਪਣੀਆਂ ਮੰਗਾਂ ਨੂੰ ਲੈ ਕੇ ਸ਼ੁਰੂ ਕੀਤਾ ਗਿਆ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਸ਼ੁਰੂ ਕੀਤਾ ਰੋਸ ਧਰਨਾ ਸ਼ਨੀਵਾਰ ਦੂਜੇ ਦਿਨ ਵਿੱਚ ਸ਼ਾਮਲ ਹੋ ਗਿਆ। ਭਾਵੇਂ ਅੱਜ ਸ਼ਨੀਵਾਰ ਦੀ ਸਰਕਾਰੀ ਛੁੱਟੀ ਸੀ, ਪਰ ਕਿਸਾਨ ਯੂਨੀਅਨ ਦੇ ਆਗੂ ਤੇ ਹੋਰ ਪਿੰਡਾਂ ਦੇ ਲੋਕਾਂ ਨੇ ਰੋਸ ਧਰਨੇ ਵਿੱਚ ਸ਼ਿਰਕਤ ਕੀਤੀ। ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਗਿਆਸਪੁਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪਿੰਡਾਂ ਵਿੱਚ ਪੰਚਾਇਤੀ ਜ਼ਮੀਨਾਂ 'ਤੇ ਹੋਏ ਨਾਜਾਇਜ਼ ਕਬਜ਼ੇ ਹਟਾਉਣ ਨੂੰ ਲੈ ਕੇ ਜੋ ਬੀ.ਡੀ.ਪੀ.ਓ. ਵੱਲੋਂ ਟਾਲ-ਮਟੋਲ ਵਾਲੀ ਨੀਤੀ ਅਪਣਾਈ ਹੋਈ ਸੀ, ਉਹ ਹੁਣ ਨਹੀਂ ਚੱਲੇਗੀ। ਉਨ੍ਹਾਂ ਕਿਹਾ ਕਿ ਜਦੋਂ ਤੱਕ ਵਿਭਾਗ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨਦਾ, ਉਦੋਂ ਤੱਕ ਲੜਾਈ ਲੜੀ ਜਾਵੇਗੀ। ਜ਼ਿਲ੍ਹਾ ਪ੍ਰਧਾਨ ਗਿਆਸਪੁਰਾ ਨੇ ਕਿਹਾ ਕਿ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਦੀਆਂ ਮਨਮਰਜ਼ੀਆਂ ਹੁਣ ਨਹੀਂ ਚੱਲਣਗੀਆਂ। ਰੋਸ ਧਰਨੇ ਵਿੱਚ ਜ਼ਿਲ੍ਹਾ ਖਜ਼ਾਨਚੀ ਸੁੱਖੀ ਰੋਹਲੇ, ਬਲਾਕ ਪ੍ਰਧਾਨ ਗੁਰਜੀਤ ਸਿੰਘ ਗੜ੍ਹੀ ਤਰਖਾਣਾ, ਕਾਂਗਰਸ ਦੇ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਸੁਖਦੀਪ ਸਿੰਘ ਬਾਜਵਾ, ਯੁਵਰਾਜ ਰਾਜ, ਮੰਡਲ ਪ੍ਰਧਾਨ ਨੰਦ ਕਿਸ਼ੋਰ, ਨਛੱਤਰ ਸਿੰਘ ਰੋਹਲਾ, ਅਮਰ ਸਿੰਘ ਚੱਕ ਲੋਹਟ, ਸਵਰਨ ਸਿੰਘ ਹੇੜੀਆਂ, ਜਸਮੇਲ ਸਿੰਘ ਬੌਂਦਲੀ, ਜਸਵੀਰ ਸਿੰਘ ਮੁਸਕਾਬਾਦ, ਮਨਦੀਪ ਸਿੰਘ ਘੁਲਾਲ, ਜੀਤ ਸਿੰਘ ਸਹਿਜੋ ਮਾਜਰਾ ਵੀ ਹਾਜ਼ਰ ਸਨ।

# ਘੱਗਰ ਦੀ ਸਮੱਸਿਆ ਦੇ ਪੱਕੇ ਹੱਲ ਲਈ ਪੰਜਾਬ ਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਕਰਵਾਈ ਜਾਵੇਗੀ ਮੁਲਾਕਾਤ : ਕਟਾਰੀਆ

- 1600 ਕਰੋੜ ਰੁਪਏ ਤਾਂ ਸ਼ੁਰੂਆਤ, ਹੋਰ ਮਦਦ ਵੀ ਕਰੇਗੀ ਕੇਂਦਰ ਸਰਕਾਰ
- ਰਾਜਪਾਲ ਵੱਲੋਂ ਘੱਗਰ ਦਰਿਆ ਦੇ ਹਾਲਾਤ ਦਾ ਜਾਇਜ਼ਾ



**ਮੂਨਕ (ਰਾਜਪਾਲ ਸਿੰਗਲਾ)**-ਘੱਗਰ ਦਰਿਆ ਸਬੰਧੀ ਹਾਲਾਤ ਦਾ ਜਾਇਜ਼ਾ ਲੈਣ ਲਈ ਮਕਰੌੜ ਸਾਹਿਬ ਪੁੱਜੇ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਘੱਗਰ ਦਰਿਆ ਦੀ ਸਮੱਸਿਆ ਦੇ ਹੱਲ ਲਈ ਪੰਜਾਬ ਤੇ ਹਰਿਆਣਾ, ਦੋਵੇਂ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਕਰਵਾਉਣਗੇ, ਕਿਉਂਕਿ ਘੱਗਰ ਦੀ ਮਾਰ ਦੋਵੇਂ ਸੂਬਿਆਂ ਨੂੰ ਪੈਂਦੀ ਹੈ।ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਪੈਦਾ ਹੋਏ ਐਮਰਜੈਂਸੀ ਹਾਲਾਤ ਦੇ ਮੱਦੇਨਜ਼ਰ ਫੌਰੀ ਰਾਹਤ ਹਿਤ ਕੇਂਦਰ ਸਰਕਾਰ ਵੱਲੋਂ 1600 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਗਿਆ ਹੈ, ਜੋ ਕਿ ਕੇਵਲ ਸ਼ੁਰੂਆਤ ਹੈ।ਸੂਬੇ ਦੇ ਹੋਏ ਨੁਕਸਾਨ ਸਬੰਧੀ ਮੁਕੰਮਲ ਰਿਪੋਰਟਾਂ ਪ੍ਰਾਪਤ ਹੋਣ 'ਤੇ ਕੇਂਦਰ ਵੱਲੋਂ ਹੋਰ ਰਾਹਤ ਰਾਸ਼ੀ ਵੀ ਮੁਹੱਈਆ ਕਰਵਾਈ ਜਾਵੇਗੀ।

ਸ੍ਰੀ ਕਟਾਰੀਆ ਨੇ ਕਿਹਾ ਕਿ ਪੰਜਾਬ ਵਿੱਚ ਸਭ ਤੋਂ ਵੱਧ ਨੁਕਸਾਨ ਰਾਵੀ ਦਰਿਆ ਕਾਰਨ, ਉਸ ਤੋਂ ਬਾਅਦ ਸਤਲੁਜ ਤੇ ਬਿਆਸ ਅਤੇ ਸਭ ਤੋਂ ਘੱਟ ਨੁਕਸਾਨ ਘੱਗਰ ਕਾਰਨ ਹੋਇਆ ਹੈ।ਸੰਗਰੂਰ ਜ਼ਿਲ੍ਹੇ ਵਿੱਚ ਘੱਗਰ ਦੀ ਸਿੱਧੀ ਮਾਰ ਤਾਂ ਨਹੀਂ ਪਈ, ਪਰ ਭਾਰੀ ਬਰਸਾਤ ਕਾਰਨ 6 ਤੋਂ 7 ਹਜ਼ਾਰ ਹੈਕਟੇਅਰ ਖੇਤੀਬਾੜੀ ਵਾਲੀ ਜ਼ਮੀਨ ਪ੍ਰਭਾਵਿਤ ਹੋਈ ਅਤੇ ਇੱਕ ਵਿਅਕਤੀ ਦੀ ਮੌਤ ਮਕਾਨ ਦੀ ਛੱਤ ਡਿੱਗਣ ਕਾਰਨ ਹੋਈ ਹੈ। ਮੀਡੀਆ ਵੱਲੋਂ ਕੌਮੀ ਆਫ਼ਤ ਰਾਹਤ ਫੰਡ (ਐੱਨ.ਡੀ.ਆਰ.ਐੱਫ.) ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਸ੍ਰੀ ਕਟਾਰੀਆ ਨੇ ਕਿਹਾ ਕਿ ਇਹ ਫੰਡ ਕਿਸੇ ਵੀ ਆਫ਼ਤ ਸਮੇਂ ਬਣਦੇ ਹਾਲਾਤ ਦੇ ਮੁਕਾਬਲੇ ਲਈ ਹੁੰਦਾ ਹੈ ਤੇ ਇਸ ਵਿੱਚ ਕੇਂਦਰ ਤੇ ਰਾਜ ਦੋਵੇਂ ਸਰਕਾਰਾਂ ਵੱਲੋਂ ਯੋਗਦਾਨ ਪਾਇਆ ਜਾਂਦਾ ਹੈ।ਇਹ ਫੰਡ ਆਫ਼ਤ ਮੌਕੇ ਰਾਹਤ ਹਿੱਤ ਰੱਖੇ ਜਾਂਦੇ ਹਨ।ਰਾਜਪਾਲ ਨੇ ਜ਼ਿਲ੍ਹਾ ਪ੍ਰਸ਼ਾਸਨ ਤੇ ਸਥਾਨਕ ਲੋਕਾਂ ਵੱਲੋਂ ਘੱਗਰ ਦੀ ਮਾਰ ਤੋਂ ਬਚਾਅ ਬਾਬਤ ਦਿਨ-ਰਾਤ ਇੱਕ ਕਰ ਕੇ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ।ਇਸ ਦੌਰਾਨ ਉਨ੍ਹਾਂ ਸਥਾਨਕ ਲੋਕਾਂ ਨਾਲ ਗੱਲਬਾਤ ਕੀਤੀ ਤੇ ਘੱਗਰ ਸਬੰਧੀ ਮੁਸ਼ਕਲ ਦੇ ਹੱਲ ਲਈ ਸੁਝਾਅ ਵੀ ਲਏ।

ਇਸ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਹਰਿਆਣਾ ਵੱਲੋਂ ਸੁਪਰੀਮ ਕੋਰਟ ਵਿੱਚ ਪਟੀਸ਼ਨ ਪਾਉਣ ਕਾਰਨ ਮਕਰੌੜ ਸਾਹਿਬ ਤੋਂ ਅੱਗੇ ਘੱਗਰ ਦਰਿਆ ਨੂੰ ਚੌੜਾ ਕਰਨ ਉੱਤੇ ਲੱਗੀ ਰੋਕ ਕਾਰਨ ਬਣੀ ਸੰਭਾਵੀ ਹੜ੍ਹਾਂ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ ਗਈ ਤੇ ਇਹ ਮੁਸ਼ਕਲ ਹੱਲ ਕਰਵਾਉਣ ਦੀ ਅਪੀਲ ਕੀਤੀ ਗਈ।

ਇਸ ਦੌਰਾਨ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਤੇ ਜ਼ਿਲ੍ਹਾ ਪੁਲਸ ਮੁਖੀ ਸ੍ਰੀ ਸਰਤਾਜ ਸਿੰਘ ਚਾਹਲ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਵੱਖ-ਵੱਖ ਪਿੰਡਾਂ ਦੇ ਲੋਕ ਹਾਜ਼ਰ ਸਨ।

# ਹੜ੍ਹ ਪੀੜਤਾਂ ਦੀ ਮਦਦ ਲਈ ਡੀ ਸੀ ਨੂੰ ਸੌਂਪਿਆਂ 1.45 ਲੱਖ ਦਾ ਚੈੱਕ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੂੰ ਪੰਜਾਬ ਵਿੱਚ ਹੜ੍ਹ ਤੇ ਬਰਸਾਤੀ ਪਾਣੀ ਦੀ ਮਾਰ ਹੇਠ ਆਏ ਇਨਸਾਨਾਂ ਦੀ ਮਦਦ ਦੇ ਨਾਲ-ਨਾਲ ਬੇਜ਼ੁਬਾਨ ਪਸ਼ੂਆਂ ਲਈ ਕਲੈਪਿੰਗ ਤੇ ਲਾਫਿੰਗ ਕਲੱਬ ਨੇ 1 ਲੱਖ 45 ਹਜ਼ਾਰ 620 ਹਜ਼ਾਰ ਰੁਪਏ ਦਾ ਚੈੱਕ ਮਦਦ ਲਈ ਭੇਟ ਕੀਤਾ ਗਿਆ।ਇਸ ਦੌਰਾਨ ਡੀ ਸੀ ਨੇ ਕਲੱਬ ਦੇ ਨੁਮਾਇੰਦਿਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਨੇਕ ਉਪਰਾਲੇ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਕਲੱਬ ਦੇ ਨੁਮਾਇੰਦਿਆਂ ਨੇ ਡੀ ਸੀ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਸਾਡੇ ਕਲੱਬ ਵੱਲੋਂ ਹੜ੍ਹਾਂ ਦੀ ਮਾਰ ਝੱਲ ਰਹੇ ਲੋਕਾਂ ਦੀ ਸਹਾਇਤਾ ਲਈ ਲੋੜ ਅਨੁਸਾਰ ਭਵਿੱਖ ਵਿੱਚ ਹਰ ਸੰਭਵ ਮਦਦ ਕੀਤੀ ਜਾਵੇਗੀ।

ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਆਮ ਲੋਕਾਂ ਨੂੰ ਵੀ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਦੀ ਮਦਦ ਲਈ ਸੁੱਕੇ ਰਾਸ਼ਨ, ਪੀਣ ਵਾਲੇ ਪਾਣੀ ਤੇ ਤਰਪਾਲਾਂ ਤੋਂ ਇਲਾਵਾ ਪਸ਼ੂਆਂ ਲਈ ਚਾਰੇ ਆਦਿ ਦੀ ਸੇਵਾ ਲਈ ਬਣਦਾ ਯੋਗਦਾਨ ਪਾਇਆ ਜਾਵੇ।ਇਸ ਮੌਕੇ ਕਲੱਬ ਦੇ ਪ੍ਰਧਾਨ ਚੌਧਰੀ ਪ੍ਰਤਾਪ ਸਿੰਘ, ਸੈਕਟਰੀ ਐੱਮ ਆਰ ਮਦਾਨ ਤੇ ਸੀਨੀਅਰ ਮੈਂਬਰ ਵਿਜੈ ਗਰੋਵਰ ਆਦਿ ਹਾਜ਼ਰ ਸਨ।

# ਰਾਜਾ ਵੜਿੰਗ, ਘੁਬਾਇਆ, ਜ਼ੀਰਾ ਤੇ ਆਸ਼ੂ ਬੰਗੜ ਵੱਲੋਂ ਹੜ੍ਹ ਪ੍ਰਭਾਵਤ ਖੇਤਰ ਦਾ ਦੌਰਾ

## ਹੜ੍ਹ ਪੀੜਤਾਂ ਨੂੰ ਹਰ ਤਰ੍ਹਾਂ ਦੀ ਮਦਦ ਕਰਨ ਦਾ ਦਿੱਤਾ ਭਰੋਸਾ




**ਮਮਦੋਟ (ਜਸਬੀਰ ਸਿੰਘ ਕੰਬੋਜ)**-ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਫਿਰੋਜ਼ਪੁਰ ਹਲਕੇ ਤੋਂ ਲੋਕ ਸਭਾ ਮੈਂਬਰ ਸ਼ੇਰ ਸਿੰਘ ਘੁਬਾਇਆ, ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ, ਹਲਕਾ ਇੰਚਾਰਜ ਅਮਰਦੀਪ ਸਿੰਘ ਆਸ਼ੂ ਬਾਂਗੜ, ਗੁਰਬਚਨ ਸਿੰਘ ਕਾਲਾ ਟਿੱਬਾ ਬਲਾਕ ਪ੍ਰਧਾਨ ਮਮਦੋਟ ਖੇਤਰ ਦੇ ਪਿੰਡ ਲੱਖਾ ਹਾਜੀ ਤੇ ਮੱਬੋ ਕੇ ਚੌਂਕੀ ਵਿਖੇ ਪਹੁੰਚ ਕੇ ਹੜ੍ਹ ਪੀੜਤਾਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਮੌਕੇ 'ਤੇ ਹੀ ਲੋੜਵੰਦਾਂ ਨੂੰ ਰਾਸ਼ਨ, ਪਸ਼ੂਆਂ ਲਈ ਅਚਾਰ ਦੀਆਂ ਗੱਠਾਂ ਤਕਸੀਮ ਕੀਤੀਆਂ। ਇਸ ਦੇ ਨਾਲ ਹੀ ਪਾਣੀ ਉਤਰਨ ਤੋਂ ਬਾਅਦ ਜ਼ਮੀਨ ਨੂੰ ਪੱਧਰਾ ਕਰਨ ਵਾਸਤੇ ਟਰੈਕਟਰ ਮੁਹੱਈਆ ਕਰਾਉਣਾ ਅਤੇ ਡੀਜ਼ਲ ਤੇ ਕਣਕ ਦੀ ਬਿਜਾਈ ਸਮੇਤ ਕਿਸਾਨਾਂ ਦੀ ਮਦਦ ਕਰਨ ਦਾ ਭਰੋਸਾ ਦਿੱਤਾ ਗਿਆ।ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਗੁਰਤੇਜ ਸਿੰਘ ਟਿੱਬੀ, ਸਤਨਾਮ ਸਿੰਘ ਮੱਲਾਂ ਵਾਲਾ, ਜੰਡ ਸਿੰਘ ਸਾਬਕਾ ਸਰਪੰਚ ਟਿੱਬੀ ਕਲਾਂ ਵੀ ਉਨ੍ਹਾਂ ਦੇ ਨਾਲ ਸਨ।ਇਸ ਤੋਂ ਪਹਿਲਾਂ ਉਹ ਸੀਨੀਅਰ ਕਾਂਗਰਸੀ ਆਗੂ ਗੁਰਤੇਜ ਸਿੰਘ ਟਿੱਬੀ ਦੇ ਫਾਰਮ ਹਾਊਸ 'ਤੇ ਪਹੁੰਚੇ, ਜਿੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਹੜ੍ਹ ਕੁਦਰਤੀ ਘੱਟ ਤੇ ਕੇਂਦਰ ਅਤੇ ਪੰਜਾਬ ਸਰਕਾਰ ਦੀ ਦੇਣ ਜ਼ਿਆਦਾ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਮੇਂ ਸਿਰ ਦਰਿਆਵਾਂ ਦੀ ਸਫਾਈ ਨਹੀਂ ਕੀਤੀ ਤੇ ਕੇਂਦਰ ਸਰਕਾਰ, ਜਿਸ ਦੇ ਪਾਸ ਡੈਮਾਂ ਦਾ ਕੰਟਰੋਲ ਹੈ, ਨੇ ਪ੍ਰਬੰਧ ਨੂੰ ਸਹੀ ਤਰੀਕੇ ਨਾਲ ਨਹੀਂ ਸੰਭਾਲਿਆ, ਜਿਸ ਕਾਰਨ ਸਾਰਾ ਪੰਜਾਬ ਹੜ੍ਹਾਂ ਦੀ ਲਪੇਟ ਵਿੱਚ ਆਉਣ ਕਾਰਨ ਸਾਨੂੰ ਵੱਡਾ ਨੁਕਸਾਨ ਸਹਿਣਾ ਪਿਆ ਹੈ। ਉਨ੍ਹਾਂ ਹੜ੍ਹ ਪੀੜਤਾਂ ਦੀ ਮਦਦ ਕਰ ਰਹੀਆਂ ਸਮਾਜ ਸੇਵੀ ਸੰਸਥਾਵਾਂ ਸਮੇਤ ਹਰੇਕ ਵਰਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਹੜ੍ਹ ਪੀੜਤ ਇਲਾਕੇ ਦੇ ਲੋਕਾਂ 'ਤੇ ਪਈ ਇਸ ਮੁਸੀਬਤ ਨੂੰ ਸਾਰੇ ਭਰਾ ਇਕੱਠੇ ਹੋ ਕੇ ਨਜਿੱਠ ਰਹੇ ਹਨ, ਇਨ੍ਹਾਂ ਕੰਮਾਂ ਲਈ ਹੀ ਪੰਜਾਬੀ ਜਾਣੇ ਜਾਂਦੇ ਹਨ।ਇਸ ਮੌਕੇ ਸੁੱਚਾ ਸਿੰਘ ਟਿੱਬੀ, ਕੌਂਸਲਰ ਬਾਜ ਸਿੰਘ, ਸੁਖਵਿੰਦਰ ਸਿੰਘ ਸੁੱਖਾ (ਨੰਢਾ) ਜੋਧਪੁਰ, ਸਤਪਾਲ ਸਿੰਘ ਜੋਧਪੁਰ, ਗੁਰਦੇਵ ਸਿੰਘ ਤਰਾਂ ਵਾਲਾ, ਕਰਨ (ਕਾਲੀ) ਮਨਚੰਦਾ ਮਮਦੋਟ, ਅਮੀਰ ਸਿੰਘ ਪੀਰ ਵਾਲਾ, ਪੁਸ਼ਪਿੰਦਰ ਸਿੰਘ ਸੰਧੂ, ਕਸ਼ਮੀਰ ਲਾਲ ਬਾਜੇ ਕੇ, ਵਿਰਸਾ ਸਿੰਘ ਟਿੱਬੀ, ਨੰਬਰਦਾਰ ਪਿਆਰਾ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਨੇ ਘਨੌਰ, ਸਨੌਰ ਤੇ ਸ਼ੁਤਰਾਣਾ ਹੜ੍ਹ ਪ੍ਰਭਾਵਤ ਖੇਤਰਾਂ 'ਚ ਬਣਾਈ ਪਹੁੰਚ



**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਹੜ੍ਹ ਕਾਰਨ ਪਾਣੀ ਦੀ ਮਾਰ ਝੱਲ ਰਹੇ ਹੜ੍ਹ ਪ੍ਰਭਾਵਤ ਖੇਤਰ ਤੱਕ ਪਹੁੰਚ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ ਤੋਂ ਬਾਅਦ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਦੀ ਯੋਗ ਅਗਵਾਈ ਵਿਚ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਪਾਵਨ ਅਸਥਾਨ ਤੋਂ ਹੜ੍ਹ ਪ੍ਰਭਾਵਤ ਖੇਤਰਾਂ, ਜਿਨ੍ਹਾਂ ਵਿੱਚ ਜੰਡ ਮੰਗੋਲੀ, ਰਾਜਗੜ੍ਹ, ਚਮਾਰੂ, ਲਾਛੜੂ ਕਲਾਂ, ਲਾਛੜੂ ਖੁਰਦ, ਚਮਾਰੂ, ਸਰਾਲਾ ਖੁਰਦ, ਮਾੜੂ ਤੋਂ ਇਲਾਵਾ ਹਲਕਾ ਸ਼ਤਰਾਣਾ ਤੱਕ ਰਾਹਤ ਸਮੱਗਰੀ ਭੇਜੀ ਜਾ ਰਹੀ ਹੈ ਅਤੇ ਪਾਣੀ ਦੀ ਮਾਰ ਝੱਲ ਰਹੇ ਪਿੰਡਾਂ ਵਿੱਚ ਇਹ ਰਾਹਤ ਸਮੱਗਰੀ ਲੋੜਵੰਦਾਂ ਤੱਕ ਪਹੁੰਚਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਪ੍ਰਭਾਵਤ ਖੇਤਰਾਂ ਵਿੱਚ ਚੱਲ ਰਹੇ ਕਾਰਜਾਂ ਦੇ ਸਬੰਧ ਵਿੱਚ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਪੱਧਰ 'ਤੇ ਕਾਰਜਾਂ ਵਿੱਚ ਜੁਟੀ ਹੈ, ਉਥੇ ਹੀ ਗੁਰੂ ਘਰ ਪ੍ਰਤੀ ਸ਼ਰਧਾ ਰੱਖਣ ਵਾਲੀਆਂ ਸੰਗਤਾਂ, ਸੰਸਥਾਵਾਂ ਤੇ ਜਥੇਬੰਦੀਆਂ ਨੂੰ ਵੀ ਇਸ ਮੁਹਿੰਮ ਵਿੱਚ ਅੱਗੇ ਆਉਣਾ ਚਾਹੀਦਾ ਹੈ।

ਜਾਣਕਾਰੀ ਸਾਂਝੀ ਕਰਦਿਆਂ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਮੈਨੇਜਰ ਭਾਗ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਹੜ੍ਹ ਪ੍ਰਭਾਵਤ ਖੇਤਰਾਂ ਤੱਕ ਪਹੁੰਚ ਕਰਨ ਲਈ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ, ਜਿੱਥੇ ਰੋਜ਼ਾਨਾ ਪਾਣੀ ਦੀ ਮਾਰ ਵਾਲੇ ਇਲਾਕਿਆਂ ਵਿੱਚ ਪਹੁੰਚ ਕਰਨ ਤੇ ਰਾਹਤ ਸਮੱਗਰੀ ਪਹੁੰਚਾਉਣ ਦਾ ਕਾਰਜ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਗਾਤਾਰ ਲੰਗਾਰ ਸੇਵਾਵਾਂ ਜਾਰੀ ਹਨ ਤੇ ਸਿਹਤ ਸਹੂਲਤਾਂ ਲਈ ਵੱਖ ਵੱਖ ਥਾਵਾਂ 'ਤੇ ਡਾਕਟਰੀ ਟੀਮਾਂ ਨੂੰ ਵੀ ਵੱਖ ਵੱਖ ਹਿੱਸਿਆਂ ਵਿੱਚ ਭੇਜਿਆ ਜਾ ਰਿਹਾ ਹੈ।ਮੈਨੇਜਰ ਭਾਗ ਸਿੰਘ ਨੇ ਦੱਸਿਆ ਕਿ ਸਮਾਣਾ ਦੇ ਪਿੰਡਾਂ ਵਿੱਚ ਸ਼੍ਰੋਮਣੀ ਕਮੇਟੀ ਪਾਸ ਸਬੰਧਤ ਇਲਾਕਿਆਂ ਦੀਆਂ ਸੰਗਤਾਂ ਤੇ ਜਥੇਬੰਦੀਆਂ ਨੇ ਪਹੁੰਚ ਕੀਤੀ ਸੀ ਕਿ ਹੜ੍ਹਾਂ ਵਿੱਚ ਆਏ ਪਾਣੀ ਦੀ ਮਾਰ ਤੋਂ ਬਚਣ ਲਈ ਬੰਨ੍ਹ ਮਜ਼ਬੂਤ ਕਰਨ ਲਈ ਸਹਾਇਤਾ ਦੀ ਲੋੜ ਹੈ, ਜਿਨ੍ਹਾਂ ਲਈ ਹੁਣ ਤੱਕ 9000 ਦੇ ਕਰੀਬ ਡੀਜ਼ਲ ਤੇਲ ਭੇਜਿਆ ਜਾ ਚੁੱਕਿਆ ਹੈ।ਉਨ੍ਹਾਂ ਦੱਸਿਆ ਕਿ ਲੋੜਵੰਦਾਂ ਤੱਕ ਲੰਗਰ ਤੋਂ ਇਲਾਵਾ ਰਾਸ਼ਨ ਕਿੱਟਾਂ ਵਿੱਚ ਚੀਨੀ, ਸਰ੍ਹੋਂ ਦਾ ਤੇਲ, ਚਾਹ ਪੱਤੀ, ਸੁੱਕਾ ਦੁੱਧ, ਸਾਬਣ, ਟੂਥ ਪੇਸਟ, ਬੁਰਸ਼, ਦਵਾਈਆਂ, ਮੋਮਬੱਤੀਆਂ ਆਦਿ ਰਾਹਤ ਸਮੱਗਰੀ ਬਣਾ ਕੇ ਭੇਜੀ ਜਾ ਰਹੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਤ ਮੈਨੇਜਰ ਮਨਦੀਪ ਸਿੰਘ ਭਲਵਾਨ, ਸੁਪਰਵਾਈਜ਼ਰ ਵਰਿੰਦਰ ਸਿੰਘ ਗੋਲਡੀ, ਅਕਾਊਂਟੈਂਟ ਗੁਰਮੀਤ ਸਿੰਘ, ਸਰਬਜੀਤ ਸਿੰਘ, ਸੁਖਦੇਵ ਸਿੰਘ ਕਾਹਲਵਾਂ, ਮਨਜੀਤ ਸਿੰਘ ਪਵਾਰ ਆਦਿ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਅਧਿਕਾਰੀ ਤੇ ਸਟਾਫ ਮੈਂਬਰ ਆਦਿ ਸ਼ਾਮਲ ਸਨ।

# ...ਜਦੋਂ ਟਕਸਾਲੀ 'ਆਪ' ਆਗੂ ਨੇ ਸਿਸੋਦੀਆ ਨੂੰ ਘੇਰਿਆ !

## ਕਿਹਾ; ਕੋਈ ਸੁਣਵਾਈ ਨਹੀਂ ਹੋ ਰਹੀ ਸਾਡੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਤਖਤ ਸ੍ਰੀ ਦਮਦਮਾ ਸਾਹਿਬ ਮੱਥਾ ਟੇਕਣ ਆਏ 'ਆਪ' ਪੰਜਾਬ ਇੰਚਾਰਜ ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਇੱਕ ਟਕਸਾਲੀ 'ਆਪ' ਆਗੂ ਦੇ ਰੋਹ ਦੇ ਸਾਹਮਣਾ ਕਰਨਾ ਪਿਆ, ਜਦੋਂ ਉਸ ਨੇ ਕਿਹਾ ਕਿ ਖੂਨ ਪਸੀਨਾ ਇੱਕ ਕਰਕੇ ਪਾਰਟੀ ਖੜੀ ਕਰਨ ਵਾਲਿਆਂ ਦੀ ਅੱਜ ਕਿਤੇ ਕੋਈ ਸੁਣਵਾਈ ਨਹੀਂ।ਅਚਾਨਕ ਬਣੇ ਇਸ ਮਾਹੌਲ ਨਾਲ ਸਿਸੋਦੀਆ ਦੀ ਸੁਰੱਖਿਆ ਟੀਮ ਨੂੰ ਇੱਕ ਵਾਰ ਹੱਥਾਂ ਪੈਰਾਂ ਦੀ ਪੈ ਗਈ।ਦੱਸਣਾ ਬਣਦਾ ਹੈ ਕਿ ਜਦੋਂ ਮਨੀਸ਼ ਸਿਸੋਦੀਆ ਤਖਤ ਸਾਹਿਬ ਮੱਥਾ ਟੇਕਣ ਉਪਰੰਤ ਡਿਉਢੀ ਕੋਲ ਪੁੱਜੇ ਤਾਂ 'ਆਪ' ਦੇ ਟਕਸਾਲੀ ਆਗੂ ਕਹਾਉਂਦੇ ਰਾਜਵੀਰ ਸਿੰਘ ਢਿੱਲੋਂ ਨੇ ਅਚਾਨਕ ਉੱਚੀ ਆਵਾਜ਼ 'ਚ ਕਹਿਣਾ ਸ਼ੁਰੂ ਕਰ ਦਿੱਤਾ ਕਿ ਅਸੀਂ ਖੂਨ ਪਸੀਨਾ ਬਹਾ ਕੇ ਪਾਰਟੀ ਖੜੀ ਕੀਤੀ, ਪਰ ਅੱਜ ਸਾਡੀ ਕਿਸੇ ਪਾਸੇ ਕੋਈ ਸੁਣਵਾਈ ਨਹੀਂ।ਉਕਤ ਆਗੂ, ਜੋ ਕਿਸੇ ਸਮੇਂ ਹਲਕਾ ਵਿਧਾਇਕਾ ਦੇ ਕਰੀਬੀਆਂ 'ਚ ਗਿਣਿਆ ਜਾਂਦਾ ਰਿਹੈ, ਨੂੰ ਵਿਧਾਇਕਾ ਨੇ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ, ਪਰ ਉਸ ਵੱਲੋਂ ਗੱਲ ਜਾਰੀ ਰੱਖਣ 'ਤੇ ਜਿੱਥੇ 'ਆਪ' ਵਰਕਰਾਂ ਨੇ ਉਸ ਨਾਲ ਬਹਿਸ ਕੀਤੀ, ਉੱਥੇ ਸਿਸੋਦੀਆ ਨੇ ਉਸ ਨੂੰ ਕਿਹਾ ਕਿ ਤੁਸੀਂ ਤਾਂ ਇੱਕ ਹਿਸਾਬ ਨਾਲ ਮੇਰਾ ਵਿਰੋਧ ਕਰ ਰਹੇ ਹੋ ਤਾਂ ਰਾਜਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਵਿਰੋਧ ਕਰਨ ਬਾਰੇ ਉਹ ਸੋਚ ਵੀ ਨਹੀਂ ਸਕਦੇ, ਉਹ ਤਾਂ ਬੱਸ ਆਪਣੀ ਗੱਲ ਰੱਖਣੀ ਚਾਹੁੰਦੇ ਹਨ ਕਿ ਪਾਰਟੀ ਖੜੀ ਕਰਨ ਦੇ ਇਵਜ਼ 'ਚ ਨਾ ਕੇਵਲ ਉਸ ਨੂੰ ਅੱਖੋਂ ਪਰੋਖੇ ਕੀਤਾ ਗਿਆ, ਸਗੋਂ ਉਸ ਨੂੰ ਪਰਚਿਆਂ ਤੱਕ ਦਾ ਸਾਹਮਣਾ ਕਰਨਾ ਪਿਐ ਤਾਂ ਸਿਸੋਦੀਆ ਉਸ ਦੀ ਗੱਲ ਸੁਣ ਕੇ ਅੱਗੇ ਨਿਕਲ ਗਏ।

# ਸਿਟੀ ਪ੍ਰੈੱਸ ਕਲੱਬ ਦੀ ਮੀਟਿੰਗ 'ਚ ਸਮਾਜ ਸੇਵੀ ਗਤੀਵਿਧੀਆਂ 'ਤੇ ਜ਼ੋਰ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸਿਟੀ ਪ੍ਰੈੱਸ ਕਲੱਬ ਦੀ ਵਿਸ਼ੇਸ਼ ਮੀਟਿੰਗ ਸ਼ੁੱਕਰਵਾਰ ਨੂੰ ਅਰਬਨ ਕ੍ਰੈਬ ਰੈਸਟੋਰੈਂਟ 'ਚ ਕਲੱਬ ਦੇ ਪ੍ਰਧਾਨ ਤਰੁਣ ਬਾਂਸਲ ਦੀ ਅਗਵਾਈ 'ਚ ਹੋਈ। ਮੀਟਿੰਗ ਦਾ ਮੁੱਖ ਮਕਸਦ ਕਲੱਬ ਦੀਆਂ ਸਮਾਜ ਸੇਵਾ ਗਤੀਵਿਧੀਆਂ ਨੂੰ ਹੋਰ ਤੇਜ਼ੀ ਲਿਆਉਣ, ਪੱਤਰਕਾਰਤਾ ਦੀ ਗੁਣਵੱਤਾ ਨੂੰ ਮਜ਼ਬੂਤ ਕਰਨ ਤੇ ਕਲੱਬ ਦੇ ਇਲੈਕਟ੍ਰਾਨਿਕ ਤੇ ਸੋਸ਼ਲ ਮੀਡੀਆ ਵਿੰਗ ਨੂੰ ਮਜ਼ਬੂਤ ਕਰਨਾ ਸੀ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਲੱਬ ਪ੍ਰਧਾਨ ਤਰੁਣ ਬਾਂਸਲ ਨੇ ਕਿਹਾ ਕਿ ਮੀਡੀਆ ਸਮਾਜ ਦਾ ਸ਼ੀਸ਼ਾ ਹੈ, ਇਸ ਲਈ ਪੱਤਰਕਾਰਾਂ ਨੂੰ ਸਮਾਜ ਹਿੱਤ ਦੇ ਕੰਮਾਂ ਵਿੱਚ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ।ਉਨ੍ਹਾਂ ਮੈਂਬਰਾਂ ਨੂੰ ਅਪੀਲ ਕੀਤੀ ਕਿ ਕਲੱਬ ਦੀਆਂ ਸਮਾਜ ਸੇਵਾ ਗਤੀਵਿਧੀਆਂ 'ਚ ਵਾਧਾ ਕੀਤਾ ਜਾਵੇ ਤੇ ਨਵੀਆਂ ਯੋਜਨਾਵਾਂ ਨੂੰ ਲਾਗੂ ਕਰਨ ਲਈ ਸਾਰੇ ਮੈਂਬਰ ਮਿਲ ਕੇ ਕੰਮ ਕਰਨ।

ਕਲੱਬ ਦੇ ਸੀਨੀਅਰ ਮੈਂਬਰ ਕ੍ਰਿਸ਼ਨ ਸੰਦੋਹਾ ਨੇ ਆਪਣਾ ਪੱਤਰਕਾਰਤਾ ਤਜਰਬਾ ਸਾਂਝਾ ਕਰਦੇ ਹੋਏ ਕਿਹਾ ਕਿ ਡਿਜੀਟਲ ਮੀਡੀਆ ਦੇ ਇਸ ਦੌਰ ਵਿੱਚ ਪੱਤਰਕਾਰਾਂ ਨੂੰ ਪੇਸ਼ਾਵਰ ਇਮਾਨਦਾਰੀ ਤੇ ਨਿਰਪੱਖਤਾ ਬਣਾਈ ਰੱਖਣੀ ਬਹੁਤ ਜ਼ਰੂਰੀ ਹੈ।ਇਸੇ ਤਰ੍ਹਾਂ ਕਲੱਬ ਦੇ ਸੀਨੀਅਰ ਅਹੁਦੇਦਾਰ ਅਜਾਇਬ ਸਿੰਘ ਮੋਰਾਂਵਾਲੀ ਤੇ ਭਗਵੰਤ ਸਿੰਘ ਚੰਦੜ ਨੇ ਕਲੱਬ ਦੀਆਂ ਬੈਠਕਾਂ ਵਿੱਚ ਨਿਯਮਤ ਹਾਜ਼ਰੀ ਤੇ ਗਤੀਵਿਧੀਆਂ 'ਤੇ ਲਗਾਤਾਰ ਵਿਚਾਰ-ਵਟਾਂਦਰੇ ਦੀ ਲੋੜ 'ਤੇ ਜ਼ੋਰ ਦਿੱਤਾ।ਵਿਕਰਮ ਸ਼ਰਮਾ ਤੇ ਅਰੁਣ ਬਾਂਸਲ ਨੇ ਕਲੱਬ ਦੇ ਇਲੈਕਟ੍ਰਾਨਿਕ ਤੇ ਸੋਸ਼ਲ ਮੀਡੀਆ ਵਿੰਗ ਨੂੰ ਮਜ਼ਬੂਤ ਕਰਨ ਲਈ ਸੁਝਾਵ ਦਿੱਤੇ।ਉਨ੍ਹਾਂ ਕਿਹਾ ਕਿ ਟੈਕਨਾਲੋਜੀ ਦੇ ਇਸ ਯੁੱਗ ਵਿੱਚ ਪੱਤਰਕਾਰਤਾ ਦੇ ਰਵਾਇਤੀ ਸਰੂਪ ਨਾਲ ਨਾਲ ਡਿਜੀਟਲ ਪਲੇਟਫਾਰਮ 'ਤੇ ਵੀ ਕਲੱਬ ਦੀ ਸਰਗਰਮ ਮੌਜੂਦਗੀ ਲਾਜ਼ਮੀ ਹੈ।

ਪ੍ਰਦੀਪ ਕੁਮਾਰ, ਅੰਸ਼ੂ ਡੋਗਰਾ ਤੇ ਵਰੁਣ ਬਾਂਸਲ ਨੇ ਦੀਵਾਲੀ ਸਮਾਰੋਹ ਸਬੰਧੀ ਕਲੱਬ ਦੀਆਂ ਯੋਜਨਾਵਾਂ 'ਤੇ ਵਿਚਾਰ ਕੀਤਾ ਤੇ ਕਿਹਾ ਕਿ ਇਸ ਵਾਰ ਸਮਾਰੋਹ ਨੂੰ ਸਮਾਜ ਦੇ ਵੰਚਿਤ ਵਰਗ ਤੱਕ ਪਹੁੰਚਾਉਣ ਦੀ ਯੋਜਨਾ ਉੱਪਰ ਕੰਮ ਕੀਤਾ ਜਾਵੇ।ਕਲੱਬ ਦੇ ਮੈਂਬਰ ਅਸ਼ੋਕ ਸਿੰਗਲਾ, ਭੂਸ਼ਣ ਕਾਂਸਲ, ਹਾਕਮ ਸਿੰਘ ਭੱਟੀ ਅਤੇ ਆਸ਼ੂ ਜਿੰਦਲ ਨੇ ਵੀ ਕਲੱਬ ਦੀਆਂ ਗਤੀਵਿਧੀਆਂ 'ਤੇ ਆਪਣੇ ਵਿਚਾਰ ਰੱਖੇ।

ਮੀਟਿੰਗ 'ਚ ਸੰਸਕ੍ਰਿਤਕ ਰੰਗ ਵੀ ਵੇਖਣ ਨੂੰ ਮਿਲਿਆ।ਕਲੱਬ ਮੈਂਬਰ ਰਜਿੰਦਰ ਸ਼ਾਹ ਨੇ ਆਪਣੀ ਮਿੱਠੀ ਆਵਾਜ਼ ਵਿੱਚ ਪੁਰਾਣੇ ਹਿੰਦੀ ਨਗਮੇ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ।ਮੀਟਿੰਗ ਵਿੱਚ ਪੀ ਆਰ ਓ ਅਸ਼ੋਕ ਬਾਂਸਲ, ਕਰਮ ਥਿੰਦ, ਮਨਪ੍ਰੀਤ ਨੀਲੋਵਾਲ ਤੇ ਰਾਜੂ ਸਿੰਗਲਾ ਸਮੇਤ ਹੋਰ ਮੈਂਬਰ ਮੌਜੂਦ ਸਨ।ਮੀਟਿੰਗ ਦਾ ਸੰਚਾਲਨ ਕਲੱਬ ਦੇ ਜਰਨਲ ਸਕੱਤਰ ਆਰ. ਐੱਨ. ਕਾਂਸਲ ਨੇ ਕੀਤਾ।

ਇਸ ਮੌਕੇ ਪੰਜਾਬ ਪ੍ਰੈੱਸ ਕਲੱਬ ਦੇ ਪ੍ਰਧਾਨ ਰੁਪਿੰਦਰ ਸਿੰਘ ਸੱਗੂ ਦੇ ਭਰਾ ਸ੍ਰੀ ਇੰਦਰਜੀਤ ਸਿੰਘ ਸੱਗੂ ਦੇ ਅਚਾਨਕ ਦੇਹਾਂਤ 'ਤੇ ਸ਼ੋਕ ਪ੍ਰਸਤਾਵ ਪਾਸ ਕੀਤਾ ਗਿਆ ਤੇ ਦਿਵੰਗਤ ਆਤਮਾ ਦੀ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ।

14 Sep Page 6.qxd 9/13/2025 10:36 PM Page 1



# ਹੜ੍ਹਾਂ 'ਚ ਮਾਰੇ ਜਾਣ ਵਾਲਿਆਂ ਦੇ ਵਾਰਸਾਂ ਨੂੰ ਪ੍ਰਤੀ 25 ਲੱਖ ਤੇ ਸਰਕਾਰੀ ਨੌਕਰੀ ਦਿੱਤੇ ਜਾਣ ਦੀ ਮੰਗ

**ਜਲੰਧਰ (ਰਾਜੇਸ਼ ਥਾਪਾ)**- ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ 'ਚ ਸ਼ਾਮਲ ਜਥੇਬੰਦੀਆਂ ਦਿਹਾਤੀ ਮਜ਼ਦੂਰ ਸਭਾ ਅਤੇ ਪੇਂਡੂ ਮਜ਼ਦੂਰ ਯੂਨੀਅਨ ਵਲੋਂ ਹੜ੍ਹਾਂ ਦੀ ਮਾਰ ਹੇਠ ਆਏ ਬੇਜ਼ਮੀਨੇ-ਸਾਧਨਹੀਣ ਕਿਰਤੀਆਂ ਦੀ ਘੋਰ ਅਣਦੇਖੀ ਕਰਨ ਬਦਲੇ ਕੇਂਦਰੀ ਤੇ ਪ੍ਰਾਂਤਕ ਸਰਕਾਰਾਂ ਖਿਲਾਫ਼ ਜ਼ਬਰਦਸਤ ਰੋਸ ਪ੍ਰਦਰਸ਼ਨ ਕਰਕੇ ਐਸਡੀਐਮ ਜਲੰਧਰ ਵੰਨ ਰਾਹੀਂ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਿਆ ਗਿਆ। ਮੁਜ਼ਾਹਰਾਕਾਰੀ ਕਿਰਤੀ ਜ਼ੋਰਦਾਰ ਨਾਅਰਿਆਂ ਰਾਹੀਂ ਹੜ੍ਹਾਂ 'ਚ ਮਾਰੇ ਜਾਣ ਵਾਲਿਆਂ ਦੇ ਵਾਰਸਾਂ ਨੂੰ ਪ੍ਰਤੀ ਪਰਵਾਰ 25 ਲੱਖ ਰੁਪਏ ਮੁਆਵਜ਼ਾ ਤੇ ਪਰਵਾਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਦਿੱਤੇ ਜਾਣ ਦੀ ਮੰਗ ਕਰ ਰਹੇ ਸਨ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਮੀਤ ਸਕੱਤਰ ਸਾਥੀ ਬਲਦੇਵ ਸਿੰਘ ਨੂਰਪੁਰੀ ਨੇ ਕਿਹਾ ਕਿ ਹੜ੍ਹ ਕੁਦਰਤੀ ਆਫ਼ਤ ਨਾ ਹੋ ਕੇ ਸਰਕਾਰਾਂ ਦੀ



ਅਣਗਹਿਲੀ, ਚੌੜਰਵਾ ਕੁਰੱਪਸ਼ਨ ਤੇ ਲੋਕ ਹਿਤਾਂ ਦੀ ਅਣਦੇਖੀ ਕਰਨ ਦੀ ਮਾਰੂ ਪਹੁੰਚ ਚੋਂ ਉਪਜੀ ਮਨੁੱਖ ਸਿਰਜੀ ਮੁਸੀਬਤ ਹੈ। ਸਾਥੀ ਨੂਰਪੁਰੀ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਹੜ੍ਹ ਪੀੜਤਾਂ ਲਈ ਰਾਹਤ ਪੈਕੇਜ ਦਾ ਐਲਾਨ ਕਰਦਿਆਂ ਬੇਜ਼ਮੀਨੇ-ਸਾਧਨਹੀਣ ਕਿਰਤੀਆਂ ਤੇ ਦਲਿਤਾਂ ਦਾ ਨਾਂ ਤੱਕ ਲੈਣਾ ਵੀ ਮੁਨਾਸਿਬ ਨਹੀਂ ਸਮਝਿਆ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਦੀ ਉਕਤ ਕਿਰਤੀ ਮਾਰੂ, ਦਲਿਤ ਵਿਰੋਧੀ ਪਹੁੰਚ ਆਪ ਸਰਕਾਰ ਬਣਨ ਵੇਲੇ ਤੋਂ ਹੀ ਚੱਲੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਵੀ ਹੜ੍ਹ ਪੀੜਤਾਂ ਨੂੰ ਰਾਹਤ ਦੇਣ ਦੇ ਬਹਾਨੇ ਗੰਗਲੂਆਂ ਤੋਂ ਮਿੱਟੀ ਝਾੜ ਕੇ ਤੁਰਦੇ ਬਣੇ। ਉਨ੍ਹਾਂ ਹੜ੍ਹਾਂ ਦੀ ਮਾਰ ਹੇਠ ਆਏ ਕਿਰਤੀ ਪਰਵਾਰਾਂ ਨੂੰ ਯਕ ਮੁਸ਼ਤ ਗੁਜ਼ਾਰਾ ਭੱਤਾ, ਡਿੱਗੇ ਤੇ ਨੁਕਸਾਨੇ ਘਰਾਂ, ਦੁਧਾਰੂ ਪਸ਼ੂਆਂ ਤੇ ਹੋਰ ਸਾਜ਼ੋ ਸਾਮਾਨ ਦਾ ਬਾਜ਼ਾਰੀ ਕੀਮਤ ਅਨੁਸਾਰ ਬਣਦਾ ਮੁਆਵਜ਼ਾ ਦਿਤ ਜਾਣ ਤੋਂ ਇਲਾਵਾ ਹੜ੍ਹਾਂ ਤੋਂ ਪਿੱਛੋਂ ਫੈਲਣ ਵਾਲੀਆਂ ਬਿਮਾਰੀਆਂ ਦੀ ਅਗਾਊਂ ਰੋਕਥਾਮ ਦੇ ਪੁਖ਼ਤਾ ਪ੍ਰਬੰਧ ਕਰਨ ਦੀ ਵੀ ਮੰਗ ਕੀਤੀ ਹੈ। ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਇਕਬਾਲ ਸਿੰਘ ਸਰਪੰਚ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਹੜ੍ਹ ਪੀੜਤ ਪਰਵਾਰਾਂ ਦੀ ਮਦਦ ਕਰਨ ਦਾ ਐਲਾਨ

**ਫਿਲੌਰ (ਨਿਰਮਲ)**- ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਨੇ ਤੁਰੰਤ ਪ੍ਰਭਾਵ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਜਾ ਕੇ ਸਰਵੇ ਕਰਨ ਉਪਰੰਤ ਪੀੜਤ ਪਰਵਾਰਾਂ ਦੀ ਹਰ ਸੰਭਵ ਮਦਦ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ ਅਤੇ ਸੂਬਾ ਸਕੱਤਰ ਰੇਸ਼ਮ ਸਿੰਘ ਖੇਮੂਆਣਾ ਨੇ ਦੱਸਿਆ ਕਿ ਸੂਬਾ ਕਮੇਟੀ ਕੋਲ ਹੁਣ ਤੱਕ ਲਗਭਗ 30 ਲੱਖ ਰੁਪਈਆ ਆ ਚੁੱਕਾ ਹੈ। ਸੂਬੇ ਭਰ ਦੇ ਅਧਿਆਪਕਾਂ ਨੇ ਜਥੇਬੰਦੀ ਨੂੰ ਦਿਲ ਖੋਲ੍ਹ ਕੇ ਵਿੱਤੀ ਸਹਾਇਤਾ ਦਿੱਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ 1600 ਕਰੋੜ ਦੀ ਐਲਾਨੀ ਗਈ ਰਾਹਤ ਰਾਸ਼ੀ ਉਠ ਦੇ ਮੂੰਹ ਵਿੱਚ ਜੀਰਾ ਦੇਣ ਦੇ ਬਰਾਬਰ ਹੈ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਸਰਵਣ ਸਿੰਘ ਔਜਲਾ, ਸੰਯੁਕਤ ਸਕੱਤਰ ਦਲਜੀਤ ਸਮਰਾਲਾ, ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਸੁਖਵਿੰਦਰਪ੍ਰੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਵਿਸ਼ਵ ਭਾਨੂੰ ਸ਼ਰਮਾ, ਜ਼ਿਲ੍ਹਾ ਸਕੱਤਰ ਅਵਤਾਰ ਲਾਲ, ਵਿੱਤ ਸਕੱਤਰ



ਅੰਮ੍ਰਿਤਪਾਲ ਸਿੰਘ, ਅਮਨਦੀਪ ਸਿੰਘ, ਮੇਨ ਪਾਲ ਨਰਿੰਦਰ ਪਾਲ, ਗੌਰਵ ਕੁਮਾਰ, ਗੁਰਚਰਨ ਸਿੰਘ, ਸੁਰਿੰਦਰ ਸਿੰਘ, ਰਾਜਵਿੰਦਰਪਾਲ ਸਿੰਘ ਆਦਿ ਨੇ ਦੱਸਿਆ ਕਿ ਇਕੱਠੀ ਹੋਈ ਰਾਸ਼ੀ ਨਾਲ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਮਾਲਵਾ ਖੇਤਰ ਦੇ ਫਾਜ਼ਿਲਕਾ, ਫਿਰੋਜ਼ਪੁਰ, ਮਾਝੇ ਦੇ ਪਠਾਨਕੋਟ, ਗੁਰਦਾਸਪੁਰ ਅਤੇ ਦੁਆਬੇ ਦੇ ਕਪੂਰਥਲਾ ਜ਼ਿਲ੍ਹੇ ਵਿੱਚੋਂ ਸਭ ਤੋਂ ਵੱਧ ਪ੍ਰਭਾਵਿਤ ਪਿੰਡਾਂ ਨੂੰ ਅਪਣਾਇਆ ਜਾਵੇਗਾ। ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਦੀ ਬੇਰੁਖੀ ਅਤੇ ਅਣਗਹਿਲੀ ਕਾਰਨ ਲੋਕਾਂ ਨੂੰ ਜਾਨ ਮਾਲ ਤੋਂ ਹੱਥ ਧੋਣੇ ਪਏ ਹਨ। ਉਨ੍ਹਾਂ ਸੂਬਾ ਸਰਕਾਰ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਜਦੋਂ ਮੌਸਮ ਵਿਭਾਗ ਵੱਲੋਂ ਅਗੇਤੀ ਅਤੇ ਭਰਵੀਂ ਬਾਰਸ਼ ਦੀਆਂ ਚੇਤਾਵਨੀਆਂ ਦਿੱਤੀਆਂ ਗਈਆਂ ਸਨ ਤਾਂ ਉਸ ਸਮੇਂ ਸੂਬਾ ਸਰਕਾਰ ਅਤੇ ਅਫ਼ਸਰਸ਼ਾਹੀ ਕੁੰਭਕਰਨੀ ਨੀਂਦ ਸੁੱਤੀ ਪਈ ਸੀ। ਉਨ੍ਹਾਂ ਦੋਸ਼ ਲਾਇਆ ਪਿਛਲੇ ਤਿੰਨ ਸਾਲਾਂ ਦੌਰਾਨ ਪੰਜਾਬ ਦੇ ਨਹਿਰੀ ਅਤੇ ਦਰਿਆਈ ਸਿਸਟਮ ਦੀ ਸਾਰ ਨਹੀਂ ਲਈ ਗਈ। ਇਸ ਸਮੇਂ ਦੌਰਾਨ ਕੋਈ ਬੰਨ੍ਹ ਪੱਕਾ ਨਹੀਂ ਕੀਤਾ ਗਿਆ।

# ਏਟਕ ਦੀ ਸੂਬਾ ਪੱਧਰੀ ਮੀਟਿੰਗ 18 ਨੂੰ

**ਜਲੰਧਰ/ਮੋਹਟਿਆਣਾ (ਰਾਜੇਸ਼ ਥਾਪਾ/ਜਗਤਾਰ ਸਿੰਘ ਭੁੰਗਰਨੀ)**- ਪੰਜਾਬ ਪੈਨਸ਼ਨਰਜ਼ ਯੂਨੀਅਨ (ਸੰਬੰਧਤ ਏਟਕ ਅਤੇ ਪੰਜਾਬ ਸਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ ,ਚੰਡੀਗੜ੍ਹ) ਦੇ ਸੂਬਾ ਵਰਕਿੰਗ ਚੇਅਰਮੈਨ ਅਵਤਾਰ ਸਿੰਘ ਗਗੜਾ, ਸੂਬਾ ਪ੍ਰਧਾਨ





ਜਗਦੀਸ਼ ਸਿੰਘ ਚਾਹਲ, ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ ਤੇ ਗੁਰਜੀਤ ਸਿੰਘ ਘੋੜੇਵਾਹ, ਜਨਰਲ ਸਕੱਤਰ ਪ੍ਰੇਮ ਚਾਵਲਾ, ਮੁੱਖ ਜਥੇਬੰਦਕ ਸਕੱਤਰ ਅਵਤਾਰ ਸਿੰਘ ਤਾਰੀ ਅਤੇ ਪ੍ਰੈਸ ਸਕੱਤਰ ਕੁਲਵੰਤ ਸਿੰਘ ਚਾਨੀ ਨੇ ਦੱਸਿਆ ਹੈ ਕਿ ਜਥੇਬੰਦੀ ਦੀ ਸੂਬਾ ਕਮੇਟੀ ਦੀ ਮਹੀਨਾਵਾਰ ਮੀਟਿੰਗ ਮਿਤੀ 18 ਸਤੰਬਰ ਦਿਨ ਵੀਰਵਾਰ ਨੂੰ ਸਵੇਰੇ ਠੀਕ 11ਵਜੇ ਕਾਮਰੇਡ ਜਸਵੰਤ ਸਿੰਘ ਸਮਰਾ ਭਵਨ ਨੇੜੇ ਬੱਸ ਸਟੈਂਡ ਜਲੰਧਰ ਵਿਖੇ ਰੱਖੀ ਗਈ ਹੈ। ਇਸ ਮੀਟਿੰਗ ਦੌਰਾਨ ਪੰਜਾਬ ਦੇ ਬਹੁਤ ਸਾਰੇ ਜ਼ਿਲ੍ਹਿਆਂ ਵਿੱਚ ਪਿਛਲੇ ਦਿਨਾਂ ਦੌਰਾਨ ਹੜ੍ਹਾਂ ਕਾਰਨ ਹੋਏ ਨੁਕਸਾਨ ਕਰਕੇ ਪੀੜਤ ਲੋਕਾਂ ਦੀ ਵੱਧ ਤੋਂ ਵੱਧ ਮਦਦ ਕਰਨ ਸਬੰਧੀ ਵਿਚਾਰ ਵਟਾਂਦਰਾ ਕਰਕੇ ਅਗਲੇ ਫੈਸਲੇ ਲਏ ਜਾਣਗੇ। ਆਗੂਆਂ ਨੇ ਅੱਗੇ ਦੱਸਿਆ ਕਿ ਮੀਟਿੰਗ ਦੌਰਾਨ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਉਲੀਕੇ ਗਏ ਸਾਰੇ ਐਕਸ਼ਨ ਪ੍ਰੋਗਰਾਮਾਂ ਨੂੰ ਲਾਗੂ ਕਰਨ ਬਾਰੇ ਫੈਸਲੇ ਕੀਤੇ ਜਾਣਗੇ। ਉਹਨਾਂ ਇਹ ਵੀ ਦੱਸਿਆ ਕਿ ਭਾਰਤੀ ਕਮਿਊਨਿਸਟ ਪਾਰਟੀ ਦੀ 21-25 ਸਤੰਬਰ ਨੂੰ ਚੰਡੀਗੜ੍ਹ ਵਿਖੇ ਹੋ ਰਹੇ ਕੌਮੀ ਮਹਾ ਸੰਮੇਲਨ ਅਤੇ 21 ਸਤੰਬਰ ਨੂੰ ਮੋਹਾਲੀ ਵਿਖੇ ਹੋ ਰਹੀ ਰੈਲੀ ਵਿੱਚ ਪੰਜਾਬ ਭਰ ਦੇ ਪੈਨਸ਼ਨਰਾਂ ਦੀ ਭਰਵੀਂ ਸ਼ਮੂਲੀਅਤ ਕਰਵਾਉਣ ਸਬੰਧੀ ਫੈਸਲੇ ਲਏ ਜਾਣਗੇ।

# ਥਿੰਕ ਗੈਸ ਕੰਪਨੀ ਵੱਲੋਂ ਮੁੱਖ ਮੰਤਰੀ ਰਾਹਤ ਫੰਡ ਲਈ ਪੰਜ ਲੱਖ ਰੁਪਏ ਦਾ ਚੈੱਕ ਭੇਟ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਮਦਦ ਦੀ ਲੜੀ ਵਿਚ ਅੱਜ ਥਿੰਕ ਗੈਸ ਵੱਲੋਂ ਮੁੱਖ ਮੰਤਰੀ ਰਾਹਤ ਫੰਡ ਲਈ ਪੰਜ ਲੱਖ ਰੁਪਏ ਦਾ ਚੈੱਕ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੂੰ ਸੌਂਪਿਆ ਗਿਆ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਸੰਕਟ ਦੀ ਘੜੀ ਵਿਚ ਦੇਸ਼-ਵਿਦੇਸ਼ ਤੋਂ ਲੋਕਾਂ ਨੇ ਹੜ੍ਹ ਪੀੜਤਾਂ ਅਤੇ ਪ੍ਰਭਾਵਤ ਇਲਾਕਿਆਂ ਲਈ ਅੱਗੇ ਆ ਕੇ ਵੱਡੇ ਪੱਧਰ 'ਤੇ ਮਦਦ ਕੀਤੀ ਹੈ ਜੋ ਬੇਹੱਦ ਸਲਾਹੁਣਯੋਗ ਹੈ। ਇਸ ਮੌਕੇ ਵਧੀਕ ਡਿਪਟੀ



ਕਮਿਸ਼ਨਰ ਰਾਜੀਵ ਵਰਮਾ, ਥਿੰਕ ਗੈਸ ਦੇ ਪੰਜਾਬ ਤੇ ਹਿਮਾਚਲ ਦੇ ਜ਼ੋਨਲ ਹੈਡ ਵਿਸ਼ਾਲ ਗਿਰੀ ਗੋਸਵਾਮੀ, ਦਰਪਨ ਕੁਮਾਰ ਚੌਧਰੀ, ਕੰਪਨੀ ਦੇ ਜਲੰਧਰ ਤੇ ਕਾਂਗੜਾ ਦੇ ਡਿਪਟੀ ਰੀਜਨਲ ਹੈੱਡ ਜੌਹਨੀ ਸ਼ਰਮਾ ਚੈੱਕ ਭੇਟ ਕਰਨ ਵੇਲੇ ਮੌਜੂਦ ਸਨ।

# ਵਰਧਮਾਨ ਏ. ਐਂਡ ਈ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ 6.50 ਲੱਖ ਰੁਪਏ ਦਾ ਯੋਗਦਾਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡਿਪਟੀ ਕਮਿਸਨਰ ਅਤੇ ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਆਸ਼ਿਕਾ ਜੈਨ ਨੇ ਦੱਸਿਆ ਕਿ ਹੜ੍ਹ ਪੀੜਤਾਂ ਦੀ ਮਦਦ ਲਈ ਇਸ ਔਖੀ ਘੜੀ ਵਿਚ ਡਾਇਰੈਕਟਰ ਵਿੱਤ ਅਤੇ ਪ੍ਰਸ਼ਾਸਨ, ਤਰੁਣ ਚਾਵਲਾ, ਚੀਫ ਸਕਿਉਰਿਟੀ ਹੈਡ ਦੀਪ ਡਡਵਾਲ, ਵਰਧਮਾਨ ਏ. ਐਂਡ ਈ ਗਰੁੱਪ ਵੱਲੋਂ 6,50,000 ਰੁਪਏ ਦੀ ਰਾਸ਼ੀ ਦਾ ਚੈੱਕ ਦਿੱਤਾ ਗਿਆ ਹੈ, ਤਾਂ ਜੋ ਹੜ੍ਹ ਪੀੜਤਾਂ ਨੂੰ ਮੌਕੇ 'ਤੇ ਲੋੜੀਂਦੀ ਸਹਾਇਤਾ ਮੁਹੱਈਆ ਕੀਤੀ ਜਾ ਸਕੇ। ਡਾਇਰੈਕਟਰ ਵਿੱਤ ਅਤੇ ਪ੍ਰਸ਼ਾਸਨ ਤਰੁਣ ਚਾਵਲਾ, ਵਰਧਮਾਨ ਏ. ਐਂਡ ਈ. ਵੱਲੋਂ ਵਰਤਮਾਨ ਹੜ੍ਹਾਂ ਦੀ ਸਮੱਸਿਆ ਨੂੰ ਦੇਖਦੇ ਹੋਏ ਉਨ੍ਹਾਂ ਦੀ ਪੂਰੀ ਟੀਮ ਅਤੇ ਫੈਕਟਰੀ ਵਿਚ ਕੰਮ ਕਰਦੇ ਸਾਰੇ ਕਰਮਚਾਰੀਆ ਦੁਆਰਾ 6,50,000 ਰੁਪਏ ਦੀ ਸਹਾਇਤਾ ਹੜ੍ਹ ਪੀੜਤਾਂ ਲਈ ਕੀਤੀ ਗਈ, ਜਿਸ ਵਿਚ 5,00,000 ਰੁਪਏ ਦੀ ਰਾਸ਼ੀ ਵਰਧਮਾਨ ਦੀ ਟੀਮ ਦੁਆਰਾ ਅਤੇ ਰਕਮ 1,50,000 ਰੁਪਏ ਦੀ ਰਾਸ਼ੀ ਫੈਕਟਰੀ ਵਿਚ ਕੰਮ ਕਰਦੇ ਕਰਮਚਾਰੀਆ ਵੱਲੋਂ ਆਪਣੀਆਂ ਤਨਖਾਹਾਂ ਵਿਚੋਂ ਇਕੱਠੀ ਕਰ ਕੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਮੁਹੱਈਆ ਕਰਵਾਈ ਹੈ। ਡਿਪਟੀ ਕਮਿਸ਼ਨਰ ਨੇ ਵਰਧਮਾਨ ਦਾ ਦਿਲੋਂ ਧੰਨਵਾਦ ਕੀਤਾ ਗਿਆ। ਇਸ ਕੁਦਰਤੀ ਆਫ਼ਤ ਸਮੇਂ ਉਹ ਲੋੜਵੰਦਾਂ ਦੀ ਵਿੱਤੀ ਜਾਂ ਹੋਰ ਕਿਸੇ ਵੀ ਤਰ੍ਹਾਂ ਦੀ ਸੇਵਾ ਕਰਨ ਲਈ ਆਪਣਾ ਵੱਡਮੁੱਲਾ ਯੋਗਦਾਨ ਪਾ ਸਕਦੇ ਹਨ ਜਿਸ ਲਈ ਰੈੱਡ ਕਰਾਸ ਸੁਸਾਇਟੀ ਵੱਲੋਂ ਜਾਰੀ ਕੀਤੇ ਗਏ ਕਿਊਆਰ ਕੋਡ ਦੇ ਲਿੰਕ https://tinyurl. com/ redcrosshoshiarpur 'ਤੇ ਕਲਿੱਕ ਕਰਕੇ ਸਹਿਯੋਗ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਇਸ ਸਮਾਜ ਭਲਾਈ ਦੇ ਕੰਮ ਲਈ ਨਿੱਜੀ ਤੌਰ 'ਤੇ ਸੋਮਵਾਰ ਤੋਂ ਸ਼ੁੱਕਰਵਾਰ ਰੈੱਡ ਕਰਾਸ ਦਫਤਰ, ਜੋਧਾ ਮੱਲ ਰੋਡ, ਹੁਸ਼ਿਆਰਪੁਰ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ। ਸਕੱਤਰ ਰੈੱਡ ਕਰਾਸ ਮੰਗੇਸ਼ ਸੂਦ ਨੇ ਦੱਸਿਆ ਕਿ ਵਰਧਮਾਨ ਏ. ਐਂਡ ਈ. ਵਲੋਂ ਸਹਿਯੋਗ ਕੀਤੀ ਗਈ 6.50.000 ਰੁਪਏ ਦੀ ਰਾਸ਼ੀ ਹੜ੍ਹ ਪੀੜਿਤ ਪਰਿਵਾਰਾਂ ਲਈ ਵਰਤੀ ਜਾਵੇਗੀ।

# ਗਿਆਨੀ ਹਰਪ੍ਰੀਤ ਸਿੰਘ ਦਾ ਗੁਰਬਾਣੀ ਵੇਚਣ ਵਾਲਾ ਬਿਆਨ ਪੂਰੀ ਤਰ੍ਹਾਂ ਬੇਬੁਨਿਆਦ : ਚਾਵਲਾ

**ਸ੍ਰੀ ਆਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਬਾਰੇ ਦਿੱਤੇ ਬਿਆਨ ਨੂੰ ਬੇਬੁਨਿਆਦ ਅਤੇ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲਾ ਕਰਾਰ ਦਿੰਦੇ ਹੋਏ ਉਸ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।ਭਾਈ ਚਾਵਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਆਪਣੀ ਪੂਰੀ ਟੀਮ ਦੇ ਨਾਲ ਮੈਦਾਨ ਵਿੱਚ ਉਤਰੇ ਹੋਏ ਹਨ ਅਤੇ ਉਹਨਾਂ ਵੱਲੋਂ ਰਾਹਤ ਸਮੱਗਰੀ, ਚਾਰਾ ਅਤੇ ਨਗਦੀ ਸਹਾਇਤਾ ਪੀੜਤਾਂ ਤੱਕ ਪਹੁੰਚਾਈ



ਜਾ ਰਹੀ ਹੈ। ਇਸ ਸਮੇਂ ਵਿੱਚ ਇਸ ਤਰ੍ਹਾਂ ਦੀਆਂ ਟਿੱਪਣੀਆਂ ਲੋਕਾਂ ਦੇ ਦੁੱਖਾਂ ਨਾਲ ਖਿਲਵਾੜ ਕਰਨ ਦੇ ਬਰਾਬਰ ਹਨ।ਚਾਵਲਾ ਨੇ ਖਾਸ ਤੌਰ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਦਾ ਇਹ ਦੋਸ਼ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਗੁਰਬਾਣੀ ਵੇਚ ਕੇ ਪੈਸਾ ਇਕੱਠਾ ਕਰਦੇ ਹਨ, ਪੂਰੀ ਤਰ੍ਹਾਂ ਗਲਤ ਹੈ। ਉਹਨਾਂ ਉਲਟਾ ਇਲਜ਼ਾਮ ਲਗਾਇਆ ਕਿ ਅਸਲ ਵਿੱਚ ਤਾਂ ਗੁਰਬਾਣੀ ਦਾ ਵਿੱਤੀ ਲਾਭ ਗਿਆਨੀ ਹਰਪ੍ਰੀਤ ਸਿੰਘ ਨੇ ਖੁਦ ਚੁੱਕਿਆ ਹੈ। ਚਾਵਲਾ ਨੇ ਕਿਹਾ ਕਿ ਜਿੱਥੇ ਉਹ ਪਹਿਲਾਂ ਆਪਣੀਆਂ ਸੇਵਾਵਾਂ ਦੇ ਬਦਲੇ ਤਨਖਾਹ ਲੈਂਦੇ ਸਨ, ਉੱਥੇ ਹੀ ਦੇਸ਼ਾਂ-ਵਿਦੇਸ਼ਾਂ ਵਿੱਚ ਗੁਰਬਾਣੀ ਦੇ ਪ੍ਰਚਾਰ ਪ੍ਰਸਾਰ ਸਮੇਂ ਸੰਗਤਾਂ ਤੋਂ ਭਾਰੀ ਭਰਕਮ ਪੈਸੇ ਵੀ ਇਕੱਠੇ ਕਰਦੇ ਰਹੇ ਹਨ।

# ਇਸ ਸੀਜ਼ਨ ਦੌਰਾਨ 4.36 ਲੱਖ ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਦਾ ਅਨੁਮਾਨ : ਆਸ਼ਿਕਾ ਜੈਨਮ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਆਸ਼ਿਕਾ ਜੈਨ ਨੇ ਕਿਹਾ ਕਿ ਮੰਡੀਆਂ ਵਿਚ ਕੀਤੇ ਗਏ ਪ੍ਰਬੰਧਾਂ ਦੀ ਲਗਾਤਾਰ ਸਮੀਖਿਆ ਕੀਤੀ ਜਾ ਰਹੀ ਹੈ। ਉਨ੍ਹਾਂ ਕਿਸਾਨਾਂ ਨੂੰ ਸਮੇਂ ਸਿਰ ਅਤੇ ਸੁਚਾਰੂ ਖ਼ਰੀਦ ਨੂੰ ਯਕੀਨੀ ਬਣਾਉਣ ਦਾ ਭਰੋਸਾ ਦਿੱਤਾ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਵਾਰ ਜ਼ਿਲ੍ਹੇ ਵਿਚ ਲੱਗਭਗ 4.36 ਲੱਖ ਮੀਟ੍ਰਿਕ ਟਨ ਝੋਨਾ ਖ਼ਰੀਦੇ ਜਾਣ ਦਾ ਅਨੁਮਾਨ ਹੈ। ਇਸ ਦੇ ਮੱਦੇਨਜ਼ਰ ਮੰਡੀਆਂ ਵਿਚ ਸਾਰੀਆਂ ਜ਼ਰੂਰੀ ਸਹੂਲਤਾਂ, ਜਿਵੇਂ ਕਿ ਬਿਜਲੀ, ਪਾਣੀ, ਮੀਂਹ ਲਈ ਤਰਪਾਲਾਂ, ਪਾਰਕਿੰਗ, ਪਖਾਨੇ, ਆੜ੍ਹਤੀਆਂ ਅਤੇ ਕਿਸਾਨਾਂ ਲਈ ਬੈਠਣ ਦੇ ਪ੍ਰਬੰਧਾਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਉਨ੍ਹਾਂ ਸਬੰਧਤ ਵਿਭਾਗਾਂ ਅਤੇ ਖ਼ਰੀਦ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਰਹਿਣੀ ਚਾਹੀਦੀ ਅਤੇ ਖ਼ਰੀਦ ਪ੍ਰਕਿਰਿਆ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਸੁਚਾਰੂ ਢੰਗ ਨਾਲ ਪੂਰੀ ਕੀਤੀ ਜਾਵੇ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿਚ ਸਿਰਫ਼ ਪੂਰੀ ਤਰ੍ਹਾਂ ਸੁੱਕਾ ਝੋਨਾ ਹੀ ਲਿਆਉਣ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਨੂੰ ਉਨ੍ਹਾਂ ਦੀ ਫ਼ਸਲ ਦੀ ਕੀਮਤ ਦੀ ਪੂਰੀ ਅਤੇ ਸਮੇਂ ਸਿਰ ਅਦਾਇਗੀ ਯਕੀਨੀ ਬਣਾਉਣ ਲਈ ਵਚਨਬੱਧ ਹੈ।

# ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਵੱਲੋਂ ਸੈਮੀਨਾਰ

**ਟਾਂਡਾ ਉੜਮੁੜ (ਜਸਵਿੰਦਰ ਸੰਧੂ)**- ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ: ਸੀਮਾ ਗਰਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ. ਕਰਨ ਕੁਮਾਰ



ਸੈਣੀ ਐਸ.ਐਮ.ਓ ਟਾਂਡਾ ਸੀ. ਐਚ.ਸੀ ਟਾਂਡਾ ਦੀ ਅਗਵਾਈ ਹੇਠ ਪਿੰਡ ਝਾਵਾਂ ਵਿਖੇ ਲੋਕਾ ਨੂੰ ਏਡਜ਼ ਸਬੰਧੀ ਇੰਟੈਂਸੀਫਾਈਡ ਮੁਹਿੰਮ ਤਹਿਤ ਜਾਗਰੂਕ ਕੀਤਾ ਗਿਆ ਅਤੇ ਡਾਕਟਰੀ ਟੀਮ ਵੱਲੋਂ ਘਰ ਘਰ ਜਾ ਕੇ ਇਸ ਸੰਬੰਧੀ ਲੋਕਾਂ ਨੂੰ ਵਿਸਥਾਰ ਪੂਰਵਕ ਸਮਝਾਇਆ ਗਿਆ। ਇਸ ਮੌਕੇ ਕੌਂਸਲਰ ਮਨਜੀਤ ਕੌਰ ਆਈ.ਸੀ.ਟੀ.ਸੀ, ਸਰਪੰਚ ਸੁਖਵਿੰਦਰਜੀਤ ਸਿੰਘ ਝਾਵਰ, ਮੈਂਬਰ ਪੰਚਾਇਤ, ਹਰਵਿੰਦਰ ਸਿੰਘ , ਆਸ਼ਾ ਵਰਕਰ ਆਦਿ ਮੌਜੂਦ ਸਨ।

# ਪਸ਼ੂਆਂ ਦੇ ਚਾਰੇ ਦੀਆਂ ਦੋ ਟਰਾਲੀਆਂ ਭੇਜੀਆਂ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਐਨ.ਜੀ.ਓ. ਡੇਰਾ ਲੋਹ ਲੰਗਰ ਗੁਰਦੁਆਰਾ ਸੋਸਾਇਟੀ ਨੰਗਲ ਖੁਰਦ ਵੱਲੋਂ ਹੜਾਂ ਕਾਰਨ ਪੈਦਾ ਹੋਏ ਹਾਲਾਤਾਂ ਨੂੰ ਦੇਖਦੇ ਹੋਏ ਪਿੰਡ ਅਲਾਵਲਪੁਰ ਵਿਖੇ ਪਸ਼ੂਆਂ ਲਈ ਚਾਰੇ ਦੀਆਂ ਗੱਠਾਂ ਦੀਆਂ ਦੋ ਟਰਾਲੀਆਂ ਮਹੰਤ ਵਿਕਰਮਜੀਤ ਸਿੰਘ ਦੀ ਅਗਵਾਈ ਹੇਠ ਵੰਡੀਆਂ ਗਈਆਂ। ਪਸ਼ੂਆਂ ਦੇ ਚਾਰੇ ਦੀਆਂ ਇਹ ਟਰਾਲੀਆਂ ਡੇਰਾ ਬਿਸ਼ਨਪੁਰੀ ਨੰਗਲ ਖੁਰ ਤੋਂ ਰਵਾਨਾ ਕਰਨ ਮੌਕੇ ਪਿੰਡ ਨੰਗਲ ਦੀਆਂ



ਸੰਗਤਾਂ ਅਤੇ ਡੇਰੇ ਦੇ ਸ਼ਰਧਾਲੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਗੱਲਬਾਤ ਕਰਦਿਆਂ ਮਹੰਤ ਵਿਕਰਮਜੀਤ ਸਿੰਘ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਹੋਈਆਂ ਲਗਾਤਾਰ ਬਾਰਿਸਾਂ ਅਤੇ ਹੜ੍ਹਾਂ ਨੇ ਪੰਜਾਬ ਨੂੰ ਕਾਫੀ ਨੁਕਸਾਨ ਪਹੁੰਚਾਇਆ ਹੈ। ਇਸ ਦੁੱਖ ਦੀ ਘੜੀ ਵਿੱਚ ਸਮੁੱਚੇ ਪੰਜਾਬੀਆਂ ਨੂੰ ਪੀੜਤ ਪਰਿਵਾਰਾਂ ਦੀ ਮਦਦ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।

# ਸ਼ਹਿਰ ਦੇ ਵਿਕਾਸ ਕਾਰਜਾਂ ਲਈ 28 ਕਰੋੜ ਰੁਪਏ ਦੀ ਪ੍ਰਵਾਨਗੀ



**ਹੁਸ਼ਿਆਰਪੁਰ (ਓ ਪੀ ਰਾਣਾ)**- ਨਗਰ ਨਿਗਮ ਹੁਸ਼ਿਆਰਪੁਰ ਦੀ ਹਾਊਸ ਮੀਟਿੰਗ ਵਿਚ ਸ਼ਹਿਰ ਦੇ ਵਿਕਾਸ ਕਾਰਜਾਂ ਅਤੇ ਸਫ਼ਾਈ ਪ੍ਰਬੰਧਨ ਨੂੰ ਬਿਹਤਰ ਬਣਾਉਣ ਲਈ ਕਈ ਮਹੱਤਵਪੂਰਨ ਫ਼ੈਸਲੇ ਲਏ ਗਏ। ਜਾਣਕਾਰੀ ਦਿੰਦਿਆਂ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਅਤੇ ਮੇਅਰ ਸੁਰਿੰਦਰ ਕੁਮਾਰ ਨੇ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨਾ ਪੰਜਾਬ ਸਰਕਾਰ ਦੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਮੀਟਿੰਗ 'ਚ ਸ਼ਹਿਰ ਵਿਚ ਸੜਕਾਂ ਦੇ ਨਿਰਮਾਣ, ਜਲ ਸਪਲਾਈ ਅਤੇ ਸੀਵਰੇਜ ਲਾਈਨਾਂ ਲਈ 28 ਕਰੋੜ ਰੁਪਏ ਦੇ ਖ਼ਰਚ ਨੂੰ ਪ੍ਰਵਾਨਗੀ ਦਿੱਤੀ ਗਈ। ਇਸ ਦੇ ਨਾਲ ਹੀ ਸ਼ਹਿਰ ਦੀ ਸਫ਼ਾਈ ਪ੍ਰਣਾਲੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਕੂੜਾ ਇਕੱਠਾ ਕਰਨ ਅਤੇ ਪ੍ਰੋਸੈਸਿੰਗ ਦਾ ਕੰਮ ਇੱਕ ਨਿੱਜੀ ਕੰਪਨੀ ਨੂੰ ਸੌਂਪਣ ਦਾ ਫ਼ੈਸਲਾ ਕੀਤਾ ਗਿਆ, ਜੋ ਵੱਖ-ਵੱਖ ਥਾਵਾਂ 'ਤੇ ਕੂੜੇ ਦੇ ਢੇਰਾਂ ਤੋਂ ਰਾਹਤ ਪ੍ਰਦਾਨ ਕਰੇਗੀ।ਮੀਟਿੰਗ ਵਿਚ ਡੇਂਗੂ ਅਤੇ ਮਲੇਰੀਆ ਦੀ ਰੋਕਥਾਮ ਲਈ 4 ਹੈਂਡੀ ਫੌਗਿੰਗ ਮਸ਼ੀਨਾਂ ਅਤੇ ਸੀਵਰੇਜ ਬਲਾਕੇਜ ਨੂੰ ਦੂਰ ਕਰਨ ਲਈ 3 ਛੋਟੀਆਂ ਮਸ਼ੀਨਾਂ ਖਰੀਦਣ ਲਈ 9.75 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ। ਇਸ ਤੋਂ ਇਲਾਵਾ ਅਸੁਰੱਖਿਅਤ ਅਤੇ ਖੰਡਰ ਇਮਾਰਤਾਂ ਨੂੰ ਢਾਹੁਣ ਅਤੇ ਹਰ ਘਰ ਤੋਂ ਕੂੜਾ ਸਿੱਧਾ ਪਿੱਪਲਾਂਵਾਲਾ ਪ੍ਰੋਸੈਸਿੰਗ ਸੈਂਟਰ ਤੱਕ ਪਹੁੰਚਾਉਣ ਦੀ ਇਜਾਜ਼ਤ ਦਿੱਤੀ ਗਈ। ਵਿਧਾਇਕ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਸ਼ਹਿਰ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਮੀਟਿੰਗ ਵਿਚ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਸ਼ਹੀਦਾਂ ਦੀ ਯਾਦ ਵਿਚ ਨਗਰ ਨਿਗਮ ਦੀ ਇਕ ਏਕੜ ਜ਼ਮੀਨ 'ਤੇ ਇਕ ਜੰਗੀ ਯਾਦਗਾਰ ਬਣਾਈ ਜਾਵੇਗੀ।ਮੇਅਰ ਸੁਰਿੰਦਰ ਕੁਮਾਰ ਨੇ ਕਿਹਾ ਕਿ ਨਗਰ ਨਿਗਮ ਸ਼ਹਿਰ ਵਾਸੀਆਂ ਨੂੰ 100 ਫੀਸਦੀ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਇਸ ਮੌਕੇ ਨਗਰ ਨਿਗਮ ਕਮਿਸ਼ਨਰ ਜਿਓਤੀ ਬਾਲਾ ਮੱਟੂ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਲਤਾ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਵਿੱਤ ਕੰਟਰੈਕਟ ਕਮੇਟੀ ਦੇ ਚੇਅਰਮੈਨ ਬਲਵਿੰਦਰ ਕੁਮਾਰ ਬਿੰਦੀ ਸਮੇਤ ਸਾਰੇ ਕੌਂਸਲਰ, ਸੰਯੁਕਤ ਕਮਿਸ਼ਨਰ ਸੰਦੀਪ ਤਿਵਾੜੀ, ਸਹਾਇਕ ਕਮਿਸ਼ਨਰ ਅਜੇ ਕੁਮਾਰ, ਨਿਗਮ ਇੰਜੀਨੀਅਰ ਹਰਪ੍ਰੀਤ ਸਿੰਘ, ਨਿਗਮ ਇੰਜੀਨੀਅਰ ਕੁਲਦੀਪ ਸਿੰਘ, ਟਾਊਨ ਪਲਾਨਰ ਲਖਬੀਰ ਸਿੰਘ ਅਤੇ ਦਫ਼ਤਰ ਦੇ ਵੱਖ-ਵੱਖ ਅਧਿਕਾਰੀ ਮੌਜੂਦ ਸਨ।

# ਹੜ੍ਹਾਂ ਦੌਰਾਨ ਪੰਜਾਬੀਆਂ ਨੇ ਪੰਜਾਬੀਆਂ ਦੀ ਦਿਲ ਖੋਲ੍ਹ ਕੇ ਕੀਤੀ ਮਦਦ : ਡਾ. ਉਪਿੰਦਰਜੀਤ ਕੌਰ

**ਸੁਲਤਾਨਪੁਰ ਲੋਧੀ (ਹਨੀ)**- ਬੀਤੇ ਇੱਕ ਮਹੀਨੇ ਤੋਂ ਦਰਿਆ ਬਿਆਸ ਦਾ ਪਾਣੀ ਵਧਣ ਕਾਰਨ ਆਏ ਹੜ੍ਹ ਨਾਲ ਇਹ ਜੋ ਮੁਸੀਬਤ ਕਿਸਾਨਾਂ ਤੇ ਪਈ ਉਸ ਦੇ ਵਿੱਚ ਸਹਿਯੋਗ ਦੇਣ ਲਈ ਡਾਕਟਰ ਉਪਿੰਦਰਜੀਤ ਕੌਰ ਸਾਬਕਾ ਕੈਬਨਿਟ ਮੰਤਰੀ ਪੰਜਾਬ ਅਤੇ ਸ਼੍ਰੋਮਣੀ ਅਕਾਲੀ ਦਲ ਸਮੁੱਚੀ ਲੀਡਰਸ਼ਿਪ ਸਾਡੇ ਇਥੇ ਦੁੱਖ ਦੇ ਵਿੱਚ ਸ਼ਰੀਕ ਹੋਣ ਆਏ ਹਨ। ਅਸੀਂ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਬਹੁਤ ਧੰਨਵਾਦ ਕਰਦੇ ਹਾਂ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਰੇਸ਼ਮ ਸਿੰਘ ਸਰਪੰਚ ਮੰਗੂਪੁਰ ਅਤੇ ਹੁਕਮ ਸਿੰਘ ਨੂਰੋਵਾਲ ਨੇ ਅਡਵਾਂਸ ਬੰਨ੍ਹ 'ਤੇ ਚੱਲ ਰਹੀ ਸੇਵਾ ਮੌਕੇ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤੇਲ ਦੀ ਸੇਵਾ ਕੀਤੀ ਗਈ ਹੈ ਅਤੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਤੋਂ ਬੰਨ੍ਹ 'ਤੇ ਕਾਰ ਸੇਵਾ ਕਰ ਰਹੀਆਂ ਸਮੁੱਚੀਆਂ ਸੰਗਤਾਂ ਲਈ ਦਿਨ ਰਾਤ ਲੰਗਰ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਅਕਾਲੀ ਦਲ ਨੇ ਸਾਡੀ ਹਰ ਪੱਖ ਤੋਂ ਹਮੇਸ਼ਾ ਸਾਰ ਲਈ ਹੈ। ਉਨਾਂ ਦੱਸਿਆ ਕਿ ਡਾ. ਉਪਿੰਦਰਜੀਤ ਕੌਰ ਸਮੇਤ ਸਮੁੱਚੀ ਲੀਡਰਸ਼ਿਪ ਸ਼੍ਰੋਮਣੀ ਅਕਾਲੀ ਦਲ ਦਾ ਇੱਥੇ ਪਹੁੰਚਣ ਅਤੇ 1 ਲੱਖ ਰੁਪਏ ਦੀ ਮਾਲੀ ਸਹਾਇਤਾ ਕਰਨ ਲਈ ਅਸੀਂ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ ਜਿਸ ਨਾਲ ਸਾਨੂੰ ਬੜਾ ਸਹਿਯੋਗ ਮਿਲਿਆ ਹੈ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਖਜ਼ਾਨਾ ਮੰਤਰੀ ਡਾ. ਉਪਿੰਦਰਜੀਤ ਕੌਰ ਵੱਲੋਂ ਹਲਕਾ ਸੁਲਤਾਨਪੁਰ ਲੋਧੀ ਦੇ ਸਰਬਪੱਖੀ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਸੀ ਅਤੇ ਸਮੁੱਚੇ ਇਲਾਕੇ ਦੀਆਂ ਸੜਕਾਂ ਅਤੇ ਬੰਨ੍ਹਾਂ ਦੀ



ਉਸਾਰੀ ਅਤੇ ਮਜ਼ਬੂਤੀ ਲਈ ਨਿਰੰਤਰ ਕਾਰਜ ਕੀਤੇ ਸਨ। ਇਸ ਮੌਕੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਕੈਬਨਿਟ ਮੰਤਰੀ ਪੰਜਾਬ ਡਾ. ਉਪਿੰਦਰਜੀਤ ਕੌਰ ਨੇ ਕਿਹਾ ਕਿ ਹੜ੍ਹਾਂ ਦੌਰਾਨ ਸਮੁੱਚੇ ਪੰਜਾਬ ਦੇ ਲੋਕਾਂ ਨੇ ਇੱਕ ਦੂਜੇ ਦੀ ਦਿਲ ਖੋਲ੍ਹ ਕੇ ਮਦਦ ਕੀਤੀ ਹੈ ਉਨਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਹਲਕਾ ਸੁਲਤਾਨਪੁਰ ਲੋਧੀ ਦੇ ਇਸ ਹੜ੍ਹ ਪ੍ਰਭਾਵਿਤ ਖੇਤਰ ਵਿਚ ਉਚੇਚੇ ਪ੍ਰਬੰਧ ਕੀਤੇ ਜਾਣ ਅਤੇ ਵੱਧ ਤੋਂ ਵੱਧ ਮਾਲੀ ਮਦਦ ਕੀਤੀ ਜਾਵੇ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬੀਬੀ ਗੁਰਪ੍ਰੀਤ ਕੌਰ ਰੂਹੀ, ਦਲਜਿੰਦਰ ਕੌਰ ਪਾਜੀਆਂ, ਬਲਜੀਤ ਕੌਰ ਕਮਾਲਪੁਰ, ਸੀਨੀਅਰ ਅਕਾਲੀ ਆਗੂ ਸੁਰਜੀਤ ਸਿੰਘ ਢਿਲੋਂ, ਕੁਲਦੀਪ ਸਿੰਘ ਬੂਲੇ, ਬਲਵਿੰਦਰ ਸਿੰਘ ਤੁੜ, ਬਲਜੀਤ ਸਿੰਘ ਬੱਲੀ, ਪਿਆਰਾ ਸਿੰਘ ਪਾਜੀਆਂ ਸੇਵਾਮੁਕਤ ਡੀ ਐਸ ਪੀ, ਜਗੀਰ ਸਿੰਘ ਲੰਬੜ, ਰੇਸ਼ਮ ਸਿੰਘ ਸਰਪੰਚ ਮੰਗੂਪੁਰ, ਹਰਭਜਨ ਸਿੰਘ ਮੰਗੂਪੁਰ ਆਦਿ ਸਮੇਤ ਵੱਡੀ ਗਿਣਤੀ ਵਿੱਚ ਇਲਾਕੇ ਭਰ ਦੇ ਕਿਸਾਨ ਹਾਜ਼ਰ ਸਨ।

# ਸਕੂਲ 'ਚ ਹਿੰਦੀ ਦਿਵਸ ਮਨਾਇਆ

**ਕਰਤਾਰਪੁਰ (ਹਰਮੇਸ਼ ਦੱਤ)**- ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ, ਕਰਤਾਰਪੁਰ ਵਿਖੇ ਹਿੰਦੀ ਦਿਵਸ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਸਾਡੀ ਰਾਸ਼ਟਰੀ ਭਾਸ਼ਾ ਹਿੰਦੀ ਬਾਰੇ ਜਾਗਰੂਕ ਕਰਨ ਲਈ ਵੱਖ-ਵੱਖ ਪ੍ਰੋਗਰਾਮ ਆਯੋਜਿਤ ਕੀਤੇ ਗਏ, ਜਿਸ ਵਿੱਚ ਵਿਦਿਆਰਥੀਆਂ ਅਤੇ ਸਕੂਲ ਅਧਿਆਪਕਾਂ ਨੇ ਕਵਿਤਾਵਾਂ ਸੁਣਾ ਕੇ ਅਤੇ ਭਾਸ਼ਣ ਦੇ ਕੇ ਹਿੰਦੀ ਦੀ



ਮਹੱਤਤਾ ਬਾਰੇ ਦੱਸਿਆ ਕਿ 14 ਸਤੰਬਰ ਨੂੰ ਹਰ ਸਾਲ ਦੇਸ਼ ਭਰ ਵਿੱਚ ਰਾਸ਼ਟਰੀ ਹਿੰਦੀ ਦਿਵਸ ਵਜੋਂ ਕਿਵੇਂ ਮਨਾਇਆ ਜਾਂਦਾ ਹੈ। ਇਸ ਮੌਕੇ ਪ੍ਰਿੰਸੀਪਲ ਮੈਡਮ ਕੰਵਲਜੀਤ ਕੌਰ, ਸਕੂਲ ਚੇਅਰਪਰਸਨ ਮੈਡਮ ਸੁਰਿੰਦਰ ਕੌਰ, ਡਾ. ਚਰਨ ਸਿੰਘ, ਡਾ. ਪਿਆਰਾ ਸਿੰਘ, ਮਨਦੀਪ ਕੌਰ, ਸਤਨਾਮ ਸਿੰਘ, ਪਲਵਿੰਦਰ ਕੌਰ, ਆਦਿ ਸਾਰੇ ਮੌਜੂਦ ਸਨ।

# ਹੜ੍ਹ ਪੀੜਤਾਂ ਲਈ ਦਾਨੀ ਸੱਜਣਾਂ ਵੱਲੋਂ ਦਵਾਈਆਂ ਦੀ ਸੇਵਾ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਜੀ ਅਜਨੋਹਾ ਦਾ ਜੱਦੀ ਪਿੰਡ ਅਜਨੋਹਾ ਇਹਨਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਸੰਸਥਾ ਵਲੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਅਪਾਰ ਮਿਹਰ ਸਦਕਾ ਇਲਾਕਾ ਨਿਵਾਸੀ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਮਹਾਰਾਜ ਜੀ ਵੱਲੋਂ ਵਰਸਾਏ ਬਾਬਾ ਯੱਖ ਜੀ ਦੇ ਜੱਦੀ ਪਿੰਡ ਨਰੂੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਤੇ ਲੈਬੋਰਟਰੀ ਚਲਾਈ ਜਾ ਰਹੀ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸੰਸਥਾ ਮੁੱਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਗੁਰੂ ਨਾਨਕ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨਰੂੜ ਦੇ ਸਹਿਯੋਗ ਨਾਲ 'ਗਰੀਬ ਦਾ ਮੂੰਹ,ਗੁਰੂ ਦੀ ਗੋਲਕ' ਸੰਸਥਾ (ਰਜਿ.) ਅਜਨੋਹਾ ਵਲੋਂ ਹੜ੍ਹ ਪੀੜਤਾਂ ਇਲਾਕਿਆਂ ਵਿੱਚ ਮੁਫਤ ਮੈਡੀਕਲ ਕੈਂਪ ਲਗਾਏ ਜਾਣੇ ਹਨ। ਇਹਨਾਂ ਕੈਂਪਾਂ ਲਈ ਵੀਰ ਇੰਦਰਜੀਤ ਸਿੰਘ ਪਿੰਡ ਮਾਣਕ ਤੋਂ ਸੰਸਥਾ ਨੂੰ 10 ਹਜ਼ਾਰ ਰੁਪਿਆ ਦੀਆਂ ਦਵਾਈਆਂ ਦੀ ਸੇਵਾ ਦਿਤੀ ਗਈ। ਸੰਸਥਾ ਦੀ ਟੀਮ ਵੱਲੋਂ ਵੀਰ ਜੀ ਨੂੰ ਸਨਮਾਨਿਤ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਹਾਜ਼ਰ ਸੰਸਥਾ ਮੁੱਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਇੰਦਰਜੀਤ ਸਿੰਘ ਮਾਣਕ , ਡਾਕਟਰ ਤਰਸੇਮ ਸਿੰਘ, ਡਾਕਟਰ ਵਿਸ਼ਾਲ ਪ੍ਰਾਸ਼ਰ ਨਡਾਲੋਂ,ਬਲਜੀਤ ਸਿੰਘ ਬਿੱਲਾ ਖਾਲਸਾ ਅਜਨੋਹਾ , ਲੈਬ ਟੈਕਨੀਸ਼ੀਅਨ ਗੁਰਪ੍ਰੀਤ ਸਿੰਘ,ਪ੍ਰੀਆ ਨਰੂੜ, ਹਰਪ੍ਰੀਤ ਕੌਰ ਪਾਸ਼ਟਾਂ, ਸੰਦੀਪ ਕੌਰ ਪਾਸ਼ਟਾਂ ਉਂਕਾਰ ਸਿੰਘ ਨਰੂੜ ਆਦਿ।

# ਸੇਂਟ ਮਨੂਜ ਕਾਨਵੈਂਟ ਸਕੂਲ ਮੈਨੇਜਮੈਂਟ ਕਮੇਟੀ ਦੀ ਚੋਣ



**ਸ਼ਾਹਕੋਟ (ਗਿਆਨ ਸੈਦਪੁਰੀ)**- ਸੇਂਟ ਮਨੂੰਜ ਕਾਨਵੈਂਟ ਸਕੂਲ ਸ਼ਾਹਕੋਟ ਮੈਨੇਜਮੈਂਟ ਕਮੇਟੀ ਦੀ ਚੋਣ ਸਕੂਲ ਮੈਨੇਜਮੈਂਟ ਕਮੇਟੀ ਦੇ ਸਾਰੇ ਮੈਂਬਰਾਂ ਦੀ ਮੌਜੂਦਗੀ ਵਿੱਚ ਕਰਵਾਈ ਗਈ। ਜਿਸ ਵਿੱਚ ਮੈਂਬਰਾਂ ਦੁਆਰਾ ਅਸ਼ੋਕ ਜੈਨ ਨੂੰ ਦੁਬਾਰਾ ਪ੍ਰਧਾਨ ਚੁਣਿਆ ਗਿਆ ਅਤੇ ਸੁਲਕਸ਼ਣ ਜਿੰਦਲ ਨੂੰ ਸੈਕਟਰੀ, ਚੰਦਰ ਮੋਹਨ ਨੂੰ ਵਿੱਤ ਸੈਕਟਰੀ , ਗੁਰਮੀਤ ਸਿੰਘ ਬਜਾਜ ਨੂੰ ਮੈਨੇਜਰ ਅਤੇ ਸੁਰਿੰਦਰ ਸੋਬਤੀ ਨੂੰ ਉਪ ਪ੍ਰਧਾਨ ਚੁਣਿਆ ਗਿਆ। ਸਕੂਲ ਦੀ ਬਣੀ ਨਵੀਂ ਕਮੇਟੀ ਨੇ ਸੇਂਟ ਮਨੂੰਜ਼ ਕਾਨਵੈਂਟ ਸਕੂਲ ਨੂੰ ਸ਼ਾਹਕੋਟ ਦਾ ਨੰਬਰ ਇੱਕ ਸਕੂਲ ਬਣਾਉਣ ਦਾ ਟੀਚਾ ਮਿਥਿਆ ਅਤੇ ਮਿਸ਼ਨ ਮੇਕ ਸੇਂਟ ਮਨੂੰਜ਼ ਗਰੇਟ ਅਗੇਨ ਪ੍ਰਾਪਤ ਕਰਨ ਦਾ ਭਰੋਸਾ ਦਵਾਇਆ। ਸੁਲਕਸ਼ਨ ਜਿੰਦਲ ਨੇ ਗੱਲਬਾਤ ਕਰਦਿਆਂ ਦੱਸਿਆ ਸਕੂਲ ਦੀ ਸਬ ਕਮੇਟੀ ਜਿਸ ਵਿੱਚ ਯੂਥ ਮੈਂਬਰ ਕਮਲ ਜੈਨ, ਅੰਕਿਤ ਅਗਰਵਾਲ, ਉਪਿੰਦਰਜੀਤ ਸਿੰਘ ਬਜਾਜ , ਗੌਰਵ ਜਿੰਦਲ , ਗੌਰਵ ਅਗਰਵਾਲ (ਸੀ ਏ) ਨੂੰ ਜਿੰਮੇਵਾਰੀਆਂ ਦੇ ਕੇ ਇਹਨਾਂ ਦਾ ਵੀ ਪੂਰਨ ਸਹਿਯੋਗ ਲਿਆ ਜਾਵੇਗਾ। ਅਸ਼ੋਕ ਜੈਨ ਨੇ ਦੱਸਿਆ ਕਿ ਸਕੂਲ ਪਿਛਲੇ ਪੰਜ ਦਹਾਕਿਆਂ ਤੋਂ ਸ਼ਾਹਕੋਟ ਵਾਸੀਆਂ ਦੇ ਸਹਿਯੋਗ ਨਾਲ ਇਲਾਕੇ ਵਿੱਚ ਸਿੱਖਿਆ ਪ੍ਰਦਾਨ ਕਰਾ ਰਿਹਾ ਹੈ ਤੇ ਅੱਗੇ ਵੀ ਇਹ ਸਕੂਲ ਲੋਕਾਂ ਦੀ ਸੇਵਾ ਕਰਦਾ ਰਹੇਗਾ।

# ਮੁਸਲਿਮ ਸੰਗਠਨ ਪੰਜਾਬ ਦੇ ਪ੍ਰਧਾਨ ਐਡਵੋਕੇਟ ਨਈਮ ਖਾਨ ਨੇ ਰਾਹਤ ਸਮੱਗਰੀ ਵੰਡੀ

**ਜਲੰਧਰ (ਰਾਜੇਸ਼ ਥਾਪਾ)**- ਮੁਸਲਿਮ ਸੰਗਠਨ ਪੰਜਾਬ ਵੱਲੋਂ ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੀ ਤਹਿਸੀਲ ਫਿਲਵਾਂ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਰਾਹਤ ਸਮੱਗਰੀ ਵੰਡੀ ਗਈ। ਸੰਗਠਨ ਦੇ ਪ੍ਰਧਾਨ ਐਡਵੋਕੇਟ ਨਈਮ ਖਾਨ ਨੇ ਪਹਿਲਾਂ ਸਥਿਤੀ ਦਾ ਜਾਇਜ਼ਾ ਲੈਣ ਲਈ ਹੜ੍ਹ ਪ੍ਰਭਾਵਤ ਖੇਤਰਾਂ ਦਾ ਦੌਰਾ ਕੀਤਾ ਅਤੇ ਐਤਵਾਰ ਅਤੇ ਸੋਮਵਾਰ ਨੂੰ ਟੀਮ ਦੇ ਨਾਲ ਮਿਲ ਕੇ ਲੋੜਵੰਦਾਂ ਨੂੰ ਖਾਣ-ਪੀਣ ਦੀਆਂ ਚੀਜ਼ਾਂ ਅਤੇ ਜ਼ਰੂਰੀ ਚੀਜ਼ਾਂ ਪਹੁੰਚਾਈਆਂ। ਨਈਮ ਖਾਨ ਨੇ ਕਿਹਾ ਕਿ ਇਸ ਔਖੇ ਸਮੇਂ ਵਿੱਚ ਮੁਸਲਿਮ ਸੰਗਠਨ ਪੰਜਾਬ ਵੱਲੋਂ



ਰਾਹਤ ਸਮੱਗਰੀ ਪਹੁੰਚਣ 'ਤੇ ਪੀੜਤਾਂ ਦੇ ਚਿਹਰਿਆਂ 'ਤੇ ਰਾਹਤ ਦਿਖਾਈ ਦਿੱਤੀ।ਸੰਗਠਨ ਦੀ ਟੀਮ ਨੇ ਆਟਾ, ਦਾਲਾਂ, ਛੋਲੇ, ਚੌਲ, ਖੰਡ, ਨਮਕੀਨ, ਸੁੱਕਾ ਦੁੱਧ, ਬਿਸਕੁਟ, ਬਰੈੱਡ, ਸੇਬ, ਕੇਲੇ, ਕੋਲਡ ਡਰਿੰਕਸ, ਪਾਣੀ ਦੀਆਂ ਬੋਤਲਾਂ, ਜੂਸ, ਫੋਮ, ਸਾਬਣ, ਤੌਲੀਆ, ਬੈੱਡਸ਼ੀਟ, ਕੱਪੜੇ (ਹੇਠਲਾ, ਟੀ-ਸ਼ਰਟ), ਅਤੇ ਮੱਛਰਦਾਨੀ ਵੰਡੀ।ਰਾਹਤ ਵੰਡ ਟੀਮ ਵਿੱਚ ਮੁਸਲਿਮ ਸੰਗਠਨ ਦੇ ਚੇਅਰਮੈਨ ਸਈਅਦ ਅਲੀ, ਸਈਅਦ ਅਰਸ਼, ਸਰਫਰਾਜ਼ ਖਾਨ, ਸਿਕੰਦਰ ਸ਼ੇਖ, ਅਰਮਾਨ ਸ਼ੇਖ, ਕਾਮਿਲ ਖਾਨ, ਮੌਲਾਨਾ ਆਸ਼ਿਕ ਰਾਜਾ, ਰਹਿਮਤ ਅਲੀ ਪ੍ਰਧਾਨ ਢੱਡਾ, ਸਕੀਲ ਖਾਨ, ਮੌਲਾਨਾ ਸਲੀਮ, ਆਰਿਫ ਗੁੱਡੂ, ਅਰਮਾਨ, ਬਦਰੂਲ ਖਾਨ, ਆਲਮ, ਹੱਕ ਇਸਹਾਕ ਅਤੇ ਹੋਰ ਬਹੁਤ ਸਾਰੇ ਵਰਕਰ ਸ਼ਾਮਲ ਸਨ।ਐਡਵੋਕੇਟ ਖਾਨ ਨੇ ਈਦਗਾਹ ਸੁੰਨੀ ਜਾਮਾ ਮਸਜਿਦ ਤੋਂ ਰਾਹਤ ਸਮੱਗਰੀ ਨਾਲ ਭਰੇ ਵਾਹਨਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

# ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਚੰਦਰ ਮੋਹਨ ਨੇ ਸੰਭਾਲਿਆ ਅਹੁਦਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਨੂੰ ਆਪਣਾ ਪਹਿਲਾ ਵਾਈਸ ਚਾਂਸਲਰ ਮਿਲ ਗਿਆ ਹੈ। ਉੱਚ ਸਿੱਖਿਆ ਦੇ ਖੇਤਰ ਵਿੱਚ ਲੰਮਾ ਤਜਰਬਾ ਰੱਖਣ ਵਾਲੇ ਪ੍ਰੋ. (ਡਾ.) ਚੰਦਰ ਮੋਹਨ ਨੂੰ ਇਸ ਮਹੱਤਵਪੂਰਨ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਹੈ। ਇਹ ਯੂਨੀਵਰਸਿਟੀ ਲਈ ਇੱਕ ਨਵੀਂ ਸ਼ੁਰੂਆਤ ਹੈ ।ਪ੍ਰੋ. (ਡਾ.) ਚੰਦਰ ਮੋਹਨ ਨੇ ਅਹੁਦਾ ਸੰਭਾਲਣ ਤੋਂ ਬਾਅਦ ਕਿਹਾ ਕਿ ਉਨ੍ਹਾਂ ਦਾ ਮੁੱਖ ਟੀਚਾ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਅਤੇ ਬਿਹਤਰ ਸਹੂਲਤਾਂ ਮੁਹੱਈਆ ਕਰਾਉਣਾ ਹੋਵੇਗਾ। ਪ੍ਰੋ.(ਡਾ.) ਚੰਦਰ ਮੋਹਨ ਇਸ ਨਿਯੁਕਤੀ ਤੋਂ ਪਹਿਲਾਂ, ਉਹ ਰਿਆਤ ਬਾਹਰਾ ਗਰੁੱਪ ਦੇ ਹੁਸ਼ਿਆਰਪੁਰ ਕੈਂਪਸ ਦੇ ਕੈਂਪਸ ਡਾਇਰੈਕਟਰ ਸਨ। ਉਹ ਰਿਆਤ ਬਾਹਰਾ ਫਾਰਮੇਸੀ ਕਾਲਜ ਵਿੱਚ ਡਾਇਰੈਕਟਰ-ਪ੍ਰਿੰਸੀਪਲ ਵਜੋਂ ਵੀ ਆਪਣੀਆਂ ਸੇਵਾਵਾਂ ਦੇ ਚੁੱਕੇ ਹਨ।





ਐਸ ਐਸ ਪੀ ਹੁਸ਼ਿਆਰਪੁਰ ਸੰਦੀਪ ਕੁਮਾਰ ਮਲਿਕ ਨੇ ਰੀਡਰ ਸਬ-ਇੰਸਪੈਕਟਰ ਸੁਭਾਸ਼ ਚੰਦਰ ਨੂੰ ਸਟਾਰ ਲਗਾ ਕੇ ਇੰਸਪੈਕਟਰ ਦੇ ਅਹੁਦੇ 'ਤੇ ਤਰੱਕੀ ਦਿੱਤੀ।

**ਫੋਟੋ ਤੇ ਵੇਰਵਾ : ਬਲਬੀਰ ਸਿੰਘ ਸੈਣੀ, ਹੁਸ਼ਿਆਰਪੁਰ**

# ਅਗਨੀਵੀਰ ਭਰਤੀ ਰੈਲੀ 6 ਤੋਂ 14 ਅਕਤੂਬਰ ਤੱਕ ਜਲੰਧਰ ਵਿਖੇ

**ਜਲੰਧਰ (ਰਾਜੇਸ਼ ਥਾਪਾ)**- ਅਗਨੀਵੀਰ ਭਰਤੀ ਪ੍ਰਕਿਰਿਆ ਦੇ ਤਹਿਤ, ਭਾਰਤੀ ਫੌਜ ਦੀ ਭਰਤੀ ਖੇਤਰੀ ਭਰਤੀ ਹੈੱਡਕੁਆਰਟਰ ਜਲੰਧਰ, ਹੈੱਡਕੁਆਰਟਰ 11 ਕੋਰ ਅਤੇ ਜ਼ਿਲ੍ਹਾ ਪ੍ਰਸ਼ਾਸਨ, ਜਲੰਧਰ ਦੁਆਰਾ ਸਾਂਝੇ ਤੌਰ 'ਤੇ 06 ਅਕਤੂਬਰ ਤੋਂ 14 ਅਕਤੂਬਰ 2025 ਤੱਕ ਸਰਕਾਰੀ ਕਲਾ ਅਤੇ ਖੇਡ ਕਾਲਜ, ਜਲੰਧਰ ਵਿਖੇ ਆਯੋਜਿਤ ਕੀਤੀ ਜਾਵੇਗੀ। ਭਰਤੀ ਰੈਲੀ ਵਿੱਚ ਜਲੰਧਰ, ਕਪੂਰਥਲਾ, ਐਸ ਬੀ ਐਸ ਨਗਰ, ਹੁਸ਼ਿਆਰਪੁਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਦੇ ਨੌਜਵਾਨ ਹਿੱਸਾ ਲੈ ਸਕਣਗੇ। ਭਰਤੀ ਅਗਨੀਵੀਰ ਜਨਰਲ ਡਿਊਟੀ, ਕਲਰਕ, ਟੈਕਨੀਕਲ ਅਤੇ ਟਰੇਡਸਮੈਨ ਲਈ ਹੋਵੇਗੀ। ਇਸ ਤੋਂ ਇਲਾਵਾ, 13 ਅਕਤੂਬਰ ਨੂੰ ਜੰਮੂ ਅਤੇ ਕਸ਼ਮੀਰ ਅਤੇ ਪੰਜਾਬ ਤੋਂ ਮਹਿਲਾ ਉਮੀਦਵਾਰਾਂ ਨੂੰ ਵੀ ਮਹਿਲਾ ਅਗਨੀਵੀਰ ਮਿਲਟਰੀ ਪੁਲਸ ਲਈ ਸ਼ਾਮਲ ਕੀਤਾ ਜਾਵੇਗਾ। ਅੱਠ ਦਿਨਾ ਭਰਤੀ ਰੈਲੀ ਵਿੱਚ 6000 ਤੋਂ ਵੱਧ ਭਾਗੀਦਾਰ ਹਿੱਸਾ ਲੈਣਗੇ। ਇਸ ਵਿੱਚ 1.6 ਕਿਲੋਮੀਟਰ ਦੌੜ, ਸਰੀਰਕ ਮਾਪਦੰਡ ਅਤੇ ਕੁਸ਼ਲਤਾ ਟੈਸਟ ਅਤੇ ਡਾਕਟਰੀ ਜਾਂਚ ਸ਼ਾਮਲ ਹੋਵੇਗੀ।

# ਹੜ੍ਹ ਪ੍ਰਭਾਵਿਤ ਲੋਕਾਂ ਦੇ ਮੁੜ ਵਸੇਬੇ ਲਈ ਲਗਾਇਆ ਮੈਡੀਕਲ ਕੈਂਪ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਦਰਿਆ ਵਿਚ ਪਾਣੀ ਦੇ ਪੱਧਰ ਘਟਣ ਕਾਰਨ ਸੁਲਤਾਨਪੁਰ ਲੋਧੀ ਦੇ ਮੰਡ ਖੇਤਰਾਂ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੇ ਮੁੜ ਵਸੇਬੇ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਯਤਨ ਜਾਰੀ ਹਨ ਤੇ ਵਿਭਾਗਾਂ ਦੀਆਂ ਟੀਮਾਂ ਆਪਣੇ ਕੰਮਾਂ ਵਿਚ ਜੁਟੀਆਂ ਹੋਈਆਂ ਹਨ। ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਹੜ੍ਹ ਪ੍ਰਭਾਵਿਤ ਲੋਕਾਂ ਦੇ ਮੁੜਵਸੇਬੇ ਲਈ ਵੱਖ-ਵੱਖ ਵਿਭਾਗਾਂ ਵਲੋਂ ਵਿਆਪਕ ਯੋਜਨਾਬੰਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਲੋਕਾਂ ਦੀ ਸਿਹਤ ਸੁਰੱਖਿਆ ਦੇ ਲਈ ਟੀਮਾਂ ਦੀ ਤਾਇਨਾਤੀ ਕੀਤੀ ਜਾ ਚੁੱਕੀ ਹੈ ਤੇ ਮਾਹਿਰ ਡਾਕਟਰਾਂ ਦੀਆਂ ਟੀਮਾਂ ਵਲੋਂ ਲੋਕਾਂ ਦੇ ਘਰਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀ ਸਿਹਤ ਜਾਂਚ ਕਰਨ ਤੋਂ ਇਲਾਵਾ ਦਵਾਈਆਂ ਤੇ ਚਮੜੀ ਦੇ ਰੋਗਾਂ ਤੋਂ ਬਚਾਅ ਲਈ ਕਰੀਮ ਦੀ ਵੰਡ ਵੀ ਕੀਤੀ ਜਾ ਰਹੀ ਹੈ। ਐਸ ਡੀ ਐਮ ਅਲਕਾ ਕਾਲੀਆ ਨੇ ਵਧੇਰੇ ਜਾਣਕਾਰੀ ਦਿੰਦਿਆਂ



ਦੱਸਿਆ ਕਿ ਹੜ੍ਹ ਦਾ ਪਾਣੀ ਘਟਣ ਕਾਰਨ ਹੁਣ ਲੋਕ ਆਪਣੇ-ਆਪਣੇ ਘਰਾਂ ਨੂੰ ਮੁੜਣ ਲੱਗ ਗਏ ਹਨ। ਉਨ੍ਹਾਂ ਹੋਰ ਪ੍ਰਸ਼ਾਸ਼ਕੀ ਅਧਿਕਾਰੀਆਂ ਦੇ ਨਾਲ ਬਾਊਪੁਰ ਵਿਖੇ ਜਾ ਕੇ ਲੋਕਾਂ ਨਾਲ ਗੱਲਬਾਤ ਕੀਤੀ। ਇਸ ਮੌਕੇ ਸਿਹਤ ਵਿਭਾਗ ਵੱਲੋਂ ਸਿਹਤ ਸੇਵਾਵਾਂ ਸਬੰਧੀ ਕੈਂਪ ਵੀ ਲਗਾਇਆ ਗਿਆ।

# ਬੱਸੀ ਗੁਲਾਮ ਹੁਸੈਨ ਸਕੂਲ 'ਚ ਬੱਚਿਆਂ ਨੂੰ ਵਿਦਿਅਕ ਸਮੱਗਰੀ ਵੰਡੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਿਦਿਆਰਥੀ ਜੀਵਨ ਪੂਰੇ ਜੀਵਨ ਦਾ ਉਹ ਯਾਦਗਾਰੀ ਸਮਾਂ ਹੁੰਦਾ ਹੈ ਜਦੋਂ ਕਿਸੇ ਵਿਅਕਤੀ ਦੇ ਜੀਵਨ ਦੀ ਨੀਂਹ ਰੱਖੀ ਜਾਂਦੀ ਹੈ, ਇਸ ਲਈ ਇਸ ਸਮੇਂ ਵਿਦਿਆਰਥੀਆਂ ਦਾ ਇੱਕੋ ਇੱਕ ਧਰਮ ਪੂਰੇ ਦਿਲ ਨਾਲ ਸਿੱਖਿਆ ਪ੍ਰਾਪਤ ਕਰਨਾ ਹੈ।ਉਪਰੋਕਤ ਸ਼ਬਦ ਸਮਾਜ ਸੇਵਕ ਸੰਜੀਵ ਤਲਵਾੜ ਨੇ ਪਿੰਡ ਬੱਸੀ ਗੁਲਾਮ ਹੁਸੈਨ ਵਿੱਚ ਸੱਤਿਆ ਰਾਜ



ਵਿਦਿਆਰਥੀ ਸਹਾਇਤਾ ਕੇਂਦਰ ਵੱਲੋਂ ਵਿਦਿਆਰਥੀਆਂ ਨੂੰ ਵਿਦਿਅਕ ਸਮੱਗਰੀ ਪੇਸ਼ ਕਰਨ ਲਈ ਆਯੋਜਿਤ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਕਹੇ। ਤਲਵਾੜ ਨੇ ਕਿਹਾ ਕਿ ਸਕੂਲ ਵਿੱਚ ਰਹਿੰਦਿਆਂ ਸਾਨੂੰ ਪਰਮਾਤਮਾ ਦੇ ਆਸ਼ੀਰਵਾਦ ਪ੍ਰਾਪਤ ਹੁੰਦੇ ਹਨ ਜੋ ਅਧਿਆਪਕ ਵਜੋਂ ਸਾਡੀ ਮੰਜ਼ਿਲ ਪ੍ਰਾਪਤ ਕਰਨ ਵਿੱਚ ਸਾਡੀ ਮਦਦ ਕਰਦੇ ਹਨ, ਇਸ ਲਈ ਸਾਡੇ ਅਧਿਆਪਕਾਂ ਨੂੰ ਪਰਮਾਤਮਾ ਦੇ ਬਰਾਬਰ ਦਰਜਾ ਦਿੱਤਾ ਜਾਣਾ ਚਾਹੀਦਾ ਹੈ। ਸਮਾਗਮ ਵਿੱਚ ਸਹਾਇਤਾ ਕੇਂਦਰ ਇੰਚਾਰਜ ਸੰਜੀਵ ਥਾਪਰ ਨੇ ਦੱਸਿਆ ਕਿ ਸੰਸਥਾ ਦਾ ਇੱਕੋ ਇੱਕ ਉਦੇਸ਼ ਹੈ ਕਿ ਵਿਦਿਆਰਥੀ ਰੋਜ਼ਾਨਾ ਸਕੂਲ ਆਉਣ ਅਤੇ ਸਿੱਖਿਆ ਪ੍ਰਾਪਤ ਕਰਨ। ਉਨ੍ਹਾਂ ਕਿਹਾ ਕਿ ਸੰਸਥਾ ਵਿਦਿਆਰਥੀਆਂ ਨੂੰ ਸਕੂਲ ਆਉਣ ਵਿੱਚ ਆਉਣ ਵਾਲੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰੇਗੀ। ਉਨ੍ਹਾਂ ਦੱਸਿਆ ਕਿ ਸੰਸਥਾ ਹੁਣ ਤੱਕ 26 ਹੜ੍ਹ ਪ੍ਰਭਾਵਿਤ ਬੱਚਿਆਂ ਨੂੰ ਗੋਦ ਲੈ ਚੁੱਕੀ ਹੈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰ ਚੁੱਕੀ ਹੈ। ਇਸ ਮੌਕੇ ਸੰਸਥਾ ਵੱਲੋਂ 6 ਲੋੜਵੰਦ ਵਿਦਿਆਰਥੀਆਂ ਨੂੰ ਗੋਦ ਲਿਆ ਗਿਆ ਜਿਨ੍ਹਾਂ ਦੀ ਪੜ੍ਹਾਈ ਦਾ ਸਾਰਾ ਖਰਚਾ ਸਤਿਆਰਾਜ ਵਿਦਿਆਰਥੀ ਸਹਾਇਤਾ ਕੇਂਦਰ ਵੱਲੋਂ ਚੁੱਕਿਆ ਜਾਵੇਗਾ। ਪ੍ਰੋਗਰਾਮ ਵਿੱਚ ਸਕੂਲ ਸਟਾਫ਼, ਗ੍ਰਾਮ ਪੰਚਾਇਤ ਬੱਸੀ ਗੁਲਾਮ ਹੁਸੈਨ ਅਤੇ ਸੱਤਿਆਰਾਜ ਵਿਦਿਆਰਥੀ ਸਹਾਇਤਾ ਕੇਂਦਰ ਦੇ ਮੈਂਬਰ ਵੀ ਹਾਜ਼ਰ ਸਨ।

# ਮਹਾਨ ਫੁੱਟਬਾਲਰ ਅਰਜਨ ਸਿੰਘ ਤੇ ਚਰਨਜੀਤ ਬੈਂਸ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਭਾਰਤੀ ਫੁੱਟਬਾਲ ਦੇ ਮਹਾਨ ਸਿਤਾਰੇ ਸਰਦਾਰ ਅਰਜਨ ਸਿੰਘ ਜਿਨ੍ਹਾਂ ਲੰਬਾ ਸਮਾਂ ਦੇਸ਼ ਲਈ ਫੁੱਟਬਾਲ ਖੇਡਿਆ ਤੇ ਫਿਰ ਬੀ. ਐਸ. ਐਫ ਦੇ ਕੋਚ ਬਣਕੇ ਕਈ ਨਾਮਵਰ ਖਿਡਾਰੀ ਪੈਦਾ ਕੀਤੇ।ਸਾਰੀ ਜ਼ਿੰਦਗੀ ਬੇਦਾਗ ਤੇ ਨਿਰ ਸੁਆਰਥ ਗੁਜ਼ਾਰੀ। ਇਸੇ ਤਰਾਂ ਉੱਘੇ ਫੁੱਟਬਾਲਰ ਤੇ ਸਫ਼ਲ ਕਾਰੋਬਾਰੀ ਚਰਨਜੀਤ ਸਿੰਘ ਬੈਂਸ ਵੀ ਕੈਨੇਡਾ ਦੀ ਧਰਤੀ ਤੇ ਅਚਾਨਕ ਬੇਵਕਤ ਵਿਛੋੜਾ ਦੇ ਗਏ। ਜਿਸ ਨੂੰ ਫੁੱਟਬਾਲ ਖਿਡਾਰੀਆਂ ਤੇ ਪ੍ਰੇਮੀਆਂ ਨੂੰ ਗਹਿਰਾ ਸਦਮਾ ਲੱਗਾ। ਇੱਕੋ ਦਿਨੇ ਸਦੀਵੀ ਵਿਛੋੜਾ ਦੇ ਗਏ ਆਪਣੇ ਰੰਗਲੇ ਸੱਜਣਾਂ ਦੇ ਸਦੀਵੀ ਵਿਛੋੜੇ ਤੇ ਡੂੰਘੇ ਦੁੱਖ ਪ੍ਰਗਟ ਕਰਦਿਆਂ ਸ਼ਰਧਾਂਜਲੀ ਭੇਂਟ ਕੀਤੀ ਤੇ ਦੋਵਾਂ ਦੇ ਪਰਵਾਰਾਂ ਤੇ ਰਿਸ਼ਤੇਦਾਰਾਂ ਨਾਲ ਦਿਲੋਂ ਹਮਦਰਦੀ ਪ੍ਰਗਟ ਕਰਦਿਆਂ ਉਨਾਂ ਦੇ ਜੀਵਨ ਦੇ ਕੀਮਤੀ ਪਲਾਂ ਦੀਆਂ ਯਾਦਾਂ ਤੇ ਪ੍ਰਾਪਤੀਆਂ ਨੂੰ ਤਾਜ਼ਾ ਕੀਤਾ। ਇਸ ਮੌਕੇ ਅਰਜਨਾ ਐਵਾਰਡੀ ਫੁੱਟਵਾਲਰ ਸਰਦਾਰ ਗੁਰਦੇਵ ਸਿੰਘ ਗਿੱਲ, ਸਰਦਾਰ ਗੁਰ ਕ੍ਰਿਪਾਲ ਸਿੰਘ ਪਾਲੀ, ਸ: ਕੇਸੋ ਕ੍ਰਿਪਾਲ ਸਿੰਘ ਰਿਟਾ: ਕਮਾਡੈਂਟ, ਕੋਚ ਬੰਧਨਾਂ ਸਿੰਘ, ਡੀ ਐਸ ਪੀ ਸੁਰਿੰਦਰਪਾਲ ਲਿੱਧੜ, ਕੋਚ ਰਜਿੰਦਰ ਸ਼ਰਮਾ ,



ਫੁੱਟਬਾਲਰ ਦਲਜੀਤ ਸਿੰਘ ਬਿੱਟੂ, ਕਾਮਰੇਡ ਦਰਸ਼ਨ ਸਿੰਘ ਮੱਟੂ, ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ, ਫੁੱਟਬਾਲਰ ਮਦਨ ਲਾਲ, ਦਰਸ਼ਨ ਸਿੰਘ, ਵੇਦ ਪ੍ਰਕਾਸ਼, ਰਾਜ ਕੁਮਾਰ ਮੁਖੀ ਖੇਡ ਵਿਭਾਗ, ਪ੍ਰੋਫੈਸਰ ਤਜਿੰਦਰ ਸਿੰਘ, ਸੰਦੀਪ ਸੈਣੀ ਵਿੱਕੀ ਮਾਹਿਲਪੁਰ, ਗੀਤਕਾਰ ਗੁਰਮਿੰਦਰ ਕੈਂਡੋਵਾਲ, ਅਮਨਦੀਪ ਸਿੰਘ ਕੰਮੋਵਾਲ ਤੇ ਸਮੂਹ ਮਾਹਿਲਪੁਰ ਇਲਾਕਾ ਨਿਵਾਸੀਆਂ ਨੇ ਗਹਿਰੇ ਦੁੱਖ ਤੇ ਦਿਲੀ ਹਮਦਰਦੀ ਪ੍ਰਗਟ ਕੀਤੀ।

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਪਹਿਲਾ ਸ਼ੁਧੀ ਪੱਤਰ ਨਿਵਿਦਾ ਨੰਬਰ 113-2025-26-ADEN-II-ASR, ਤਾਰੀਕ : 21.08.2025

ਖੁਲ੍ਹੀ ਨਿਵਿਦਾ ਸੂਚਨਾ

| ਲੜੀ ਨੰਬਰ | ਕੰਮ ਦਾ ਨਾਮ ਅਤੇ ਸਥਾਨ |
|---|---|
| 1. | ਜਲੰਧਰ ਸਿਟੀ-ਅੰਮ੍ਰਿਤਸਰ ਸੈਕਸ਼ਨ 'ਤੇ ਪੁਲ ਨੰਬਰ 136 ਤੇ ਮੌਜੂਦਾ ਸਟੀਲ ਟ੍ਰਫ ਸਲੀਪਰ ਨੂੰ 180 ਐਚ-ਬੀਮ ਸਲੀਪਰ ਤੋਂ ਪ੍ਰਤੀਸਥਾਪਿਤ ਕੀਤਾ ਜਾਵੇਗਾ। |

ਉਪਰੋਕਤ ਨਿਵਿਦਾ, ਜੋ 12.09.2025 ਨੂੰ ਖੋਹਲੀ ਜਾਣੀ ਸੀ, ਹੁਣ 26.09.2025 ਨੂੰ 15:00 ਵਜੇ ਖੋਹਲੀ ਜਾਵੇਗੀ। ਹੋਰ ਸਾਰੇ ਨਿਯਮ ਤੇ ਸ਼ਰਤਾਂ ਅਬਦਲ ਰਹਿਣਗੇ।

ਪਹਿਲਾ ਸ਼ੁਧੀ ਪੱਤਰ ਨੰਬਰ 770-W/169/WA/FZR/2025-26 ਤਾਰੀਕ 12.09.2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2797/25



## NOTICE TO APPEAR/ATTEND PROCEEDINGS OF DLM&SFC-LDH

Through this Publication This is for Constructive Notice for respondent **M/s ROC Foods Limited** Having Registered Office At Add I: Village Banmajra, Ropar- Kurali Road, Ropar, Rupnagar, Punjab-140001 Add II: Plot No.-F5, Rajiv Gandhi IT Park, Chandigarh- 160101 to appear in person or through authorized representative before the District Level Micro & Small facilitation Council Ludhiana, **District Industries Centre, Ludhiana dated 27-10-2025** regarding claim reference petition submitted by claimant **M/S KARAN PACKERS** U/s 18(1) of MSMED Act 2006 bearing reference: **MSEFC/DIC/01/25/3359**. If respondent still fails or omits to appear as above then arbitration proceedings shall be conducted as per section 23 & 25 of Arbitration and Conciliation Act and award shall also be passed on the basis of evidence before it.

**Member Secretary cum General Manager, District Industries Centre, Industrial Estate, Ludhiana**
**Ph. No. 0161-2540695, E-mail:dicludhiana5@gmail.com, Ludhiana.msefc@gmail.com**


## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ-ਦਰਜਾ ਪਹਿਲਾ, ਫਾਸਟ ਟਰੈਕ ਕੋਰਟ, ਸ਼ਹੀਦ ਭਗਤ ਸਿੰਘ ਨਗਰ
ਮਿਸਲ ਨੰਬਰ :- 148 ਐੱਫ ਟੀ ਸੀ — ਪਿੰਡ ਰਕਬਾ :- ਮਾਹਲ ਖੈਰਾਬਾਦ — ਕੇਸ ਕਿਸਮ : ਤਕਸੀਮ
ਦਾਇਰ ਮਿਤੀ : 08.05.2025 — ਪੇਸ਼ੀ ਮਿਤੀ : 13-10-2025

(1) ਕੁਲਦੀਪ ਸਿੰਘ ਪੁੱਤਰ ਹਜ਼ਾਰਾ ਸਿੰਘ ਪੁੱਤਰ ਵਰਿਆਮ ਸਿੰਘ ਪਿੰਡ ਚੱਕਦਾਨਾ, ਤਹਿ. ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਧਿਰ ਅੱਵਲ)

ਬਨਾਮ

ਸੀਮਾ ਰਾਣੀ ਪਤਨੀ ਸੰਜੀਵ ਕੁਮਾਰ ਪੁੱਤਰ ਮਦਨ ਲਾਲ (2) ਸੁਨੀਤਾ ਦੇਵੀ ਪਤਨੀ ਅਮਰਜੀਤ ਸਿੰਘ ਪੁੱਤਰ ਮਦਨ ਲਾਲ ਪਿੰਡ ਬਖਲੌਰ, ਤਹਿ. ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (3) ਰਜਵਿੰਦਰ ਸਿੰਘ ਪੁੱਤਰ ਕੁਲਦੀਪ ਸਿੰਘ ਪੁੱਤਰ ਹਜਾਰਾ ਸਿੰਘ (4) ਸੰਜੀਵ ਕੁਮਾਰ ਪੁੱਤਰ ਮਦਨ ਲਾਲ ਪੁੱਤਰ ਜਗਦੇਵ ਸਿੰਘ (5) ਅਮਰਜੀਤ ਸਿੰਘ ਪੁੱਤਰ ਮਦਨ ਲਾਲ ਪੁੱਤਰ ਜਗਦੇਵ ਸਿੰਘ ਪਿੰਡ ਮਾਹਲ ਖੈਰਾਬਾਦ, ਤਹਿ. ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (6) ਪੰਜਾਬ ਐਂਡ ਸਿੰਧ ਬੈਂਕ ਬਰਾਂਚ ਚੱਕਦਾਨਾ, ਸ਼ਹੀਦ ਭਗਤ ਸਿੰਘ ਨਗਰ (7) ਸੰਤ ਕੌਰ ਪੁੱਤਰੀ ਵਰਿਆਮ ਸਿੰਘ ਪੁੱਤਰ ਪੂਰਨ ਸਿੰਘ (8) ਬਿਸ਼ਨ ਸਿੰਘ ਪੁੱਤਰ ਗੰਗਾ ਪੁੱਤਰ ਦਾਤਾ (ਧਿਰ ਉੱਤਰਵਾਦੀਆਨ)

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 13-10-2025 ਦੀ ਤਰੀਕ ਪੇਸ਼ੀ ਨਿਸ਼ਚਿਤ ਕਰਕੇ ਇਸ ਇਸ਼ਤਿਹਾਰ ਰਾਹੀਂ ਉੱਤਰਵਾਦੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਰੀਕ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਉਣ। ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਯਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 12-09-2025 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਜਾਂਦਾ ਹੈ।

ਜ਼ਿਲ੍ਹਾ ਮਾਲ ਅਫ਼ਸਰ-ਕਮ- ਏ.ਸੀ. ਫਸਟ ਗ੍ਰੇਡ, ਸ਼ਹੀਦ ਭਗਤ ਸਿੰਘ ਨਗਰ।

)ਨੰ. 1958 /ਰੀਡਰ/ਡੀ ਆਰ ਓ/ਮਿਤੀ 12/09/25)

## ਅਦਾਲਤੀ ਇਸ਼ਤਿਹਾਰ



ਜ਼ਿਲ੍ਹਾ ਮੈਰਿਜ਼ ਅਫਸਰ, ਮਾਨਸਾ
V/S
ਆਮ ਜਨਤਾ

ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।
ਬਿਨੈਕਾਰ ਦਾ ਨਾਂਅ : ਦਲਜੀਤ ਕੌਰ
ਪਿਤਾ/ਪਤੀ ਦਾ ਨਾਂਅ : ਕਰਮ ਸਿੰਘ
ਪਤਾ : VILLAGE : AKLIA, Village : Aklia / Tehsil-Sub Tehsil : Joga / District : Mansa, Punjab

ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੀ ਪੁੱਤਰੀ ਦੇ ਲਈ ਬਿਨੈ ਪੱਤਰ ਦਿੱਤਾ ਹੈ, ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ:-

ਨਾਂਅ : ਜਸਨੀਤ ਕੌਰ ਬਰਾੜ
ਪੱਕਾ ਪਤਾ : VILLAGE : AKLIA, DISTRICT : MANSA, Aklia, Sub Tehsil : Joga, Mansa, Punjab
ਵਿਦੇਸ਼ੀ ਪਤਾ :
ਉਮਰ/ਜਨਮ ਮਿਤੀ : 27- (05/03/1998)

ਬਿਨੈਕਾਰ ਨੇ ਕਿਹਾ ਹੈ ਕਿ ਉਸ ਦਾ ਭਾਰਤ ਵਿਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।

ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ, ਤਾਂ ਉਹ ਵਿਅਕਤੀ ਜਾਂ ਉਸ ਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ਼ (ਸ਼ਿਕਾਇਤ) ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ। ਇਹ ਇਸ਼ਤਿਹਾਰ ਮੇਰੇ ਦਸਤਖਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 03-09-2025 ਨੂੰ ਜਾਰੀ ਹੋਇਆ।

(ਨੰਬਰ / ਰੀਡਰ 2335 ਮਿਤੀ: 09-09-2025) — ਜ਼ਿਲ੍ਹਾ ਮੈਰਿਜ਼ ਅਫਸਰ, ਮਾਨਸਾ, ਪੰਜਾਬ, ਭਾਰਤ।

## ਅਦਾਲਤੀ ਇਸ਼ਤਿਹਾਰ

ਬੇਨਤੀ ਹੈ ਕਿ ਤਜਿੰਦਰ ਕੌਰ ਪੁੱਤਰੀ ਸੰਤੋਖ ਸਿੰਘ ਪੁੱਤਰ ਚੰਦਾ ਸਿੰਘ ਹਾਲ ਪਤਨੀ ਮਨਜੀਤ ਸਿੰਘ ਵਾਸੀ ਪਧਿਆਣਾ (ਜਲੰਧਰ) ਦੀ ਵਸਨੀਕ ਹਾਂ। ਵੱਲੋਂ ਇਸ ਦਫ਼ਤਰ ਵਿੱਚ ਇੱਕ ਦਰਖਾਸਤ ਪੇਸ਼ ਕਰਕੇ ਬੇਨਤੀ ਕੀਤੀ ਗਈ ਹੈ ਕਿ ਵਾਕਿਆ ਰਕਬਾ ਪਿੰਡ ਟੋਡਰਪੁਰ ਉਹ ਖੁਦ ਬਤੌਰ ਹਿੱਸੇਦਾਰ ਮਾਲਕ ਕਾਬਜ਼ ਹੈ। ਮਾਲ ਰਿਕਾਰਡ ਵਾਕਿਆ ਉਸ ਦਾ ਨਾਂਅ ਤਜਿੰਦਰ ਕੌਰ ਪੁੱਤਰੀ ਸੰਤੋਖ ਸਿੰਘ ਪੁੱਤਰ ਚੰਦਾ ਸਿੰਘ ਲਿਖਿਆ ਗਿਆ ਹੈ, ਜਦਕਿ ਉਸ ਦੇ ਆਧਾਰ ਕਾਰਡ, ਪੈਨ ਕਾਰਡ ਅਤੇ ਵੋਟਰ ਕਾਰਡ 'ਤੇ ਪਿੰਡ ਤੇ ਮੋਹਤਬਰ ਵਿਅਕਤੀਆਂ ਦੇ ਬਿਆਨ ਅਨੁਸਾਰ ਉਸ ਦਾ ਸਹੀ ਨਾਂਅ ਜਤਿੰਦਰ ਕੌਰ ਪੁੱਤਰੀ ਸੰਤੋਖ ਸਿੰਘ ਪੁੱਤਰ ਚੰਦਾ ਸਿੰਘ ਹੈ।

ਦਰਖਾਸਤ ਕਰਤਾ ਦੀ ਦਰਖਾਸਤ ਨੂੰ ਵਾਚਿਆ ਗਿਆ ਹੈ। ਪੰਜਾਬ ਸਰਕਾਰ, ਮਾਲ ਪੁਨਰਵਾਸ ਅਤੇ ਡਿਜ਼ਾਸਟਰ ਮੈਨੇਜਮੈਂਟ ਵਿਭਾਗ (ਭੂ-ਮਾਲੀਆ ਸ਼ਾਖਾ) ਚੰਡੀਗੜ੍ਹ ਵੱਲੋਂ ਮੀਮੋ ਨੰ: 25/78/2012-ਭ-ਮ-2/12445-71 ਚੰਡੀਗੜ੍ਹ ਮਿਤੀ 26.07.2013 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਕਿਸੇ ਵੀ ਵਿਅਕਤੀ ਵੱਲੋਂ ਮਾਲ ਰਿਕਾਰਡ ਵਿੱਚ ਦਰਜ ਆਪਣੇ ਜਾਂ ਆਪਣੇ ਪਿਤਾ ਦੇ ਨਾਂਅ ਦੀ ਤਬਦੀਲੀ ਉਸ ਸੂਰਤ ਵਿੱਚ ਕਰਵਾਈ ਜਾ ਸਕਦੀ ਹੈ ਅਗਰ ਉਸ ਨੇ ਉਸ ਦੇ ਪਿਤਾ ਨੇ ਉਸ ਦੀ ਪੰਜਾਬ ਵਿੱਚ ਸਥਿਤ ਜ਼ਮੀਨ ਬਾਰੇ ਏਰੀਏ ਵਿੱਚ ਸਰਕੂਲੇਟ ਹੋ ਰਹੇ ਦੋ ਅਖਬਾਰਾਂ ਜਿਨ੍ਹਾਂ ਵਿੱਚੋਂ ਇੱਕ ਅਖਬਾਰ ਘੱਟੋ-ਘੱਟ ਪੰਜਾਬੀ ਭਾਸ਼ਾ ਵਿੱਚ ਹੋਵੇ, ਆਪਣੇ ਨਾਂਅ ਦੀ ਤਬਦੀਲੀ ਸੰਬੰਧੀ ਨੋਟਿਸ ਦਿੱਤਾ ਹੋਵੇ।

ਇਸ ਲਈ ਉਪਰੋਕਤ ਹਦਾਇਤਾਂ ਦੇ ਮੱਦੇਨਜ਼ਰ ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਲ ਰਿਕਾਰਡ ਵਾਕਿਆ ਪਿੰਡ ਟੋਡਰਪੁਰ ਵਿੱਚ ਪ੍ਰਾਰਥੀ ਦੇ ਨਾਂਅ ਦੀ ਦਰੁਸਤੀ ਤਜਿੰਦਰ ਕੌਰ ਪੁੱਤਰੀ ਸੰਤੋਖ ਸਿੰਘ ਪੁੱਤਰ ਚੰਦਾ ਸਿੰਘ ਉਰਫ਼ ਜਤਿੰਦਰ ਕੌਰ ਪੁੱਤਰੀ ਸੰਤੋਖ ਸਿੰਘ ਪੁੱਤਰ ਚੰਦਾ ਸਿੰਘ ਦਰਜ ਹੋਣ ਸੰਬੰਧੀ ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਇਸ ਨੋਟਿਸ ਦੇ ਛਪਣ ਤੋਂ 10 ਦਿਨਾਂ ਦੇ ਅੰਦਰ-ਅੰਦਰ ਇਸ ਦਫ਼ਤਰ ਵਿੱਚ ਆਪਣਾ ਪੱਖ/ਇਤਰਾਜ਼ ਪੇਸ਼ ਕਰ ਸਕਦਾ ਹੈ। ਮਿੱਥੇ ਸਮੇਂ ਤੋਂ ਬਾਅਦ ਪ੍ਰਾਪਤ ਹੋਏ ਕਿਸੇ ਇਤਰਾਜ਼ 'ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਪ੍ਰਾਰਥੀ ਦਾ ਨਾਂਅ ਮਾਲ ਰਿਕਾਰਡ ਵਿੱਚ ਦਰੁਸਤ ਕਰ ਦਿੱਤਾ ਜਾਵੇਗਾ।

ਸਹੀ/- ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਦੋਮ, ਮਾਹਿਲਪੁਰ।

ਨੰਬਰ 306/ਰੀਡਰ ਮਿਤੀ/9/9/25

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਮਨਿੰਦਰ ਸਿੰਘ, ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਨਵਾਂਸ਼ਹਿਰ
ਮਿਸਲ ਨੰਬਰ : 34/ਟੀ — ਦਾਇਰ ਮਿਤੀ : 18.12.2024
ਕਿਸਮ ਕੇਸ : ਤਕਸੀਮ — ਅਗਲੀ ਤਰੀਕ ਪੇਸ਼ੀ : 15.10.2025
ਪਿੰਡ : ਮਜਾਰਾ ਕਲਾਂ
ਅਨੁਵਾਨ ਮੁਕੱਦਮਾ:

1. ਹਰਦਿਆਲ ਸਿੰਘ ਪੁੱਤਰ ਧਰਮ ਸਿੰਘ ਵਾਸੀ ਜਾਡਲਾ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ਫਰੀਕ ਅੱਵਲ

ਬਨਾਮ

(1) ਦਰਬਾਰਾ ਸਿੰਘ ਪੁੱਤਰ ਤਰਸੇਮ ਸਿੰਘ ਪੁੱਤਰ ਦਲੀਪ ਸਿੰਘ, ਵਾਸੀ ਪਿੰਡ ਮਜਾਰਾ ਕਲਾਂ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। (2) ਅਮਰੀਕ ਸਿੰਘ ਪੁੱਤਰ ਤਰਸੇਮ ਸਿੰਘ ਪੁੱਤਰ ਦਲੀਪ ਸਿੰਘ, ਵਾਸੀ ਪਿੰਡ ਮਜਾਰਾ ਕਲਾਂ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।(3) ਕੇਵਲ ਸਿੰਘ ਪੁੱਤਰ ਤਰਲੋਚਨ ਸਿੰਘ ਪੁੱਤਰ ਪੂਰਨ ਸਿੰਘ, ਵਾਸੀ ਪਿੰਡ ਮਜਾਰਾ ਕਲਾਂ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। (4) ਹਰਮੇਲ ਸਿੰਘ ਪੁੱਤਰ ਤਰਲੋਚਨ ਸਿੰਘ ਪੁੱਤਰ ਪੂਰਨ ਸਿੰਘ, ਵਾਸੀ ਪਿੰਡ ਮਜਾਰਾ ਕਲਾਂ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।(5) ਨਰਿੰਦਰ ਸਿੰਘ ਪੁੱਤਰ ਮਹਿੰਗਾ ਸਿੰਘ ਪੁੱਤਰ ਪੂਰਨ ਸਿੰਘ, ਵਾਸੀ ਪਿੰਡ ਮਜਾਰਾ ਕਲਾਂ, ਤਹਿਸੀਲ ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ਫਰੀਕ ਦੋਇਮ ......

(ਦਰਖਾਸਤ ਬਰਾਏ ਕਰਨੇ ਵੰਡ ਅਰਾਜੀ)

ਰਕਬਾ 14 ਕ-04 ਮ, ਖੇਵਟ ਨੰ: 13 ਖਤੌਨੀ ਨੰ: 20

ਬਰੂਏ ਫਰਦ ਜਮਾਂਬੰਦੀ ਸਾਲ 2022-2023, ਵਾਕਿਆ ਰਕਬਾ ਪਿੰਡ ਮਜਾਰਾ ਕਲਾਂ, ਤਹਿ: ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

ਉਪਰੋਕਤ ਅਨੁਵਾਨ ਮੁਕੱਦਮਾ ਅਧੀਨ ਤਕਸੀਮ ਕੇਸ ਵਿੱਚ ਫਰੀਕ ਦੋਇਮ ਪਿੰਡ ਵਿੱਚ ਰਿਹਾਇਸ਼ ਨਹੀਂ ਰੱਖਦੇ। ਇਸ ਕਰਕੇ ਫਰੀਕ ਦੋਇਮਾਂ ਦੀ ਅਸਾਲਤਨ ਇਤਲਾਹ ਨਹੀਂ ਹੋ ਸਕੀ। ਜਿਸ ਤੋਂ ਪਾਇਆ ਗਿਆ ਕਿ ਫਰੀਕ ਦੋਇਮਾਂ ਦੀ ਮਾਮੂਲੀ ਤਰੀਕ ਨਾਲ ਇਤਲਾਹ ਹੋਣੀ ਮੁਸ਼ਕਲ ਹੈ। ਇਸ ਲਈ ਮਿਤੀ 15.10.2025 ਦੀ ਤਰੀਕ ਪੇਸ਼ੀ ਨਿਸ਼ਚਿਤ ਕਰ ਕੇ ਇਸ ਇਸ਼ਤਿਹਾਰ ਰਾਹੀਂ ਫਰੀਕ ਦੋਇਮਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਰੀਕ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਵੇ। ਉਕਤ ਮੁਕਰਰ ਮਿਤੀ ਨੂੰ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਇਕਤਰਫਾ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

ਅੱਜ ਮਿਤੀ 12.09.2025 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਨਾਲ ਇਹ ਨੋਟਿਸ ਜਾਰੀ ਹੋਇਆ।

ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ, ਨਵਾਂਸ਼ਹਿਰ।

(ਨੰ. 586/ਰੀਡਰ-1, ਮਿਤੀ-12.09.25)


## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-PnU25-21 | 19-09-25 ਨੂੰ 12:30 ਵਜੇ | ਲੁਧਿਆਣਾ ਰੇਲਵੇ ਸਟੇਸ਼ਨ ਉਤੇ ਪੇ ਐਂਡ ਯੂਜ਼ ਪਖਾਨਿਆਂ ਦੇ ਸੰਚਾਲਨ ਅਤੇ ਰਖਰਖਾਅ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-MIS25-19 | 20-09-25 ਨੂੰ 11:00 ਵਜੇ | 1) ਰੇਲਵੇ ਸਟੇਸ਼ਨ ਫਿਰੋਜ਼ਪੁਰ ਕੈਂਟ ਅਤੇ ਪਲਾਸਟਿਕ ਬੋਤਲ ਕ੍ਰਸ਼ਿੰਗ ਮਸ਼ੀਨ ਦੀ ਸਥਾਪਨਾ, ਸੰਚਾਲਨ ਅਤੇ ਰਖਰਖਾਅ ਅਤੇ ਉਸ ਤੇ ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਦੇ ਠੇਕੇ ਦਾ ਅਲਾਟਮੈਂਟ। 2) ਫਰੀਦਕੋਟ, ਫਿਲੌਰ, ਫਿਰੋਜ਼ਪੁਰ ਕੈਂਟ, ਅੰਮ੍ਰਿਤਸਰ ਅਤੇ ਫਗਵਾੜਾ ਰੇਲਵੇ ਸਟੇਸ਼ਨਾਂ ਤੇ ਵਾਟਰ ਵੇਂਡਿੰਗ ਮਸ਼ੀਨਾਂ ਦੇ ਪ੍ਰਾਵਧਾਨ ਅਤੇ ਸੰਚਾਲਨ ਦੇ ਲਈ ਠੇਕੇ ਦਾ ਅਲਾਟਮੈਂਟ। |
| EAFZR-OH25-18 | 22-09-25 ਨੂੰ 10:00 ਵਜੇ | ਵਾਣਿਜਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ: 1) ਸਾਹਨੇਵਾਲ, ਅੰਮ੍ਰਿਤਸਰ ਅਤੇ ਜਲੰਧਰ ਸਿਟੀ ਰੇਲਵੇ ਸਟੇਸ਼ਨ ਤੇ ਪਾਣੀ ਦੀਆਂ ਟੰਕੀਆਂ ਦੇ ਓਵਰਹੇਡ ਦੇ ਉਪਰ। 2) ਵੇਰਕਾ, ਜੈਂਤੀਪੁਰਾ, ਬਟਾਲਾ, ਭਗਤਾਂਵਾਲਾ ਅਤੇ ਪੱਟੀ ਰੇਲਵੇ ਸਟੇਸ਼ਨ ਨਾਲ ਲਗੇ ਲੇਵਲ ਕ੍ਰਾਸਿੰਗ ਤੇ ਸਟੇਟਿਕ ਮੀਡੀਆ ਦੇ ਮਾਧਿਅਮ ਨਾਲ। 3) ਗੋਰਾਯਾ ਅਤੇ ਲੋਹਿਯਾ ਖਾਸ ਰੇਲਵੇ ਸਟੇਸ਼ਨ ਤੇ ਸਟੇਟਿਕ ਮੀਡੀਆ ਦੇ ਮਾਧਿਅਮ ਨਾਲ। 4) ਮਖੂ ਅਤੇ ਨਕੋਦਰ ਰੇਲਵੇ ਸਟੇਸ਼ਨ ਤੇ ਸਟੇਟਿਕ ਮੀਡੀਆ/ ਪਾਣੀ ਦੀ ਟੰਕੀ ਦੇ ਓਵਰਹੇਡ ਦੇ ਉਪਰ। |
| EAFZR-OSD25-6 | 23-09-25 ਨੂੰ 11:00 ਵਜੇ | 69 ਐਨਐਸਜੀ-5 ਅਤੇ ਐਨਐਸਜੀ-6 ਸ਼੍ਰੇਣੀ ਦੇ ਰੇਲਵੇ ਸਟੇਸ਼ਨਾਂ ਤੇ 71 ਯੂਟੀਐਸ/ ਪੀਆਰਐਸ/ ਯੂਟੀਐਸ-ਸਹਿ-ਪੀਆਰਐਸ ਕਾਊਂਟਰਾਂ ਤੇ ਦੋਹਰੀ ਡਿਸਪਲੇ ਸੂਚਨਾ ਪ੍ਰਣਾਲੀ (ਡੀਡੀਆਈਐਸ ਸਕ੍ਰੀਨ) ਦੇ ਮਾਧਿਅਮ ਨਾਲ ਵਾਣਿਜਕ ਪ੍ਰਚਾਰ ਅਧਿਕਾਰ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-CTG25-27 | 23-09-25 ਨੂੰ 11:00 ਵਜੇ | ਸਾਹਨੇਵਾਲ, ਨਵਾਂ ਸ਼ਹਿਰ ਦੋਆਬਾ, ਨਕੋਦਰ, ਵੇਰਕਾ, ਜਗਰਾਉਂ, ਫਿਰੋਜ਼ਪੁਰ ਸਿਟੀ, ਫਾਜਿਲਕਾ, ਅਤੇ ਸੁਲਤਾਨਪੁਰ ਲੋਧੀ ਰੇਲਵੇ ਸਟੇਸ਼ਨਾਂ ਤੇ ਕੈਟਰਿੰਗ ਸਟਾਲ ਦਾ ਠੇਕੇ ਉਤੇ ਅਲਾਟਮੈਂਟ। |
| EAFZR-CTG25-26 | 24-09-25 ਨੂੰ 11:00 ਵਜੇ | ਖੇਮਕਰਨ, ਮੁਕਤਸਰ, ਤਰਨਤਾਰਨ, ਕਰਤਾਰਪੁਰ, ਆਰਸੀਐਫ-ਕਪੂਰਥਲਾ ਹਾਲਟ ਅਤੇ ਕੋਟਕਪੁਰਾ ਰੇਲਵੇ ਸਟੇਸ਼ਨਾਂ ਤੇ ਕੈਟਰਿੰਗ ਸਟਾਲ ਦਾ ਠੇਕੇ ਤੇ ਅਲਾਟਮੈਂਟ। |
| EAFZR-PRKG25-18 | 25-09-25 ਨੂੰ 12:30 ਵਜੇ | ਅੰਮ੍ਰਿਤਸਰ ਅਤੇ ਕਪੂਰਥਲਾ ਰੇਲਵੇ ਸਟੇਸ਼ਨਾਂ ਉਤੇ ਪਾਰਕਿੰਗ ਸਥਲ ਦਾ ਠੇਕੇ ਦਾ ਅਲਾਟਮੈਂਟ। |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ, ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।
ਨੰਬਰ:MC/38015/Pub/E-Auction/FZR/22 ਮਿਤੀ : 12 / 09 / 2025

2798/2025 — ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਭਾਜਪਾ ਔਖੀ ਘੜੀ 'ਚ ਵੀ ਲਾਸ਼ਾਂ 'ਤੇ ਸਿਆਸਤ ਕਰ ਰਹੀ : ਵਿੱਤ ਮੰਤਰੀ



ਨੰਗਲ (ਸੁਰਜੀਤ ਸਿੰਘ)-ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਔਖੀ ਘੜੀ ਮੌਕੇ ਵੀ ਭਾਜਪਾ ਲਾਸ਼ਾਂ 'ਤੇ ਸਿਆਸਤ ਕਰ ਰਹੀ ਹੈ, ਜਦਕਿ ਕੇਂਦਰ ਸਰਕਾਰ ਕੋਲ 12 ਹਜ਼ਾਰ ਕਰੋੜ ਦੇ ਆਂਕੜੇ ਹਨ ਤਾਂ ਉਹ ਜਨਤਕ ਕਰਨ ਕਿਉਂਕਿ ਅਸੀ ਪੰਜਾਬ ਸਰਕਾਰ ਦੇ ਆਂਕੜੇ ਜਾਰੀ ਕਰ ਚੁੱਕੇ ਹਾਂ। ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਵਿਸ਼ੇਸ਼ ਦੌਰੇ ਦੌਰਾਨ ਉਹ ਹਲਕਾ ਵਿਧਾਇਕ ਹਰਜੋਤ ਸਿੰਘ ਬੈਂਸ ਦੇ ਨਾਲ ਪ੍ਰਭਾਵਿਤ ਖੇਤਰਾਂ ਵਿਚ ਪਹੁੰਚ ਕੇ ਹੋਏ ਨੁਕਸਾਨ ਦਾ ਜਾਇਜ਼ਾ ਲੈ ਰਹੇ ਸਨ। ਉਨ੍ਹਾਂ ਨੇ ਪ੍ਰਭਾਵਿਤ ਪਰਵਾਰਾਂ ਨੂੰ ਮਿਲ ਕੇ ਕਿਹਾ ਕਿ ਹਰ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ, ਲੋਕਾਂ ਦੇ ਮਕਾਨਾਂ, ਪਸ਼ੂ ਧਨ, ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇਗਾ। ਸੜਕਾਂ, ਪੁਲਾਂ ਦੀ ਉਸਾਰੀ ਮੁੜ ਕਰਵਾਈ ਜਾਵੇਗੀ, ਜਿਹੜੇ ਪਿੰਡਾਂ ਵਿੱਚ ਹੜ੍ਹਾਂ ਕਾਰਨ ਵੱਧ ਨੁਕਸਾਨ ਹੋਇਆ ਹੈ, ਉਨ੍ਹਾਂ ਪਿੰਡਾਂ ਦਾ ਦੌਰਾ ਕਰ ਰਹੇ ਹਾਂ, ਵਿਸ਼ੇਸ਼ ਗਿਰਦਾਵਰੀ ਕਰਵਾਈ ਜਾ ਰਹੀ ਹੈ, ਹਰ ਨੁਕਸਾਨ ਦੀ ਪੰਜਾਬ ਦੇ ਮੁੱਖ ਮੰਤਰੀ ਸੰਜੀਦਾ ਹਨ ਤੇ ਲੋਕਾਂ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ। ਵਿੱਤ ਮੰਤਰੀ ਨੇ ਕਿਹਾ ਕਿ ਦਰਿਆਵਾਂ ਨੂੰ ਚੈਨੇਲਾਈਜ਼ ਕਰਨ ਦੀ ਜ਼ਰੂਰਤ ਹੈ ਅਤੇ ਇਸ ਨਾਲ ਹੀ ਇਹ ਇਲਾਕਾ ਹੜ੍ਹਾਂ ਦੀ ਮਾਰ ਤੋਂ ਸੁਰੱਖਿਅਤ ਰਹੇਗਾ।

# ਖੂਨਦਾਨ ਮਾਨਵਤਾ ਦੀ ਸੇਵਾ ਦਾ ਵੱਡਾ ਉਪਰਾਲਾ : ਕਮਿਸ਼ਨਰ



ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਖੂਨਦਾਨ ਪ੍ਰਤੀ ਜਾਗਰੂਕਤਾ ਤਹਿਤ ਹਿਊਮਨ ਵੈਲਫੇਅਰ ਬਲੱਡ ਡੋਨਰਜ਼ ਕਲੱਬ (ਰਜਿ.) ਫਗਵਾੜਾ ਵਲੋਂ ਕੱਢੀ ਗਈ ਰੈਲੀ ਨੂੰ ਨਗਰ ਨਿਗਮ ਕਮਿਸ਼ਨਰ ਡਾ. ਅਕਸ਼ਿਤਾ ਗੁਪਤਾ ਅਤੇ ਤਹਿਸੀਲਦਾਰ ਜਸਵਿੰਦਰ ਸਿੰਘ ਵਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਹੈਲਥਕੇਅਰ ਕੰਪਨੀ ਲੀਵਿੰਗ ਵਲੋਂ ਪ੍ਰਯੋਜਿਤ ਅਤੇ ਪ੍ਰਧਾਨ ਰਾਹੁਲ ਸ਼ਾਸਤਰੀ ਦੀ ਅਗਵਾਈ ਵਿੱਚ ਰਾਸ਼ਟਰੀ ਸਵੈ ਇੱਛਤ ਖੂਨਦਾਨ ਦਿਵਸ ਨੂੰ ਸਮਰਪਿਤ ਇਸ ਰੈਲੀ ਵਿੱਚ ਸਕੂਲਾਂ ਅਤੇ ਕਾਲਜਾਂ ਨਾਲ ਸਬੰਧਿਤ 926 ਵਿਦਿਆਰਥੀਆਂ ਨੇ ਗਰਮਜੋਸ਼ੀ ਨਾਲ ਹਿੱਸਾ ਲਿਆ। ਹਰੀ ਝੰਡੀ ਪ੍ਰਦਾਨ ਕਰਦਿਆਂ ਆਪਣੇ ਸੰਬੋਧਨ ਵਿੱਚ ਡਾ. ਅਕਸ਼ਿਤਾ ਗੁਪਤਾ ਨੇ ਖੂਨਦਾਨ ਸੇਵਾਵਾਂ ਲਈ ਕਲੱਬ ਦੀ ਹੌਸਲਾ ਅਫਜ਼ਾਈ ਕੀਤੀ। ਤਹਿਸੀਲਦਾਰ ਜਸਵਿੰਦਰ ਸਿੰਘ ਵਲੋਂ ਵੀ ਖੂਨਦਾਨ ਨੂੰ ਅਸਲੀ ਸਮਾਜਿਕ ਸੇਵਾ ਦੱਸਦੇ ਹੋਏ ਇਸ ਸੇਵਾ ਨੂੰ ਉੱਤਮ ਦੱਸਿਆ। ਇਹ ਰੈਲੀ ਪ੍ਰਤੀ ਦਾਨਾ ਮੰਡੀ ਤੋਂ ਸ਼ੁਰੂ ਹੋ ਕੇ ਗਾਂਧੀ ਚੌਕ, ਹਰੀਆਵਾ ਰੋਡ, ਨਾਈਆਂ ਚੌਕ, ਬੰਗਾ ਰੋਡ, ਰੇਲਵੇ ਰੋਡ ਤੋਂ ਹੁੰਦੇ ਹੋਏ ਪ੍ਰਤੀ ਦਾਨਾ ਮੰਡੀ ਵਿਖੇ ਸੰਪੰਨ ਹੋਈ। ਖੂਨਦਾਨ ਨਾਲ ਸਬੰਧਿਤ ਸਲੋਗਨ ਭਰਪੂਰ ਤਖਤੀਆਂ ਅਤੇ ਉੱਚੀ ਆਵਾਜ਼ ਵਿੱਚ ਵਿਦਿਆਰਥੀਆਂ ਨੇ ਖੂਨਦਾਨ ਦਾ ਸੁਨੇਹਾ ਦਿੱਤਾ। ਸੰਸਥਾ ਵਲੋਂ ਅੱਜ ਤੱਕ 35 ਵਾਰ ਤੋਂ ਵੱਧ ਖੂਨਦਾਨ ਕਰਨ ਵਾਲੇ ਖੂਨਦਾਨੀਆਂ ਨੇ ਆਪਣਾ ਨਾਮ ਪੇਸ਼ ਕੀਤਾ। ਸੰਸਥਾ ਵਲੋਂ ਐਤਵਾਰ 14 ਸਤੰਬਰ ਨੂੰ ਮਹਾਰਾਜਾ ਪੈਲਸ ਬੰਗਾ ਰੋਡ ਫਗਵਾੜਾ ਵਿਖੇ 31 ਵਾਂ ਸਲਾਨਾ ਖੂਨਦਾਨੀਆਂ ਦਾ ਸਨਮਾਨ ਸਮਾਰੋਹ ਆਯੋਜਿਤ ਕੀਤਾ ਜਾ ਰਿਹਾ ਹੈ ਜਿਸ ਦਾ ਵਿਸ਼ਾਲ ਖੂਨਦਾਨ ਕੈਂਪ ਵੀ ਇੱਕ ਹਿੱਸਾ ਹੈ। ਰੈਲੀ ਦੇ ਨਾਲ ਚੱਲਦਿਆਂ ਪ੍ਰਸਿੱਧ ਪੰਜਾਬੀ ਗਾਇਕ ਜਸਵੀਰ ਮਾਹੀ, ਮੀਤ ਪ੍ਰਧਾਨ ਹਰਜਿੰਦਰ ਗੋਗਨਾ ਅਤੇ ਉਪ ਚੇਅਰਮੈਨ ਗੋਪਾਲ ਲੂੰਬਾ ਵਲੋਂ ਰਾਹਗੀਰਾਂ ਅਤੇ ਦੁਕਾਨਦਾਰਾਂ ਨੂੰ ਖੂਨਦਾਨ ਕਰਨ ਲਈ ਬੇਨਤੀ ਕੀਤੀ।

# ਕੌਮੀ ਲੋਕ ਅਦਾਲਤ ਲਗਾਈ



ਜਲੰਧਰ (ਨ ਜ ਸ)-ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀਆਂ ਹਦਾਇਤਾਂ ਅਨੁਸਾਰ ਅਤੇ ਸ੍ਰੀ ਨਿਰਭਉ ਸਿੰਘ ਗਿੱਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਦੀ ਯੋਗ ਅਗਵਾਈ ਹੇਠ, ਮਿਤੀ 13.09.2025 ਨੂੰ ਜਲੰਧਰ, ਫਿਲੌਰ ਅਤੇ ਨਕੋਦਰ ਦੇ ਜੁਡੀਸ਼ੀਅਲ ਕੋਰਟ ਕੰਪਲੈਕਸਾਂ ਵਿੱਚ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਲੋਕ ਅਦਾਲਤ ਵਿੱਚ ਸਾਰੇ ਤਰ੍ਹਾਂ ਦੇ ਅਦਾਲਤਾਂ ਵਿਚ ਲੰਬਿਤ ਸਿਵਲ ਕੇਸ, ਵਿਆਹ ਸਬੰਧੀ ਕੇਸ, ਐਮ.ਏ.ਸੀ.ਟੀ. ਕੇਸ, ਰਾਜ਼ੀਨਾਮਾ ਯੋਗ ਫੌਜਦਾਰੀ ਕੇਸ, ਟ੍ਰੈਫਿਕ ਚਲਾਨ, ਅਤੇ ਬੈਂਕਾਂ, ਵਿੱਤੀ ਸੰਸਥਾਵਾਂ, ਬੀ.ਐਸ.ਐਨ.ਐਲ., ਪੀ.ਐਸ.ਪੀ.ਸੀ.ਐਲ. ਅਤੇ ਮਾਲ ਵਿਭਾਗ ਨਾਲ ਸਬੰਧਤ ਮੁਕੱਦਮੇ ਤੋਂ ਪਹਿਲਾਂ ਵਾਲੇ ਕੇਸ ਆਦਿ ਸੁਣਵਾਈ ਲਈ ਲਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਨਿਰਭਉ ਸਿੰਘ ਗਿੱਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਨੇ ਦੱਸਿਆ ਕਿ ਜਲੰਧਰ, ਫਿਲੌਰ ਅਤੇ ਨਕੋਦਰ ਵਿੱਚ ਕੁੱਲ 27 ਬੈਂਚਾਂ ਦਾ ਗਠਨ ਕੀਤਾ ਗਿਆ ਸੀ। ਉਨ੍ਹਾਂ ਅੱਗੇ ਦੱਸਿਆ ਕਿ ਲੋਕ ਅਦਾਲਤ ਵਿੱਚ ਕੁੱਲ 53083 ਕੇਸ ਸੁਣਵਾਈ ਲਈ ਲਏ ਗਏ ਅਤੇ ਇਨ੍ਹਾਂ ਵਿੱਚੋਂ 52238 ਕੇਸਾਂ ਦਾ ਰਾਜ਼ੀਨਾਮੇ ਰਾਹੀਂ ਨਿਪਟਾਰਾ ਕੀਤਾ ਗਿਆ। ਲੋਕ ਅਦਾਲਤ ਵਿੱਚ 1301874274/- (130ਕਰੋੜ 18 ਲੱਖ 74 ਹਜ਼ਾਰ 274/) ਰੁਪਏ ਦੇ ਅਵਾਰਡ ਪਾਸ ਕੀਤੇ ਗਏ। ਨਿਰਭਉ ਸਿੰਘ ਗਿੱਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ ਸ਼੍ਰੀ ਐਸ.ਏ. ਜਲੰਧਰ ਅਤੇ ਸ੍ਰੀ ਰਾਹੁਲ ਕੁਮਾਰ, ਮਾਨਯੋਗ ਸੀ.ਜੇ.ਐਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਨੇ ਜਲੰਧਰ ਵਿੱਚ ਗਠਿਤ ਬੈਂਚਾਂ ਦਾ ਨਿਰੀਖਣ ਵੀ ਕੀਤਾ। ਸ੍ਰੀ ਰਾਹੁਲ ਕੁਮਾਰ, ਮਾਨਯੋਗ ਸੀ.ਜੇ.ਐਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਨੇ ਦੱਸਿਆ ਕਿ ਸਮੇਂ-ਸਮੇਂ 'ਤੇ ਲੋਕ ਅਦਾਲਤਾਂ ਦਾ ਆਯੋਜਨ ਕੀਤਾ ਜਾਂਦਾ ਹੈ ਤਾਂ ਜੋ ਕੇਸਾਂ ਦਾ ਨਿਪਟਾਰਾ ਆਪਸੀ ਸਮਝੌਤੇ ਰਾਹੀਂ ਕੀਤਾ ਜਾ ਸਕੇ। ਉਨ੍ਹਾਂ ਇਹ ਵੀ ਦੱਸਿਆ ਕਿ ਅਗਲੀ ਲੋਕ ਅਦਾਲਤ 13.12.2025 ਨੂੰ ਲੱਗੇਗੀ। ਇਸ ਮੌਕੇ 'ਤੇ ਸ਼੍ਰੀ ਆਦਿਤਿਆ ਜੈਨ, ਪ੍ਰਧਾਨ ਅਤੇ ਸ਼੍ਰੀ ਰੋਹਿਤ ਗੰਭੀਰ, ਸਕੱਤਰ ਬਾਰ ਐਸੋਸੀਏਸ਼ਨ, ਜਲੰਧਰ ਵੀ ਮੌਜੂਦ ਸਨ।

# ਆਲ ਗੌਰਮਿੰਟ ਇੰਪਲਾਈਜ਼ ਟਰੇਡ ਯੂਨੀਅਨ ਕੌਂਸਲ ਪਠਾਨਕੋਟ ਵੱਲੋਂ 57ਵੀਂ ਸ਼ਹੀਦੀ ਕਾਨਫਰੰਸ 19 ਨੂੰ



ਪਠਾਨਕੋਟ (ਦਵਿੰਦਰ ਸਿੰਘ)-ਲੋੜ ਅਧਾਰਿਤ ਘੱਟੋ-ਘੱਟ ਤਨਖਾਹ ਪ੍ਰਾਪਤੀ ਤੇ ਮਹਿੰਗਾਈ ਭੱਤੇ ਨੂੰ ਤਨਖਾਹ ਵਿੱਚ ਸ਼ਾਮਲ ਕਰਾਉਣ, ਵਿਵਾਦਤ ਮੰਸਲੇ ਹੱਲ ਕਰਨ ਤੇ ਸੇਵਾ ਨਿਯਮਾਂ 'ਚ ਮੁਲਾਜ਼ਮ ਪੱਖੀ ਸੋਧਾਂ ਲਾਗੂ ਕਰਾਉਣ ਹਿੱਤ ਮੁਲਾਜ਼ਮਾਂ ਦੀ 19 ਸਤੰਬਰ 1968 ਨੂੰ ਦੇਸ਼ ਵਿਆਪੀ ਹੜਤਾਲ ਸਮੇਂ ਸਰਕਾਰ ਦੇ ਜਬਰ ਤੇ ਪੁਲਸ ਵੱਲੋਂ ਚਲਾਈ ਗੋਲੀ ਦੌਰਾਨ ਪਠਾਨਕੋਟ ਰੇਲਵੇ ਸਟੇਸ਼ਨ ਵਿਖੇ ਸ਼ਹੀਦ ਹੋਏ ਰੇਲ ਕਾਮਿਆਂ ਨੂੰ ਸ਼ਰਧਾਂਜਲੀਆਂ ਭੇਟ ਕਰਨ ਲਈ ਆਲ ਗੌਰਮਿੰਟ ਇੰਪਲਾਈਜ਼ ਟਰੇਡ ਯੂਨੀਅਨ ਕੌਂਸਲ ਪਠਾਨਕੋਟ ਵੱਲੋਂ 57ਵੀਂ ਸ਼ਹੀਦੀ ਕਾਨਫਰੰਸ ਵਿੱਚ 19 ਸਤੰਬਰ ਨੂੰ ਰੇਲਵੇ ਸਟੇਸ਼ਨ ਪਠਾਨਕੋਟ ਹੁੰਮ-ਹੁਮਾ ਕੇ ਪੁੱਜੋ।ਨਾਰਦਰਨ ਰੇਲਵੇ ਮੈਨਜ਼ ਯੂਨੀਅਨ (ਐੱਨਆਰਐੱਮਯੂ) ਦੇ ਦਫਤਰ ਆਲ ਗੌਰਮਿੰਟ ਇੰਪਲਾਈਜ਼ ਟਰੇਡ ਯੂਨੀਅਨ ਕੌਂਸਲ ਪਠਾਨਕੋਟ ਦੇ ਪ੍ਰਧਾਨ ਕਾਮਰੇਡ ਹਰਿੰਦਰ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੀ ਜਾਣਕਾਰੀ ਦਿੰਦਿਆਂ ਕੌਂਸਲ ਜਨਰਲ ਸਕੱਤਰ ਕਾਮਰੇਡ ਸ਼ਿਵ ਦੱਤ ਨੇ ਕਿਹਾ ਕਿ ਕੇਂਦਰ ਦੀ ਮੌਜੂਦਾ ਸਰਕਾਰ ਦੇ ਬਣਨ ਤੋਂ ਲੈ ਕੇ ਹੁਣ ਤੱਕ ਇਹ ਸਰਕਾਰ ਕਾਰਪੋਰੇਟ ਪੱਖੀ ਨਵਉਦਾਰਵਾਦੀ ਨੀਤੀਆਂ ਹੀ ਜਾਰੀ ਨਹੀਂ ਰੱਖ ਰਹੀ ਸਗੋਂ ਇਨ੍ਹਾਂ ਨੂੰ ਹੋਰ ਤੇਜ਼ੀ ਤੇ ਬੇਦਰਦੀ ਨਾਲ ਭਾਰਤੀ ਲੋਕਾਂ ਸਿਰ ਮੜ੍ਹਨ ਜਾ ਰਹੀ ਹੈ ਜਿਸ ਦੀ ਤਾਜ਼ਾ ਮਿਸਾਲ ਰੇਲ, ਟੈਲੀਫੋਨ, ਬਿਜਲੀ ਵਿਭਾਗ, ਆਵਾਜਾਈ ਦੇ ਸਾਰੇ ਸਾਧਨਾਂ ਦਾ ਧੜਾਧੜ ਨਿੱਜੀਕਰਨ ਤੇ ਨਿਗਮੀਕਰਨ ਕੀਤਾ ਜਾ ਰਿਹਾ ਹੈ।ਇਨ੍ਹਾਂ ਸਾਰੀਆਂ ਬੁਰਾਈਆਂ ਦਾ ਹੱਲ ਵਿਸ਼ਾਲ ਏਕਾ ਤੇ ਤਿੱਖੇ ਘੋਲ ਵਿੱਚ ਹੀ ਹੈ।ਸ਼ਹੀਦਾਂ ਨੂੰ ਸਮਰਪਿਤ ਸ਼ਹੀਦੀ ਕਾਨਫਰੰਸ ਵਿੱਚ ਰੇਲ ਕਾਮਿਆਂ ਦੇ ਵੱਡੇ ਆਗੂ ਕਾਮਰੇਡ ਸ਼ਿਵ ਗੋਪਾਲ ਮਿਸ਼ਰਾ, ਕਾਮਰੇਡ ਐੱਸ. ਕੇ. ਤਿਆਗੀ, ਮਜ਼ਦੂਰਾਂ ਕਿਸਾਨਾਂ ਦੇ ਉੱਘੇ ਆਗੂ ਕਾਮਰੇਡ ਮੰਗਤ ਰਾਮ ਪਾਸਲਾ ਵੀ ਪਹੁੰਚ ਰਹੇ ਹਨ।ਤਿਆਰੀਆਂ ਦੇ ਸਬੰਧ ਵਿੱਚ ਆਗੂਆਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 57ਵੀਂ ਸ਼ਹੀਦੀ ਕਾਨਫਰੰਸ ਵਿੱਚ ਹਜ਼ਾਰਾਂ ਦੀ ਸ਼ਮੂਲੀਅਤ ਕਰਾਉਣ ਲਈ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ।ਮੀਟਿੰਗ ਵਿੱਚ ਮਾਸਟਰ ਸੁਭਾਸ਼ ਸ਼ਰਮਾ, ਨਰਿੰਦਰ ਸਿੰਘ, ਲਖਬੀਰ ਸਿੰਘ, ਪਵਿੱਤਰ ਸਿੰਘ, ਸਕੱਤਰ ਸਿੰਘ, ਸੋਹਨ ਸਿੰਘ, ਅਵਤਾਰ ਸਿੰਘ ਨਿਰਮਲਾ ਦੇਵੀ ਅਤੇ ਹੋਰ ਹਾਜ਼ਰ ਸਾਥੀਆਂ ਨੇ ਵਿਚਾਰ ਵਟਾਂਦਰਾ ਕੀਤਾ।

# ਹੜ੍ਹ ਪ੍ਰਭਾਵਤ ਇਲਾਕਿਆਂ ਨੂੰ ਪੇਂਡੂ ਵਿਕਾਸ ਫੰਡ ਜਾਰੀ ਕੀਤਾ ਜਾਵੇ : ਸੀਚੇਵਾਲ

## ਲੋਹੀਆਂ ਫਲਾਈਓਵਰ ਦੇ ਠੱਪ ਪਏ ਕੰਮ ਨੂੰ ਮੁੜ ਸ਼ੁਰੂ ਕਰਨ ਲਈ ਦਿੱਤਾ ਮੰਗ ਪੱਤਰ



ਸ਼ਾਹਕੋਟ (ਗਿਆਨ ਸੈਦਪੁਰੀ)-ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸੜਕ ਆਵਾਜਾਈ ਅਤੇ ਹਾਈਵੇਅ ਮੰਤਰਾਲੇ ਦੇ ਕੇਂਦਰੀ ਰਾਜ ਮੰਤਰੀ ਹਰਸ਼ ਮਲਹੋਤਰਾ ਨੂੰ ਅਪੀਲ ਕੀਤੀ ਕਿ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਪੇਂਡੂ ਵਿਕਾਸ ਫੰਡ ਤੁਰੰਤ ਜਾਰੀ ਕੀਤਾ ਜਾਵੇ।

ਸੁਲਤਾਨਪੁਰ ਲੋਧੀ ਸਥਿਤ ਨਿਰਮਲ ਕੁਟੀਆ ਵਿਖੇ ਕੇਂਦਰੀ ਮੰਤਰੀ ਨਾਲ ਮੁਲਾਕਾਤ ਦੌਰਾਨ ਸੰਤ ਸੀਚੇਵਾਲ ਨੇ ਕਿਹਾ ਕਿ ਪੰਜਾਬ ਦਾ ਲਗਭਗ ਅੱਧਾ ਹਿੱਸਾ ਹੜ੍ਹਾਂ ਕਾਰਨ ਬਹੁਤ ਭਾਰੀ ਤਬਾਹੀ ਦਾ ਸ਼ਿਕਾਰ ਹੋਇਆ ਹੈ।

ਸੰਤ ਸੀਚੇਵਾਲ ਨੇ ਮੰਗ ਕੀਤੀ ਕਿ ਕੁਦਰਤੀ ਆਫ਼ਤ ਰਾਹਤ ਫੰਡ ਤੋਂ ਇਲਾਵਾ ਪੰਜਾਬ ਦੇ ਹਿੱਸੇ ਵਾਲਾ ਪੇਂਡੂ ਵਿਕਾਸ ਫੰਡ ਵੀ ਤੁਰੰਤ ਜਾਰੀ ਕਰਕੇ ਪਿੰਡਾਂ ਦੀਆਂ ਟੁੱਟੀਆਂ ਸੜਕਾਂ ਅਤੇ ਸਕੂਲਾਂ ਦੀ ਮੁਰੰਮਤ ਦਾ ਕੰਮ ਤੁਰੰਤ ਸ਼ੁਰੂ ਕਰਵਾਇਆ ਜਾਵੇ।

ਉਨ੍ਹਾਂ ਕਿਹਾ ਕਿ ਖੇਤੀਬਾੜੀ, ਜੋ ਕਿ ਪੰਜਾਬ ਦੀ ਰੀੜ੍ਹ ਦੀ ਹੱਡੀ ਹੈ, ਹੜ੍ਹਾਂ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਈ ਹੈ। ਕਿਸਾਨਾਂ ਦੀਆਂ ਫਸਲਾਂ ਪੂਰੀ ਤਰ੍ਹਾਂ ਤਬਾਹ ਹੋ ਗਈਆਂ ਹਨ, ਜਿਸ ਨਾਲ ਖੇਤ ਮਜ਼ਦੂਰਾਂ ਨੂੰ ਵੀ ਭਾਰੀ ਆਰਥਿਕ ਨੁਕਸਾਨ ਹੋਇਆ ਹੈ। । ਉਨ੍ਹਾਂ ਸਾਰਿਆਂ ਨੂੰ ਪੂਰਾ ਮੁਆਵਜ਼ਾ ਮਿਲਣਾ ਚਾਹੀਦਾ ਹੈ।

**ਮਨਰੇਗਾ ਮਜ਼ਦੂਰਾਂ ਨੂੰ ਮਿਲੇ 250 ਦਿਨਾਂ ਦਾ ਕੰਮ**

ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਇਹ ਯਕੀਨੀ ਬਣਾਵੇ ਕਿ ਮਨਰੇਗਾ ਮਜ਼ਦੂਰਾਂ ਨੂੰ ਘੱਟੋ-ਘੱਟ 250 ਦਿਨਾਂ ਦਾ ਰੋਜ਼ਗਾਰ ਮਿਲੇ। ਉਨ੍ਹਾਂ ਦੱਸਿਆ ਕਿ ਹੜ੍ਹਾਂ ਕਾਰਨ ਮਜ਼ਦੂਰ ਵਰਗ ਵੀ ਵੱਡੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਮੌਜੂਦਾ 100 ਦਿਨਾਂ ਦੀ ਰੋਜ਼ਗਾਰ ਗਾਰੰਟੀ ਨੂੰ ਵਧਾ ਕੇ ਘੱਟੋ-ਘੱਟ 250 ਦਿਨ ਕੀਤਾ ਜਾਵੇ ਤਾਂ ਜੋ ਇਹ ਵਰਗ ਆਪਣੇ ਪਰਿਵਾਰ ਦੀ ਜੀਵਨ-ਜ਼ਰੂਰਤਾਂ ਪੂਰੀ ਕਰ ਸਕੇ।

ਸੰਤ ਸੀਚੇਵਾਲ ਨੇ ਕੇਂਦਰੀ ਰਾਜ ਮੰਤਰੀ ਹਰਸ਼ ਮਲਹੋਤਰਾ ਨੂੰ ਲੋਹੀਆਂ ਵਿਖੇ ਰੁਕੇ ਹੋਏ ਫਲਾਈਓਵਰ ਦੀ ਨਿਰਮਾਣ ਕਾਰਵਾਈ ਮੁੜ ਸ਼ੁਰੂ ਕਰਵਾਉਣ ਲਈ ਮੰਗ ਪੱਤਰ ਸੌਂਪਿਆ।

ਕੇਂਦਰੀ ਮੰਤਰੀ ਨੇ ਮੰਗ ਪੱਤਰ ਨਾਲ ਸਹਿਮਤ ਹੋਕੇ ਅਧਿਕਾਰੀਆਂ ਨੂੰ ਹੁਕਮ ਦਿੱਤੇ ਕਿ ਇਸ ਫਲਾਈਓਵਰ ਦਾ ਕੰਮ ਜਲਦ ਤੋਂ ਜਲਦ ਮੁਕੰਮਲ ਕੀਤਾ ਜਾਵੇ।


## Required

Doaba College, Jalandhar invites online applications for the post of Assistant Professor in Medical Lab Technology (Two), in Computer Animation (One), in Computer Application (One) on contractual basis at doabacollege@gmail.com within 15 days of this advertisement. Qualification and Grade as per UGC/GNDU norms. Candidate must fill the score card (Annexure-IV). For more details visit netice board section of doabacollege.net. Principal


## Public Notice

I, Amandeep Singh s/o Baldev Singh R/o Vill. Machi Joya, Tehsil Sultanpur Lodhi, Distt. Kapurthala, declare that Lovekirat Singh is my son. his name is mentioned on his adhar Card and school certificate etc, without surname now he want take his name with surname Lovekirat Singh to Lovekirat Singh Josan.

## ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਏ.ਪੀ.10-1465 ਸ੍ਰੀ ਕਰਮਜੀਤ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਚੋਹਲਾ ਸਾਹਿਬ ਦੇ ਨਾਮ ਪਰ ਚੱਲਦਾ ਹੈ।ਇਸ ਕੁਨੈਕਸ਼ਨ ਦੀ ਬਦਲੀ ਕਰਨ ਵਾਸਤੇ ਬਲਕਾਰ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਚੋਹਲਾ ਸਾਹਿਬ ਨੇ ਉੱਪ ਮੰਡਲ ਸਰਹਾਲੀ ਨੂੰ ਬਿਨੈ ਪੱਤਰ ਦਿੱਤਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੈ, ਤਾਂ 15 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਸੰਬੰਧਤ ਦਫਤਰ ਵਿਖੇ ਪੇਸ਼ ਹੋ ਕੇ ਦੇਵੇ। ਇਸ ਤੋਂ ਬਾਅਦ ਮਹਿਕਮੇ ਦੀ ਜਿੰਮੇਵਾਰੀ ਨਹੀਂ ਹੈ।

ਮੈਂ, ਗੁਡੋ ਦੇਵੀ ਪਤਨੀ ਰਮੇਸ਼ਵਰ ਦਾਸ ਵਾਸੀ ਗਾਂਧੀ ਬਸਤੀ, ਧੂਰੀ ਨੇ ਮਿਤੀ 13.06.2025 ਨੂੰ ਆਪਣੇ ਪੁੱਤਰ ਸੰਨੀ ਕੁਮਾਰ, ਨੂੰਹ ਅੰਜਲੀ, ਪੋਤਰੇ ਅਦਿੱਤਿਆ ਨੂੰ ਆਪਣੀ ਚੱਲ-ਅਚੱਲ ਜ਼ਮੀਨ-ਜਾਇਦਾਦ ਤੋਂ ਬੇਦਖਲ ਕੀਤਾ ਸੀ। ਮੈਂ ਆਪਣੀ ਬੇਦਖਲੀ ਵਾਪਸ ਲੈਂਦੀ ਹਾਂ ਅਤੇ ਉਸ ਨੂੰ ਰੱਦ ਕਰਦੀ ਹਾਂ।

# ਕਲਾਸੀਫਾਈਡ ਇਸ਼ਤਿਹਾਰ

## ਬੇਦਖਲੀ ਨੋਟਿਸ

ਮੈਂ, ਪਰਮਜੀਤ ਸਿੰਘ ਪੁੱਤਰ ਗੁਰਬਚਨ ਸਿੰਘ, ਵਾਸੀ ਪਿੰਡ ਉੱਚਾ, ਜ਼ਿਲ੍ਹਾ ਕਪੂਰਥਲਾ, ਪੰਜਾਬ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਲਵਿੰਦਰ ਸਿੰਘ ਅਤੇ ਉਸਦੀ ਪਤਨੀ ਰਾਜਵੀਰ ਕੌਰ, ਮੇਰੇ ਕਹਿਣੇਕਾਰ ਵਿੱਚ ਨਹੀਂ ਹਨ, ਜਿਸ ਕਰਕੇ ਮੈਂ ਆਪਣੇ ਉਕਤ ਲੜਕੇ ਪਲਵਿੰਦਰ ਸਿੰਘ ਅਤੇ ਉਸਦੀ ਪਤਨੀ ਰਾਜਵੀਰ ਕੌਰ, ਨੂੰ ਆਪਣੀ ਤਮਾਮ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾ ਦੋਵਾਂ ਨਾਲ ਕਿਸੇ ਵੀ ਕਿਸਮ ਦਾ ਲੈਣ ਦੇਣ ਕਰਨ ਵਾਲਾ ਵਿਅਕਤੀ ਖੁੱਦ ਜਿੰਮੇਦਾਰ ਹੋਵੇਗਾ। ਇਸ ਵਿੱਚ ਮੈਂ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜਿੰਮੇਦਾਰੀ ਨਹੀਂ ਹੋਵੇਗੀ। ਸਾਰੇ ਸਬੰਧਤ ਨੋਟ ਕਰਨ।

ਮੈਂ, ਤਰਸੇਮ ਕੌਰ ਵਿਧਵਾ ਕਰਨੈਲ ਸਿੰਘ, ਵਾਸੀ ਪਿੰਡ ਚੱਕਰਾਲਾ, ਡਾਕਖਾਨਾ ਮੁਸਤਫਾਪੁਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮੰਗਾ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮੇਰੀ ਦੇਖ-ਭਾਲ ਨਹੀਂ ਕਰਦਾ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਹਰਭਜਨ ਸਿੰਘ ਪੁੱਤਰ ਬਰਿਆਮ ਸਿੰਘ ਵਾਸੀ ਪਿੰਡ ਖੱਟਰਾਂ, ਤਹਿਸੀਲ ਸਮਰਾਲਾ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਿਤਪਾਲ ਸਿੰਘ ਅਤੇ ਮੇਰੀ ਨੂੰਹ ਰਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀ ਪਰਸ਼ੋਤਮ ਲਾਲ ਪੁੱਤਰ ਸ਼੍ਰੀ ਮੁੰਨਸ਼ੀ ਰਾਮ ਅਤੇ ਕੰਚਨ ਗੁੰਬਰ ਪਤਨੀ ਪਰਸ਼ੋਤਮ ਲਾਲ ਵਾਸੀ ਐੱਚ. ਐੱਮ -35,ਅਮਨ ਐਵੀਨਿਊ ਕਾਲੋਨੀ, ਆਊਟਸਾਈਡ ਗੇਟ ਹਕੀਮਾਂ, ਅੰਮ੍ਰਿਤਸਰ, ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਦੀਪਕ ਕੁਮਾਰ ਅਤੇ ਉਸਦੀ ਪਤਨੀ ਸੋਫੀਆ ਅਰੋੜਾ ਅਤੇ ਉਸਦਾ ਲੜਕਾ ਜੋ ਕਿ ਸਾਡਾ ਪੋਤਰਾ ਹਿਮਾਂਸ਼ੂ ਅਰੋੜਾ ਅਤੇ ਉਸ ਦੀ ਪਤਨੀ ਸਹਿਜ ਅਰੋੜਾ, ਜੋ ਕਿ ਸਾਰੇ ਸਾਡੇ ਕਹਿਣੇ-ਸੁਨਣੇ ਤੋਂ ਬਾਹਰ ਹਨ ਅਤੇ ਸਾਡੇ ਤੋਂ ਅਲੱਗ ਰਹਿੰਦੇ ਹਨ। ਅਸੀ ਉਨ੍ਹਾਂ ਸਭ ਨੂੰ ਆਪਣੀ ਹਰ ਕਿਸਮ ਦੀ ਚੱਲ-ਅਚੱਲ ਜਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਅਸੀਂ ਅਤੇ ਸਾਡਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜਿੰਮੇਵਾਰ ਹੋਣਗੇ। ਸਾਡਾ ਤੇ ਸਾਡੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਮੈਂ ਸੁਖਦੇਵ ਸਿੰਘ ਪੁੱਤਰ ਬੰਤਾ ਸਿੰਘ ਵਾਸੀ ਪਿੰਡ, ਰਾਜਾਤਾਲ, ਡਾਕਘਰ ਅਟਾਰੀ , ਪੁਲਿਸ ਥਾਣਾ ਘਰਿੰਡਾ, ਸਬ ਤਹਿਸੀਲ ਅਟਾਰੀ ਜ਼ਿਲ੍ਹਾ ਅੰਮ੍ਰਿਤਸਰ ਪੰਜਾਬ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਰਜੀਤ ਸਿੰਘ ਜੋ ਕਿ ਮੇਰੇ ਕਹਿਣੇ ਤੋ ਬਾਹਰ ਹੈ ਅਤੇ ਅਪਣੀ ਮਨ ਮਰਜੀ ਕਰਦਾ ਹੈ । ਇਹ ਹੈ ਕਿ ਮੇਰਾ ਲੜਕਾ ਸੁਰਜੀਤ ਸਿੰਘ ਜਿਸ ਨੂੰ ਮੈਂ ਆਪਣੀ ਚੱਲ ਅਚੱਲ ਜਮੀਨ ਜਾਇਦਾਦ ਤੋ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਇਸ ਦੇ ਨਾਲ ਮੇਰਾ ਅਤੇ ਮੇਰੇ ਪਰਿਵਾਰ ਦਾ ਕੋਈ ਤਲਕ ਵਾਸਤਾ ਨਹੀ ਹੋਵੇਗਾ।ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਮੈਂ, ਸਰਬਜੀਤ ਸਿੰਘ ਪੁੱਤਰ ਵੇਦ ਸਿੰਘ ਵਾਸੀ 32, ਪਿੰਡ ਗੁਮਟਾਲਾ, ਸਬ-ਅਰਬਨ ਗੁਮਟਾਲਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਜਸਬੀਰ ਕੌਰ ਅਤੇ ਮੇਰੀ ਲੜਕੀ ਜਨਮੀਕਾ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰਾਜ ਕੁਮਾਰ ਪੁੱਤਰ ਹੰਸ ਰਾਜ ਵਾਸੀ ਮਕਾਨ ਨੰ. 102-ਏ, ਲੇਨ ਨੰ. 5, ਨਜ਼ਦੀਕ ਨੀਲ ਕੰਠ ਹਸਪਤਾਲ, ਚਾਂਦ ਐਵੇਨਿਊ, ਫਤਿਹਗੜ੍ਹ ਚੂੜੀਆਂ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਭਤੀਜਾ ਰਾਕੇਸ਼ ਸੈਣੀ ਵਾਸੀ ਮਕਾਨ ਨੰ. 2, ਚਾਂਦ ਐਵੇਨਿਊ ਫੇਜ਼-1, ਫਤਿਹਗੜ੍ਹ ਚੂੜੀਆਂ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਮੇਰੇ ਅਤੇ ਮੇਰੀ ਪਤਨੀ ਆਸ਼ਾ ਦੇ ਕਹਿਣੇ ਤੋਂ ਬਾਹਰ ਹੈ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈ ਸੁੱਚਾ ਸਿੰਘ ਪੁੱਤਰ ਅਜੈਬ ਸਿੰਘ ਵਾਸੀ 497, ਪੁਰਾਣਾ ਨਰਾਇਣਗੜ, ਛੇਹਰਟਾ, ਅੰਮ੍ਰਿਤਸਰ ਦਾ ਰਹਿਣ ਵਾਲਾ ਹਾ ਮੇਰਾ ਲੜਕਾ ਜਗਰੂਪ ਸਿੰਘ ਮੇਰੇ ਕਹਿਣੇ ਤੋ ਬਾਹਰ ਹੈ ਅੱਜ ਤੋਂ ਮੈ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸਦਾ ਮੇਰੇ ਜਾਂ ਮੇਰੇ ਪਰਿਵਾਰ ਨਾਲ ਕੋਈ ਸਬੰਧ ਨਹੀਂ ਹੋਵੇਗਾ।ਇਸ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ।

ਮੈਂ ਰਵੀ ਕੁਮਾਰ ਪੁੱਤਰ ਸੁਰਜੀਤ ਕੁਮਾਰ ਵਾਸੀ ਮਕਾਨ ਨੰ.42/1, ਮਦਨ ਲਾਲ ਡੀਂਗਰਾ ਕਲੋਨੀ,ਰਾਮ ਤੀਰਥ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅੰਕੁਸ਼ ਅਤੇ ਉਸਦੀ ਪਤਨੀ ਰੇਨੂੰ ਜੋ ਕਿ ਮੇਰੇ ਕਹਿਣੇ ਸੁਨਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ-ਅਚੱਲ ਜਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਮੈਂ, ਜਾਪੀ ਪਤਨੀ ਵਿੱਕੀ ਵਾਸੀ 56, ਮਿਲਾਪ ਐਵੀਨਿਊ, ਕਾਲੇ ਰੋਡ, ਛੇਹਰਟਾ ਅੰਮ੍ਰਿਤਸਰ ਆਪਣੀ ਲੜਕੀ ਨਵਦੀਪ ਕੌਰ, ਜੋ ਮੇਰੇ ਕਹਿਣੇ ਵਿੱਚ ਨਹੀ ਹੈ, ਮੇਰੀ ਕੋਈ ਗੱਲ ਨਹੀ ਮੰਨਦੀ, ਆਪਣੀ ਮਰਜ਼ੀ ਕਰਦੀ ਹੈ ਨੂੰ ਆਪਣੀ ਚੱਲ ਅਚੱਲ, ਚੁੱਕਵੀਂ ਅਣਚੁੱਕਵੀਂ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸਦੇ ਕਿਸੇ ਵੀ ਮਾੜੇ ਚੰਗੇ ਕੰਮ, ਲੈਣ ਦੇਣ, ਨਫ਼ੇ ਨੁਕਸਾਨ ਦੇ ਲਈ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀ ਹੋਵੇਗਾ। ਮੇਰਾ ਨਵਦੀਪ ਕੌਰ ਦੇ ਨਾਲ ਕੋਈ ਸੰਬੰਧ ਨਹੀ ਹੈ।

ਮੈਂ, ਹਰਜੀਤ ਸਿੰਘ ਪੁੱਤਰ ਸਵਰਨਾ ਰਾਮ ਵਾਸੀ ਪੰਡੋਰੀ ਨਿੱਜਰਾਂ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸੁਖਬੀਰ ਸਿੰਘ ਅਤੇ ਉਸ ਦੀ ਪਤਨੀ ਗੁਰਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੀ ਪਤਨੀ ਅਤੇ ਵਿਆਹੀਆਂ ਹੋਈਆਂ ਬੇਟੀਆਂ ਦਾ ਉਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (12515)

ਮੈਂ, ਵੀਨਾ ਰਾਣੀ ਪਤਨੀ ਆਤਮ ਦੇਵ ਵਾਸੀ ਪਿੰਡ ਬਾਗ ਗਲੀ, ਮੋਗਾ, ਤਹਿ. ਵਾ. ਜ਼ਿਲ੍ਹਾ ਮੋਗਾ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਮਨੀ ਕੁਮਾਰ ਪੁੱਤਰ ਆਤਮ ਦੇਵ, ਵਾਸੀ ਬਾਗ ਗਲੀ, ਮੋਗਾ, ਤਹਿਸੀਲ ਵਾ. ਜ਼ਿਲ੍ਹਾ ਮੋਗਾ ਮੇਰੇ ਕਹਿਣੇ ਤੋਂ ਬਾਹਰ ਹੈ। ਉਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਸੰਬੰਧ ਰੱਖਣ ਵਾਲਾ ਜਾਂ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਉਤਮ ਸਿੰਘ ਪੁੱਤਰ ਸੁਬੇਗ ਸਿੰਘ ਵਾਸੀ ਛੀਨਾ ਕਰਮ ਸਿੰਘ, ਤਹਿਸੀਲ ਰਾਜਾਸਾਂਸੀ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਜੰਟ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ, ਜਸਵਿੰਦਰ ਸਿੰਘ ਪੁੱਤਰ ਗੁਰਬਖਸ਼ ਸਿੰਘ ਵਾਸੀ ਸੀਕਰੀ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਹੁਣ ਮੇਰੇ ਪੁੱਤਰ ਨੇ ਆਪਣਾ ਨਾਂਅ ਪ੍ਰਭਕੀਰਤ ਸਿੰਘ ਤੋਂ ਬਦਲ ਕੇ ਪ੍ਰਭਕੀਰਤ ਥਿਆੜਾ ਰੱਖ ਲਿਆ ਹੈ।

## Change of Name

I, Surider Pal S/O Charan Dass R/O Village Purowal Jattan, P.O. Dhariwal, Tehsil/Distt. Gurdaspur, Punjab, India have changed my name from Surider Pal to Surinder Pal.

I Kamaljeet Kaur w/o Surjit Singh R/O H. No. 387, Badal Colony, Near Gurudwara Zirakpur. Distt. SAS Nagar (Mohali), Punjab have changed my name from Kamaljeet Kaur to Ranjit Kaur.All concerned please note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਪਰਾਲੀ ਪ੍ਰਬੰਧਨ ਵਿਸ਼ੇ 'ਤੇ ਆਸ਼ਾ ਵਰਕਰਾਂ ਨੂੰ ਕੀਤਾ ਜਾਗਰੂਕ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਝੋਨੇ ਦੀ ਕਟਾਈ ਤੋਂ ਬਾਅਦ ਖੇਤਾਂ ਵਿਚ ਛੱਡੀ ਗਈ ਪਰਾਲੀ ਦਾ ਸਹੀ ਢੰਗ ਨਾਲ ਪ੍ਰਬੰਧਨ ਨਾ ਹੋਣ ਕਾਰਨ ਇਹ ਇਕ ਗੰਭੀਰ ਵਾਤਾਵਰਨ ਚਿੰਤਾ ਬਣ ਗਈ ਹੈ। ਇਸ ਸਮੱਸਿਆ ਨਾਲ ਨਜਿੱਠਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਸਮੇਂ-ਸਮੇਂ 'ਤੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਕਈ ਤਰ੍ਹਾਂ ਦੇ ਯਤਨ ਕੀਤੇ ਜਾਂਦੇ ਹਨ। ਸੀ.ਆਰ.ਐਮ ਸਕੀਮ 2025-26 ਤਹਿਤ ਬਲਾਕ ਖੇਤੀਬਾੜੀ ਅਫ਼ਸਰ ਦੀਪਕ ਪੁਰੀ ਦੀ ਅਗਵਾਈ ਵਿਚ ਸਰਕਾਰੀ ਹਸਪਤਾਲ ਬਡਲਾ ਵਿਖੇ ਆਸ਼ਾ ਵਰਕਰਾਂ ਨਾਲ ਇਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ ਦੀ ਸ਼ੁਰੂਆਤ ਕਰਦੇ ਹੋਏ ਧਰਮਵੀਰ ਸ਼ਰਦ ਖੇਤੀਬਾੜੀ ਵਿਕਾਸ ਅਫ਼ਸਰ, ਹੁਸ਼ਿਆਰਪੁਰ-2 ਨੇ ਪਰਾਲੀ ਸਾੜਨ ਨਾਲ ਹੋਣ ਵਾਲੇ ਹਵਾ ਪ੍ਰਦੂਸ਼ਣ, ਮਿੱਟੀ ਦੀ ਉਪਜਾਊ ਸ਼ਕਤੀ ਵਿਚ ਕਮੀ ਅਤੇ ਵਾਤਾਵਰਨ 'ਤੇ ਇਸ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਗੱਲ ਕੀਤੀ। ਉਨ੍ਹਾਂ ਆਸ਼ਾ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਖੇਤਰਾਂ ਦੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਅਤੇ ਇਸ ਨੂੰ ਖੇਤਾਂ ਵਿਚ ਮਿਲਾਉਣ ਅਤੇ ਅਗਲੀਆਂ ਫ਼ਸਲਾਂ ਦੀ ਬਿਜਾਈ ਲਈ ਵਰਤਣ ਲਈ ਪ੍ਰੇਰਿਤ ਕਰਨ। ਇਸ ਨਾਲ ਮਿੱਟੀ ਵਿਚ ਜੈਵਿਕ ਪਦਾਰਥ ਵਧਣਗੇ ਅਤੇ ਉਤਪਾਦਨ ਸਮਰੱਥਾ ਵਿਚ ਸੁਧਾਰ ਹੋਵੇਗਾ।

## Change of Name

I, Kulwarn Singh S/o Chanan Singh R/o H.No. 40 Puda Vasant Vihar, Seheme No. 10, Distt. Hoshiarpur 146001 Punjab declare that my name is Kulwarn Singh. Singh is my surname and my given name is Kulwarn. Concerned note.

I, Amninder Kaur W/o Kulwarn Singh R/o H.No. 40 Puda Vasant Vihar, Seheme No. 10, Distt. Hoshiarpur 146001 Punjab declare that my name is Amninder Kaur. Kaur is my surname and my given name is Amninder. Concerned note.

I Bimal Madaan and Bimal Kumar Madaan S/o Dawarka Nath R/o H No. 183, Basant Avenue, Behind Gobind Park, Amritsar-I, Amritsar have certified that above both name's are mine one and same person.

I, Surjit Singh S/o Parmjit Singh R/o VPO Dialpura Tehsil Patti Distt Tarn Taran Punjab 143304 have declare that Surjit is my Given name and Singh is my Surnamev Narang

I, Sukhjit Singh W/o Rajwinder Singh R/o Village Usman, Tehsil Baba Bakala, Distt. Amritsar, Punjab-143114 have changed my name from Sukhjit Kaur to Sukhjeet Kaur.

I, Tamanna W/o Navjeet Kumar R/o Gali Kalu Lohar Wali, Majitha, Amritsar, Punjab-143601 have changed my name from Tamanna to Tamanna Arora.

I, Satnam Singh Sandhu S/O Santokh Singh R/O Village Tansoshan, P.O. Larhi Gujjran, Distt. Gurdaspur, Punjab, India have changed my name from Satnam Singh Sandhu to Satnam Singh.

# ਸੰਤ ਰਾਮ ਸਿੰਗਲਾ ਦੀ ਯਾਦ 'ਚ 3 ਰੋਜ਼ਾ ਮੈਡੀਕਲ ਕੈਂਪ ਅੱਜ ਤੋਂ


ਸੰਗਰੂਰ (ਪ੍ਰਵੀਨ ਸਿੰਘ)-ਸਮਾਜ ਸੇਵਾ ਦੀ ਮੂਰਤ ਮੇਰੇ ਪਿਤਾ ਸਵ: ਸੰਤ ਰਾਮ ਸਿੰਗਲਾ ਦੀ ਨਿੱਘੀ ਯਾਦ ਨੂੰ ਸਮਰਪਤ ਹਰ ਸਾਲ ਦੀ ਤਰ੍ਹਾਂ ਗੁੱਗਾ ਮਾੜੀ ਦਾ ਸਾਲਾਨਾ ਮੇਲਾ ਪਿੰਡ ਨਮਾਦਾ ਵਿਖੇ 14, 15 ਤੇ 16 ਸਤੰਬਰ ਨੂੰ 20ਵਾਂ ਮੈਡੀਕਲ ਕੈਂਪ ਲਾਇਆ ਜਾ ਰਿਹਾ ਹੈ।ਇਹ ਕੈਂਪ ਤਿੰਨੋਂ ਦਿਨ ਸਵੇਰੇ 9:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਲਗਾਤਾਰ ਚੱਲੇਗਾ।ਕੈਂਪ ਵਿੱਚ ਅੱਖਾਂ ਦੇ ਮਾਹਰ ਡਾਕਟਰ ਵਿਸ਼ੇਸ਼ ਚੈੱਕਅੱਪ ਕਰਨਗੇ। ਇਸ ਦੌਰਾਨ ਲੋੜਵੰਦ ਮਰੀਜ਼ਾਂ ਨੂੰ ਚਸ਼ਮੇ ਤੇ ਲੈਂਜ਼ ਮੁਫ਼ਤ ਪਾਏ ਜਾਣਗੇ।ਕੈਂਪ ਦੌਰਾਨ ਚਮੜੀ ਦੇ ਰੋਗਾਂ ਦੀ ਦਵਾਈ, ਸ਼ੂਗਰ ਦੀ ਦਵਾਈ ਤੇ ਜੋੜਾਂ ਦੇ ਦਰਦ ਦੀ ਦਵਾਈ ਵੀ ਮੁਫ਼ਤ ਦਿੱਤੀ ਜਾਵੇਗੀ।ਸਾਡੀ ਹਲਕਾ ਨਿਵਾਸੀਆਂ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਇਸ ਦਾ ਲਾਭ ਉਠਾਓ।

# ਚੇਅਰਮੈਨ ਜਗਜੀਤ ਸਿੰਘ ਕਾਹਲੋਂ ਵੱਲੋਂ 'ਆਪ' ਦੀ ਮੁੱਢਲੀ ਮੈਂਬਰਸ਼ਿਪ ਤੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਮਾਰਕੀਟ ਕਮੇਟੀ ਡੇਰਾ ਬਾਬਾ ਨਾਨਕ ਦੇ ਚੇਅਰਮੈਨ ਜਗਜੀਤ ਸਿੰਘ ਕਾਹਲੋਂ ਨੇ ਆਮ ਆਦਮੀ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਅਤੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ।ਜਗਜੀਤ ਸਿੰਘ ਕਾਹਲੋਂ ਨੇ ਪੰਜਾਬ ਦੇ ਮੁੱਖ ਮੰਤਰੀ ਦੇ ਨਾਂਅ ਰੋਸ ਭਰਿਆ ਤਿਆਗ ਪੱਤਰ ਜਾਰੀ ਕਰਦਿਆਂ ਕਿਹਾ ਕਿ ਮੈਂ ਆਮ ਆਦਮੀ ਪਾਰਟੀ ਦਾ ਸੱਚਾ ਸਿਪਾਹੀ ਹੋਣ ਦੇ ਨਾਤੇ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਜ਼ਿੰਦਗੀ ਦਾ ਵੱਡਾ ਹਿੱਸਾ ਸਮਰਪਿਤ ਕੀਤਾ ਹੈ, ਪਾਰਟੀ ਦੇ ਮੁੱਢਲੇ ਆਦਰਸ਼ ਸੱਚਾਈ, ਇਨਸਾਫ ਅਤੇ ਲੋਕਾਂ ਦੀ ਆਵਾਜ਼ ਬਣਨ 'ਤੇ ਪੂਰਾ ਵਿਸ਼ਵਾਸ ਰੱਖਦਿਆਂ ਮੈਂ ਆਮ ਆਦਮੀ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਲਈ ਸੀ, ਅਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਦੇ ਨਾਲ-ਨਾਲ ਜ਼ਿਲਾ ਪ੍ਰਧਾਨ ਸਪੋਰਟਸ ਵਿੰਗ ਵਰਗੇ ਅਹੁਦਿਆਂ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਇਆ, ਪਰ ਅੱਜ ਮੇਰਾ ਮਨ ਬਹੁਤ ਭਾਰਾ ਅਤੇ ਦੁਖੀ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਨੇ ਪੰਜਾਬ ਪ੍ਰਤੀ ਜੋ ਗਲਤ ਨੀਤੀਆਂ ਬਣਾਈਆਂ ਹਨ, ਉਹ ਸਾਡੇ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਅਤੇ ਨੌਜਵਾਨਾਂ ਦੇ ਹੱਕਾਂ ਨੂੰ ਖੋਖਲਾ ਕਰਨ ਵਾਲੀਆਂ ਹਨ ।ਉਨ੍ਹਾਂ ਕਿਹਾ ਕਿ ਸਭ ਤੋਂ ਵੱਡੀ ਚੋਟ ਉਸ ਵੇਲੇ ਲੱਗੀ ਜਦੋਂ ਪੰਜਾਬ ਨੂੰ ਤਬਾਹ ਕਰਨ ਵਾਲੇ ਹੜ੍ਹ ਪੰਜਾਬ ਦੀ ਧਰਤੀ 'ਤੇ ਆਏ, ਲੋਕ ਖੁਦ ਬਚਾਅ ਕਰਨ ਲਈ ਤੜਫਦੇ ਰਹੇ, ਲੋਕਾਂ ਦੇ ਘਰ ਉੱਜੜ ਗਏ ਤੇ ਖੇਤ ਡੁੱਬ ਗਏ, ਲੋਕਾਂ ਦੀਆਂ ਜਾਨਾਂ ਤੱਕ ਚਲੀਆਂ ਗਈਆਂ।ਇਹ ਦ੍ਰਿਸ਼ ਦੇਖ ਕੇ ਮੇਰਾ ਜ਼ਮੀਰ ਮੈਨੂੰ ਇਸ ਸਰਕਾਰ ਤੇ ਇਸ ਪਾਰਟੀ ਨਾਲ ਰਹਿਣ ਦੀ ਇਜਾਜ਼ਤ ਨਹੀਂ ਦਿੰਦਾ।ਇਸ ਲਈ ਮੈਂ ਆਪਣੇ ਰੋਸ ਅਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਅੱਜ ਤੋਂ ਆਮ ਆਦਮੀ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ, ਚੇਅਰਮੈਨ ਮਾਰਕੀਟ ਕਮੇਟੀ ਡੇਰਾ ਬਾਬਾ ਨਾਨਕ ਅਤੇ ਜ਼ਿਲ੍ਹਾ ਪ੍ਰਧਾਨ ਸਪੋਰਟਸ ਵਿੰਗ ਗੁਰਦਾਸਪੁਰ ਸਮੇਤ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦਿੰਦਾ ਹਾਂ।ਉਨ੍ਹਾਂ ਕਿਹਾ ਕਿ ਮੇਰਾ ਇਹ ਕਦਮ ਲੋਕਾਂ ਦੇ ਦੁੱਖ ਦਰਦ ਨੂੰ ਆਵਾਜ਼ ਦੇਣ ਲਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹੱਕਾਂ ਅਤੇ ਪੰਜਾਬ ਦੇ ਲੋਕਾਂ ਦੀ ਆਵਾਜ਼ ਬਣਨਾ ਮੇਰਾ ਫਰਜ਼ ਹੈ।

# ਕਲਗੀਧਰ ਪਬਲਿਕ ਸਕੂਲ ਦੀਆਂ ਦੋ ਵਿਦਿਆਰਥਣਾਂ ਮੈਰਿਟ ਸੂਚੀ 'ਚ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਕਲਗੀਧਰ ਪਬਲਿਕ ਸਕੂਲ ਭਿੱਖੀਵਿੰਡ ਦੀਆਂ ਦੋ ਮਿਹਨਤੀ ਤੇ ਹੋਣਹਾਰ ਵਿਦਿਆਰਥਣਾਂ ਨੇ ਪੰਜਾਬੀ ਵਿਸ਼ੇ 'ਚ 99 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਆਪਣੇ ਨਾਂਅ ਮੈਰਿਟ ਸੂਚੀ 'ਚ ਦਰਜ ਕਰਵਾਏ ਹਨ।ਵਿਦਿਆਰਥਣਾਂ ਦੀ ਪ੍ਰਾਪਤੀ 'ਤੇ ਖੁਸ਼ੀ ਪ੍ਰਗਟਾਉਂਦਿਆਂ ਸਕੂਲ ਦੇ ਚੀਫ ਡਾਇਰੈਕਟਰ ਬੁੱਢਾ ਸਿੰਘ ਨੇ ਕਿਹਾ ਕਿ ਪਵਨਪ੍ਰੀਤ ਕੌਰ ਅਤੇ ਮਹਿਕਦੀਪ ਕੌਰ ਨੇ ਸਕੂਲ ਲਈ ਇਕ ਨਵਾਂ ਮਾਪਦੰਡ ਸਥਾਪਿਤ ਕੀਤਾ ਹੈ।ਉਨ੍ਹਾਂ ਕਿਹਾ ਕਿ ਦੋਹਾਂ ਵਿਦਿਆਰਥਣਾਂ ਦੀ ਸਫ਼ਲਤਾ ਸਾਬਤ ਕਰਦੀ ਹੈ ਕਿ ਜੇਕਰ ਵਿਦਿਆਰਥੀ ਮਨ ਲਾ ਕੇ ਪੜ੍ਹਾਈ ਕਰਨ ਤਾਂ ਵੱਡੀਆਂ ਮੰਜ਼ਿਲਾਂ ਨੂੰ ਵੀ ਸਰ ਕਰਨਾ ਸੰਭਵ ਹੈ।ਇਸ ਮੌਕੇ ਸਹਾਇਕ ਮੈਨੇਜਿੰਗ ਡਾਇਰੈਕਟਰ ਮਨਦੀਪ ਕੌਰ ਨੇ ਦੋਹਾਂ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਕਲਗੀਧਰ ਪਬਲਿਕ ਸਕੂਲ ਭਿੱਖੀਵਿੰਡ ਵਿਦਿਆਰਥੀਆਂ ਨੂੰ ਹਰ ਪੱਖੋਂ ਸਮਰੱਥ ਬਣਾਉਣ ਲਈ ਯਤਨ ਕਰਦਾ ਹੈ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਕਾਮਯਾਬੀਆਂ ਹੋਰਨਾਂ ਵਿਦਿਆਰਥੀਆਂ ਲਈ ਪ੍ਰੇਰਨਾ ਦਾ ਸਰੋਤ ਹਨ।ਇਸ ਮੌਕੇ ਪ੍ਰਿੰਸੀਪਲ ਅਜੀਤ ਕੌਰ ਦਾ ਕਹਿਣਾ ਸੀ ਕਿ ਅਧਿਆਪਕਾਂ ਦੁਆਰਾ ਕਰਵਾਈ ਜਾਂਦੀ ਸਖ਼ਤ ਮਿਹਨਤ ਸਦਕਾ ਹੀ ਵਿਦਿਆਰਥਣਾਂ ਨੇ ਇਹ ਮੁਕਾਮ ਹਾਸਲ ਕੀਤਾ ਹੈ।

ਇਸ ਮੌਕੇ ਉਨ੍ਹਾਂ ਪੰਜਾਬੀ ਵਿਸ਼ੇ ਦੀ ਅਧਿਆਪਕਾ ਜਸਪ੍ਰੀਤ ਕੌਰ ਦੀ ਵਿਸ਼ੇ 'ਤੇ ਪਕੜ ਦੀ ਰੱਜ ਕੇ ਤਾਰੀਫ਼ ਕਰਦਿਆਂ ਕਿਹਾ ਕਿ ਇਸ ਸ਼ਾਨਦਾਰ ਪ੍ਰਾਪਤੀ ਨਾਲ ਕਲਗੀਧਰ ਪਬਲਿਕ ਸਕੂਲ ਭਿੱਖੀਵਿੰਡ ਦਾ ਨਾਂਅ ਇੱਕ ਵਾਰ ਫਿਰ ਸੂਬੇ ਦੇ ਮੋਹਰੀ ਸਕੂਲਾਂ ਵਿੱਚ ਦਰਜ ਹੋਇਆ ਹੈ।

# ਪੇਂਡੂ ਮਜ਼ਦੂਰਾਂ ਨੇ ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਪੇਂਡੂ ਮਜ਼ਦੂਰਾਂ ਵੱਲੋਂ ਪਹਿਲਾਂ ਤਲਵੰਡੀ ਪੁਲ ਤੇ ਇੱਕਠੇ ਹੋਣ ਉਪਰੰਤ ਪੁਲ ਤੋਂ ਰੈਸਟ ਹਾਊਸ ਤੱਕ ਮਾਰਚ ਕਰਦਿਆਂ ਐਸ ਡੀ ਐਮ ਦਫ਼ਤਰ ਅੱਗੇ ਪਹੁੰਚ ਕੇ ਕੇਂਦਰ ਦੀ ਮੋਦੀ ਅਤੇ ਭਗਵੰਤ ਮਾਨ ਸਰਕਾਰ ਵੱਲੋਂ ਰਾਹਤ ਮੁਆਵਜ਼ੇ 'ਚ ਬੇਜ਼ਮੀਨੇ ਮਜ਼ਦੂਰਾਂ ਨੂੰ ਅਣਗੌਲਿਆਂ ਕਰਨ ਖ਼ਿਲਾਫ਼ ਜ਼ਬਰਦਸਤ ਪ੍ਰਦਰਸ਼ਨ ਕਰਦਿਆਂ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਦਫ਼ਤਰ ਅੱਗੇ ਮੁਜ਼ਾਹਰਾ ਕੀਤਾ ਗਿਆ। ਇਸ ਮੌਕੇ ਮਜ਼ਦੂਰਾਂ ਦੇ ਇੱਕਠ ਨੂੰ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਨਿਰਮਲ ਸਿੰਘ ਸ਼ੇਰਪੁਰ ਸੱਧਾ, ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਜਵਾਲਾਪੁਰ, ਦਿਹਾਤੀ ਮਜ਼ਦੂਰ ਸਭਾ ਦੇ ਹਰਬੰਸ ਮੱਟੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਹੜ੍ਹਾਂ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਜ਼ਿੰਮੇਵਾਰ ਹਨ, ਕਿਉਂਕਿ ਮਾਹਰਾਂ ਨੇ ਪਹਿਲਾਂ ਹੀ ਭਾਰੀ ਬਾਰਸ਼ਾਂ ਦੀ ਪੇਸ਼ਨਗੋਈ ਦੇ ਨਾਲ ਹੜ੍ਹਾਂ ਦੀ ਸੰਭਾਵਨਾ ਜਤਾਈ ਸੀ। ਉਹਨਾਂ ਕਿਹਾ ਕਿ ਪੰਜਾਬ ਅਤੇ ਹੋਰਨਾਂ ਰਾਜਾਂ ਵਿੱਚ ਭਾਰੀ ਵਰਖਾ ਤੇ ਹੜ੍ਹਾਂ ਕਾਰਨ ਵੱਡੇ ਪੱਧਰ 'ਤੇ ਇਨਸਾਨੀ ਮੌਤਾਂ ਤੋਂ ਇਲਾਵਾ ਘਰਾਂ, ਪਸ਼ੂਆਂ, ਅਨਾਜ, ਫਸਲਾਂ 'ਤੇ ਜ਼ਮੀਨਾਂ ਦੀ ਵਿਆਪਕ ਬਰਬਾਦੀ ਹੋਈ ਹੈ। ਇਸ ਨੂੰ ਕੌਮੀ ਆਫ਼ਤ ਐਲਾਨ ਕੇ ਕੌਮੀ ਆਫ਼ਤ ਫੰਡ ਜਾਰੀ ਕਰਕੇ ਰਾਹਤ ਕਾਰਜਾਂ ਨੂੰ ਫੌਰੀ ਅੱਗੇ ਵਧਾਇਆ ਜਾਵੇ। ਹੜ੍ਹਾਂ ਕਾਰਨ ਹੋਈਆਂ ਇਨਸਾਨੀ ਮੌਤਾਂ ਲਈ ਘੱਟੋ-ਘੱਟ 25 ਲੱਖ ਰੁਪਏ, ਮਜ਼ਦੂਰਾਂ ਦੇ ਤਬਾਹ ਹੋਏ ਘਰਾਂ ਲਈ 15 ਲੱਖ ਰੁਪਏ, ਬਾਲੇ ਗਾਡਰਾਂ ਵਾਲੀਆਂ ਛੱਤਾਂ ਬਦਲਣ ਲਈ 5 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇ।ਰੋਸ ਪ੍ਰਦਰਸ਼ਨ ਮੌਕੇ ਹੋਰਨਾਂ ਤੋਂ ਇਲਾਵਾ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਆਗੂ ਕਸ਼ਮੀਰਾ ਸਿੰਘ ਭੰਡਾਲ ਦੋਨਾ, ਗੁਰਦੀਪ ਸਿੰਘ ਨਬੀਪੁਰ, ਮਾਸਟਰ ਕਰਮ ਸਿੰਘ, ਕੁਲਦੀਪ ਕੌਰ ਉੱਚਾ ਬੋਹੜਵਾਲਾ, ਬਿੰਦਰ ਰਾਮਪੁਰ ਜਗੀਰ, ਸੁਮਨਦੀਪ ਕੌਰ ਤਲਵੰਡੀ ਚੌਧਰੀਆਂ, ਛਿੰਦੋ ਕਮਾਲਪੁਰ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਹਰਮੇਲ ਸਿੰਘ ਆਦਿ ਵੱਡੀ ਗਿਣਤੀ ਵਿੱਚ ਮਜ਼ਦੂਰ ਔਰਤਾਂ ਵੱਲੋਂ ਸ਼ਮੂਲੀਅਤ ਕੀਤੀ ਗਈ।



# ਬਾਬਾ ਗੁੱਗਾ ਜ਼ਾਹਰ ਪੀਰ ਦਾ ਸਲਾਨਾ ਮੇਲਾ 28 ਨੂੰ

**ਕਾਲਾ ਸੰਘਿਆਂ (ਮਨਜੀਤ ਮਾਨ)**- ਸਥਾਨਕ ਕਸਬਾ ਕਾਲਾ ਸੰਘਿਆਂ ਦੇ ਮੁਹੱਲਾ ਮੋਤੀ ਨਗਰ ਵਿਖੇ ਧੰਨ ਧੰਨ ਬਾਬਾ ਗੁੱਗਾ ਜਾਹਰ ਪੀਰ ਚੋਹਾਨ ਤੱਖੀ ਨਾਗ ਜੀ ਦਾ ਸਲਾਨਾ ਮੇਲਾ ਮਿਤੀ 28 ਸਤੰਬਰ ਦਿਨ ਐਤਵਾਰ ਨੂੰ ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਬਲਵੀਰ ਸਿੰਘ ਉਰਫ਼ ਬੀਰਾ ਬਾਬਾ ਦੀ ਰਹਿਨੁਮਾਈ ਹੇਠ ਪਿੰਡ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਬਾਬਾ ਬੀਰਾ ਨੇ ਹੋਰ ਦੱਸਿਆ ਕਿ 28 ਸਤੰਬਰ ਨੂੰ ਸਵੇਰੇ 10 ਵਜੇ ਝੰਡੇ ਦੀ ਰਸਮ ਹੋਵੇਗੀ ਤੇ ਸਵੇਰੇ 11 ਵਜੇ ਬਾਬਾ ਗੁੱਗਾ ਜਾਹਰ ਪੀਰ ਜੀ ਦੇ ਸੋਹਲੇ ਗਾਏ ਜਾਣਗੇ। ਇਸ ਤੋਂ ਉਪਰੰਤ ਮਹਾਨ ਸਤਿਸੰਗ ਦੌਰਾਨ ਸ਼੍ਰੋਮਣੀ ਪੰਥਕ ਕੀਰਤਨੀਏ ਭਾਈ ਗੌਰਵਮੀਤ ਪਰਜੀਆ ਵਾਲੇ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਨਗੇ।



# ਹੁਸ਼ਿਆਰਪੁਰ-ਧਰਮਸ਼ਾਲਾ ਰਾਸ਼ਟਰੀ ਮਾਰਗ 'ਤੇ ਮਿਲੀ ਨੌਜਵਾਨ ਦੀ ਲਾਸ਼

## ਪਰਵਾਰਿਕ ਮੈਂਬਰਾਂ ਨੇ ਕਤਲ ਦਾ ਪ੍ਰਗਟਾਇਆ ਖਦਸ਼ਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਹੁਸ਼ਿਆਰਪੁਰ ਧਰਮਸ਼ਾਲਾ ਰਾਸ਼ਟਰੀ ਮਾਰਗ ਤੇ ਪਿੰਡ ਦੇ ਪਿੰਡ ਚੌਹਾਲ ਨਜ਼ਦੀਕ ਇੱਕ ਨੌਜਵਾਨ ਦੀ ਸੜਕ ਨਜ਼ਦੀਕ ਗੰਦੇ ਪਾਣੀ ਦੇ ਨਾਲ਼ੇ ਵਿੱਚੋਂ ਲਾਸ਼ ਮਿਲਣ ਦੀ ਖਬਰ ਮਿਲੀ ਹੈ। ਇਸ ਸੰਬੰਧੀ ਖਬਰ ਮਿਲਦਿਆਂ ਸਾਰ ਥਾਣਾ ਸਦਰ ਦੇ ਪੁਲਿਸ ਅਧਿਕਾਰੀ ਮੌਕੇ ਤੇ ਪਹੁੰਚ ਗਏ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ । ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਪੋਸਟ ਮਾਰਟਮ ਕਰਵਾਉਣ ਆਏ ਮ੍ਰਿਤਕ ਨੌਜਵਾਨ ਦੇ ਵੱਡੇ ਭਰਾ ਸੰਦੀਪ ਕੁਮਾਰ ਵਾਸੀ ਮੁਹੱਲਾ ਰਵਿਦਾਸ ਨਗਰ ਪਿੰਡ ਚੌਹਾਲ ਨੇ ਦੱਸਿਆ ਕਿ ਉਸ ਦਾ ਭਰਾ ਸੁਖਵਿੰਦਰ ਕੁਮਾਰ 29 ਸਾਲ, ਜੋ ਅਜੇ ਅਣ ਵਿਆਹਿਆ ਸੀ ਅਤੇ ਦਿਹਾੜੀਦਾਰੀ ਦਾ ਕੰਮ ਕਰਦਾ ਸੀ , 9 ਸਤੰਬਰ ਤੋਂ ਘਰੋਂ ਲਾਪਤਾ ਸੀ ਉਸ ਦੀ ਰਿਸ਼ਤੇਦਾਰੀ ਅਤੇ ਇਲਾਕੇ ਵਿੱਚ ਭਾਲ ਕਰਨ ਉਪਰੰਤ ਉਸ ਦਾ ਕੁਝ ਪਤਾ ਨਹੀਂ ਲੱਗਿਆ ਜਿਸ ਉਪਰੰਤ ਉਸਦੀ ਗੁੰਮਸ਼ੁਦਗੀ ਦੀ ਸੂਚਨਾ ਥਾਣਾ ਸਦਰ ਹੁਸ਼ਿਆਰਪੁਰ ਵਿੱਚ ਦਰਜ ਕਰਵਾ ਦਿੱਤੀ ਗਈ । ਸੰਦੀਪ ਕੁਮਾਰ ਨੇ ਦੱਸਿਆ ਕਿ ਉਹਨਾਂ ਨੂੰ ਖਬਰ ਮਿਲੀ ਕਿ ਇੱਕ ਨੌਜਵਾਨ ਦੀ ਲਾਸ਼ ਚੌਹਾਲ ਪਿੰਡ ਨਜ਼ਦੀਕ ਇੱਕ ਨਿੱਜੀ ਫੈਕਟਰੀ ਦੇ ਬਾਹਰ ਸੜਕ ਕਿਨਾਰੇ ਗੰਦੇ ਨਾਲ਼ੇ ਵਿੱਚ ਪਈ ਹੈ ਜਦੋਂ ਉਹ ਮੌਕੇ ਤੇ ਪੁੱਜੇ ਤਾਂ ਉਕਤ ਲਾਸ਼ ਉਸਦੇ ਭਰਾ ਸੁਖਵਿੰਦਰ ਕੁਮਾਰ ਦੀ ਪਾਈ ਗਈ, ਬਹੁਤ ਬੁਰੀ ਤਰ੍ਹਾਂ ਗਲੀ ਸੜੀ ਹੋਈ ਸੀ । ਉਸ ਦੇ ਸਰੀਰ ਤੇ ਸੱਟਾਂ ਦੇ ਨਿਸ਼ਾਨ ਸਨ ਜਿਸ ਤੋਂ ਸ਼ੱਕ ਪੈਂਦੀ ਹੈ ਕਿ ਉਸ ਦਾ ਕਿਸੇ ਵੱਲੋਂ ਸੱਟਾਂ ਮਾਰ ਕੇ ਕਤਲ ਕੀਤਾ ਗਿਆ ਲੱਗਦਾ ਹੈ। ਪਰਵਾਰਿਕ ਮੈਂਬਰਾਂ ਨੇ ਥਾਣਾ ਸਦਰ ਹੁਸ਼ਿਆਰਪੁਰ ਦੀ ਪੁਲਿਸ ਪਾਸੋਂ ਮੰਗ ਕੀਤੀ ਕਿ ਮਾਮਲੇ ਦੀ ਜਾਂਚ ਕਰਕੇ ਉਸ ਦੇ ਕਤਲ ਜ਼ਿੰਮੇਵਾਰ ਅਨਸਰਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ । ਇਸ ਮਾਮਲੇ ਵਿੱਚ ਜਾਂਚ ਅਫਸਰ ਦਾ ਕਹਿਣਾ ਹੈ ਕਿ ਮ੍ਰਿਤਕ ਨੌਜਵਾਨ ਦੀ ਲਾਸ਼ ਦੋ ਦਿਨ ਪੁਰਾਣੀ ਗੰਦੇ ਪਾਣੀ ਵਿੱਚ ਪਈ ਰਹਿਣ ਕਾਰਣ ਬੁਰੀ ਤਰ੍ਹਾਂ ਗਲੀ ਸੜੀ ਹੋਈ ਹੈ, ਕਤਲ ਦੀ ਸੰਭਾਵਨਾ ਬਾਰੇ ਪੁੱਛੇ ਜਾਣ ਤੇ ਉਹਨਾਂ ਕਿਹਾ ਕਿ ਹੋ ਸਕਦਾ ਹੈ ਕਿ ਸੜਕ ਦੁਰਘਟਨਾ ਵਿੱਚ ਨੌਜਵਾਨ ਦੀ ਮੌਤ ਹੋਈ ਹੋਵੇ ਪਰ ਫਿਲਹਾਲ 174 ਦੀ ਕਾਰਵਾਈ ਕੀਤੀ ਗਈ ਹੈ ਪੋਸਟਮਾਰਟਮ ਦੀ ਰਿਪੋਰਟ ਉਪਰੰਤ ਹੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ।



# ਆਦਮਪੁਰ 'ਚ ਆਪ ਤੇ ਕਾਂਗਰਸ ਵਿਚਕਾਰ ਚੱਲ ਰਹੀ ਕ੍ਰੈਡਿਟ ਵਾਰ : ਧਰਮਪਾਲ ਲੇਸੜੀਵਾਲ

**ਆਦਮਪੁਰ (ਧਰਮਜੀਤ ਸਿੰਘ)**- ਸ਼੍ਰੋਮਣੀ ਅਕਾਲੀ ਦਲ ਬਾਦਲ ਪ੍ਰਧਾਨ ਐਸ ਸੀ ਵਿੰਗ ਜ਼ਿਲ੍ਹਾ ਜਲੰਧਰ ਦਿਹਾਤੀ ਹਲਕਾ ਆਦਮਪੁਰ ਧਰਮਪਾਲ ਲੇਸੜੀਵਾਲ ਨੇ ਇੱਕ ਲਿਖਤੀ ਪ੍ਰੈਸ ਬਿਆਨ ਵਿੱਚ ਕਿਹਾ ਕਿ ਆਦਮਪੁਰ ਵਿੱਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਵਿਚਕਾਰ ਕ੍ਰੈਡਿਟ ਵਾਰ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਹੜ੍ਹ ਪ੍ਰਭਾਵਤ ਦੌਰਾਨ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਪਵਨ ਕੁਮਾਰ ਟੀਨੂ ਵੱਲੋਂ ਸਰਕਾਰੀ ਅਮਲੇ ਨੂੰ ਨਾਲ ਲੈ ਕੇ ਕੁਝ ਲੋਕਾਂ ਨੂੰ ਮਾਲੀ ਸਹਾਇਤਾ ਦੇ ਚੈੱਕ ਦਿੱਤੇ ਗਏ ਤਾਂ ਉਨ੍ਹਾਂ ਦੇ ਨਾਲ ਹੀ ਆਦਮਪੁਰ ਤੋਂ ਕਾਂਗਰਸ ਦੇ ਹਲਕਾ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਨਗਰ ਕੌਂਸਲ ਦੇ ਵਿੱਚ ਆਏ ਪ੍ਰਧਾਨ ਮੰਤਰੀ ਅਵਾਸ ਯੋਜਨਾ ਦੇ ਚੈਕਾਂ ਨੂੰ ਆਧਾਰ ਬਣਾ ਕੇ ਖ਼ਬਰ ਲਗਵਾਈ ਕਿ 2.87 ਕਰੋੜ ਰੁਪਏ ਹਲਕਾ ਵਿਧਾਇਕ ਵੱਲੋਂ ਕੱਚੇ ਮਕਾਨ ਬਣਾਉਣ ਲਈ ਦਿੱਤੇ ਗਏ। ਇੱਥੇ ਹੀ ਬੱਸ ਨਹੀਂ ਹੁਣ ਕੱਲ੍ਹ ਤੋਂ ਇੱਕ ਗੱਲ ਹੋਰ ਸਾਹਮਣੇ ਆਈ ਹੈ ਕਿ ਆਦਮਪੁਰ ਦੇ ਹਸਪਤਾਲ ਤੋਂ ਲੈ ਕੇ ਰੇਲਵੇ ਸਟੇਸ਼ਨ ਆਦਮਪੁਰ ਤੱਕ ਸਿਰਫ 500 ਕੁ ਮੀਟਰ ਦਾ ਜਿਹੜਾ ਟੋਟਾ ਸੜਕ ਦਾ ਉਹਦਾ ਪਹਿਲਾਂ ਨਗਰ ਕੌਂਸਲ ਦੇ ਪ੍ਰਧਾਨ ਦਰਸ਼ਨ ਸਿੰਘ ਕਰਵਲ ਉਦਘਾਟਨ ਕਰਦੇ ਹਨ ਅਤੇ ਕਹਿੰਦੇ ਕਿ ਮੈਂ ਇਹ ਰੋਡ ਬਣਾਉਣ ਦੇ ਵਿੱਚ ਕਾਮਯਾਬ ਹੋਇਆ ਹਾਂ ਅਤੇ ਦੂਜੇ ਦਿਨ ਹੀ ਆਮ ਆਦਮੀ ਪਾਰਟੀ ਦੇ ਕੌਂਸਲਰ ਦਾਅਵਾ ਕਰਦੇ ਹਨ ਕਿ ਇਹ ਹਲਕਾ ਪ੍ਰਧਾਨ ਨੇ ਸੜਕ ਨਹੀਂ ਬਣਾਈ। ਇਹ ਸਾਡੀ ਸਰਕਾਰ ਬਣਾ ਰਹੀ ਹੈ। ਇਹ ਸਾਰੇ ਘਟਨਾਕ੍ਰਮ ਤੋਂ ਸਾਬਤ ਹੁੰਦਾ ਹੈ ਕਿ ਆਦਮਪੁਰ 'ਚ ਲੋਕਾਂ ਦੇ ਹਿੱਤਾਂ, ਲੋਕਾਂ ਦੀ ਭਲਾਈ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਪਰੇ ਰੱਖ ਕੇ ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਵਿਚਕਾਰ ਕ੍ਰੈਡਿਟ ਵਾਰ ਚੱਲਣ ਲੱਗੀ ਹੈ। ਮੇਰੀ ਅਪੀਲ ਬੇਨਤੀ ਹੈ ਕਿ ਹਲਕਾ ਇੰਚਾਰਜ ਸਾਹਿਬ ਨੂੰ ਵੀ ਤੇ ਹਲਕਾ ਵਿਧਾਇਕ ਸਾਹਿਬ ਨੂੰ ਵੀ ਕਿ ਆਪਾਂ ਛੋਟੀ ਕ੍ਰੈਡਿਟ ਵਾਰ ਤੋਂ ਉੱਤੇ ਉੱਠ ਕੇ ਹਲਕੇ ਦੇ ਵਿਕਾਸ ਦੀ ਗੱਲ ਕਰੀਏ।

# ਡਿੱਗੇ ਘਰਾਂ ਲਈ ਸਰਕਾਰੀ ਮੁਆਵਜ਼ੇ ਦਾ ਐਲਾਨ ਮਜ਼ਦੂਰ ਸੰਘਰਸ਼ ਦੀ ਅੰਸ਼ਕ ਜਿੱਤ



**ਸ਼ਾਹਕੋਟ (ਗਿਆਨ ਸੈਦਪੁਰੀ)** ਪੰਜਾਬ ਸਰਕਾਰ ਵੱਲੋਂ ਬਾਰਿਸ਼ਾਂ ਅਤੇ ਹੜ੍ਹਾਂ ਨਾਲ ਡਿੱਗੇ ਅਤੇ ਨੁਕਸਾਨੇ ਘਰਾਂ ਲਈ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਐਲਾਨ ਨੂੰ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਸੰਘਰਸ਼ ਦੀ ਅੰਸ਼ਕ ਜਿੱਤ ਦੱਸਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨੇ ਹੰਸ ਪੱਬਵਾ ਅਤੇ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਲਸੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਮਜ਼ਦੂਰਾਂ ਵਲੋਂ ਦੋ ਦਿਨਾਂ ਦੇ ਪੰਜਾਬ ਭਰ 'ਚ ਡਿਪਟੀ ਕਮਿਸ਼ਨਰਾਂ ਅਤੇ ਐਸ ਡੀ ਐਮ ਦਫ਼ਤਰਾਂ ਅੱਗੇ ਕੀਤੇ ਪ੍ਰਦਰਸ਼ਨ ਦੇ ਪ੍ਰਭਾਵ ਕਾਰਨ ਮਜ਼ਦੂਰ ਵਰਗ ਦੇ ਘਰ ਜੋ ਭਾਰੀ ਮੀਂਹ ਅਤੇ ਹੜ ਕਾਰਨ ਕਾਰਨ ਡਿੱਗ ਕੇ ਨੁਕਸਾਨੇ ਗਏ ਹਨ ਉਨ੍ਹਾਂ ਨੂੰ ਇਕ ਲੱਖ ਵੀਹ ਹਜ਼ਾਰ ਰੁਪਏ ਅਤੇ ਨੁਕਸਾਨੇ ਗਏ ਘਰਾਂ ਨੂੰ 40 ਹਜਾਰ ਰੁਪਿਆ ਮੁਆਵਜ਼ਾ ਦੇਣ ਦਾ ਐਲਾਨ ਕਰਨਾ ਪਿਆ। ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਦੇ ਗੁਰਬਖਸ਼ ਕੌਰ ਸਾਦਿਕਪੁਰ,ਯੂਥ ਵਿੰਗ ਦੇ ਆਗੂ ਗੁਰਚਰਨ ਅਟਵਾਲ,ਨੌਜਵਾਨ ਭਾਰਤ ਸਭਾ ਦੇ ਆਗੂ ਸੋਨੂੰ ਲੋਹੀਆਂ, ਗੁਰਮੀਤ ਸਿੰਘ, ਆਦਿ ਨੇ ਸੰਬੋਧਨ ਕੀਤਾ।

# ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਹੜ੍ਹ ਪੀੜਤਾਂ ਲਈ 1 ਲੱਖ ਰੁਪਏ ਦਾ ਯੋਗਦਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਨੇ ਅੱਜ ਮੁੱਖ ਮੰਤਰੀ ਰਾਹਤ ਫੰਡ ਲਈ 1 ਲੱਖ ਰੁਪਏ ਦਾ ਚੈੱਕ ਭੇਟ ਕਰਕੇ ਮਾਨਵਤਾਵਾਦੀ ਸਹਿਯੋਗ ਦੀ ਇਕ ਉਦਾਹਰਨ ਪੇਸ਼ ਕੀਤੀ। ਇਹ ਚੈੱਕ ਸਹਾਇਕ ਕਮਿਸ਼ਨਰ ਓਇਸ਼ੀ ਮੰਡਲ ਨੂੰ ਸੌਂਪਿਆ ਗਿਆ।ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਕੁਲਵਰਨ ਸਿੰਘ, ਸਰਪ੍ਰਸਤ ਕਿਰਪਾਲ ਸਿੰਘ, ਉਪ ਪ੍ਰਧਾਨ ਸੂਰਜ ਪ੍ਰਕਾਸ਼ ਆਨੰਦ,ਜਨਰਲ ਸਕੱਤਰ ਮਨਜੀਤ ਸਿੰਘ ਸੈਣੀ, ਪ੍ਰੈੱਸ ਸਕੱਤਰ ਬਲਵੀਰ ਸਿੰਘ ਸੈਣੀ, ਸ਼ਮਸ਼ੇਰ ਸਿੰਘ ਧਾਮੀ, ਅਜੀਤ ਸਿੰਘ ਗੁਰਾਇਆ, ਦਲਬੀਰ ਸਿੰਘ ਭੁੱਲਰ, ਗਿਆਨ ਸਿੰਘ ਗੁਪਤਾ, ਮਲਕੀਤ ਸਿੰਘ, ਸਰੂਪ ਚੰਦ, ਸੁਦੇਸ਼ ਚੰਦਰ, ਓਮ ਸਟਿਆਣਾ, ਮਹਿੰਦਰ ਸਿੰਘ ਹੀਰ, ਗੁਰਚਰਨ ਸਿੰਘ, ਪਦੁਮਣ ਸਿੰਘ, ਡਾ: ਸੁਖਦੇਵ ਸਿੰਘ ਢਿੱਲੋਂ, ਮਹਿੰਦਰ ਕੁਮਾਰ ਅਤੇ ਨਿਰੰਜਣ ਪਠਾਨੀਆ ਵੀ ਮੌਜੂਦ ਸਨ।ਸਹਾਇਕ ਕਮਿਸ਼ਨਰ ਓਇਸ਼ੀ ਮੰਡਲ ਨੇ ਇਸ ਨੇਕ ਕਾਰਜ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਨੇ ਔਖੇ ਸਮੇਂ ਵਿਚ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਈ ਹੈ। ਉਨ੍ਹਾਂ ਕਿਹਾ ਕਿ ਹੜ੍ਹ ਪੀੜਤਾਂ ਦੀ ਮਦਦ ਲਈ ਦਿੱਤਾ ਗਿਆ ਇਹ ਯੋਗਦਾਨ ਪ੍ਰਭਾਵਤ ਪਰਵਾਰਾਂ ਨੂੰ ਰਾਹਤ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ।ਉਨ੍ਹਾਂ ਐਸੋਸੀਏਸ਼ਨ ਦੇ ਅਧਿਕਾਰੀਆਂ ਅਤੇ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦਾ ਸਹਿਯੋਗ ਹੋਰ ਸੰਸਥਾਵਾਂ ਅਤੇ ਨਾਗਰਿਕਾਂ ਨੂੰ ਵੀ ਪ੍ਰੇਰਿਤ ਕਰੇਗਾ। ਉਨ੍ਹਾਂ ਜ਼ਿਲ੍ਹੇ ਦੀਆਂ ਵੱਖ-ਵੱਖ ਸੰਸਥਾਵਾਂ, ਸਮਾਜ ਸੇਵੀਆਂ ਅਤੇ ਆਮ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਅੱਗੇ ਆ ਕੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਵਿੱਤੀ ਜਾਂ ਕਿਸੇ ਹੋਰ ਤਰੀਕੇ ਨਾਲ ਮਦਦ ਕਰਨ।



# ਪੁੱਡਾ ਨਿਵਾਸੀਆਂ ਦੇ ਵਿਰੋਧ ਦੇ ਬਾਵਜੂਦ ਕਥਿਤ ਮਿਲੀਭੁਗਤ ਨਾਲ ਨਜਾਇਜ਼ ਉਸਾਰੀ ਮੁੜ ਸ਼ੁਰੂ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਬੇਬੇ ਨਾਨਕੀ ਅਰਬਨ ਅਸਟੇਟ ਸੁਲਤਾਨਪੁਰ ਲੋਧੀ ਦੇ ਨਿਵਾਸੀਆਂ ਦੇ ਜ਼ੋਰਦਾਰ ਵਿਰੋਧ ਦੇ ਬਾਵਜੂਦ ਮਾਛੀਜੋਆ ਰੋਡ 'ਤੇ ਕੀਤੀ ਜਾ ਰਹੀ ਕਥਿਤ ਨਜਾਇਜ਼ ਉਸਾਰੀ ਮੁੜ ਸ਼ੁਰੂ ਹੋ ਗਈ ਹੈ। ਇਸ ਮੌਕੇ ਪੁੱਡਾ ਨਿਵਾਸੀਆਂ ਮਾਸਟਰ ਪ੍ਰਧਾਨ ਸੁਖਚੈਨ ਸਿੰਘ ਬੱਧਣ, ਮਾਸਟਰ ਰਕੇਸ਼ ਕੁਮਾਰ, ਜਗੀਰ ਸਿੰਘ, ਰਵਿੰਦਰ ਘੁੰਮਣ, ਹੰਸਰਾਜ ਅਤੇ ਬੰਟੀ ਨੇ ਦੱਸਿਆ ਕਿ ਅਸੀਂ ਆਪਣੇ ਮਕਾਨ ਪੁੱਡਾ ਅਥਾਰਟੀ ਦੀ ਸ਼ਰਤ ਮੁਤਾਬਕ ਇੱਕ ਹੀ ਲੈਵਲ ਚੋਂ ਬਣਾਏ ਹਨ ਜਦਕਿ ਇਸ ਦੇ ਦੂਜੇ ਪਾਸੇ ਬਾਊਂਡਰੀ ਉੱਪਰ ਕੁਝ ਵਿਅਕਤੀਆਂ ਵੱਲੋਂ ਜੋ ਉਸਾਰੀ ਕੀਤੀ ਜਾ ਰਹੀ ਹੈ ਉਸ ਦਾ ਲੈਵਲ ਬਹੁਤ ਉੱਚਾ ਹੈ। ਇਸ ਦਾ ਸਾਰਾ ਪਾਣੀ ਸਾਡੇ ਮਕਾਨਾਂ ਵੱਲ ਆਵੇਗਾ ਅਤੇ ਗੰਦਗੀ ਪੈਦਾ ਕਰੇਗਾ। ਉਨ੍ਹਾਂ ਨੇ ਦੱਸਿਆ ਕਿ ਪੁੱਡਾ ਅਥਾਰਟੀ ਦੇ ਉੱਚ ਅਧਿਕਾਰੀਆਂ ਨੂੰ ਇਸ ਸਬੰਧੀ ਸੂਚਿਤ ਕਰ ਦਿੱਤਾ ਗਿਆ ਹੈ। ਇਸ ਮੌਕੇ ਉਨ੍ਹਾਂ ਨੇ ਮੰਗ ਕੀਤੀ ਤੇ ਪੁੱਡਾ ਅਥਾਰਟੀ ਇਸ ਦਾ ਤੁਰੰਤ ਨੋਟਿਸ ਲਵੇ ਅਤੇ ਇਹ ਦੇਖੇ ਕਿ ਇਸ ਉਸਾਰੀ ਲਈ ਉਨ੍ਹਾਂ ਕਿਸ ਤੋਂ ਮਨਜ਼ੂਰੀ ਲਈ ਹੈ। ਪਤਾ ਲੱਗਾ ਹੈ ਨਿਰਮਾਣ ਕਰ ਰਹੇ ਵਿਅਕਤੀਆਂ ਵਲੋਂ ਮੌਕੇ 'ਤੇ ਲੱਗੇ ਕੁਝ ਰੁੱਖਾਂ ਨੂੰ ਕਥਿਤ ਤੌਰ 'ਤੇ ਵੱਡ ਦਿੱਤਾ ਗਿਆ ਹੈ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਸਰਕਾਰੀ ਪੁੱਡਾ ਕਲੋਨੀ ਦੇ ਬਿਲਕੁਲ ਸਾਹਮਣੇ ਨਿੱਜੀ ਮਲਕੀਅਤ ਵਾਲੇ ਪਲਾਟਾਂ ਦਾ ਪੱਧਰ ਉੱਚਾ ਚੁੱਕਿਆ ਜਾ ਰਿਹਾ ਹੈ। ਪੁੱਡਾ ਕਲੋਨੀ ਨਿਵਾਸੀਆਂ ਨੇ ਦੱਸਿਆ ਕਿ ਬੀਤੇ ਦਿਨ ਵਿਰੋਧ ਕਰਨ ਦੇ ਬਾਵਜੂਦ ਉਸਾਰੀ ਦਾ ਕੰਮ ਰੋਕਿਆ ਸੀ ਪਰ ਮੁੜ ਉਕਤ ਜ਼ਮੀਨ ਦੇ ਮਾਲਕ ਵੱਲੋਂ ਕਥਿਤ ਅਧਿਕਾਰੀਆਂ ਨਾਲ ਮਿਲੀਭੁਗਤ ਕਰਕੇ ਉਸਾਰੀ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ ਜੋ ਕਿ ਨਿਯਮ ਦੇ ਉਲਟ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਸਬੰਧੀ ਜਲਦ ਹੀ ਡਿਪਟੀ ਕਮਿਸ਼ਨਰ ਕਪੂਰਥਲਾ ਦੇ ਧਿਆਨ ਵਿੱਚ ਲਿਆਵਾਂਗੇ। ਜਾਣਕਾਰੀ ਅਨੁਸਾਰ ਮਨਮਰਜ਼ੀ ਨਾਲ ਉਸਾਰੀ ਕਰ ਰਹੇ ਕੁਝ ਵਿਅਕਤੀਆਂ ਕਾਰਨ ਪੁੱਡਾ ਕਲੋਨੀ ਦਾ ਗਰਾਊਂਡ ਲੈਵਲ ਨਿੱਜੀ ਪਲਾਟਾਂ ਨਾਲੋਂ ਨੀਵਾਂ ਹੋ ਰਿਹਾ ਹੈ। ਇਸ ਮੌਕੇ ਪੁੱਡਾ ਨਿਵਾਸੀਆਂ ਨੇ ਦੋਸ਼ ਲਾਇਆ ਕਿ ਬੇਬੇ ਨਾਨਕੀ ਅਰਬਨ ਸਟੇਟ ਦੇ ਆਲੇ ਦੁਆਲੇ ਨਜਾਇਜ਼ ਉਸਾਰੀਆਂ ਹੋ ਰਹੀਆਂ ਹਨ ਜਦਕਿ ਪ੍ਰਸ਼ਾਸਨ ਇਸ ਸੰਬੰਧੀ ਬੇਖ਼ਬਰ ਹੈ। ਉਹਨਾਂ ਕਿਹਾ ਕਿ ਜੇਕਰ ਪੁੱਡਾ ਅਥਾਰਟੀ ਅਤੇ ਪ੍ਰਸ਼ਾਸਨ ਅਧਿਕਾਰੀਆਂ ਨੇ ਕੋਈ ਵੀ ਕਾਰਵਾਈ ਨਾ ਕੀਤੀ ਤਾਂ ਸਮੁੱਚੇ ਕਲੋਨੀ ਨਿਵਾਸੀ ਜ਼ੋਰਦਾਰ ਰੋਸ ਪ੍ਰਗਟ ਕਰਨਗੇ। ਉਧਰ ਜਦੋਂ ਇਸ ਸਬੰਧੀ ਐਸ ਡੀ ਐਮ ਸੁਲਤਾਨਪੁਰ ਲੋਧੀ ਮੈਡਮ ਅਲਕਾ ਕਾਲੀਆ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਨਜਾਇਜ਼ ਉਸਾਰੀ ਦਾ ਕੰਮ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ। ਇਸ ਸਬੰਧੀ ਏ ਡੀ ਸੀ ਜਨਰਲ ਨਾਲ ਗੱਲ ਕੀਤੀ ਜਾਵੇ। ਇਸ ਮੌਕੇ ਪੁੱਡਾ ਅਥਾਰਟੀ ਦੇ ਜੇ ਈ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਕਤ ਪਾਰਟੀ ਨੂੰ 30 ਦਿਨਾਂ ਦਾ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ।



# ਘਰੇਲੂ ਹਿੰਸਾ ਐਕਟ ਬਾਰੇ ਜਾਗਰੂਕਤਾ ਪ੍ਰੋਗਰਾਮ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ਼ ਲਾਅ ਵੱਲੋਂ 'ਘਰੇਲੂ ਹਿੰਸਾ ਤੋਂ ਔਰਤਾਂ ਦੀ ਸੁਰੱਖਿਆ ਐਕਟ, 2005' ਬਾਰੇ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ 'ਤੇ ਸੁਰਭੀ ਪਰਾਸ਼ਰ, ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ, ਮੁੱਖ ਸਰੋਤ ਵਿਅਕਤੀ ਰਹੇ।ਆਪਣੇ ਗਿਆਨਵਰਧਕ ਸੰਬੋਧਨ ਦੌਰਾਨ, ਸੁਰਭੀ ਪਰਾਸ਼ਰ ਨੇ ਘਰੇਲੂ ਹਿੰਸਾ ਦੇ ਵੱਖ-ਵੱਖ ਰੂਪਾਂ-ਸਰੀਰਕ, ਮਾਨਸਿਕ, ਜਿਨਸੀ ਅਤੇ ਆਰਥਿਕ ਸ਼ੋਸ਼ਣ 'ਤੇ ਚਾਨਣ ਪਾਇਆ। ਉਹਨਾਂ ਨੇ ਮੁਫ਼ਤ ਕਾਨੂੰਨੀ ਸੇਵਾਵਾਂ, ਰਾਸ਼ਟਰੀ ਲੋਕ ਅਦਾਲਤਾਂ ਅਤੇ ਰਾਸ਼ਟਰ ਲਈ ਮਿਸ਼ਨ ਵਿਚੋਲਗੀ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਸੁਰਭੀ ਪਰਾਸ਼ਰ ਨੇ ਇਹ ਵੀ ਰੋਸ਼ਨੀ ਪਾਈ ਕਿ ਅਜਿਹੀਆਂ ਪਹਿਲਕਦਮੀਆਂ ਨਾ ਸਿਰਫ਼ ਲੋਕਾਂ ਨੂੰ ਸਮਾਜਿਕ ਤਬਦੀਲੀ ਵੱਲ ਉਤਸ਼ਾਹਿਤ ਕਰਦੀਆਂ ਹਨ, ਸਗੋਂ ਬਚੇ ਹੋਏ ਲੋਕਾਂ ਨੂੰ ਉਨ੍ਹਾਂ ਲਈ ਉਪਲਬਧ ਸਹਾਇਤਾ ਅਤੇ ਸਰੋਤਾਂ ਬਾਰੇ ਜਾਣਕਾਰੀ ਵੀ ਦਿੰਦੀਆਂ ਹਨ। ਪ੍ਰੋਗਰਾਮ ਦੀ ਸ਼ੁਰੂਆਤ ਦੀਪ ਪ੍ਰਜਵਲਿਤ ਕਰਕੇ ਕੀਤੀ ਗਈ। ਇਸ ਸਮਾਗਮ ਵਿੱਚ ਡਾ. ਧਰਮਿੰਦਰ ਪਟਿਆਲ (ਡੀਨ, ਯੂਨੀਵਰਸਿਟੀ ਸਕੂਲ ਆਫ਼ ਲਾਅ), ਡਾ. ਨੀਨਾ (ਡੀਨ ਅਕਾਦਮਿਕਸ, ਡੈਂਟਲ ਸਾਇੰਸਜ਼), ਵਿਸ਼ੇਸ਼ ਪ੍ਰੋਫੈਸਰ ਮੰਗਲ ਸਿੰਘ ਬੈਂਸ ਅਤੇ ਡਾ. ਸਵਪਨਪ੍ਰੀਤ ਕੌਰ (ਵਿਭਾਗ ਮੁਖੀ, ਯੂਨੀਵਰਸਿਟੀ ਸਕੂਲ ਆਫ਼ ਲਾਅ) ਸਮੇਤ ਕਈ ਪਤਵੰਤੇ ਮੌਜੂਦ ਸਨ।



# ਹੜ੍ਹਾਂ ਨਾਲ ਹੋਏ ਨੁਕਸਾਨ ਦੀ 100 ਫੀਸਦੀ ਭਰਪਾਈ ਕੀਤੀ ਜਾਵੇ : ਆਗੂ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ਼ਨੀਵਾਰ ਟੈਕਨੀਕਲ ਸਰਵਿਸ ਯੂਨੀਅਨ ਪੰਜਾਬ ਰਾਜ ਬਿਜਲੀ ਬੋਰਡ ਸੂਬਾ ਕਮੇਟੀ ਦੇ ਸੱਦੇ 'ਤੇ ਮੰਡਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਮੀਟਿੰਗ ਕਰਕੇ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਦਿਆਂ ਮੰਗ ਕੀਤੀ ਕਿ ਹੜ੍ਹਾਂ ਨਾਲ ਵੱਡੇ ਪੱਧਰ 'ਤੇ ਹੋਏ ਨੁਕਸਾਨ ਦੀ 100 ਫੀਸਦੀ ਭਰਪਾਈ ਕੀਤੀ ਜਾਵੇ। ਰੈਲੀ ਨੂੰ ਸੰਬੋਧਨ ਕਰਦਿਆਂ ਵੱਖ—ਵੱਖ ਬੁਲਾਰਿਆਂ ਨੇ ਦੱਸਿਆ ਕਿ ਪੰਜਾਬ ਅੰਦਰ ਆਏ ਹੜ੍ਹਾਂ ਨਾਲ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਦੀ ਰੋਕਥਾਮ ਲਈ ਕੋਈ ਅਗਾਊਂ ਪ੍ਰਬੰਧ ਨਾ ਹੋਣ ਕਰਕੇ ਲੋਕਾਂ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ, ਜਿਸ ਲਈ ਸਰਕਾਰ ਅਤੇ ਸਰਕਾਰ ਦੇ ਪ੍ਰਬੰਧ ਜ਼ਿੰਮੇਵਾਰ ਹਨ। ਆਗੂਆਂ ਨੇ ਕਿਹਾ ਕਿ ਜੇਕਰ ਬਰਸਾਤ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਡੈਮਾਂ ਦੇ ਪਾਣੀ ਦਾ ਲੈਵਲ ਪਹਿਲਾਂ ਹੀ ਹੌਲੀ ਹੌਲੀ ਘਟਾਇਆ ਹੁੰਦਾ ਤਾਂ ਹੜ੍ਹਾਂ ਤੋਂ ਪੰਜਾਬ ਨੂੰ ਬਚਾਇਆ ਜਾ ਸਕਦਾ ਸੀ। ਸਰਕਾਰ ਵੱਲੋਂ ਕਈ ਦਹਾਕਿਆਂ ਤੋਂ ਬੰਨ੍ਹਾਂ ਦੀ ਮਜ਼ਬੂਤੀ ਵਾਸਤੇ ਕੋਈ ਠੋਸ ਉਪਰਾਲਾ ਨਹੀਂ ਕੀਤਾ ਗਿਆ, ਜਿਸ ਲਈ ਹੁਣ ਆਏ ਹੜ੍ਹਾਂ ਨਾਲ ਲੋਕਾਂ ਦੇ ਹੋਏ ਵੱਡੇ ਪੱਧਰ ਤੇ ਜਾਨੀ ਤੇ ਮਾਲੀ ਨੁਕਸਾਨ ਲਈ ਸਰਕਾਰ ਜ਼ਿੰਮੇਵਾਰ ਹੈ। ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਸਮੂਹ ਲੋਕਾਂ ਦੇ ਹੋਏ ਘਰਾਂ, ਫਰਨੀਚਰ ਅਤੇ ਹੋਰ ਕੀਮਤੀ ਘਰੇਲੂ ਵਸਤਾਂ ਸਮੇਤ ਪਸ਼ੂਆਂ ਦੇ ਨੁਕਸਾਨ ਦੀ 100 ਫੀਸਦੀ ਭਰਪਾਈ ਕੀਤੀ ਜਾਵੇ, ਫਸਲਾਂ ਦੇ ਹੋਏ ਨੁਕਸਾਨ ਦਾ 70000 ਰੁਪਏ ਪ੍ਰਤੀ ਏਕੜ ਮੁਆਵਜ਼ਾ ਜਾਰੀ ਕੀਤਾ ਜਾਵੇ, ਵਿਦਿਅਕ ਅਦਾਰਿਆਂ ਦੀ ਤੁਰੰਤ ਮੁਰੰਮਤ ਕਰਕੇ ਬੱਚਿਆਂ ਨੂੰ ਕਿਤਾਬਾਂ, ਸਟੇਸ਼ਨਰੀ ਜਾਰੀ ਕੀਤੀ ਜਾਵੇ, ਹੜ੍ਹਾਂ ਤੋਂ ਸਬਕ ਲੈਂਦਿਆਂ ਦਰਿਆਈ ਬੰਨ੍ਹਾਂ ਤੇ ਡਰੇਨਾਂ ਨਾਲਿਆਂ ਦੇ ਕੰਢਿਆਂ ਨੂੰ ਹੁਣ ਤੋਂ ਹੀ ਮਜ਼ਬੂਤ ਕੀਤਾ ਜਾਵੇ ਤਾਂ ਕਿ ਭਵਿੱਖ ਵਿੱਚ ਅਜਿਹਾ ਨੁਕਸਾਨ ਨਾ ਹੋ ਸਕੇ। ਆਗੂਆਂ ਨੇ ਪੰਜਾਬ ਤੋਂ ਇਲਾਵਾ ਹੋਰਨਾਂ ਸੂਬਿਆਂ ਤੇ ਵਿਦੇਸ਼ਾਂ ਵਿੱਚੋਂ ਹੜ੍ਹ ਪੀੜਤਾਂ ਦੀ ਮਦਦ ਲਈ ਕੀਤੇ ਭਰਪੂਰ ਪ੍ਰਬੰਧਾਂ ਦੀ ਸ਼ਲਾਘਾ ਕਰਦਿਆਂ ਮਦਦ ਕਰਨ ਵਾਲਿਆਂ ਦਾ ਧੰਨਵਾਦ ਕੀਤਾ। ਟੈਕਨੀਕਲ ਸਰਵਿਸਜ਼ ਯੂਨੀਅਨ ਸੂਬਾ ਕਮੇਟੀ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਮੁੱਖ ਮੰਤਰੀ ਰਾਹਤ ਫੰਡ ਵਿੱਚ ਤਨਖਾਹ ਕਟੌਤੀ ਦੀ ਬਜਾਏ ਆਪਣੀ ਮੈਂਬਰਸ਼ਿਪ ਤੋਂ ਆਪਣੇ ਪੱਧਰ 'ਤੇ ਫੰਡ ਇਕੱਤਰ ਕਰਕੇ ਪੀੜਿਤ ਪਰਵਾਰਾਂ ਵਿੱਚ ਵੰਡਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਨੂੰ ਬਿਜਲੀ ਕਾਮਿਆਂ ਵੱਲੋਂ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਹੜ੍ਹ ਪੀੜਿਤਾਂ ਦੀ ਮਦਦ ਸੰਬੰਧੀ ਮੁੱਖ ਮੰਤਰੀ ਪੰਜਾਬ ਦੇ ਨਾਂ ਅਤੇ ਵਧੀਕ ਨਿਗਰਾਨ ਇੰਜੀਨੀਅਰ ਮੰਡਲ ਸ੍ਰੀ ਅਨੰਦਪੁਰ ਸਾਹਿਬ ਨੂੰ ਮੰਗ ਪੱਤਰ ਦਿੱਤੇ ਗਏ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਡਵੀਜ਼ਨ ਪ੍ਰਧਾਨ ਤਰਸੇਮ ਲਾਲ ਸੂਬਾ ਕੈਸ਼ੀਅਰ ਸੰਤੋਖ ਸਿੰਘ ਡਵੀਜ਼ਨ ਸਕੱਤਰ ਜਰਨੈਲ ਸਿੰਘ ਆਦਿ ਨੇ ਵਿਚਾਰ ਸਾਂਝੇ ਕੀਤੇ।



# ਇੱਕ ਵਾਰ ਫ਼ਿਰ ਹੋਇਆ ਮਿਡ ਡੇ ਮੀਲ ਬਲਾਕ ਮੈਨੇਜਰਾਂ ਨਾਲ ਧੱਕਾ

**ਜਲੰਧਰ (ਰਾਜੇਸ਼ ਥਾਪਾ)**- ਪਿਛਲੇ 16 ਸਾਲਾਂ ਤੋਂ ਬਲਾਕ ਦਫ਼ਤਰਾਂ ਵਿੱਚ ਪੂਰੀ ਤਨਦੇਹੀ ਨਾਲ ਬਹੁਤ ਹੀ ਨਿਗੂਣੀਆਂ ਤਨਖਾਹਾਂ 'ਤੇ ਸੇਵਾ ਨਿਭਾ ਰਹੇ ਸਹਾਇਕ ਬਲਾਕ ਮੈਨੇਜਰਾਂ ਨਾਲ ਵਿਭਾਗ ਦੇ ਅਧਿਕਾਰੀਆਂ ਨੇ ਇੱਕ ਵਾਰ ਫ਼ਿਰ ਧੱਕਾ ਕਰਦੇ ਹੋਏ ਰੈਗੂਲਰ ਲਈ ਇਹਨਾਂ ਨੂੰ ਨਹੀਂ ਵਿਚਾਰਿਆ ਗਿਆ ਜਦਕਿ ਕੈਬਨਿਟ ਸਬ ਕਮੇਟੀ ਵੱਲੋਂ ਹਰੇਕ ਮੀਟਿੰਗ ਵਿੱਚ ਵਾਰ ਵਾਰ ਵਿਭਾਗ ਦੇ ਅਧਿਕਾਰੀਆਂ ਨੂੰ ਸਮੱਗਰਾ ਦੇ ਦਫ਼ਤਰੀ ਕਰਮਚਾਰੀਆਂ ਦੇ ਨਾਲ ਨਾਲ ਮਿਡ ਡੇ ਮੀਲ ਦੇ ਸਹਾਇਕ ਬਲਾਕ ਮੈਨੇਜਰਾਂ ਨੂੰ ਵੀ ਰੈਗੂਲਰ ਕਰਨ ਲਈ ਕਿਹਾ ਗਿਆ। ਏ.ਬੀ.ਐਮ. ਯੂਨੀਅਨ, ਪੰਜਾਬ ਦੇ ਸੀਨੀਅਰ ਆਗੂ ਦਪਿੰਦਰ ਕੌਰ ਨੇ ਦੱਸਿਆ ਕਿ ਸਾਲ 2009 ਤੋਂ ਸੇਵਾ ਨਿਭਾ ਰਹੇ ਮਿਡ ਡੇ ਮੀਲ ਸਹਾਇਕ ਬਲਾਕ ਮੈਨਜਰਾਂ ਨਾਲ ਸਮੇਂ ਦੀਆਂ ਸਰਕਾਰਾਂ ਅਤੇ ਸਿੱਖਿਆ ਵਿਭਾਗ ਵੱਲੋਂ ਸ਼ੁਰੂ ਤੋਂ ਹੀ ਵਿਤਕਰਾ ਕੀਤਾ ਜਾ ਰਿਹਾ ਹੈ। ਪਹਿਲਾਂ ਸਾਲ 2014 ਵਿੱਚ ਜਦ ਸਮੱਗਰਾ ਸਿੱਖਿਆ ਅਭਿਆਨ ਸੁਸਾਇਟੀ ਦੇ ਕਰਮਚਾਰੀਆਂ ਨੂੰ ਗ੍ਰੇਡ ਪੇਅ ਲਗਾ ਕੇ ਉਹਨਾਂ ਦੀਆਂ ਤਨਖਾਹਾਂ ਵਿੱਚ ਵੱਡਾ ਵਾਧਾ ਕੀਤਾ ਗਿਆ ਪਰ ਮਿਡ ਡੇ ਮੀਲ ਸੁਸਾਇਟੀ ਦੇ ਕਰਮਚਾਰੀਆਂ ਨੂੰ ਵੱਖਰੀ ਸੁਸਾਇਟੀ ਦਾ ਨਾਂ ਦੇ ਕੇ ਵਿਤਕਰਾ ਕੀਤਾ ਗਿਆ।ਉਹਨਾਂ ਦੱਸਿਆ ਕਿ ਦਸੰਬਰ 2024 ਵਿੱਚ ਵਿਭਾਗ ਵੱਲੋਂ ਇਕ ਵਾਰ ਫਿਰ ਤੋਂ ਸਹਾਇਕ ਬਲਾਕ ਮੈਨੇਜਰਾਂ ਨਾਲ ਧੱਕਾ ਕਰਦੇ ਹੋਏ ਮਿਡ ਡੇ ਮੀਲ ਸੋਸਾਇਟੀ ਅਧੀਨ ਕੰਮ ਕਰਦੇ ਲੇਖਾਕਾਰ ਜੋ ਕਿ ਇਹਨਾਂ ਦੇ ਨਾਲ ਹੀ ਭਰਤੀ ਹੋਏ ਸਨ ਉਹਨਾਂ ਦੀ ਤਨਖਾਹ ਦੀ ਤਨਖਾਹ ਸਮੱਗਰਾ ਸਿੱਖਿਆ ਅਭਿਆਨ ਸੁਸਾਇਟੀ ਦੇ ਲੇਖਾਕਾਰਾਂ ਦੇ ਬਰਾਬਰ ਕਰਨ ਦੀ ਮਨਜ਼ੂਰੀ ਵਿੱਤ ਵਿਭਾਗ ਤੋਂ ਚੁੱਪ ਚੁਪੀਤੇ ਲੈ ਕੇ ਲੇਖਾਕਾਰਾਂ ਨੂੰ 01 ਅਪ੍ਰੈਲ 2023 ਤੋਂ ਬਕਾਇਆ ਵੀ ਦੇ ਦਿੱਤਾ ਗਿਆ।ਉਹਨਾਂ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਵਿਭਾਗ ਨੇ ਮਿਡ ਡੇ ਮੀਲ ਸੁਸਾਇਟੀ ਦੇ ਕਰਮਚਾਰੀਆਂ ਨਾਲ ਇੱਕ ਹੋਰ ਵੱਡਾ ਧੱਕਾ ਕਰਦੇ ਹੋਏ ਸਿਰਫ਼ ਸਮੱਗਰਾ ਸਿੱਖਿਆ ਅਭਿਆਨ ਸੁਸਾਇਟੀ ਦੇ ਕਰਮਚਾਰੀਆਂ ਨੂੰ ਰੈਗੂਲਰ ਕਰਨ ਲਈ ਵਿੱਤ ਵਿਭਾਗ ਤੋਂ ਅਸਾਮੀਆਂ ਦੀ ਰਚਨਾ ਕਰਵਾ ਕੇ ਮਤਾ ਕੈਬਨਿਟ ਵਿੱਚ ਭੇਜ ਕੇ ਪਾਸ ਕਰਵਾ ਲਿਆ ਅਤੇ ਮਿਡ ਡੇ ਮੀਲ ਦੇ 104 ਕਰਮਚਾਰੀਆਂ ਨੂੰ ਫ਼ਿਰ ਛੱਡ ਦਿੱਤਾ ਗਿਆ।ਉਹਨਾਂ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਸਾਲ 2019 ਵਿੱਚ ਵਿੱਤ ਵਿਭਾਗ ਵੱਲੋਂ ਦਿੱਤੀ ਗਈ ਮਨਜ਼ੂਰੀ ਅਨੁਸਾਰ ਸਮੱਗਰਾ ਦੇ ਕਰਮਚਾਰੀਆਂ ਦੇ ਨਾਲ ਨਾਲ ਮਿਡ ਡੇ ਮੀਲ ਦੇ ਕਰਮਚਾਰੀਆਂ ਨੂੰ ਤੁਰੰਤ ਰੈਗੂਲਰ ਕੀਤਾ ਜਾਵੇ ਨਹੀਂ ਤਾਂ ਵਿਭਾਗ ਦੇ ਇਸ ਨਾਦਰਸ਼ਾਹੀ ਫ਼ੈਸਲੇ ਦੇ ਖਿਲਾਫ਼ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਖਿਲਾਫ਼ ਗੁਪਤ ਐਕਸ਼ਨ ਕੀਤੇ ਜਾਣਗੇ ਅਤੇ ਲੋੜ ਪੈਣ 'ਤੇ ਕੋਰਟ ਦਾ ਬੂਹਾ ਵੀ ਖੜਕਾਇਆ ਜਾਵੇਗਾ।



ਮਹਾਂ ਮੰਡਲੇਸ਼ਵਰ ਮਹੰਤ ਸ਼੍ਰੀ ਸ਼ਿਪਰਾ ਗਿਰੀ ਮਹਾਰਾਜ ਦੀ ਅਪਾਰ ਕਿਰਪਾ ਸਦਕਾ ਅਤੇ ਅਸ਼ੀਰਵਾਦ ਨਾਲ ਪ੍ਰਚੀਨ ਸ਼ਿਵ ਮੰਦਿਰ ਲੋਹੀਆਂ ਖਾਸ ਦੇ ਵਿਹੜੇ ਵਿੱਚ ਪੰਜਾਬੀ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਦੀ ਭੇਟ ਮਾਂ ਨੇ ਜਗਰਾਤੇ ਵਿਚ ਆਉਣਾ ਭਗਤੋਂ ਦੀ ਸ਼ੂਟਿੰਗ ਮੁਕੰਮਲ ਹੋਈ। ਇਸ ਮੌਕੇ ਹਾਜ਼ਰ ਪਰਮਜੀਤ ਸਿੰਘ ਪੰਮਾ, ਪ੍ਰੇਮ ਕੁਮਾਰ ਟਾਰਗਟ, ਵਿਸ਼ਾਲ ਸੱਦੀ ਸਾਲੂ, ਸੋਰਵ ਕੁਮਾਰ ਟਾਰਗਟ, ਪੰਡਿਤ ਪਾਰਸ, ਦਰਸ਼ਨ ਕੁਮਾਰ ਆਰਜ਼ੂ ਤੇ ਹੋਰ। (ਫ਼ੋਟੋ ਤੇ ਵੇਰਵਾ : ਯੋਗੇਸ਼ਵਰ/ਰੀਨਾ ਸ਼ਰਮਾ, ਲੋਹੀਆਂ ਖਾਸ)

# ਧਾਰਮਿਕ ਪ੍ਰੀਖਿਆ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀ ਸਨਮਾਨਤ



**ਕਪੂਰਥਲਾ (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਧਾਰਮਿਕ ਪ੍ਰੀਖਿਆ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਧਾਰਮਿਕ ਪ੍ਰਚਾਰਕ ਭਾਈ ਹਰਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਸਮਾਗਮ ਵਿੱਚ ਸ਼ਾਮਲ ਹੋਏ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਧਰਮ ਪ੍ਰਚਾਰ ਕਮੇਟੀ ਦੀ 2024-2025 ਦੀ ਪ੍ਰੀਖਿਆ ਵਿੱਚ ਸਕੂਲ ਦੇ ਵਿਦਿਆਰਥੀਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਸ ਪ੍ਰੀਖਿਆ ਵਿੱਚ ਅਸ਼ਮਨਪ੍ਰੀਤ ਕੌਰ ਅਤੇ ਸੁਖਰਾਜ ਸਿੰਘ ਨੂੰ 60 ਫੀਸਦੀ ਤੋਂ ਉੱਪਰ ਅੰਕ ਪ੍ਰਾਪਤ ਕਰਨ ਲਈ ਵਿਸ਼ੇਸ਼ ਤੌਰ 'ਤੇ ਮੈਡਲ ਅਤੇ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਗਿਆ । ਇਹਨਾਂ ਤੋਂ ਇਲਾਵਾ ਐਸ਼ਮੀਤ ਕੌਰ, ਹਰਗੁਨ ਕੌਰ, ਇਸ਼ਨੂਪ ਕੌਰ, ਮਨਮੀਤ ਕੌਰ, ਦਿਲਪ੍ਰੀਤ ਸਿੰਘ, ਇਸ਼ਮੀਤ ਕੌਰ, ਅਮਨਰਾਜ ਸਿੰਘ, ਹਰਗੁਨ ਸਿੰਘ, ਹਰਸਿਮਰਤ ਕੌਰ, ਹਰਕੀਰਤ ਕੌਰ, ਹਰਸ਼ਿਤਾ ਖੰਨਾ, ਮੁਸਕਾਨ, ਪ੍ਰਭਜੋਤ ਸਿੰਘ, ਪਰਮਵੀਰ ਸਿੰਘ, ਬਲਦੀਪ ਸਿੰਘ, ਬਲਜੀਤ ਸਿੰਘ, ਹਰਰਾਜ ਸਿੰਘ, ਵਿਕਰਮਜੀਤ ਸਿੰਘ, ਜਸ਼ਨਪ੍ਰੀਤ ਕੌਰ, ਮਨਪ੍ਰੀਤ ਕੌਰ, ਯੁਵਰਾਜ ਸਿੰਘ, ਸਮਰੀਤ, ਹਰਨੂਰ, ਖੁਸ਼ਦੀਪ ਕੌਰ, ਪਵਨੂਰ ਕੌਰ, ਸਰਗੁਨ ਕੌਰ ਅਤੇ ਐਸ਼ਮੀਨ ਕੌਰ ਨੂੰ ਸਰਟੀਫਿਕੇਟ ਦੇ ਨਾਲ ਸਨਮਾਨਤ ਕੀਤਾ ਗਿਆ।

# ਲਾਇਲਪੁਰ ਖ਼ਾਲਸਾ ਕਾਲਜ ਵੱਲੋਂ ਸੱਤਵਾਂ ਪੇਅ ਕਮਿਸ਼ਨ ਲਾਗੂ

**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦੇ ਨਾਲ-ਨਾਲ ਆਪਣੇ ਸਟਾਫ਼ ਦੇ ਹਰ ਪ੍ਰਕਾਰ ਦੇ ਵਿਕਾਸ ਲਈ ਵੀ ਵਚਨਬੱਧ ਹੈ। ਇਸੇ ਤਹਿਤ ਕਾਲਜ ਦੀ ਗਵਰਨਿੰਗ ਕੌਂਸਲ ਨੇ ਸਮੂਹ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ਼ ਨੂੰ ਯੂ.ਜੀ.ਸੀ/ਪੰਜਾਬ ਸਰਕਾਰ ਦੁਆਰਾ ਜਨਵਰੀ 2016 ਤੋਂ ਸੋਧੇ ਹੋਏ ਪੇਅ ਸਕੇਲਜ਼ ਦੀ ਅਦਾਇਗੀ ਕਰਕੇ ਖੇਤਰ ਵਿੱਚ ਇੱਕ ਨਵੇ ਅਧਿਆਏ ਦਾ ਆਗਾਜ਼ ਕੀਤਾ ਹੈ। ਪ੍ਰਿੰਸੀਪਲ ਡਾ. ਸੁਮਨ ਚੋਪੜਾ, ਵਾਇਸ ਪ੍ਰਿੰਸੀਪਲ ਪ੍ਰੋ. ਨਵਦੀਪ ਕੌਰ, ਰਜਿਸਟਰਾਰ ਡਾ. ਗਗਨਦੀਪ ਕੌਰ ਅਤੇ ਵੱਖ-ਵੱਖ ਵਿਭਾਗਾਂ ਦੇ ਮੁਖੀ ਸਾਹਿਬਾਨ ਨੇ ਕਾਲਜ ਦੇ ਅੰਦਰ ਸਥਾਪਤ ਗੁਰਦੁਆਰਾ ਸਾਹਿਬ ਵਿਖੇ ਪ੍ਰਮਾਤਮਾ ਦੇ ਸ਼ੁਕਰਾਨੇ ਦੀ ਅਰਦਾਸ ਕੀਤੀ ਗਈ । ਇਸ ਮੌਕੇ ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਕਿਹਾ ਕਿ ਸਾਰੇ ਟੀਚਿੰਗ ਸਟਾਫ਼ ਨੂੰ ਯੂ.ਜੀ.ਸੀ. ਦੁਆਰਾ ਨਿਰਧਾਰਤ ਸੱਤਵੇਂ ਪੇਅ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਤਹਿਤ ਵਧੇ ਹੋਏ ਪੇਅ ਸਕੇਲਜ਼ ਮਿਲਣੇ ਹਨ। ਇਸ ਮੌਕੇ ਉਹਨਾਂ ਕਾਲਜ ਗਵਰਨਿੰਗ ਕੌਂਸਿਲ ਦੇ ਪ੍ਰਧਾਨ ਸਰਦਾਰਨੀ ਬਲਬੀਰ ਕੌਰ ਅਤੇ ਸਮੁੱਚੀ ਗਵਰਨਿੰਗ ਕੌਂਸਲ ਦਾ ਧੰਨਵਾਦ ਵੀ ਕੀਤਾ।ਉਹਨਾਂ ਇਸ ਮੌਕੇ ਸਮੂਹ ਸਟਾਫ਼ ਨੂੰ ਨਵੇਂ ਸੋਧੇ ਹੋਏ ਪੇਅ ਸਕੇਲਜ਼ ਮਿਲਣ 'ਤੇ ਵਧਾਈ ਦਿੱਤੀ ਅਤੇ ਉਹਨਾਂ ਦੀ ਮਿਹਨਤ, ਜਜ਼ਬੇ, ਸਬਰ ਅਤੇ ਹੌਸਲੇ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਪ੍ਰੋ. ਨਵਦੀਪ ਕੌਰ ਵਾਇਸ ਪ੍ਰਿੰਸੀਪਲ, ਡਾ. ਗਗਨਦੀਪ ਕੌਰ ਰਜਿਸਟਰਾਰ, ਡਾ. ਰਸ਼ਪਾਲ ਸਿੰਘ ਸੰਧੂ ਡੀਨ ਸਪੋਰਟਸ ਅਤੇ ਡਾ. ਹਰਜੀਤ ਸਿੰਘ ਇੰਚਾਰਜ ਐਡਮਿਸ਼ਨ ਅਤੇ ਸਮੂਹ ਸਟਾਫ਼ ਨੇ ਸਭ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਅਤੇ ਸਟਾਫ ਮੈਂਬਰਾਂ ਵਲੋਂ ਸੁਪਰਡੈਂਟ ਅਕਾਊਂਟ ਰਾਣਾ ਰਲਹਣ ਹੁਰਾਂ ਦਾ ਵੀ ਧੰਨਵਾਦ ਕੀਤਾ ਗਿਆ ।



# ਮੁੱਖ ਮੰਤਰੀ ਤੇ ਪ੍ਰਧਾਨ ਮੰਤਰੀ ਦੇ ਨਾਂਅ ਐੱਸ ਡੀ ਐੱਮ ਨਵਾਂਸ਼ਹਿਰ ਨੂੰ ਸੌਂਪੇ ਮੰਗ ਪੱਤਰ

## ਪੀ ਐਮ ਯੂ ਨੇ ਕੀਤੀ ਹੜ੍ਹ ਪੀੜਤ ਮਜ਼ਦੂਰਾਂ ਲਈ ਮੁਆਵਜ਼ੇ ਦੀ ਮੰਗ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਸੱਦੇ ਉੱਤੇ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਪ੍ਰਦਰਸ਼ਨ ਕਰਨ ਉਪਰੰਤ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਪੰਜਾਬ ਦੇ ਨਾਂਅ ਮੰਗ ਪੱਤਰ ਐਸ.ਡੀ.ਐਮ ਨਵਾਂਸ਼ਹਿਰ ਨੂੰ ਸੌਂਪੇ ਗਏ ਜਿਹਨਾਂ ਰਾਹੀਂ ਹੜ੍ਹਾਂ ਨਾਲ ਪ੍ਰਭਾਵਤ ਮਜ਼ਦੂਰਾਂ ਲਈ ਮੁਆਵਜ਼ੇ ਦੀ ਮੰਗ ਕੀਤੀ ਹੈ।ਮੰਗ ਪੱਤਰ ਰਾਹੀਂ ਹੜ੍ਹਾਂ ਵਿਚ ਜਾਨਾਂ ਗੁਆਉਣ ਵਾਲੇ ਵਿਅਕਤੀਆਂ ਦੇ ਪਰਵਾਰਾਂ ਨੂੰ ਘੱਟੋ ਘੱਟ 25 ਲੱਖ ਰੁਪਏ ਦੀ ਰਾਸ਼ੀ ਦੇਣ, ਨਸ਼ਟ ਹੋਏ ਘਰਾਂ ਦੀ ਮੁੜ ਉਸਾਰੀ ਲਈ ਮਜ਼ਦੂਰਾਂ ਕਿਸਾਨਾਂ ਨੂੰ 15 ਲੱਖ ਰੁਪਏ ਦੀ ਰਾਸ਼ੀ ਗਰਾਂਟ ਵਜੋਂ ਦੇਣ, ਬਾਲੇ ਗਾਡਰਾਂ ਵਾਲੀਆਂ ਛੱਤਾਂ ਨੂੰ ਬਦਲਣ ਲਈ 5 ਲੱਖ ਰੁਪਏ ਦੀ ਗਰਾਂਟ, ਮਜ਼ਦੂਰਾਂ ਦੀਆਂ ਟੁੱਟੀਆਂ ਕੰਮ ਦਿਹਾੜੀਆਂ ਦੀ ਭਰਪਾਈ ਲਈ ਪ੍ਰਤੀ ਪਰਵਾਰ 50000 ਰੁਪਏ ਸਮੇਤ ਹੜ੍ਹਾਂ/ਬਾਰਸ਼ਾਂ ਕਾਰਨ ਲੋਕਾਂ ਦੇ ਹੋਏ ਭਾਰੀ ਜਾਨੀ ਮਾਲੀ ਨੁਕਸਾਨ ਦੀ ਭਰਪਾਈ ਸੌ ਫ਼ੀਸਦੀ ਕੀਤੀ ਜਾਵੇ। ਇੱਥੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂਆਂ ਕਮਲਜੀਤ ਸਨਾਵਾ, ਹਰੀ ਰਾਮ ਰਸੂਲਪੁਰੀ, ਕਿਰਨਜੀਤ ਕੌਰ, ਬਗੀਚਾ ਸਿੰਘ ਅਤੇ ਸਤਨਾਮ ਲਾਡੀ ਨੇ ਕਿਹਾ ਕਿ ਹੜ੍ਹਾਂ ਲਈ ਸੂਬਾ ਸਰਕਾਰ ਜ਼ਿੰਮੇਵਾਰ ਹੈ, ਕਿਉਂਕਿ ਮਾਹਰਾਂ ਨੇ ਪਹਿਲਾਂ ਹੀ ਭਾਰੀ ਬਾਰਸ਼ਾਂ ਦੀ ਪੇਸ਼ਨਗੋਈ ਦੇ ਨਾਲ ਨਾਲ ਹੜ੍ਹਾਂ ਦੀ ਸੰਭਾਵਨਾ ਜਤਾਈ ਸੀ ਪਰ ਸੂਬਾ ਸਰਕਾਰ ਨੇ ਕੋਈ ਅਗਾਊਂ ਪ੍ਰਬੰਧ ਨਾ ਕਰਨ ਕਰਕੇ ਲੋਕਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ।ਉਨ੍ਹਾਂ ਕਿਹਾ ਕਿ ਇਸ ਸਮੇਂ ਜਦੋਂ ਕਿ ਹੋਰਨਾਂ ਤਬਕਿਆਂ ਦੇ ਨਾਲ ਹੀ ਮਜ਼ਦੂਰ ਤਬਕੇ ਦਾ ਵੀ ਭਾਰੀ ਨੁਕਸਾਨ ਹੋਇਆ ਹੈ ਪਰ ਅਜਿਹੇ ਮੌਕੇ ਵੀ ਮੁੱਖ ਮੰਤਰੀ ਨੇ ਦਲਿਤ ਭਾਈਚਾਰੇ ਨਾਲ ਵਿਤਕਰਾ ਕਰਦਿਆਂ ਉਨ੍ਹਾਂ ਲਈ ਕਿਸੇ ਤਰ੍ਹਾਂ ਦੇ ਵੀ ਮੁਆਵਜ਼ੇ ਦਾ ਐਲਾਨ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸਭ ਤੋਂ ਵੱਧ ਬੇਜ਼ਮੀਨੇ ਮਜ਼ਦੂਰਾਂ ਦਾ ਨੁਕਸਾਨ ਹੋਇਆ ਹੈ ਪਰ ਸੂਬਾ ਸਰਕਾਰ ਅਤੇ ਇਸ ਦੇ ਅਧਿਕਾਰੀ ਮਜ਼ਦੂਰਾਂ ਨਾਲ਼ ਮਾੜਾ ਰਵੱਈਆ ਅਪਨਾ ਰਹੇ ਹਨ। ਉਨ੍ਹਾਂ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਮੰਗਾਂ ਦੀ ਪ੍ਰਾਪਤੀ ਲਈ ਤਿੱਖੇ ਸੰਘਰਸ਼ਾਂ ਲਈ ਉਹ ਤਿਆਰ ਰਹਿਣ । ਇਸ ਤੋਂ ਇਲਾਵਾ ਪਿੰਡਾਂ ਵਿੱਚ ਨਰੇਗਾ ਦਾ ਬੰਦ ਪਿਆ ਕੰਮ ਚਲਾਉਣ ਸਬੰਧੀ ਵੀ ਪ੍ਰਸ਼ਾਸਨ ਨਾਲ ਗੱਲਬਾਤ ਕੀਤੀ ਗਈ ।ਇਸ ਮੌਕੇ ਪਿੰਡ ਗੋਲਤੋ ਤੋਂ ਕੁਲਵਿੰਦਰ ਕੌਰ ਸੱਤਿਆ, ਬਲਾਚੌਰ ਤੋਂ ਸੁਰਿੰਦਰ ਸਿੰਘ, ਸਤਿਆ, ਪਿਆਰੀ, ਸੰਤੋਸ਼ ਕੁਮਾਰੀ ਹਾਜ਼ਰ ਸਨ।

# ਵਿਸ਼ਵ ਫਸਟ ਏਡ ਦਿਵਸ ਮੌਕੇ ਲਗਾਈ ਟ੍ਰੇਨਿੰਗ ਵਰਕਸ਼ਾਪ





**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਵੱਲੋਂ ਵਿਸ਼ਵ ਫਸਟ ਏਡ ਦਿਵਸ, 2025 ਦੇ ਮੌਕੇ 'ਤੇ ਜੈਮਸ ਕੈਂਬਰਿਜ ਇੰਟਰਨੈਸ਼ਨਲ ਸਕੂਲ ਹੁਸ਼ਿਆਰਪੁਰ ਅਤੇ ਜ਼ਿਲ੍ਹਾ ਰੈੱਡ ਕਰਾਸ ਦੇ ਵੋਕੇਸ਼ਨਲ ਟ੍ਰੇਨਿੰਗ ਸੈਂਟਰ ਦੇ ਵਿਦਿਆਰਥੀਆਂ ਨੂੰ ਫਸਟ ਏਡ ਟ੍ਰੇਨਿੰਗ ਦੀ ਇਕ ਰੋਜ਼ਾ ਵਰਕਸ਼ਾਪ ਲਗਾਈ ਗਈ। ਇਸ ਵਰਕਸ਼ਾਪ ਵਿਚ ਕਰੀਬ 650 ਵਿਦਿਆਰਥੀਆਂ ਨੇ ਭਾਗ ਲਿਆ । ਸਿਖਲਾਈ ਦੀ ਅਗਵਾਈ ਰੈੱਡ ਕਰਾਸ ਦੇ ਤਜ਼ਰਬੇਕਾਰ ਫਸਟ ਏਡ ਸਿਖਲਾਈ ਸੁਪਰਵਾਈਜ਼ਰ ਦੁਆਰਾ ਕੀਤੀ ਗਈ। ਸਿਖਲਾਈ ਪ੍ਰੋਗਰਾਮ ਦਾ ਉਦੇਸ਼ ਫੈਕਟਰੀ ਕਰਮਚਾਰੀਆਂ ਨੂੰ ਜ਼ਰੂਰੀ ਫਸਟ ਏਡ ਗਿਆਨ ਅਤੇ ਵਿਹਾਰਕ ਹੁਨਰਾਂ ਨਾਲ ਲੈਸ ਕਰਨਾ ਸੀ। ਭਾਗੀਦਾਰਾਂ ਨੂੰ ਸੀ.ਪੀ.ਆਰ (ਕਾਰਡੀ ਓਪਲਮੋਨਰੀ ਰੀਸਸੀਟੇਸ਼ਨ), ਜ਼ਹਿਰ, ਐਪੀਸਟੈਕਸਿਸ, ਜਲਣ, ਫ੍ਰੈਕਚਰ ਦਾ ਇਲਾਜ, ਦਮ ਘੁੱਟਣ ਦਾ ਪ੍ਰਬੰਧਨ, ਪੱਟੀਆਂ ਲਗਾਉਣਾ, ਮੋਚ/ਖਿੱਚ, ਪਸਲੀਆਂ ਦਾ ਫ੍ਰੈਕਚਰ ਅਤੇ ਹੋਰ ਐਮਰਜੈਂਸੀ ਪ੍ਰਤੀਕਿਰਿਆ ਤਕਨੀਕਾਂ ਜਿਵੇਂ ਕਿ ਸੱਪ/ਬਿੱਛੂ/ਕੁੱਤੇ/ਸ਼ਹਿਦ ਦੀ ਮੱਖੀ ਦਾ ਕੱਟਣਾ, ਮਿਰਗੀ ਦਾ ਦੌਰਾ, ਡੁੱਬਣਾ, ਸਾਹ ਘੁੱਟਣਾ, ਸਿਰ ਦੀ ਸੱਟ, ਗਰਮੀ ਦਾ ਦੌਰਾ ਅਤੇ ਡੀਹਾਈਡਰੇਸ਼ਨ, ਬੁਖ਼ਾਰ ਆਦਿ ਵਿਚ ਪੂਰੀ ਤਰ੍ਹਾਂ ਸਿਖਲਾਈ ਦਿੱਤੀ ਗਈ ਜੋ ਹਸਪਤਾਲ ਵਿਚ ਡਾਕਟਰ ਤੋਂ ਇਲਾਜ ਕਰਵਾਉਣ ਤੋਂ ਪਹਿਲਾਂ ਮਰੀਜ਼ ਦੀ ਜਾਨ ਬਚਾ ਸਕਦੀਆਂ ਹਨ। ਇਸ ਪ੍ਰੋਗਰਾਮ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਅਜਿਹੇ ਸਿਖਲਾਈ ਸੈਸ਼ਨ ਫੈਕਟਰੀਜ਼ ਐਕਟ, 1948 ਦੇ ਤਹਿਤ ਲਾਜ਼ਮੀ ਹਨ, ਖਾਸ ਕਰਕੇ 150 ਤੋਂ ਵੱਧ ਕਾਮਿਆਂ ਨੂੰ ਰੁਜ਼ਗਾਰ ਦੇਣ ਵਾਲੇ ਉਦਯੋਗਾਂ ਲਈ। ਉਨ੍ਹਾਂ ਨੇ ਹਾਦਸਿਆਂ ਅਤੇ ਐਮਰਜੈਂਸੀ ਦੇ ਪ੍ਰਭਾਵ ਨੂੰ ਘਟਾਉਣ ਲਈ ਕੰਮ ਵਾਲੀ ਥਾਂ ਦੀ ਸੁਰੱਖਿਆ ਅਤੇ ਤਿਆਰੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

# ਜ਼ਿਲ੍ਹਾ ਪੱਧਰੀ ਖੇਡਾਂ 'ਚ ਸਮਾਰਟ ਸਕੂਲ ਨਸਰਾਲਾ ਦਾ ਸ਼ਾਨਦਾਰ ਪ੍ਰਦਰਸ਼ਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਕੂਲ ਸਿੱਖਿਆ ਵਿਭਾਗ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਦੇ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਜਗਜੀਤ ਸਿੰਘ ਦੀ ਅਗਵਾਈ ਵਿੱਚ 69ਵੀਆਂ ਪੰਜਾਬ ਰਾਜ ਜ਼ਿਲ੍ਹਾ ਸਕੂਲ ਖੇਡਾਂ ਕਰਵਾਈਆਂ ਗਈਆਂ। ਜਿਸ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਸਰਾਲਾ ਦੇ ਖਿਡਾਰੀਆਂ ਨੇ ਆਪਣੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜਿੱਤਾਂ ਦਰਜ ਕਰਕੇ ਜ਼ਿਲ੍ਹੇ ਵਿੱਚ ਲੋਹਾ ਮਨਵਾਇਆ। ਇਹਨਾਂ ਖੇਡਾਂ ਵਿੱਚ ਨਸਰਾਲਾ ਸਕੂਲ ਦੇ ਖਿਡਾਰੀਆਂ ਨੇ ਕਬੱਡੀ ਸਰਕਲ ਸਟਾਈਲ ਅੰਡਰ-19 ਲੜਕਿਆਂ ਨੇ ਦੂਸਰਾ ਸਥਾਨ, ਕਬੱਡੀ ਸਰਕਲ ਸਟਾਈਲ ਅੰਡਰ-17 ਲੜਕਿਆਂ ਨੇ ਦੂਸਰਾ ਸਥਾਨ, ਕਬੱਡੀ ਸਰਕਲ ਸਟਾਈਲ ਅੰਡਰ-14 ਲੜਕਿਆਂ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਜ਼ਿਲ੍ਹੇ ਵਿੱਚ ਇੱਕੋ ਸਕੂਲ ਦੀਆਂ ਤਿੰਨੇ ਕਬੱਡੀ ਦੀਆਂ ਟੀਮਾਂ ਫਾਈਨਲ ਵਿੱਚ ਪਹੁੰਚੀਆਂ। ਇਸੇ ਤਰ੍ਹਾਂ ਜ਼ੋਨ ਪਥਿਆਲ ਵੱਲੋਂ ਨਸਰਾਲਾ ਸਕੂਲ ਦੀਆਂ ਹੈਂਡਬਾਲ ਅੰਡਰ 17 ਲੜਕੀਆਂ ਨੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ, ਹੈਂਡਬਾਲ ਅੰਡਰ-19 ਲੜਕਿਆਂ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਸਕੂਲ ਪਹੁੰਚਣ 'ਤੇ ਗ੍ਰਾਮ ਪੰਚਾਇਤ ਨਸਰਾਲਾ, ਪ੍ਰਿੰਸੀਪਲ ਧਰਮਿੰਦਰ ਕੁਮਾਰ ਸ਼ਰਮਾ ਅਤੇ ਸਮੂਹ ਸਕੂਲ ਸਟਾਫ ਵੱਲੋਂ ਖਿਡਾਰੀਆਂ ਅਤੇ ਇੰਚਾਰਜ ਸਾਹਿਬਾਨ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਧਰਮਿੰਦਰ ਸ਼ਰਮਾ ਨੇ ਜੇਤੂ ਖਿਡਾਰੀਆਂ ਤੇ ਸਕੂਲ ਸਟਾਫ ਨੂੰ ਵਧਾਈ ਦਿੰਦਿਆਂ ਇਸ ਕਾਰਗੁਜ਼ਾਰੀ ਦਾ ਸਿਹਰਾ ਲੈਕਚਰਾਰ ਸੁਖਦੇਵ ਸਿੰਘ, ਕ੍ਰਾਂਤੀਪਾਲ ਡੀ.ਪੀ.ਈ, ਤਜਿੰਦਰ ਕੌਰ ਪੀ.ਟੀ.ਆਈ ਨੂੰ ਦਿੱਤਾ।





# ਲੋਕ ਹਿੱਤ ਮਿਸ਼ਨ ਤੇ ਮਿਸਲ ਸਤਲੁਜ ਦਾ ਕਾਫ਼ਲਾ ਹੜ੍ਹ ਰਾਹਤ ਸਮੱਗਰੀ ਲੈ ਕੇ ਰਵਾਨਾ

**ਮਾਜਰੀ (ਮੋਹਨ ਅੱਗਰਵਾਲ)**- ਲੋਕ ਹਿੱਤ ਮਿਸ਼ਨ ਅਤੇ ਬੀਕੇਯੂ ਪੰਜਾਬ ਤੇ ਮਿਸਲ ਸਤਲੁੱਜ ਦਾ ਕਾਫ਼ਲਾ ਹੜ੍ਹ ਰਾਹਤ ਸਮੱਗਰੀ ਲੈ ਕੇ ਗੁਰਦੁਆਰਾ ਗੜ੍ਹੀ ਭੌਰਖਾ ਸਾਹਿਬ ਮਾਜਰੀ ਬਲਾਕ ਤੋਂ ਫ਼ਾਜ਼ਿਲਕਾ ਲਈ ਰਵਾਨਾ ਹੋਇਆ। ਇਸ ਸਬੰਧੀ ਰਵਾਨਗੀ ਸਮੇਂ ਭਾਈ ਸੁੱਖਵਿੰਦਰ ਸਿੰਘ ਰਤਵਾੜੇ ਵਾਲਿਆਂ ਨੇ ਅਰਦਾਸ ਕੀਤੀ। ਇਸ ਉਪਰੰਤ ਸੈਕਟਰੀ ਰਵਿੰਦਰ ਸਿੰਘ ਬਜੀਦਪੁਰ ਨੇ ਦੱਸਿਆ ਕਿ ਟੀਮ ਵੱਲੋਂ ਪਹਿਲਾਂ ਪ੍ਰਭ ਆਸਰਾ ਸੰਸਥਾਂ ਨਾਲ ਮਿਲਕੇ ਸੁਲਤਾਨਪੁਰ ਲੋਧੀ ਅਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਬੱਗੇਵਾਲਾ ਵਿਖੇ ਪੀੜ੍ਹਤਾਂ ਨੂੰ ਬਾਹਰ ਕੱਢਣ ਦੀ ਸੇਵਾ ਨਿਭਾਈ ਗਈ ਸੀ, ਹੁਣ ਉਸ ਉਪਰੰਤ ਘਰ ਘਰ ਜਾ ਕੇ ਰਾਸ਼ਨ ਸਮੱਗਰੀ ਪਹੁੰਚਾਉਣ, ਘਰਾਂ ਦੀ ਸਫ਼ਾਈ ਅਤੇ ਸਿਹਤ ਸਬੰਧੀ ਨਾਲ ਮੌਜੂਦ ਡਾਕਟਰੀ ਟੀਮ ਵੱਲੋਂ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਇਸ ਤੋਂ ਬਾਅਦ ਟੀਮ ਦੂਜੇ ਪ੍ਰਭਾਵਿਤ ਜਿਲਿਆਂ 'ਚ ਵੀ ਜਾਵੇਗੀ। ਮਿਸਲ ਆਗੂ ਅਜੈਪਾਲ ਸਿੰਘ ਬਰਾੜ ਤੇ ਮਿਸ਼ਨ ਆਗੂ ਗੁਰਮੀਤ ਸਿੰਘ ਨੇ ਸੇਵਾ 'ਚ ਸਹਿਯੋਗ ਲਈ ਇਲਾਕੇ ਦੀਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਮਨਦੀਪ ਸਿੰਘ ਖਿਜ਼ਰਾਬਾਦ, ਪ੍ਰਦੀਪ ਸਿੰਘ ਝਿੰਗੜਾਂ, ਮੇਜਰ ਸਿੰਘ ਸੰਗਤਪੁਰਾ, ਦਲਜੀਤ ਸਿੰਘ ਜੀਤਾ ਫਾਟਵਾਂ, ਪਰਮਜੀਤ ਸਿੰਘ ਪੰਮੀ ਮਾਵੀ, ਭਗਤ ਸਿੰਘ ਭਗਤ ਮਾਜਰਾ, ਬਲਵਿੰਦਰ ਸਿੰਘ ਰੰਗੂਆਣਾ, ਗੁਰਬਚਨ ਸਿੰਘ ਮੁੰਧੋਂ, ਸੋਹਣ ਸਿੰਘ ਸੰਗਤਪੁਰਾ, ਗੁਰਮੇਲ ਸਿੰਘ ਮੰਡ, ਬਹਾਦਰ ਸਿੰਘ ਚਾਹੜ ਮਾਜਰਾ, ਆਦਿ ਅਹੁਦੇਦਾਰ ਵੀ ਹਾਜ਼ਰ ਸਨ।


## ਵਰ੍ਹੇਗੰਢ ਮੁਬਾਰਕ



ਹਰਜਿੰਦਰ ਸਿੰਘ ਅਤੇ ਸੁਖਵਿੰਦਰ ਕੌਰ ਵਾਸੀ ਸਮਾਣਾ ਨੇ ਆਪਣੇ ਵਿਆਹ ਦੀ 18ਵੀਂ ਵਰ੍ਹੇਗੰਢ ਮਨਾਈ।



ਸੁਰਿੰਦਰ ਕੈਲੇ ਦੀਆਂ ਮਿੰਨੀ ਕਹਾਣੀਆਂ
(ਆਖ਼ਰੀ ਤੋਂ ਪਹਿਲੇ ਸਫ਼ੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਕਦੀ ਔੜਾਂ ਨੇ ਝੰਬਿਆ ਹੈ,
ਕਦੀ ਮੀਂਹਾਂ ਸਤਾਇਆ ਹੈ।
ਅਸਾਡੇ ਵਾਸਤੇ ਮੌਸਮ,
ਸਦਾ ਮਾੜਾ ਹੀ ਆਇਆ ਹੈ।
-ਨਰਿੰਦਰਪਾਲ ਕੰਗ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 14 ਸਤੰਬਰ 2025

www.nawanzamana.in

ਕੀਮਤ 5.00 ਰੁਪਏ


# ਬਿਜੋਏ ਕੁਮਾਰ ਸਿਨਹਾ : ਭਗਤ ਸਿੰਘ ਦੇ ਸਾਥੀ ਤੇ ਅੰਡੇਮਾਨ ਕਮਿਊਨਿਸਟ ਲਹਿਰ ਨੂੰ ਮਜ਼ਬੂਤ ਕਰਨ ਵਾਲੇ ਨੇਤਾ




ਬਿਜੋਏ ਕੁਮਾਰ ਸਿਨਹਾ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੇ ਇੱਕ ਜਥੇਬੰਦਕ, ਭਗਤ ਸਿੰਘ ਦੇ ਨਜ਼ਦੀਕੀ ਸਾਥੀ ਅਤੇ ਅੰਡੇਮਾਨ ਵਿੱਚ ਕਮਿਊਨਿਸਟ ਲਹਿਰ ਨੂੰ ਮਜ਼ਬੂਤ ਕਰਨ ਵਾਲੇ ਮੋਢੀਆ ਵਿੱਚੋਂ ਇੱਕ ਸਨ।

ਬਿਜੋਏ ਦਾ ਜਨਮ 17 ਜਨਵਰੀ, 1909 ਨੂੰ ਮੁਹੱਲਾ ਕਰਾਚੀ ਖਾਨਾ, ਕਾਨਪੁਰ ਵਿੱਚ ਇੱਕ ਬੰਗਾਲੀ ਪਰਵਾਰ ਵਿੱਚ ਸ੍ਰੀਮਤੀ ਸ਼ਰਤ ਕੁਮਾਰੀ ਸਿਨਹਾ ਅਤੇ ਸ੍ਰੀ ਮਾਰਕੰਡ ਸਿਨਹਾ ਦੇ ਘਰ ਹੋਇਆ। ਬਿਜੋਏ ਨੇ ਕਾਨਪੁਰ ਦੇ ਕ੍ਰਾਈਸਟ ਚਰਚ ਕਾਲਜ ਵਿੱਚ ਪੜ੍ਹਾਈ ਕੀਤੀ। ਉਸ ਨੇ ਲਿਖਿਆ ਹੈ : 'ਮੈਂ ਬਚਪਨ ਤੋਂ ਹੀ ਗਰੀਬੀ ਅਤੇ ਦੁੱਖਾਂ ਨੂੰ ਹੰਡਾਇਆ ਸੀ।'

ਪ੍ਰਿਥਵੀਨਾਥ ਚੱਕ ਹਾਈ ਸਕੂਲ ਵਿੱਚ ਰਹਿੰਦਿਆਂ ਉਹਨਾ ਦੀ ਜਾਣ-ਪਛਾਣ ਸੁਰੇਂਦਰਨਾਥ ਪਾਂਡੇ, ਬਟੁਕੇਸ਼ਵਰ ਦੱਤ ਅਤੇ ਅਜੋਏ ਘੋਸ਼ ਨਾਲ ਹੋਈ।

ਕਾਨਪੁਰ ਇੱਕ ਮਹੱਤਵਪੂਰਨ ਉਦਯੋਗਿਕ ਕੇਂਦਰ ਹੋਣ ਕਰਕੇ ਬਿਜੋਏ ਨੇ ਉਦਯੋਗਿਕ ਕਾਮਿਆਂ ਦੇ ਜੀਵਨ ਦੀ ਤਰਾਸਦੀ ਨੂੰ ਨੇੜਿਓਂ ਦੇਖਿਆ, ਜੋ ਜਾਨਵਰਾਂ ਨਾਲੋਂ ਵੀ ਬਦਤਰ ਸੀ, ਜਿਸ ਨੇ ਉਹਨਾ 'ਤੇ ਇੱਕ ਅਮਿਟ ਪ੍ਰਭਾਵ ਪਾਇਆ, ਜੋ ਹਮੇਸ਼ਾ ਉਹਨਾ ਨੂੰ ਸਤਾਉਂਦਾ ਰਿਹਾ।

## ਕ੍ਰਾਂਤੀਕਾਰੀ ਜੀਵਨ

1920 ਦੇ ਦਹਾਕੇ ਦੇ ਸ਼ੁਰੂ ਵਿੱਚ ਅਸਹਿਯੋਗ ਅੰਦੋਲਨ ਵਾਪਸ ਲੈਣ ਤੋਂ ਨਿਰਾਸ਼ ਹੋ ਕੇ ਉਹਨਾਂ ਦਾ ਝੁਕਾਅ ਇਨਕਲਾਬੀ ਗਤੀਵਿਧੀਆਂ ਵੱਲ ਹੋ ਗਿਆ। ਉਹਨਾ ਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ਉਹਨਾਂ ਦਾ ਵੱਡਾ ਭਰਾ ਰਾਜ ਕੁਮਾਰ ਸਿਨਹਾ ਇਨਕਲਾਬੀਆਂ ਵਿੱਚ ਸ਼ਾਮਲ ਹੋ ਗਿਆ ਸੀ ਅਤੇ 1925 ਵਿੱਚ ਕਾਨਪੁਰ ਵਿੱਚ ਪਾਰਟੀ ਕਾਂਗਰਸ ਸੈਸ਼ਨ ਦੀ ਪੂਰਵ ਸੰਧਿਆ 'ਤੇ ਆਪਣੇ ਭਰਾ ਦੀ ਗ੍ਰਿਫ਼ਤਾਰੀ ਤੋਂ ਉਹ ਹੈਰਾਨ ਸਨ, ਜਿਸ 'ਤੇ ਕਾਕੋਰੀ ਸਾਜ਼ਿਸ਼ ਕੇਸ ਦਾ ਦੋਸ਼ ਲਗਾਇਆ ਗਿਆ ਸੀ।

ਇਸ ਸਦਮੇ ਕਰਕੇ ਉਹਨਾ ਦੇ ਪਿਤਾ ਦੀ ਇੱਕ ਮਹੀਨੇ ਦੇ ਅੰਦਰ ਹੀ ਮੌਤ ਹੋ ਗਈ। ਉਹ ਜਲਦੀ ਹੀ ਪੜ੍ਹਾਈ ਛੱਡ ਕੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਵਿੱਚ ਸ਼ਾਮਲ ਹੋ ਗਏ। ਆਪਣੀ ਪਹਿਚਾਣ ਛੁਪਾਉਣ ਲਈ ਉਹਨਾ 'ਦ ਸਟੇਟਸਮੈਨ', 'ਦ ਟਾਈਮਜ਼ ਆਫ਼ ਇੰਡੀਆ', 'ਪਾਇਨੀਅਰ' ਅਤੇ 'ਏ ਪੀ ਆਈ' (ਐਸੋਸੀਏਟਿਡ ਪ੍ਰੈੱਸ ਆਫ਼ ਇੰਡੀਆ) ਵਿੱਚ ਪੱਤਰਕਾਰਤਾ ਦਾ ਕੰਮ ਕੀਤਾ।ਉਹਨਾ ਕਾਂਗਰਸ ਤੇ ਮਜ਼ਦੂਰ ਸਭਾ ਵਿੱਚ ਵੀ ਕੰਮ ਕੀਤਾ ਅਤੇ ਬਹੁਤ ਕੁਝ ਪੜ੍ਹਿਆ।

ਇਹ ਬਿਜੋਏ ਅਤੇ ਸੁਰੇਂਦਰ ਪਾਂਡੇ ਹੀ ਸਨ, ਜਿਨ੍ਹਾਂ ਸ਼ਿਵ ਵਰਮਾ ਨੂੰ ਸੀ ਪੀ ਆਈ ਦੇ ਸੰਸਥਾਪਕਾਂ ਵਿੱਚੋਂ ਇੱਕ ਰਾਧਾਮੋਹਨ ਗੋਕੁਲਜੀ ਨਾਲ ਜਾਣ-ਪਛਾਣ ਕਰਾਈ।

## ਭਗਤ ਸਿੰਘ ਨਾਲ ਸੰਪਰਕ

ਭਗਤ ਸਿੰਘ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਸੁਰੇਸ਼ ਚੰਦਰ ਭੱਟਾਚਾਰੀਆ ਨੇ ਬਿਜੋਏ ਅਤੇ ਰਾਜ ਕੁਮਾਰ ਨੂੰ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਵਿੱਚ ਭਰਤੀ ਕੀਤਾ। ਬਿਜੋਏ ਦਾ ਪਾਰਟੀ ਵਿਚ ਨਾਂਅ 'ਬੱਚੂ' ਸੀ। ਬਿਜੋਏ ਨੇ ਇੱਕ ਵਾਰ ਭਗਤ ਸਿੰਘ ਨੂੰ ਪੁੱਛਿਆ ਕਿ ਉਹ ਵਿਆਹ ਕਿਉਂ ਨਹੀਂ ਕਰਵਾਉਣਾ ਚਾਹੁੰਦਾ। ਭਗਤ ਸਿੰਘ ਨੇ ਜਵਾਬ ਦਿੱਤਾ, 'ਮੈਂ ਇਸ ਦੇਸ਼ ਵਿੱਚ ਵਿਧਵਾਵਾਂ ਦੀ ਗਿਣਤੀ ਵਧਾਉਣਾ ਨਹੀਂ ਚਾਹੁੰਦਾ।' ਪ੍ਰਤਾਪ (ਹਿੰਦੀ) ਵਿੱਚ ਕੰਮ ਕਰਦੇ ਹੋਏ ਭਗਤ ਸਿੰਘ ਨੇ ਬਿਜੋਏ ਅਤੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੇ ਹੋਰਾਂ ਦੁਆਰਾ ਲਿਖੇ ਪੈਂਫਲਟ ਵੰਡੇ। ਕੇਂਦਰੀ ਕੌਂਸਲ ਦੇ ਪ੍ਰਧਾਨ ਬਿਜੋਏ ਕੁਮਾਰ ਦੇ ਦਸਤਖਤਾਂ ਹੇਠ 1 ਜਨਵਰੀ, 1925 ਨੂੰ ਚਾਰ ਪੰਨਿਆਂ ਦਾ ਪੈਂਫਲਟ ਬੰਗਾਲ, ਯੂ ਪੀ ਅਤੇ ਬਿਹਾਰ ਵਿੱਚ ਵਿਆਪਕ ਤੌਰ 'ਤੇ ਵੰਡਿਆ

ਅਨਿਲ ਰਾਜੀਮਵਾਲੇ

ਅਨੁਵਾਦ : ਐੱਮ ਐੱਸ ਭਾਟੀਆ

ਗਿਆ।1927 ਵਿੱਚ ਸੀ ਪੀ ਆਈ ਨੇ ਫੈਸਲਾ ਕੀਤਾ ਕਿ ਬਿਜੋਏ ਨੂੰ ਇਨਕਲਾਬੀ ਉਦੇਸ਼ ਲਈ ਮਾਸਕੋ ਜਾਣਾ ਚਾਹੀਦਾ ਹੈ, ਪਰ ਅਜਿਹਾ ਨਹੀਂ ਹੋ ਸਕਿਆ।ਬਿਜੋਏ ਨੂੰ ਜਤਿਨ ਦਾਸ ਦੁਆਰਾ ਕਲਕੱਤਾ ਵਿੱਚ ਬੰਬ ਬਣਾਉਣ ਦੀ ਸਿਖਲਾਈ ਦਿੱਤੀ ਗਈ। ਉਸ ਨੂੰ ਭਗਤ ਸਿੰਘ ਅਤੇ ਸੁਰੇਂਦਰਨਾਥ ਦੇ ਨਾਲ ਕਾਕੋਰੀ ਦੇ ਕੈਦੀਆਂ ਨੂੰ ਬਚਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ, ਪਰ ਇਸ ਤਰ੍ਹਾਂ ਨਹੀਂ ਹੋ ਸਕਿਆ।ਉਹ 1927 ਵਿੱਚ ਫ਼ਤਿਹਗੜ੍ਹ ਜੇਲ੍ਹ ਤੋਂ ਜੋਗੇਸ਼ ਚੈਟਰਜੀ ਨੂੰ ਬਚਾਉਣ ਦੀ ਨਾਕਾਮ ਕੋਸ਼ਿਸ਼ ਵਿੱਚ ਵੀ ਸ਼ਾਮਲ ਸੀ ਅਤੇ ਦੌੜਦੀ ਰੇਲ ਗੱਡੀ ਤੋਂ ਕੁੱਦ ਕੇ ਭੱਜ ਨਿਕਲਿਆ।

## ਕਮਿਊਨਿਸਟ ਇੰਟਰਨੈਸ਼ਨਲ ਲਈ ਸੱਦਾ, 1928

ਸ਼ੌਕਤ ਉਸਮਾਨੀ ਨੇ 1928 ਵਿੱਚ ਭਗਤ ਸਿੰਘ ਅਤੇ ਬਿਜੋਏ ਕੁਮਾਰ ਸਿਨਹਾ ਨੂੰ ਆਪਣੇ ਨਾਲ ਮਾਸਕੋ ਵਿੱਚ ਕਮਿਊਨਿਸਟ ਇੰਟਰਨੈਸ਼ਨਲ ਦੀ ਛੇਵੀਂ ਕਾਂਗਰਸ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ। ਭਗਤ ਸਿੰਘ ਦੇ ਨਾਲ, ਬਿਜੋਏ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੇ ਅੰਤਰਰਾਸ਼ਟਰੀ ਸੰਬੰਧਾਂ ਦੇ ਇੰਚਾਰਜ ਸਨ। ਬਿਜੋਏ ਨੇ 'ਨਿਊ ਮੈਨ ਇਨ ਦ ਸੋਵੀਅਤ ਯੂਨੀਅਨ' ਵਿੱਚ ਲਿਖਿਆ: 'ਸ਼ੌਕਤ ਉਸਮਾਨੀ, ਜੋ ਕਿ ਭਾਰਤੀ ਕਮਿਊਨਿਸਟ ਪਾਰਟੀ ਦੇ ਪ੍ਰਤੀਨਿਧੀ ਵਜੋਂ, ਕਮਿਊਨਿਸਟ ਇੰਟਰਨੈਸ਼ਨਲ ਦੀ ਛੇਵੀਂ ਕਾਂਗਰਸ ਵਿੱਚ ਹਿੱਸਾ ਲੈਣ ਲਈ ਮਾਸਕੋ ਜਾਣ ਵਾਲੇ ਸਨ, ਨੇ ਮੈਨੂੰ ਅਤੇ ਮੇਰੇ ਸਾਥੀਆਂ ਨੂੰ ਇਨਕਲਾਬੀ ਲਹਿਰ ਦੇ ਪ੍ਰਤੀਨਿਧੀਆਂ ਵਜੋਂ ਸੋਵੀਅਤ ਯੂਨੀਅਨ ਆਉਣ ਲਈ ਕਿਹਾ। ਮੈਂ ਭਗਤ ਸਿੰਘ ਨਾਲ ਉਨ੍ਹਾ ਦੇ ਸੱਦੇ 'ਤੇ ਚਰਚਾ ਕੀਤੀ ਅਤੇ ਅਸੀਂ ਫੈਸਲਾ ਕੀਤਾ ਕਿ ਇਹ ਸਹੀ ਸਮਾਂ ਨਹੀਂ। ਅਸੀਂ ਫੈਸਲਾ ਕੀਤਾ ਕਿ ਅਸੀਂ ਆਪਣੀਆਂ ਯੋਜਨਾਵਾਂ ਨੂੰ ਸਿਰੇ ਚਾੜ੍ਹਨ ਤੋਂ ਬਾਅਦ ਹੀ ਮਾਸਕੋ ਜਾਵਾਂਗੇ।'

ਉਸਮਾਨੀ ਨੇ ਨਵੀਂ ਦਿੱਲੀ ਦੇ ਹਿੰਦੀ 'ਨਈ ਜ਼ਮੀਨ' ਵਿੱਚ ਇੱਕ ਲੇਖ ਵਿੱਚ ਲਿਖਿਆ ਕਿ ਭਾਰਤ ਪਰਤਣ ਤੋਂ ਪਹਿਲਾਂ ਸਟਾਲਿਨ ਨੇ ਉਨ੍ਹਾ ਨੂੰ ਕਿਹਾ ਸੀ : 'ਭਗਤ ਸਿੰਘ ਨੂੰ ਮਾਸਕੋ ਆਉਣ ਲਈ ਕਹੋ।'

## ਇਨਕਲਾਬੀ ਗਤੀਵਿਧੀਆਂ ਨੂੰ ਜਥੇਬੰਦ ਕਰਨਾ

8 ਅਤੇ 9 ਸਤੰਬਰ 1928 ਨੂੰ ਦਿੱਲੀ ਦੇ ਫਿਰੋਜ਼ਸ਼ਾਹ ਕੋਟਲਾ ਕਿਲ੍ਹੇ ਦੇ ਖੰਡਰਾਂ ਵਿੱਚ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦੀ ਕੇਂਦਰੀ ਕਮੇਟੀ ਦੀ ਇੱਕ ਮੀਟਿੰਗ ਹੋਈ। ਆਪਣੇ ਸ਼ੁਰੂਆਤੀ ਭਾਸ਼ਣ ਵਿੱਚ ਬਿਜੋਏ ਕੁਮਾਰ ਸਿਨਹਾ ਨੇ ਕਿਹਾ, 'ਕਾਕੋਰੀ ਤੋਂ ਬਾਅਦ ਇਨਕਲਾਬੀ ਲਹਿਰ ਵਿੱਚ ਇੱਕ ਮੋੜ ਆਇਆ ਸੀ ਅਤੇ ਆਜ਼ਾਦੀ ਪ੍ਰਾਪਤ ਕਰਨ ਲਈ ਇੱਕ ਮਜ਼ਬੂਤ ਸਰਬ ਭਾਰਤੀ ਸੰਗਠਨ ਦੀ ਲੋੜ ਸੀ।'

ਬਿਜੋਏ ਕੁਮਾਰ ਸਿਨਹਾ, ਭਗਤ ਸਿੰਘ, ਚੰਦਰਸ਼ੇਖਰ ਆਜ਼ਾਦ ਅਤੇ ਹੋਰਨਾਂ ਸਮੇਤ ਇੱਕ 7 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਭਗਤ ਸਿੰਘ ਅਤੇ ਬਿਜੋਏ ਨੇ ਵੱਖ-ਵੱਖ ਪ੍ਰਾਂਤਾਂ ਵਿੱਚ ਕੰਮ ਕਰਨ ਦਾ ਤਾਲਮੇਲ ਕਰਨਾ ਸੀ।

## ਲਾਹੌਰ ਸਾਜ਼ਿਸ਼ ਕੇਸ, 1929

ਭਗਤ ਸਿੰਘ, ਸੁਖਦੇਵ ਅਤੇ ਬਟੁਕੇਸ਼ਵਰ ਦੱਤ ਨੂੰ ਅਪ੍ਰੈਲ 1929 ਵਿੱਚ ਲਾਹੌਰ ਸਾਜ਼ਿਸ਼ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਬਿਜੋਏ ਨੂੰ ਜੁਲਾਈ 1929 ਵਿੱਚ ਬਰੇਲੀ ਤੋਂ ਗ੍ਰਿਫ਼ਤਾਰ ਕੀਤਾ ਗਿਆ, ਉਸ ਤੋਂ ਬਾਅਦ ਰਾਜਗੁਰੂ ਅਤੇ ਹੋਰਨਾਂ ਦੀ ਵੀ ਗ੍ਰਿਫ਼ਤਾਰੀ ਹੋਈ।ਬਿਜੋਏ ਭਗਤ ਸਿੰਘ ਅਤੇ ਦੱਤ ਨਾਲ ਇਕਜੁੱਟਤਾ ਪ੍ਰਗਟ ਕਰਨ ਲਈ ਜੇਲ੍ਹ ਵਿੱਚ ਲੰਮੀ ਭੁੱਖ ਹੜਤਾਲ ਵਿੱਚ ਸ਼ਾਮਲ ਹੋਏ। ਜਤਿਨ ਦਾਸ ਨੇ ਭੁੱਖ ਹੜਤਾਲ ਦੌਰਾਨ ਅਤੇ ਆਪਣੇ ਆਖਰੀ ਦਿਨਾਂ ਵਿੱਚ ਉਨ੍ਹਾ ਨੂੰ ਇੱਕ ਗੀਤ ਗਾਉਣ ਲਈ ਕਿਹਾ। ਬਿਜੋਏ ਨੇ ਰਬਿੰਦਰਨਾਥ ਟੈਗੋਰ ਦੁਆਰਾ ਲਿਖਿਆ 'ਏਕਲਾ ਚਲੋ ਰੇ' ਗਾਇਆ।

ਜਦੋਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਹੋਈ, ਉਸ ਵੇਲੇ ਬਿਜੋਏ ਕੁਮਾਰ ਸਿਨਹਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਆਪਣੀ ਫਾਂਸੀ ਤੋਂ ਇੱਕ ਪੰਦਰਵਾੜੇ ਪਹਿਲਾਂ ਭਗਤ ਸਿੰਘ ਬਿਜੋਏ ਨੂੰ ਮਿਲਿਆ ਅਤੇ ਫਾਂਸੀ ਦੀ ਇੱਛਾ ਪ੍ਰਗਟ ਕੀਤੀ: 'ਜੇ ਮੈਨੂੰ ਛੱਡ ਦਿੱਤਾ ਜਾਂਦਾ ਹੈ ਤਾਂ ਇਹ ਇੱਕ ਆਫ਼ਤ ਹੋਵੇਗੀ।ਜੇ ਮੈਂ ਹੱਸਦਾ-ਹੱਸਦਾ ਮਰ ਜਾਂਦਾ ਹਾਂ ਤਾਂ ਭਾਰਤ ਦੀਆਂ ਮਾਵਾਂ ਚਾਹੁੰਣਗੀਆਂ ਕਿ ਉਨ੍ਹਾਂ ਦੇ ਬੱਚੇ ਭਗਤ ਸਿੰਘ ਦੇ ਰਾਹ ਤੇ ਚੱਲਣ...।'

ਬਿਜੋਏ ਨੇ ਮੁਲਾਕਾਤ ਦਾ ਵਰਣਨ ਇਸ ਤਰ੍ਹਾਂ ਕੀਤਾ: 'ਮੈਨੂੰ ਉਸ ਨੂੰ ਉਸ ਦੀ ਸਜ਼ਾ-ਏ-ਮੌਤ ਵਾਲੀ ਕੋਠੜੀ ਵਿੱਚ ਮਿਲਣ ਦਾ ਮੌਕਾ ਮਿਲਿਆ, ਇਹ ਦਸੰਬਰ 1930 ਦੇ ਦਿਨ ਸਨ। ਮੈਨੂੰ ਚੀਫ਼ ਜੇਲ੍ਹਰ ਸਰਦਾਰ ਭਗਤ ਸਿੰਘ ਦੀ ਕੋਠੜੀ ਵਿੱਚ ਲੈ ਗਿਆ। ਉਸ ਦੀ ਇੰਟਰਵਿਊ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ ਸੀ।' ਮੈਨੂੰ ਰਸਤੇ ਵਿੱਚ ਜੇਲ੍ਹਰ ਨੇ ਇਹ ਭੇਦ ਦੱਸਿਆ, 'ਸਾਨੂੰ ਪ੍ਰੀਵੀ ਕੌਂਸਲ ਵਿੱਚ ਅਪੀਲ ਦਾਇਰ ਕਰਨ ਬਾਰੇ ਸਲਾਹ-ਮਸ਼ਵਰਾ ਕਰਨ ਅਤੇ ਫੈਸਲਾ ਲੈਣ ਦਾ ਮੌਕਾ ਦਿੱਤਾ ਜਾ ਰਿਹਾ ਹੈ।' ਭਗਤ ਸਿੰਘ ਨੇ ਮੁਸਕਰਾਉਂਦੇ ਹੋਏ ਖੁਸ਼ੀ ਭਰੀ ਆਵਾਜ਼ ਵਿੱਚ ਕਿਹਾ :



'ਬਿਜੋਏ, ਤੁਮ ਆ ਗਏ।' ਮੈਨੂੰ ਨਹੀਂ ਪਤਾ ਸੀ ਕਿ ਕੀ ਕਹਿਣਾ ਹੈ... ਮੈਂ ਉੱਥੇ ਸਿਰਫ ਖੜ੍ਹਾ ਹੀ ਸੀ। ਪੰਡਤ ਮੋਤੀ ਲਾਲ ਨਹਿਰੂ ਨੇ ਉਨ੍ਹਾਂ ਨੂੰ ਸਾਰੇ ਰਾਜਨੀਤਕ ਕੈਦੀਆਂ ਲਈ ਆਮ ਮੁਆਫ਼ੀ ਮੰਗਣ ਲਈ ਅਪੀਲ ਦਾਇਰ ਕਰਨ ਲਈ ਵੀ ਕਿਹਾ ਸੀ।

ਭਗਤ ਸਿੰਘ ਦੇ ਸ਼ਬਦ ਮੈਨੂੰ ਅਜੇ ਵੀ ਚੰਗੀ ਤਰ੍ਹਾਂ ਯਾਦ ਹਨ। ਉਨ੍ਹਾ ਕਿਹਾ, 'ਭਾਈ ਐਸੇ ਨਾ ਹੋ ਕਿ ਫਾਂਸੀ ਰੁਕ ਜੇ।'

'ਉਨ੍ਹਾ ਨੂੰ ਕਿਸੇ ਵੀ ਮੁਆਫ਼ੀ ਬਾਰੇ ਕੋਈ ਭਰਮ ਨਹੀਂ ਸੀ।'

ਉਸ ਨੇ ਮੇਰੇ ਧਿਆਨ ਵਿੱਚ ਲਿਆਂਦਾ ਕਿ ਉਸ ਸਮੇਂ ਉਹ ਮਰ ਕੇ ਹੀ ਆਪਣੇ ਮਕਸਦ ਦੀ ਸਭ ਤੋਂ ਵਧੀਆ ਸੇਵਾ ਕਰ ਸਕਦਾ ਹੈ। ਉਸ ਨੇ ਇਹ ਫ਼ੈਸਲਾ ਕੀਤਾ ਕਿ ਉਹ ਸਿਰਫ਼ ਇੱਕ ਆਮ ਅਪੀਲ ਦੇਣ ਲਈ ਸਹਿਮਤ ਹੋਵੇਗਾ, ਜੋ ਕਿ ਸਿਰਫ਼ ਤਕਨੀਕੀ ਆਧਾਰ 'ਤੇ ਹੋਵੇਗੀ, ਇਹ ਦੱਸਦਿਆਂ ਕਿ ਲਾਹੌਰ ਸਾਜ਼ਿਸ਼ ਕੇਸ ਆਰਡੀਨੈਂਸ ਕਾਨੂੰਨ ਦੇ ਦਾਇਰੇ ਤੋਂ ਬਾਹਰ ਹਟ ਕੇ ਕੀਤਾ ਗਿਆ ਹੈ (ਅਲਟਰਾ ਵਾਇਰਜ਼ ਹੈ), ਇਹ ਚੰਗੀ ਤਰ੍ਹਾਂ ਜਾਣਦੇ ਹੋਏ ਅਤੇ ਚਾਹੁੰਦੇ ਹੋਏ ਕਿ ਅਪੀਲ ਰੱਦ ਕਰ ਦਿੱਤੀ ਜਾਵੇਗੀ।

'ਭਗਤ ਸਿੰਘ ਦੀ ਭਵਿੱਖਬਾਣੀ ਸੱਚ ਹੋਈ। ਅਪੀਲ ਲੰਡਨ ਵਿੱਚ ਰੱਦ ਕਰ ਦਿੱਤੀ ਗਈ। ਸਰਦਾਰ ਭਗਤ ਸਿੰਘ ਨੂੰ ਮੌਕਾ ਮਿਲ ਗਿਆ। ਉਹ ਸੱਚਮੁੱਚ ਮੌਤ ਵੱਲ ਕੂਚ ਕਰ ਗਿਆ..।'

'ਇੱਕ ਸੰਖੇਪ ਪਰ ਅਭੁੱਲ ਪਲ ਲਈ ਅਸੀਂ-ਇੱਕ ਦੂਜੇ ਨੂੰ ਨੇੜਿਓਂ ਜੱਫੀ ਪਾਈ, ਕਾਫ਼ੀ ਮੁਸ਼ਕਲ ਨਾਲ, ਮੈਂ ਆਪਣੇ ਵਹਿ ਰਹੇ ਹੰਝੂਆਂ ਨੂੰ ਰੋਕਿਆ ਅਤੇ ਬੋਝਲ ਕਦਮਾਂ ਨਾਲ ਮੈਂ ਆਪਣੇ ਵਿਹੜੇ ਵਿੱਚ ਵਾਪਸ ਚਲਾ ਗਿਆ।'

ਸੱਜੇ-ਪੱਖੀਆਂ ਵੱਲੋਂ ਇੱਕ ਸ਼ਰਾਰਤੀ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਭਗਤ ਸਿੰਘ ਨੇ ਵੀ ਮੁਆਫ਼ੀ ਅਤੇ ਰਿਹਾਈ ਮੰਗੀ ਸੀ! ਇਹ ਵੀ ਡੀ. ਸਾਵਰਕਰ ਦੁਆਰਾ ਰਾਜਨੀਤਕ ਗਤੀਵਿਧੀਆਂ ਵਿੱਚ ਹਿੱਸਾ ਨਾ ਲੈਣ ਦੇ ਵਾਅਦੇ ਨਾਲ ਵਾਰ-ਵਾਰ ਮੁਆਫ਼ੀ, ਬੇਨਤੀਆਂ ਨੂੰ ਜਾਇਜ਼ ਠਹਿਰਾਉਣ ਲਈ ਕੀਤਾ ਜਾਂਦਾ ਹੈ, ਜਦੋਂ ਕਿ ਦੋਵਾਂ ਦਾ ਸੁਭਾਅ ਇੱਕ-ਦੂਜੇ ਦੇ ਬਿਲਕੁਲ ਉਲਟ ਸੀ।

## ਅੰਡੇਮਾਨ ਵਿੱਚ ਤਬਦੀਲ ਕਰਨਾ

ਜਦੋਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਤਾਂ ਬਿਜੋਏ ਕੁਮਾਰ ਸਿਨਹਾ ਸਮੇਤ ਸੱਤ ਹੋਰਨਾਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਬਿਜੋਏ ਨੂੰ ਲਾਹੌਰ ਤੋਂ ਮੁਲਤਾਨ ਜੇਲ੍ਹ, ਮਦਰਾਸ ਪ੍ਰੈਜ਼ੀਡੈਂਸੀ ਜੇਲ੍ਹ ਅਤੇ ਫਿਰ ਰਾਜਾਮੁੰਦਰੀ ਜੇਲ੍ਹ ਵਿੱਚ ਵਾਰ-ਵਾਰ ਬਦਲਿਆ ਗਿਆ। ਇਸ ਤੋਂ ਬਾਅਦ ਉਹਨਾ ਨੂੰ ਜੂਨ 1933 ਵਿੱਚ ਜੈਦੇਵ ਕਪੂਰ, ਸ਼ਿਵ ਵਰਮਾ ਆਦਿ ਨਾਲ ਅੰਡੇਮਾਨ ਸੈਲੂਲਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਬਟੁਕੇਸ਼ਵਰ ਦੱਤ, ਡਾ. ਗਯਾ ਪ੍ਰਸਾਦ ਅਤੇ ਕੁਝ ਹੋਰਨਾਂ ਨੂੰ ਪਹਿਲਾਂ ਹੀ ਦੇਸ਼ ਨਿਕਾਲਾ ਦੇ ਕੇ ਉੱਥੇ ਭੇਜਿਆ ਜਾ ਚੁੱਕਿਆ ਸੀ, ਇਸ ਤਰ੍ਹਾਂ ਕੁੱਲ ਮਿਲਾ ਕੇ ਉਥੇ ਲਗਭਗ ਸੌ ਕੈਦੀ ਹੋ ਗਏ। ਆਇਰਲੈਂਡ ਵਿੱਚ ਆਇਰਿਸ਼ ਵਿਰੋਧੀ 'ਕਾਲੇ ਅਤੇ ਟੈਨ' ਬੇਰਹਿਮ ਸੈਨਿਕਾਂ ਦੀਆਂ ਟੁਕੜੀਆਂ ਬਣਾਉਣ ਦੇ ਸੰਸਥਾਪਕ ਜੌਨ ਐਂਡਰਸਨ ਹੁਣ ਬੰਗਾਲ ਦੇ ਪ੍ਰਸ਼ਾਸਕ ਸਨ ਅਤੇ ਬਹੁਤ ਸਾਰੇ ਬੰਗਾਲ ਦੇ ਦੇਸ਼ ਭਗਤਾਂ ਨੂੰ ਦੇਸ਼ ਨਿਕਾਲਾ ਦੇਣ ਲਈ ਜ਼ਿੰਮੇਵਾਰ ਸਨ। ਬਿਜੋਏ ਨੂੰ ਰਾਜਾਮੁੰਦਰੀ ਜੇਲ੍ਹ (1932) ਵਿੱਚ ਦੇਸ਼ ਨਿਕਾਲੇ ਬਾਰੇ ਪਤਾ ਲੱਗਾ। ਉੱਥੇ ਜੈਦੇਵ ਕਪੂਰ ਨੂੰ ਕੋੜੇ ਮਾਰੇ ਗਏ ਅਤੇ ਬਿਜੋਏ ਅਤੇ ਸ਼ਿਵ ਵਰਮਾ ਕੋੜੇ ਖਾਣ ਤੋਂ ਬਚ ਗਏ, ਕਿਉਂਕਿ ਉਹ ਬਹੁਤ ਕਮਜ਼ੋਰ ਸਨ ਅਤੇ ਡੰਡੇ ਨਹੀਂ ਸਹਿ ਸਕਦੇ ਸਨ। ਉਹ ਅਧਿਕਾਰੀਆਂ ਦੇ ਦੁਰਵਿਹਾਰ ਦੇ ਵਿਰੁੱਧ ਪ੍ਰਦਰਸ਼ਨ ਕਰ ਰਹੇ ਸਨ ਅਤੇ ਪੂਰੇ 5 ਮਹੀਨੇ ਦਸ ਦਿਨਾਂ ਲਈ ਭੁੱਖ ਹੜਤਾਲ ਕੀਤੀ।

ਜੂਨ 1933 ਵਿੱਚ ਬਿਜੋਏ ਨੂੰ ਐਂਬੂਲੈਂਸ ਵਿੱਚ ਰੇਲਵੇ ਸਟੇਸ਼ਨ ਲਿਆਂਦਾ ਗਿਆ। ਸ਼ਿਵ ਵਰਮਾ ਅਤੇ ਜੈਦੇਵ ਵੀ ਉਸੇ ਰੇਲ ਗੱਡੀ ਵਿੱਚ ਸਨ। ਮਹਾਂਬੀਰ ਸਿੰਘ ਦੀ ਅੰਡੇਮਾਨ ਵਿੱਚ ਅਣਮਨੁੱਖੀ ਤਸੀਹਿਆਂ, ਲੜਾਈਆਂ ਅਤੇ ਬੇਰਹਿਮ ਹਮਲਿਆਂ ਤੋਂ ਬਾਅਦ ਮੌਤ ਹੋ ਗਈ ਸੀ। ਹੋਰ ਦੋ ਮੋਹਿਤ ਅਤੇ ਮੋਹਨ ਵੀ ਭੁੱਖ ਹੜਤਾਲ ਵਿੱਚ ਮਰ ਗਏ ਸਨ। ਇਸ ਤਰ੍ਹਾਂ ਉਥੇ ਹਾਲਾਤ ਬਹੁਤ ਭਿਆਨਕ ਸਨ।ਦੇਸ਼ ਨਿਕਾਲੇ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਲੋਕ ਪੈਂਦੇ ਮੀਂਹ ਵਾਲੀ ਰਾਤ ਨੂੰ ਵੀ ਸਾਰੇ ਸਟੇਸ਼ਨਾਂ 'ਤੇ ਇਕੱਠੇ ਹੋ ਗਏ।

ਬਿਜੋਏ ਅਤੇ ਸਹਿ-ਕੈਦੀਆਂ ਨੂੰ 'ਸਾਮਰਾਜਵਾਦ ਮੁਰਦਾਬਾਦ', 'ਇਨਕਲਾਬ ਜ਼ਿੰਦਾਬਾਦ', 'ਬੰਦੇ ਮਾਤਰਮ' ਆਦਿ ਨਾਅਰਿਆਂ ਦੇ ਵਿਚਕਾਰ ਇੱਕ ਵੱਡੇ ਸਰਕਾਰੀ ਚਾਰਟਰਡ ਸਮੁੰਦਰੀ ਜਹਾਜ਼ ਮਹਾਰਾਜਾ ਵਿੱਚ ਅੰਡੇਮਾਨ ਲਿਜਾਇਆ ਗਿਆ। ਉਨ੍ਹਾਂ ਨੂੰ ਕਿਸ਼ਤੀ ਦੀਆਂ ਹਨੇਰੀਆਂ ਕੋਠੜੀਆਂ ਵਿੱਚ ਬੰਦ ਕਰ ਦਿੱਤਾ ਗਿਆ।

ਉਹ ਸਾਢੇ ਤਿੰਨ ਦਿਨਾਂ ਬਾਅਦ ਅੰਡੇਮਾਨ ਪਹੁੰਚੇ। ਨੀਂਦ ਕਿਥੇ ਆਉਣੀ ਸੀ, ਉਨ੍ਹਾਂ ਨੂੰ ਜਾਨਵਰਾਂ ਵਾਂਗ ਬਾਇਲਰਾਂ ਦੇ ਆਲੇ-ਦੁਆਲੇ ਵੱਡੇ ਲੋਹੇ ਦੇ ਪਿੰਜਰਿਆਂ ਵਿੱਚ ਬੰਦ ਕੀਤਾ ਗਿਆ ਸੀ। ਜਦੋਂ ਪੰਜਾਬ ਪੁਲਸ ਦੇ ਗਾਰਡਾਂ ਨੂੰ ਪਤਾ ਲੱਗਾ ਕਿ ਉਹ ਸਰਦਾਰ ਭਗਤ ਸਿੰਘ ਦੇ ਸਾਥੀ ਹਨ, ਤਾਂ ਉਨ੍ਹਾਂ ਉਨ੍ਹਾਂ ਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਵਿੱਚੋਂ ਇੱਕ ਨੇ ਕਿਹਾ, 'ਪਰੇਸ਼ਾਨ ਨਾ ਹੋਵੋ, ਅੱਲ੍ਹਾ ਤੁਹਾਨੂੰ ਜਲਦੀ ਹੀ ਆਜ਼ਾਦ ਕਰਵਾ ਦੇਵੇਗਾ।' ਉਹ ਖੰਡ ਅਤੇ ਚਾਹ ਲੈ ਆਏ। ਜਹਾਜ਼ ਐਬਰਦੀਨ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਪ੍ਰਗਤੀਸ਼ੀਲ ਲੇਖਕ ਸੰਘ : ਅਤੀਤ ਅਤੇ ਵਰਤਮਾਨ

**ਸੀ ਪੀ ਆਈ ਦੀ 25ਵੀਂ ਕੌਮੀ ਕਾਂਗਰਸ, ਜੋ 21 ਤੋਂ 25 ਸਤੰਬਰ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਹੈ, ਇਸ ਸੰਦਰਭ ਵਿੱਚ ਪ੍ਰਗਤੀਸ਼ੀਲ ਲੇਖਕ ਸੰਘ ਦੀ ਇਤਿਹਾਸਕ ਯਾਤਰਾ ਨੂੰ ਬਿਆਨ ਕਰਦਾ ਇਹ ਲੇਖ ਪ੍ਰਕਾਸ਼ਤ ਕਰ ਰਹੇ ਹਾਂ, ਜਿਸ ਨੂੰ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਜਨਰਲ ਸਕੱਤਰ ਨੇ ਲਿਖਿਆ ਹੈ।**

**-ਸੰਪਾਦਕ**

ਡਾ. ਕੁਲਦੀਪ ਸਿੰਘ ਦੀਪ


ਪ੍ਰਗਤੀਸ਼ੀਲ ਲੇਖਕ ਸੰਘ ਇਕ ਅਦਬੀ ਅੰਦੋਲਨ ਹੈ। ਇਸ ਦਾ ਸੰਬੰਧ 1935 ਵਿਚ ਪੈਰਿਸ ਵਿਚ ਹੋਏ ਕੌਮਾਂਤਰੀ ਪ੍ਰਗਤੀਸ਼ੀਲ ਲੇਖਕ ਸੰਮੇਲਨ ਦੇ ਨਾਲ ਜੁੜਦਾ ਹੈ ਜਿਸ ਦਾ ਵਿਸ਼ਾ international Congress of writers for the defence of culture ਸੀ। ਇਸ ਸੰਮੇਲਨ ਦਾ ਪ੍ਰਸੰਗ ਇਹ ਸੀ ਕਿ ਉਹਨਾਂ ਦਿਨਾਂ ਵਿਚ ਯੂਰਪ ਵਿਚ ਹਿਟਲਰ ਅਤੇ ਮੁਸੋਲਿਨੀ ਦੇ ਫਾਸ਼ੀਵਾਦ ਦਾ ਤੇਜ਼ੀ ਨਾਲ ਉਦੈ ਹੋ ਰਿਹਾ ਸੀ। ਨਾਜ਼ੀ ਜਰਮਨੀ ਨੇ ਅਗਾਂਹਵਧੂ ਬੁੱਧੀਜੀਵੀਆਂ ਅਤੇ ਲੇਖਕਾਂ 'ਤੇ ਹਮਲੇ ਸ਼ੁਰੂ ਕਰ ਦਿੱਤੇ ਸਨ। ਸਪੇਨ ਵਿਚ ਗ੍ਰਹਿ ਯੁੱਧ ਦੀਆਂ ਕਨਸੋਆਂ ਮਿਲ ਰਹੀਆਂ ਸਨ। ਇਸੇ ਪਿਛੋਕੜ ਵਿਚ ਜੂਨ 1935 ਵਿਚ ਇਹ ਇਤਿਹਾਸਕ ਸੰਮੇਲਨ ਹੋਇਆ। ਇਸ ਸੰਮੇਲਨ ਦੇ ਮੁੱਖ ਉਦੇਸ਼ ਇਸ ਪ੍ਰਕਾਰ ਸੀ :



- ਫਾਸ਼ੀਵਾਦ ਤੇ ਨਾਜ਼ੀਵਾਦ ਦੇ ਖਿਲਾਫ਼ ਵਿਸ਼ਵ ਪੱਧਰ 'ਤੇ ਸਾਹਿਤਕ ਮੋਰਚੇਬੰਦੀ ਕਰਨਾ।
- ਯੁੱਧ ਵਿਰੋਧੀ ਤੇ ਅਮਨ ਸਮਰਥਕ ਸੱਭਿਆਚਾਰਕ ਮੰਚ ਬਣਾਉਣਾ।
- ਲੇਖਕਾਂ ਤੇ ਕਲਾਕਾਰਾਂ ਨੂੰ ਇਹ ਵਿਸ਼ਵਾਸ ਦੁਆਉਣਾ ਕਿ ਜਦੋਂ ਹਾਲਾਤ ਜੰਗ ਵਰਗੇ ਹੋਣ ਤਾਂ ਸਾਹਿਤ ਅਤੇ ਕਲਾਵਾਂ ਕਦੇ ਨਿਊਟਰਲ ਨਹੀਂ ਹੋ ਸਕਦੀਆਂ। ਉਹਨਾਂ ਨੂੰ ਅਵਾਮ ਅਤੇ ਨਿਆਂ ਦੇ ਪੱਖ ਵਿਚ ਖੜ੍ਹੇ ਹੋਣਾ ਹੀ ਪਵੇਗਾ।

ਇਸ ਸੰਮੇਲਨ ਵਿਚ ਲੱਗਭੱਗ 230 ਦੇ ਕਰੀਬ ਲੇਖਕ, ਸ਼ਾਇਰ, ਨਾਟਕਕਾਰ ਅਤੇ ਚਿੰਤਕ ਸ਼ਾਮਲ ਹੋਏ, ਜਿਨ੍ਹਾਂ ਨੇ ਜ਼ਿੰਦਗੀ ਅਤੇ ਅਦਬ ਦੇ ਵੱਖ-ਵੱਖ ਖੇਤਰਾਂ ਵਿਚ ਵੱਡਾ ਨਾਂਅ ਕਮਾਇਆ। ਕੁਝ ਮੁੱਖ ਨਾਂਅ ਇਸ ਪ੍ਰਕਾਰ ਹਨ :

- ਫਰੈਂਚ ਨਾਵਲਕਾਰ ਆਂਦਰੇ ਮਾਲਰੋ (André Malraux)
- ਫਰਾਂਸ ਦਾ ਖੱਬੇਪੱਖੀ ਸ਼ਾਇਰ ਲੂਈ ਅਰਾਗੋਂ (Louis Aragon)
- ਜਰਮਨ ਦੇ ਪ੍ਰਸਿੱਧ ਨਾਟਕਕਾਰ ਅਤੇ ਸ਼ਾਇਰ ਬਰਤੋਲਤ ਬ੍ਰੈਖ਼ਤ (Bertolt Brecht)
- ਚਿੱਲੀ ਦੇ ਕ੍ਰਾਂਤੀਕਾਰੀ ਸ਼ਾਇਰ ਪੈਬਲੋ ਨਰੂਦਾ (Pablo Neruda)
- ਬ੍ਰਿਟੇਨ ਚਿੰਤਕ ਈ. ਐੱਮ. ਫੋਰਸਟਰ (E. M. Forster)
- ਅਮਰੀਕਾ ਨਾਵਲਕਾਰ ਅਰਨੈਸਟ ਹੈਮਿੰਗਵੇ (Ernest Hemingway)
- ਸਟੀਫਨ ਸਪੈਂਡਰ, ਬ੍ਰਿਟੇਨ (Stephen Spender), ਇਲੀਆ ਅਹੇਰਨਬਰਗ, ਸੋਵੀਅਤ ਸੰਘ (Ilya Ehrenburg (Soviet Union), ਸਿਲਵੀਆ ਟਾਊਨਸੈਂਡ ਵਾਰਨਰ, ਬ੍ਰਿਟੇਨ (Sylvia Townsend Warner (Britain) ਇਸ ਸੰਮੇਲਨ ਵਿਚ ਕਈ ਬਹੁਤ ਮਹੱਤਵਪੂਰਨ ਐਲਾਨ ਕੀਤੇ ਗਏ ਜਿਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਐਲਾਨ ਇਹ ਸੀ ਕਿ ਇਹ ਲੇਖਕ ਦੀ ਜ਼ਿੰਮੇਵਾਰੀ ਹੈ ਕਿ ਉਹ ਅਦਬੀ ਕਾਰਕੁਨ ਦੇ ਤੌਰ 'ਤੇ ਅਨਿਆਂ, ਯੁੱਧ ਅਤੇ ਫਾਸ਼ੀਵਾਦ ਦਾ ਵਿਰੋਧ ਕਰੇ। ਅਦਬ ਦਾ ਅਰਥ ਕੇਵਲ ਕਲਾ ਦੀ ਸੁੰਦਰਤਾ ਨਹੀਂ, ਬਲਕਿ ਜਨਤਾ ਦੀ ਆਜ਼ਾਦੀ ਦਾ ਜ਼ਾਮਨ ਬਣਨਾ ਵੀ ਹੈ।ਇਸ ਸੰਮੇਲਨ ਵਿਚ ਬੇਸ਼ੱਕ ਸਿੱਧੇ ਤੌਰ 'ਤੇ ਕੋਈ ਭਾਰਤੀ ਪ੍ਰਤੀਨਿਧ ਮੌਜੂਦ ਨਹੀਂ ਸੀ, ਪਰ ਇਸ ਸੰਮੇਲਨ ਤੋਂ ਤੁਰੰਤ ਬਾਅਦ ਇਸ ਦੇ ਪ੍ਰਭਾਵ ਦੇ ਤਹਿਤ 1936 ਵਿਚ ਲੰਡਨ ਵਿਚ ਇੱਕ ਹੋਰ ਸੰਮੇਲਨ ਹੋਇਆ, ਜਿਸ ਵਿਚ ਉਸ ਦੌਰ ਦੇ ਲੰਦਨ ਵਿਚ ਰਹਿ ਰਹੇ ਭਾਰਤੀ ਚਿੰਤਕ ਸਜ਼ਾਦ ਜਹੀਰ ਤੇ ਮੁਲਕ ਰਾਜ ਆਨੰਦ ਸ਼ਾਮਲ ਹੋਏ।



ਪੈਰਿਸ ਦੇ 1935 ਦੇ ਸੰਮੇਲਨ ਦੀ ਚਰਚਾ ਤੋਂ ਹੀ ਭਾਰਤੀ ਲੇਖਕਾਂ ਨੂੰ ਇਹ ਅਹਿਸਾਸ ਹੋਇਆ ਕਿ ਅਗਰ ਯੂਰੋਪ ਫਾਸ਼ੀਵਾਦ ਦੇ ਖਿਲਾਫ਼ ਆਪਣੇ ਅਦੀਬਾਂ ਨੂੰ ਲਾਮਬੰਦ ਕਰ ਸਕਦਾ ਹੈ ਤਾਂ ਭਾਰਤ ਵਿਚ ਵੀ ਸਾਮਰਾਜਵਾਦ ਅਤੇ ਜਗੀਰਦਾਰੀ ਦੇ ਖਿਲਾਫ਼ ਵੱਡੇ ਸਾਹਿਤਕ ਅੰਦੋਲਨ ਦੀ ਜ਼ਰੂਰਤ ਹੈ। ਇਸੇ ਘਟਨਾਕ੍ਰਮ ਦਾ ਨਤੀਜਾ ਲਖਨਊ ਵਿਚ 1936 'ਚ ਪੈਦਾ ਹੋਇਆ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ (ਅੰਜੁਮਨ ਤਰੱਕੀਪਸੰਦ ਮੁਸੰਨੀਫ਼ੀਨ-ਏ-ਹਿੰਦ) ਸੀ।



ਸੰਖੇਪ ਵਿਚ ਕਹੀਏ ਤਾਂ 1935 ਦੇ ਪੈਰਿਸ ਸੰਮੇਲਨ ਨੇ ਸਾਹਿਤ ਤੇ ਸੱਭਿਆਚਾਰ ਦੇ ਇਤਿਹਾਸ ਨੂੰ ਉਹ ਮੋੜ ਦਿੱਤਾ ਜਦੋਂ ਲੇਖਕਾਂ ਨੇ ਇਹ ਤੈਅ ਕੀਤਾ ਕਿ ਉਹ ਹੁਣ 'ਕਲਾ ਕਲਾ ਲਈ' ਦੇ ਰਾਹ 'ਤੇ ਨਹੀਂ ਚੱਲਣਗੇ, ਬਲਕਿ ਕਲਾ ਨੂੰ ਅਵਾਮ ਵਿਚ ਲੈ ਕੇ ਜਾਣਗੇ ਅਤੇ ਸਮਾਜਿਕ ਬਰਾਬਰੀ ਤੇ ਨਿਆਂ ਦੀ ਲੜਾਈ ਵਿਚ ਸਰਗਰਮ ਸ਼ਮੂਲੀਅਤ ਕਰਦੇ ਹੋਏ ਅਵਾਮ ਦੀ ਹਿੱਤਾਂ ਦੀ ਗੱਲ ਕਰਨਗੇ।ਇਸ ਸੰਮੇਲਨ ਨੇ ਦੁਨੀਆ ਦੀ ਸਿਆਸਤ, ਸੱਭਿਆਚਾਰ ਅਤੇ ਅਦਬ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ।1936 ਤੋਂ 1939 ਦੇ ਦਰਮਿਆਨ ਹੋਏ ਸਪੈਨਸ ਗ੍ਰਹਿ ਯੁੱਧ ਦੇ ਖਿਲਾਫ਼ ਅਵਾਮੀ ਬਿਰਤਾਂਤ ਘੜਨ ਵਿਚ ਇਸ ਕੌਮਾਂਤਰੀ ਲੇਖਕ ਸੰਮੇਲਨ ਦਾ ਵੱਡਾ ਪ੍ਰਭਾਵ ਰਿਹਾ।



ਇਸ ਸੰਮੇਲਨ ਦੇ ਪ੍ਰਭਾਵ ਸਦਕਾ 1937 ਵਿਚ second international Congress of writers for the defence of culture ਦਾ ਆਯੋਜਨ ਹੋਇਆ, ਜੋ ਪਹਿਲਾਂ ਮੈਡਰਿਡ ਵਿਚ ਹੋਈ, ਫਿਰ ਵੈਲੰਸੀਆ ਵਿਚ ਤੇ ਬਾਅਦ ਵਿਚ ਬਾਰਸੀਲੋਨਾ ਵਿਚ ਇਸ ਦਾ ਆਯੋਜਨ ਹੋਇਆ। ਸਪੈਨਿਸ਼ ਗ੍ਰਹਿ ਯੁੱਧ ਦੇ ਦੌਰਾਨ ਲੇਖਕਾਂ ਦੇ ਇਹਨਾਂ ਸੰਮੇਲਨਾਂ ਦੌਰਾਨ ਜੋ ਮਤੇ ਪਾਸ ਕੀਤੇ, ਉਹ ਇਸ ਪ੍ਰਕਾਰ ਸਨ:

- ਸਾਹਿਤਕਾਰਾਂ ਤੇ ਕਲਾਕਾਰਾਂ ਨੂੰ ਫਾਸ਼ੀਵਾਦ ਵਿਰੋਧੀ ਮੋਰਚੇ 'ਤੇ ਸੰਗਠਿਤ ਕਰਨਾ
- ਸਪੈਨਿਸ਼ ਰਿਪਬਲੀਕਨ ਸਰਕਾਰ ਨੂੰ ਅੰਤਰਰਾਸ਼ਟਰੀ ਸਮਰਥਨ ਦੇਣਾ
- ਸਾਹਿਤ ਨੂੰ ਸੱਭਿਆਚਾਰ ਅਤੇ ਮਨੁੱਖੀ ਆਜ਼ਾਦੀ ਦੀ ਸੁਰੱਖਿਆ ਦਾ ਹਥਿਆਰ ਮੰਨਣਾ
- ਇਹ ਸੁਨੇਹਾ ਦੇਣਾ ਕਿ ਸਪੇਨ ਦੀ ਲੜਾਈ ਸਿਰਫ ਸਪੇਨ ਦੀ ਨਹੀਂ ਬਲਕਿ ਪੂਰੀ ਦੁਨੀਆ ਦੇ ਵਿਚ ਅਵਾਮ ਲਈ ਖੜ੍ਹਨ ਵਾਲੇ ਲੋਕਾਂ ਦੀ ਲੜਾਈ ਹੈ।



ਭਾਰਤ ਵਿਚ ਪ੍ਰਗਤੀਸ਼ੀਲ ਅੰਦੋਲਨ ਦੇ ਮੋਢੀਆਂ ਵਿਚ ਸੱਜਾਦ ਜ਼ਹੀਰ ਤੇ ਮੁਲਕ ਰਾਜ ਆਨੰਦ ਦੀ ਭੂਮਿਕਾ ਬਹੁਤ ਅਹਿਮ ਸੀ। ਉਹ ਵਿਸ਼ਵ ਦੇ ਵੱਡੇ ਪ੍ਰਗਤੀਸ਼ੀਲ ਅੰਦੋਲਨਾਂ ਤੋਂ ਬਹੁਤ ਵੱਡੇ ਪੱਧਰ 'ਤੇ ਪ੍ਰਭਾਵਿਤ ਹੋਏ ਅਤੇ ਉਹਨਾਂ ਲਈ ਸਪੈਨਿਸ਼ ਗ੍ਰਹਿ ਯੁੱਧ ਤੇ ਭਾਰਤੀ ਸੁਤੰਤਰਤਾ ਸੰਗਰਾਮ ਸਮਰੂਪ ਹੋ ਗਏ। ਲਖਨਊ ਵਿਚ 1936 ਦੇ ਵਿਚ ਹੋਏ ਪਹਿਲੇ ਸੰਮੇਲਨ ਅਤੇ ਬਾਅਦ ਦੇ ਇਪਟਾ ਦੇ ਸਮਾਗਮਾਂ ਦੇ ਵਿਚ ਸਪੈਨਿਸ਼ ਜਨਤਾ ਦੇ ਸੰਘਰਸ਼ ਦੀ ਇਹ ਗੂੰਜ ਸ਼ਾਮਲ ਰਹੀ।

ਇਹਨਾਂ ਦਿਨਾਂ ਵਿਚ ਹੀ ਚਿੱਲੀ ਦੇ ਕਰਾਂਤੀਕਾਰੀ ਸ਼ਾਇਰ ਪੈਬਲੋ ਨੈਰੂਦਾ ਦੀ ਵਿਸ਼ਵ ਪ੍ਰਸਿੱਧ ਕਵਿਤਾ I will explain everything (1937) ਲਿਖੀ ਗਈ, ਜੋ ਪੂਰੇ ਵਿਸ਼ਵ ਵਿਚ ਪ੍ਰਤੀਰੋਧ ਦੀ ਆਵਾਜ਼ ਬਣੀ ਅਤੇ ਪ੍ਰਗਤੀਸ਼ੀਲ ਲੇਖਕਾਂ ਲਈ ਰੋਲ ਮਾਡਲ ਵੀ ਬਣੀ। ਇਹ ਕਵਿਤਾ ਸਪੇਨੀ ਗ੍ਰਹਿ-ਯੁੱਧ (Spanish Civil War) ਦੌਰਾਨ ਲਿਖੀ ਗਈ ਸੀ।

ਇਹ ਕਵਿਤਾ 1936-39 ਦੇ ਸਪੇਨੀ ਗ੍ਰਹਿ-ਯੁੱਧ ਦੌਰਾਨ ਸਪੇਨ ਅਤੇ ਖ਼ਾਸ ਕਰਕੇ ਮੈਡਰਿਡ 'ਤੇ ਹੋਈ ਫਾਸ਼ੀਵਾਦੀ ਬੰਬਾਰੀ ਦੇ ਅਨੁਭਵ ਨੂੰ ਦਰਜ ਕਰਦੀ ਹੈ। ਇਹ ਰਚਨਾ ਇਕ ਸਮੂਹਕ ਮਰਸੀਆ-ਗੀਤ ਹੈ, ਜਿਸ ਵਿਚ ਯੁੱਧ ਦੀ ਤਬਾਹੀ ਦੇ ਦ੍ਰਿਸ਼ ਦਿਖਾਈ ਦਿੰਦੇ ਹਨ। ਕਵਿਤਾ ਦਾ ਆਖਰੀ ਹਿੱਸਾ ਇਸ ਪ੍ਰਕਾਰ ਹੈ :



ਤੁਸੀਂ ਪੁੱਛੋਗੇ
ਹੁਣ ਤੇਰੀ ਕਵਿਤਾ ਵਿਚ
ਸੁਪਨਿਆਂ, ਫੁੱਲਾਂ ਅਤੇ ਨੀਲੇ ਅਸਮਾਨ
ਦੀਆਂ ਗੱਲਾਂ ਕਿਉਂ ਨਹੀਂ?
ਕਿਉਂ ਨਹੀਂ ਲਿਖਦਾ ਤੂੰ
ਪਹਾੜਾਂ, ਦਰਿਆਵਾਂ,
ਤੇ ਆਪਣੇ ਵਤਨ ਦੇ ਜੁਆਲਾਮੁਖੀਆਂ
ਬਾਰੇ?
ਮੈਂ ਤੁਹਾਨੂੰ ਦੱਸਦਾ ਹਾਂ-
ਕਦੇ ਮੈਡਰਿਡ ਦੀਆਂ ਗਲੀਆਂ
ਰੌਸ਼ਨੀ ਨਾਲ ਭਰੀਆਂ ਹੁੰਦੀਆਂ ਸਨ
ਤੇ ਨਿਆਣਿਆਂ ਦੀਆਂ ਕਿਲਕਾਰੀਆਂ ਨਾਲ ਗੂੰਜਦੀਆਂ
ਸਨ
ਹੁਣ ਉੱਥੇ ਤੋਪਾਂ ਗਰਜਦੀਆਂ ਨੇ
ਘਰਾਂ ਦੀਆਂ ਕੰਧਾਂ 'ਤੇ ਸੁਰਖ਼ ਧੱਬੇ ਹਨ
ਇਹ ਕੋਈ ਫੁੱਲ ਨਹੀਂ
ਇਹ ਕੰਧਾਂ 'ਤੇ ਲੱਗਿਆ ਖ਼ੂਨ ਹੈ...
ਗੋਲ਼ਿਆਂ ਨੇ
ਮਾਸੂਮ ਬੱਚਿਆਂ ਦੇ ਸਰੀਰਾਂ ਦਾ ਤੂੰਬਾ-
ਤੂੰਬਾ ਕਰਕੇ
ਉਡਾ ਦਿੱਤਾ ਹੈ
ਮਾਵਾਂ ਵਿਰਲਾਪ ਕਰ ਰਹੀਆਂ ਨੇ
ਹੁਣ ਮੈਂ ਕਿਵੇਂ ਲਿਖਾਂ
ਗੁਲਾਬਾਂ ਅਤੇ ਸੁਪਨਿਆਂ ਬਾਰੇ?
ਮੇਰੀ ਕਵਿਤਾ ਵਿਚ ਹੁਣ ਸਿਰਫ਼
ਖ਼ੂਨ ਹੈ
ਮੌਤ ਹੈ
ਤੇ ਪ੍ਰਤੀਰੋਧ ਹੈ...
ਆਓ ! ਵੇਖੋ
ਸਪੇਨ ਦੀਆਂ ਗਲੀਆਂ ਵਿਚ ਖ਼ੂਨ ਵਹਿ ਰਿਹਾ ਹੈ...

ਇਹ ਕਵਿਤਾ ਉਸ ਦੌਰ ਦੇ ਸਿਆਸੀ ਅਤੇ ਅਦਬੀ ਅੰਦੋਲਨਾਂ ਦਾ ਐਲਾਨਨਾਮਾ ਬਣ ਗਈ। ਨੈਰੂਦਾ ਦੀ ਇਸ ਕਵਿਤਾ ਨੇ ਸਾਹਿਤ ਨੂੰ ਵਿਅਕਤੀਗਤ ਸੰਦਰਭਾਂ ਤੋਂ ਸਮੂਹਿਕ ਸੰਦਰਭਾਂ ਵੱਲ ਮੋੜਿਆ ਅਤੇ ਕਵਿਤਾ ਨੂੰ ਸਿਰਫ਼ ਸੁਹਜਾਤਮਕ ਵਸਤੂ ਦੀ ਥਾਂ 'ਤੇ ਸੰਘਰਸ਼ ਦੀ ਆਵਾਜ਼ ਬਣਾ ਦਿੱਤਾ। ਜਦ ਉਹ ਕਹਿੰਦਾ ਹੈ come and see the blood in the streets ਤਾਂ ਇਹ ਬੋਲ 20ਵੀਂ ਸਦੀ ਦੇ ਫਾਸ਼ੀਵਾਦ ਦੇ ਵਿਰੋਧ ਦਾ ਸਸ਼ਕਤ ਪ੍ਰਤੀਕ ਬਣ ਗਏ। ਉਸ ਦੌਰ ਵਿਚ ਅਜਿਹਾ ਬਹੁਤ ਸਾਰਾ ਸਾਹਿਤ ਛਪਿਆ। ਭਾਰਤੀ ਅਦਬ ਦੇ ਇਤਿਹਾਸ ਵਿਚ ਕਹਾਣੀ ਸੰਗ੍ਰਹਿ 'ਅੰਗਾਰੇ' ਅਜਿਹੀ ਹੀ ਪੁਸਤਕ ਸੀ, ਜਿਸ ਉੱਪਰ ਛਪਣ ਸਾਰ ਹੀ ਪਾਬੰਦੀ ਲੱਗ ਗਈ।

ਜਿੱਥੋਂ ਤੱਕ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਗਠਨ ਦਾ ਸੰਬੰਧ ਹੈ, ਇਸ ਦਾ ਆਗਾਜ਼ 1935 ਵਿਚ ਕੁਝ ਸਜ਼ਾਦ ਜ਼ਹੀਰ, ਮੁਲਖ ਰਾਜ ਅਨੰਦ ਅਤੇ ਕੁਝ ਹੋਰ ਭਾਰਤੀ ਵਿਦਿਆਰਥੀਆਂ ਨੇ ਲੰਦਨ ਵਿਚ ਕੀਤਾ ਸੀ।ਇਸ ਦਾ ਪਹਿਲਾ ਘੋਸ਼ਣਾ-ਪੱਤਰ ਵੀ ਉਥੇ ਹੀ ਤਿਆਰ ਹੋਇਆ ਸੀ। ਇਸ ਇਕ ਪੰਨੇ ਦੇ ਘੋਸ਼ਣਾ-ਪੱਤਰ ਨੂੰ ਲਿਖਣ ਅਤੇ ਅੰਤਿਮ ਰੂਪ ਦੇਣ ਵਾਲਿਆਂ ਵਿਚ ਡਾ. ਜਯੋਤੀ ਘੋਸ਼, ਡਾ. ਮੁਲਕ ਰਾਜ ਆਨੰਦ, ਪ੍ਰਮੋਦ ਸੇਨ ਗੁਪਤਾ, ਡਾ. ਮੁਹੰਮਦ ਦੀਨ ਤਾਸੀਰ ਅਤੇ ਸੱਜਾਦ ਜ਼ਹੀਰ ਸ਼ਾਮਲ ਸਨ।

ਸਜ਼ਾਦ ਜ਼ਹੀਰ ਆਪਣੀ ਸਵੈਜੀਵਨੀ 'ਰੌਸ਼ਨਾਈ' ਵਿਚ ਲਿਖਦੇ ਹਨ : ਅਸੀਂ ਲੰਦਨ ਵਿਚ ਹੀ ਇਸ ਦਸਤਾਵੇਜ਼ ਨੂੰ ਸਾਈਕਲੋ-ਸਟਾਇਲ ਕਰਕੇ ਭਾਰਤ ਦੇ ਆਪਣੇ ਦੋਸਤਾਂ ਨੂੰ ਭੇਜ ਦਿੱਤਾ ਸੀ, ਤਾਂ ਜੋ ਉਹ ਆਪਣੇ ਵਤਨ ਦੇ ਲਿਖਾਰੀਆਂ ਨੂੰ ਵਿਖਾ ਕੇ ਉਨ੍ਹਾਂ ਦੀ ਰਾਏ ਲੈ ਲੈਣ। ਇਨ੍ਹਾਂ ਦੋਸਤਾਂ ਵਿਚ ਕੁਝ ਉਹ ਨੌਜਵਾਨ ਸ਼ਾਮਲ ਸਨ, ਜੋ ਸਾਡੇ ਨਾਲੋਂ ਪਹਿਲਾਂ ਭਾਰਤ ਪਰਤ ਚੁੱਕੇ ਸਨ ਅਤੇ ਜਿਨ੍ਹਾਂ ਨੂੰ ਅਸੀਂ ਲਿਖਾਰੀ ਤਾਂ ਨਹੀਂ, ਪਰ ਪ੍ਰਗਤੀਸ਼ੀਲ ਹੋਣ ਕਾਰਨ ਆਪਣਾ ਹਮਖਿਆਲ ਜਾਂ ਹਮਦਰਦ ਸਮਝਦੇ ਸੀ।ਅਲੀਗੜ੍ਹ ਵਿਚ ਡਾ. ਮੁਹੰਮਦ ਅਸ਼ਰਫ਼ ਸਨ, ਜੋ ਉਨ੍ਹੀਂ ਦਿਨੀਂ ਮੁਸਲਿਮ ਯੂਨੀਵਰਸਿਟੀ ਵਿਚ ਇਤਿਹਾਸ ਦੇ ਲੈਕਚਰਾਰ ਸਨ। ਅੰਮ੍ਰਿਤਸਰ ਵਿਚ ਮਹਿਮੂਦ-ਉਲ- ਜ਼ਫ਼ਰ ਸਨ, ਜੋ ਉਥੇ ਐੱਮ.ਏ.ਓ. ਕਾਲਜ ਦੇ ਵਾਈਸ ਪ੍ਰਿੰਸੀਪਲ ਸਨ। ਉੱਥੇ ਉਨ੍ਹਾਂ ਦੀ ਜ਼ਿੰਦਾਦਿਲ ਪਤਨੀ ਡਾ. ਰਸ਼ੀਦ ਜਹਾਂ ਵੀ ਉਨ੍ਹਾਂ ਦੇ ਨਾਲ ਸੀ।



ਮੁੰਬਈ ਵਿਚ ਘਨੱਈਆ ਲਾਲ ਮੁਨਸ਼ੀ, ਬਨਾਰਸ ਵਿਚ ਪ੍ਰੇਮਚੰਦ, ਕਲਕੱਤਾ ਵਿਚ ਹੀਰੇਨ ਮੁਖਰਜੀ, ਹੈਦਰਾਬਾਦ ਵਿਚ ਹੁਸੈਨ ਖਾਂ, ਬੰਬਈ ਵਿਚ ਹਾਥੀ ਸਿੰਘ, ਇਲਾਹਾਬਾਦ ਵਿਚ ਅਹਿਮਦ ਅਲੀ ਆਦਿ ਲਈ ਲੋਕ ਸ਼ਾਮਲ ਸਨ। ਅਸੀਂ ਰਲ ਕੇ 'ਅੰਗਾਰੇ' ਪ੍ਰਕਾਸ਼ਿਤ ਕੀਤੀ ਸੀ। ਦਸ ਕਹਾਣੀਆਂ ਦੇ ਇਸ ਸੰਗ੍ਰਹਿ ਨੇ ਅਦਬ ਦੇ ਖੜ੍ਹੇ ਪਾਣੀਆਂ ਵਿਚ ਹਲਚਲ ਪੈਦਾ ਕਰ ਦਿੱਤੀ ਅਤੇ ਫਿਰਕੂ ਤੌਰ 'ਤੇ ਕੱਟੜ ਲੋਕਾਂ ਵੱਲੋਂ ਇਸ ਦਾ ਤਿੱਖਾ ਵਿਰੋਧ ਹੋਇਆ। ਸਾਨੂੰ ਕਤਲ ਕਰਨ ਦੀ ਧਮਕੀ ਦਿੱਤੀ ਗਈ ਅਤੇ ਅਖੀਰ ਸਰਕਾਰ ਕੋਲੋਂ ਕਿਤਾਬ ਜ਼ਬਤ ਕਰਵਾ ਦਿੱਤੀ। ਕੁਝ ਦੇਰ ਇਕਾਂਤਵਾਸ ਵਿਚ ਰਹਿਣ ਤੋਂ ਬਾਅਦ ਅਸੀਂ ਇਲਾਹਾਬਾਦ ਵਿਚ ਦੁਬਾਰਾ ਮਿਲੇ ਤਾਂ ਸਾਰਿਆਂ ਨੇ ਪ੍ਰਗਤੀਸ਼ੀਲ ਲੇਖਕਾਂ ਦੇ ਅੰਦੋਲਨ ਬਾਰੇ ਨਿੱਘਾ ਜੋਸ਼ ਪ੍ਰਗਟਾਇਆ।ਹਿੰਦੁਸਤਾਨੀ ਅਦਬ ਦੇ ਇਤਿਹਾਸ ਵਿਚ ਸੱਜਾਦ ਜ਼ਹੀਰ ਨੂੰ ਅਗਾਂਹਵਧੂ ਲਹਿਰ ਦੇ ਸੂਤਰਧਾਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ।ਉਹ ਉਹਨਾਂ ਗਿਣੇ-ਚੁਣੇ ਰੌਸ਼ਨ ਦਿਮਾਗ਼ ਲੋਕਾਂ ਵਿੱਚੋਂ ਇਕ ਸਨ, ਜਿਨ੍ਹਾਂ ਨੇ ਆਜ਼ਾਦੀ ਤੋਂ ਪਹਿਲਾਂ ਦੇ ਦੌਰ ਵਿਚ ਪੂਰੇ ਵਿਸ਼ਵ ਵਿਚ ਫੈਲੇ ਅਗਾਂਹਵਧੂ ਚਿੰਤਨ ਨਾਲ ਸੰਵਾਦ ਰਚਾਇਆ ਅਤੇ ਉਸ ਨੂੰ ਭਾਰਤੀ ਲੇਖਕਾਂ ਨਾਲ ਅੰਤਰ ਸੰਬੰਧਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ।ਉਹ ਇਕ ਤਰੱਕੀਪਸੰਦ ਅਦੀਬ ਹੋਣ ਦੇ ਨਾਲ-ਨਾਲ ਪੱਤਰਕਾਰ, ਸੰਪਾਦਕ ਅਤੇ ਆਜ਼ਾਦੀ ਘੁਲਾਟੀਏ ਵੀ ਸਨ। ਲੰਡਨ ਵਿਚ ਰਹਿੰਦਿਆਂ ਉਸ ਦਾ ਸੰਪਰਕ ਵਿਸ਼ਵ ਪੱਧਰ 'ਤੇ ਇਨਕਲਾਬੀਆਂ ਅਤੇ ਇਨਕਲਾਬੀ ਸੂਝ ਰੱਖਣ ਵਾਲੇ ਲੇਖਕਾਂ ਨਾਲ ਹੋਇਆ। ਸੱਜਾਦ ਜ਼ਹੀਰ ਨੇ ਹੀ ਮੁਲਖ ਰਾਜ ਆਨੰਦ ਸਮੇਤ ਆਪਣੇ ਵਰਗੀ ਸੋਚ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਹੜ੍ਹਾਂ ਦੀ ਮਾਰ ਵੇਲੇ ਵੀ ਪੰਜਾਬੀਆਂ ਦੇ ਸਿਰੜ ਤੇ ਸਿਦਕ ਸਾਹਮਣੇ ਸਿਰ ਝੁਕਦਾ ਹੈ ਸਾਰਿਆਂ ਦਾ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਅਗਸਤ ਵਿੱਚ ਸ਼ੁਰੂ ਹੋ ਕੇ ਸਤੰਬਰ ਦਾ ਪਹਿਲਾ ਹਫਤਾ ਮੁੱਕ ਜਾਣ ਤੱਕ ਅਸੀਂ ਪੰਜਾਬ ਦੇ ਲੋਕਾਂ ਸਿਰ ਪਈ ਹੜ੍ਹ ਦੀ ਸਾੜ੍ਹਸਤੀ ਇੱਕ ਵਾਰ ਫਿਰ ਵੇਖੀ ਹੈ। ਇਸ ਤੋਂ ਪਹਿਲਾਂ ਸਭ ਤੋਂ ਵੱਡਾ ਹੜ੍ਹ ਸ਼ਾਇਦ 1988 ਵਿੱਚ ਆਇਆ ਸੀ ਤਾਂ ਅਸੀਂ ਅਜੇ ਅਖਬਾਰ ਦੇ ਦਫਤਰ ਵਿੱਚ ਨਹੀਂ ਸੀ ਆਏ, ਹੜ੍ਹ ਰਾਹਤ ਵੰਡਦੀਆਂ ਟੀਮਾਂ ਨਾਲ ਕਈ ਪਿੰਡਾਂ ਵਿੱਚ ਗਏ ਸਾਂ ਤੇ ਓਦੋਂ ਦੇ ਹਾਲਾਤ ਦੀ ਦੁਖਦਾਈ ਤਸਵੀਰ ਅੱਜ ਤੱਕ ਅੱਖਾਂ ਅੱਗੋਂ ਨਹੀਂ ਹਟਦੀ। ਓਦੋਂ ਪੰਜਾਬ ਵਿੱਚ ਗਵਰਨਰੀ ਰਾਜ ਹੁੰਦਾ ਸੀ ਅਤੇ ਅਫਸਰਸ਼ਾਹੀ ਮਨ-ਮਰਜ਼ੀ ਮੁਤਾਬਕ ਕੰਮ ਕਰਦੀ ਸੀ, ਜਿਸ ਦਾ ਲਾਭ ਇਹ ਸੀ ਕਿ ਸਿਆਸੀ ਆਗੂਆਂ ਦਾ ਬਾਹਲਾ ਦਖਲ ਨਹੀਂ ਸੀ ਹੁੰਦਾ ਤੇ ਨੁਕਸਾਨ ਇਹ ਸੀ ਕਿ ਸਰਕਾਰੀ ਅਮਲਾ ਜਿੱਦਾਂ ਮਰਜ਼ੀ ਕਰਦਾ ਰਹੇ, ਕਿਸੇ ਦੀ ਬਹੁਤੀ ਪ੍ਰਵਾਹ ਨਹੀਂ ਸੀ ਕਰਦਾ। ਫਿਰ ਵੀ ਅੱਜ ਜਿੰਨਾ ਭ੍ਰਿਸ਼ਟਾਚਾਰ ਓਦੋਂ ਨਹੀਂ ਸੀ ਹੁੰਦਾ। ਪਾਣੀ ਦੀ ਮਾਰ ਓਦੋਂ ਅੱਜ ਜਿੰਨੀ ਨਹੀਂ ਸੀ ਪਈ, ਪਰ ਮੁੱਢਲਾ ਪੜਾਅ ਬੜਾ ਭਿਆਨਕ ਸੀ ਕਿ ਇੱਕ ਛੱਲ ਜਿਹੀ ਆਈ ਤਾਂ ਰਾਹ ਵਿੱਚ ਆਈ ਹਰ ਚੀਜ਼ ਰੁੜ੍ਹਦੇ ਜਾਣ ਦਾ ਖਤਰਾ ਬਣ ਗਿਆ। ਇਸ ਵਾਰ ਪਾਣੀ ਵੱਧ ਆਇਆ, ਪਰ ਇੱਕਦਮ ਛੱਲ ਆਉਣ ਦੀ ਥਾਂ ਕਈ ਦਿਨ ਲਗਾਤਾਰ ਪੰਜਾਬ ਦੇ ਹੜ੍ਹ ਮਾਰੇ ਇਲਾਕਿਆਂ ਵਿੱਚ ਮੀਂਹ ਵਰ੍ਹਦਾ ਰਿਹਾ ਤੇ ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਿੱਚ ਵੀ ਲਗਾਤਾਰ ਮੀਂਹ ਪੈਣ ਤੇ ਬੱਦਲ ਫਟਣ ਨਾਲ ਵਗੇ ਵਹਿਣ ਪੰਜਾਬੀਆਂ ਵਾਸਤੇ ਮਾਝੇ, ਮਾਲਵੇ ਤੇ ਦੋਆਬੇ ਵਿੱਚ ਮੁਸੀਬਤਾਂ ਦਾ ਅੰਬਾਰ ਲੱਗ ਗਿਆ। ਭਾਖੜਾ ਡੈਮ ਉੱਛਲਦਾ ਵੇਖ ਕੇ ਇਸ ਦੇ ਫਲੱਡ ਗੇਟ ਖੋਲ੍ਹਣ ਦੀ ਨੌਬਤ ਵਾਰ-ਵਾਰ ਆਈ, ਪੌਂਗ ਡੈਮ ਵਾਲੇ ਗੇਟ ਕਈ ਵਾਰੀ ਖੋਲ੍ਹਣੇ ਪਏ, ਰਣਜੀਤ ਸਾਗਰ ਤੇ ਸ਼ਾਹਪੁਰ ਕੰਢੀ ਡੈਮ ਵਾਲੇ ਗੇਟ ਵੀ ਪਾਣੀ ਸੰਭਾਲਣ ਤੋਂ ਅਸਮਰਥ ਹੋਏ ਤਾਂ ਖੋਲ੍ਹਣੇ ਪਏ ਅਤੇ ਮਾਧੋਪੁਰ ਦੇ ਗੇਟ ਖੋਲ੍ਹਣ ਵੇਲੇ ਤਿੰਨ ਗੇਟ ਟੁੱਟ ਕੇ ਪਾਣੀ ਨਾਲ ਰੁੜ੍ਹ ਗਏ ਤੇ ਖੋਲ੍ਹਣ ਵਾਲਾ ਕਰਮਚਾਰੀ ਵੀ ਮਾਰਿਆ ਗਿਆ। ਚੰਡੀਗੜ੍ਹ ਵਿਚਲੀ ਸੁਖਨਾ ਗੇਟ ਦੇ ਫਲੱਡ ਗੇਟ ਵੀ ਕਈ ਵਾਰ ਖੋਲ੍ਹਣੇ ਪਏ ਤੇ ਪਹਿਲਾਂ ਸ਼ਾਂਤ ਹੋਇਆ ਰਿਹਾ ਘੱਗਰ ਦਰਿਆ ਵੀ ਹੜ੍ਹਾਂ ਦੀ ਮਾਰ ਦੇ ਸਿਖਰਲੇ ਦਿਨਾਂ ਵਿੱਚ ਇਹੋ ਜਿਹਾ ਉਛਾਲੇ ਵਿੱਚ ਆਇਆ ਕਿ ਕਈ ਦਿਨ ਫਿਰ ਇਸ ਦਾ ਪਾਣੀ ਹੇਠਾਂ ਨਹੀਂ ਗਿਆ। ਸਮੁੱਚੇ ਪੰਜਾਬ ਦੀ ਕੋਈ ਨੁੱਕਰ ਵੀ ਬਚੀ ਨਹੀਂ ਸੀ ਰਹਿ ਗਈ, ਜਿੱਧਰ ਕੁਦਰਤ ਦੀ ਇਸ ਵਾਰ ਦੀ ਕਰੋਪੀ ਦੀ ਮਾਰ ਨਹੀਂ ਸੀ ਪਈ।

ਸਾਨੂੰ ਆਪਣੇ ਵੱਲ ਆਏ ਇਨ੍ਹਾਂ ਹੜ੍ਹਾਂ ਦੀ ਹਾਲਤ ਵੱਧ ਦਿੱਸੀ, ਕਿਉਂਕਿ ਸਾਡੇ ਲੋਕ ਭੁਗਤ ਰਹੇ ਸਨ, ਪਰ ਨਾਲ ਦੇ ਰਾਜ ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਜੰਮੂ-ਕਸ਼ਮੀਰ ਤੇ ਫਿਰ ਦਿੱਲੀ ਵੀ ਬਚੀ ਨਹੀਂ ਰਹਿ ਸਕੀ। ਹਿਮਾਚਲ ਪ੍ਰਦੇਸ਼ ਤੇ ਜੰਮੂ-ਕਸ਼ਮੀਰ ਵਿੱਚ ਇਸ ਵਾਰ ਜਿੰਨੀ ਵਾਰੀ ਬੱਦਲ ਪਾਟੇ, ਜਿਨ੍ਹਾਂ ਦਾ ਪਾਣੀ ਫਿਰ ਪੰਜਾਬ ਵੱਲ ਆਇਆ, ਸ਼ਾਇਦ ਹੀ ਪਹਿਲਾਂ ਕਦੇ ਪਾਟੇ ਹੋਣਗੇ ਤੇ ਹਰਿਆਣੇ ਵਿੱਚ ਚੜ੍ਹਦੇ ਪਾਸਿਉਂ ਯਮਨਾ ਦਰਿਆ ਦੀ ਮਾਰ, ਪੰਜਾਬ ਵੱਲੋਂ ਘੱਗਰ ਜਾਂ ਅੰਬਾਲੇ ਕੋਲੋਂ ਲੰਘਦੀ ਟਾਂਗਰੀ ਨਦੀ, ਸ਼ਾਹਬਾਦ ਨੇੜਲੀ ਮਾਰਕੰਡਾ ਨਦੀ ਤੇ ਹੋਰ ਕਈ ਨਦੀਆਂ ਦੇ ਉਛਾਲੇ ਨਾਲ ਇਸ ਦੇ ਕਈ ਸ਼ਹਿਰਾਂ ਦੀ ਹਾਲਾਤ ਵੀ ਤਰਸ ਯੋਗ ਬਣਦੀ ਗਈ। ਰਾਜਸਥਾਨ ਤਾਂ ਪਾਣੀ ਨੂੰ ਤਰਸਣ ਵਾਲਾ ਸੂਬਾ ਸਮਝਿਆ ਜਾਂਦਾ ਹੈ, ਇਸ ਵਾਰ ਕਈ ਥਾਂਈਂ ਇਸ ਦੇ ਲੋਕ ਵੀ ਹੜ੍ਹ ਦੀ ਮਾਰ ਹੇਠ ਆਏ ਅਤੇ ਗਵਾਂਢ ਪਾਕਿਸਤਾਨ ਦੇ ਲੋਕਾਂ ਦੀ ਜਿਹੜੀ ਬੁਰੀ ਹਾਲਤ ਹੋਈ, ਉਹ ਬਿਆਨ ਕਰਨੀ ਔਖੀ ਹੈ। ਹਾਲੇ ਕੁਝ ਹਫਤੇ ਪਹਿਲਾਂ ਤੱਕ ਜਿਹੜਾ ਦੇਸ਼ ਭਾਰਤ ਨਾਲ ਦਰਿਆਵਾਂ ਦੇ ਪਾਣੀ ਚੱਲਦੇ ਰੱਖਣ ਦੀ ਗੱਲਬਾਤ ਸ਼ੁਰੂ ਕਰਨ ਜਾਂ ਇਸ ਮੁੱਦੇ ਉੱਤੇ ਇੱਕ ਹੋਰ ਜੰਗ ਲੜਨ ਦੀਆਂ ਗੱਲਾਂ ਕਰਦਾ ਸੁਣ ਰਿਹਾ ਸੀ, ਭਾਰਤ ਤੋਂ ਗਏ ਦਰਿਆਵਾਂ ਦੇ ਪਾਣੀ ਨੇ ਡੋਬਣ ਲਾ ਛੱਡਿਆ। ਪੰਜਾਬ ਦੇ ਫਾਜ਼ਿਲਕਾ ਵੱਲ ਦਾ ਇਲਾਕਾ ਕਦੇ ਸੋਕੇ ਨਾਲ ਦੁਖੀ ਹੁੰਦਾ ਸੀ, ਸਤਾਈ-ਅਠਾਈ ਸਾਲ ਪਹਿਲਾਂ ਓਥੇ ਜਦੋਂ ਸੇਮ ਪਈ ਤਾਂ ਮੌਕੇ ਦੀ ਸਰਕਾਰ ਨੇ ਸੇਮ ਰੋਕਣ ਲਈ ਦੋ ਡਰੇਨਾਂ ਬਣਾ ਦਿੱਤੀਆਂ ਸਨ, ਪਰ ਇਸ ਵਾਰ ਉਨ੍ਹਾਂ ਡਰੇਨਾਂ ਵੀ ਤਬਾਹੀ ਮਚਾ ਦਿੱਤੀ, ਕਿਉਂਕਿ ਡਰੇਨਾਂ ਦਾ ਵਹਿਣ ਜਿੱਧਰ ਜਾਣਾ ਸੀ, ਉਸ ਪਾਸੇ ਜ਼ਮੀਨ ਉੱਚੀ ਹੋਣ ਕਾਰਨ ਜਾ ਨਹੀਂ ਸੀ ਸਕਦਾ। ਬਾਕੀ ਪੰਜਾਬ ਵਿੱਚ ਫਸਲਾਂ ਤਬਾਹ ਹੋ ਰਹੀਆਂ ਸਨ ਤਾਂ ਇਸ ਖੇਤਰ ਵਿੱਚਹ ਜ਼ਾਰਾਂ ਏਕੜ ਕਿੰਨੂ ਦੇ ਬਾਗ ਤਬਾਹ ਹੋ ਗਏ।

ਏਨਾ ਮਾੜਾ ਹਾਲ ਹੋਣ ਮਗਰੋਂ ਦੋ ਕੰਮ ਰਹਿ ਜਾਂਦੇ ਹਨ। ਇੱਕ ਹੜ੍ਹ ਵਾਲੀ ਪੀੜ ਘਟਾਉਣ ਲਈ ਮਨੁੱਖੀ ਦਰਦ ਨੂੰ ਸਮਝ ਕੇ ਸਰਕਾਰਾਂ ਵੀ ਤੇ ਸੰਸਥਾਵਾਂ ਵੀ ਹਰਕਤ ਵਿੱਚ ਆਉਣ। ਇਸ ਕੰਮ ਵਿੱਚ ਇਸ ਵਾਰੀ ਕੋਈ ਕਸਰ ਰਹਿੰਦੀ ਨਹੀਂ ਲੱਗੀ, ਆਮ ਲੋਕ ਵੀ ਪੰਜਾਬ ਵਿੱਚ ਹੋਣ ਜਾਂ ਵਿਦੇਸ਼ਾਂ ਵਿੱਚ ਅਤੇ ਪੰਜਾਬ ਸਰਕਾਰ ਤੇ ਧਾਰਮਿਕ ਸੰਸਥਾਵਾਂ ਵਿੱਚੋਂ ਵੀ ਬਹੁਤ ਸਾਰੀਆਂ ਵੇਲਾ ਖੁੰਝਾਏ ਬਿਨਾਂ ਪੀੜਤਾਂ ਦੀ ਮਦਦ ਲਈ ਬਹੁੜੀਆਂ, ਪਰ ਰਾਜਸੀ ਲੀਡਰਾਂ ਨੇ ਇਸ ਕੰਮ ਵਿੱਚ ਓਨਾ ਹੱਥ ਨਹੀਂ ਵਟਾਇਆ, ਜਿੰਨੀ ਇਸ ਦਰਦ ਨੂੰ ਰਾਜਨੀਤੀ ਲਈ ਵਰਤਣ ਦੀ ਵਾਹ ਲਾਈ। ਅਸੀਂ ਉਨ੍ਹਾਂ ਦਾ ਕਸੂਰ ਨਹੀਂ ਕੱਢਦੇ, ਜੇ ਉਨ੍ਹਾਂ ਦੀ ਸਰਕਾਰ ਹੁੰਦੀ ਤੇ ਜਿਹੜੇ ਅੱਜ ਰਾਜ ਕਰਦੇ ਹਨ, ਜੇ ਉਹ ਵਿਰੋਧੀ ਧਿਰ ਵਿੱਚ ਬੈਠਦੇ ਹੁੰਦੇ ਤਾਂ ਸ਼ਾਇਦ ਹਾਲਾਤ ਅੱਜ ਤੋਂ ਉਲਟ ਤਸਵੀਰ ਵੀ ਪੇਸ਼ ਕਰ ਰਹੇ ਹੁੰਦੇ। ਕੇਂਦਰ ਸਰਕਾਰ ਵੀ ਜਿੰਨੀ ਮਦਦ ਕਰ ਸਕਦੀ ਸੀ, ਉਸ ਨੇ ਕਰਨ ਦੇ ਦਾਅਵੇ ਬੜੇ ਕੀਤੇ, ਪਰ ਬਾਂਹ ਪੰਜਾਬ ਦੀ ਓਨੀ ਨਹੀਂ ਫੜੀ, ਜਿੰਨੀ ਫੜਨ ਦੀ ਆਸ ਸੀ। ਚੰਗੀ ਗੱਲ ਇਹ ਹੋਈ ਕਿ ਹਰਿਆਣੇ ਅਤੇ ਰਾਜਸਥਾਨ ਦੇ ਲੋਕਾਂ ਨੇ ਪੰਜਾਬ ਦੇ ਲੋਕਾਂ ਨਾਲ ਖੜੇ ਹੋਣ ਵਿੱਚ ਕੋਈ ਕਸਰ ਨਹੀਂ ਛੱਡੀ, ਸਾਰਾ ਤਾਣ ਲਾ ਕੇ ਕਤਾਰਾਂ ਬੰਨ੍ਹ ਕੇ ਪੁੱਜੇ। ਜਿਹੜੇ ਥਾਂ ਕੋਈ ਬੰਨ੍ਹ ਟੁੱਟਣ ਦਾ ਖਤਰਾ ਸੁਣਿਆ ਸੀ, ਉਨ੍ਹਾਂ ਹੋਰ ਮਦਦ ਦੇ ਨਾਲ ਆਪਣੇ ਘਰਾਂ ਤੋਂ ਮਿੱਟੀ ਦੀਆਂ ਬੋਰੀਆਂ ਭਰ-ਭਰ ਟਰਾਲੀਆਂ ਲਿਆਂਦੀਆਂ ਤੇ ਵਹਿੰਦੇ ਦਰਿਆ ਰੋਕਣ ਵਾਸਤੇ ਪੰਜਾਬ ਦੇ ਲੋਕਾਂ ਨਾਲ ਆਪਣਾ ਪਸੀਨਾ ਵੀ ਵਗਾਇਆ। ਉਹ ਟਰਾਲੀਆਂ ਵਿੱਚ ਹੜ੍ਹ ਪੀੜਤਾਂ ਦੇ ਪਸ਼ੂਆਂ ਵਾਸਤੇ ਚਾਰਾ ਵੀ ਲਈ ਆਉਂਦੇ ਦਿੱਸਦੇ ਸਨ ਤੇ ਏਸੇ ਰੌਂਅ ਨੂੰ ਵੇਖਦਿਆਂ ਹਰਿਆਣਾ, ਦਿੱਲੀ, ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਦੀਆਂ ਸਰਕਾਰਾਂ ਨੇ ਵੀ ਪੰਜਾਬ ਲਈ ਸਹਾਇਤਾ ਸਮੱਗਰੀ ਤੇ ਮਾਇਕ ਮਦਦ ਲਗਾਤਾਰ ਭੇਜਣੀ ਜਾਰੀ ਰੱਖੀ।

ਜਦੋਂ ਪ੍ਰਭਾਵਤ ਇਲਾਕਿਆਂ ਵਿੱਚ ਪਾਣੀ ਉੱਤਰਨਾ ਸ਼ੁਰੂ ਹੋ ਚੁੱਕਾ ਹੈ, ਸਰਕਾਰ ਨੇ ਮਦਦ ਕਰਨ ਦੇ ਬਹੁਤ ਸਾਰੇ ਐਲਾਨ ਰਾਜ ਪੱਧਰ ਦੇ ਵੀ ਕੀਤੇ ਹਨ ਤੇ ਕੇਂਦਰ ਸਰਕਾਰ ਵੱਲੋਂ ਵੀ ਆਏ ਹਨ, ਪਰ ਦੋਵਾਂ ਦਾ ਮਦਦ ਦੇ ਅੰਕੜੇ ਬਾਰੇ ਰੇੜਕਾ ਵੀ ਨਾਲ ਹੀ ਪੈ ਗਿਆ। ਰੇੜਕੇ ਦਾ ਕਾਰਨ ਏਥੇ ਦੌਰਾ ਕਰਨ ਆਏ ਪ੍ਰਧਾਨ ਮੰਤਰੀ ਵੱਲੋਂ ਸਹਾਇਤਾ ਰਕਮ ਦੇ ਐਲਾਨ ਦੇ ਬਾਅਦ ਪੰਜਾਬ ਕੋਲ ਪਏ ਕੁਦਰਤੀ ਆਫਤ ਫੰਡ ਵਰਤਣ ਦੀ ਹਦਾਇਤ ਤੋਂ ਸ਼ੁਰੂ ਹੋਇਆ, ਜਿਸ ਨੂੰ ਵਿਰੋਧੀ ਪਾਰਟੀਆਂ ਨੇ ਮੁੱਦਾ ਬਣਾ ਕੇ ਇਸ ਦਾ ਹਿਸਾਬ ਮੰਗਣ ਦਾ ਰਾਗ ਕੁਵੇਲੇ ਛੋਹਿਆ ਤਾਂ ਰਾਜ ਸਰਕਾਰ ਨੇ ਇਸ ਦੇ ਜਵਾਬ ਵਿੱਚ ਅੰਕੜੇ ਪੇਸ਼ ਕਰ ਕੇ ਦੱਸ ਦਿੱਤਾ ਕਿ ਕੇਂਦਰ ਸਰਕਾਰ ਠੀਕ ਨਹੀਂ ਕਹਿੰਦੀ। ਦੂਸਰੀ ਗੱਲ, ਦਰਿਆਵਾਂ ਵਿੱਚੋਂ ਹੁੰਦੀ ਨਾਜਾਇਜ਼ ਮਾਈਨਿੰਗ ਵੀ ਮੁੱਦਾ ਬਣੀ ਅਤੇ ਮੌਕੇ ਦੀ ਸਰਕਾਰ ਨੂੰ ਵਿਰੋਧੀ ਧਿਰਾਂ ਘੇਰਨ ਲੱਗੀਆਂ ਤਾਂ ਇਹ ਗੱਲ ਮੂਹਰੇ ਆ ਗਈ ਕਿ ਉਨ੍ਹਾਂ ਦੇ ਆਪਣੇ ਰਾਜ ਦੇ ਦੌਰਾਨ ਕੀ ਹੁੰਦਾ ਸੀ! ਕੁਝ ਦਿਨ ਇਸ ਗੱਲ ਦੀ ਬਹਿਸ ਚੱਲਣ ਪਿੱਛੋਂ ਸਾਰੀਆਂ ਧਿਰਾਂ ਇਸ ਮਾਮਲੇ ਵਿੱਚ ਗੁਨਾਹਗਾਰ ਹੋਣ ਕਾਰਨ ਚੁੱਪ ਹੋ ਗਈਆਂ। ਏਨਾ ਕੁਝ ਹੋਣ ਪਿੱਛੋਂ ਪੀੜਤਾਂ ਦੇ ਮੁੜ ਵਸੇਬੇ ਦਾ ਉਹ ਸਵਾਲ ਸਿਰ ਚੁੱਕ ਖੜੋਤਾ, ਜਿਹੜਾ ਸਭ ਤੋਂ ਪਹਿਲਾ ਅਤੇ ਪ੍ਰਮੁੱਖ ਸਵਾਲ ਹੋਣਾ ਚਾਹੀਦਾ ਸੀ।

ਸਾਡੀ ਆਹ ਲਿਖਤ ਲਿਖਣ ਵੇਲੇ ਤੱਕ ਅਜੇ ਕਈ ਥਾਂਈਂ ਏਨਾ ਪਾਣੀ ਖੜਾ ਹੈ ਕਿ ਪੈਦਲ ਓਥੇ ਜਾਇਆ ਨਹੀਂ ਜਾ ਸਕਦਾ ਅਤੇ ਪਾਣੀ ਥੋੜ੍ਹਾ ਹੋਣ ਕਾਰਨ ਕਿਸ਼ਤੀ ਓਥੇ ਜਾ ਨਹੀਂ ਸਕਦੀ। ਏਦਾਂ ਦੇ ਹਾਲਾਤ ਵਿੱਚ ਜਿਨ੍ਹਾਂ ਨੂੰ ਮਦਦ ਦੀ ਸਭ ਤੋਂ ਵੱਧ ਲੋੜ ਹੈ, ਉਹ ਪਤਾ ਨਹੀਂ ਕਿੱਦਾਂ ਦਿਨ-ਰਾਤ ਕੱਟਦੇ ਹੋਣਗੇ ਤੇ ਪਾਣੀ ਵਾਲੇ ਖੇਤਰ ਦੀ ਹੱਦ ਮੁੱਕਦੇ ਸਾਰ ਜਿੱਥੇ ਮਦਦ ਵਾਲੀਆਂ ਸੰਸਥਾਵਾਂ ਟਰਾਲੀਆਂ ਤੇ ਟਰੱਕ ਲੈ ਕੇ ਪਹੁੰਚਦੀਆਂ ਹਨ, ਓਥੇ ਇਹੋ ਜਿਹੇ ਲੋਕਾਂ ਦੀਆਂ ਲਾਈਨਾਂ ਲੱਗ ਜਾਂਦੀਆਂ ਹਨ, ਜਿਨ੍ਹਾਂ ਦਾ ਕੋਈ ਨੁਕਸਾਨ ਹੀ ਨਹੀਂ ਹੋਇਆ। ਉਹ ਆਪਣੇ ਆਪ ਨੂੰ ਹੜ੍ਹ ਪੀੜਤ ਦੱਸ ਕੇ ਕੱਪੜੇ-ਲੱਤੇ, ਖਾਣ-ਪੀਣ ਅਤੇ ਮਾਇਕ ਸਮੱਗਰੀ ਲੈਂਦੇ ਅਤੇ ਘਰ ਛੱਡ ਕੇ ਫਿਰ ਲਾਈਨ ਵਿੱਚ ਆ ਖੜੋਂਦੇ ਹਨ। ਕੋਈ ਬਾਹਰੋਂ ਆਇਆ ਮਦਦਗਾਰ ਇਨ੍ਹਾਂ ਠੱਗਾਂ ਨੂੰ ਪਛਾਣ ਨਹੀਂ ਸਕਦਾ ਤੇ ਇਹ ਹਾਲਾਤ ਦਾ ਲਾਹਾ ਲੈਣ ਦੇ ਨਾਲ ਪੀੜਤਾਂ ਦਾ ਹੱਕ ਮਾਰਨ ਦਾ ਉਹ ਪਾਪ ਕਰ ਰਹੇ ਹਨ, ਜਿਹੜਾ ਬਖਸ਼ਣ ਵਾਲਾ ਨਹੀਂ। ਇਸ ਨੂੰ ਸਿਰਫ ਉਹ ਪ੍ਰਸ਼ਾਸਨ ਰੋਕ ਸਕਦਾ ਹੈ, ਜਿਹੜਾ ਇਸ ਵੱਲੋਂ ਲਾਪ੍ਰਵਾਹ ਹੋਇਆ ਪਿਆ ਹੈ। ਹਾਲੇ ਜਦੋਂ ਸਰਕਾਰ ਨੇ ਗਿਰਦਾਵਰੀ ਕਰਵਾਉਣੀ ਅਤੇ ਖਰਾਬੇ ਦੇ ਚੈੱਕ ਵੰਡਣ ਜਾਂ ਪੀੜਤਾਂ ਦੇ ਖਾਤੇ ਵਿੱਚ ਸਿੱਧੇ ਪੈਸੇ ਭੇਜਣ ਦਾ ਕੰਮ ਕਰਨਾ ਹੈ, ਮਾਲ ਵਿਭਾਗ ਦੇ ਅਫਸਰਾਂ ਅਤੇ ਉਨ੍ਹਾਂ ਨਾਲ ਅੱਖ ਮਿਲੀ ਵਾਲੇ ਲੋਕਾਂ ਨੇ ਓਦੋਂ ਵੀ ਸੰਨ੍ਹ ਲਾਉਣੀ ਹੈ। ਨਤੀਜਾ ਫਿਰ ਉਹ ਹੀ ਨਿਕਲੇਗਾ, ਜਿਹੜਾ ਅੰਗਰੇਜ਼ਾਂ ਦੇ ਜਾਣ ਵੇਲੇ, ਦਿੱਲੀ ਦੇ ਕਤਲੇਆਮ ਦੇ ਬਾਅਦ ਤੇ ਹੋਰ ਮੌਕਿਆਂ ਉੱਤੇ ਨਿਕਲਿਆ ਸੀ। ਦੇਸ਼ ਦੀ ਵੰਡ ਵੇਲੇ ਜਿਹੜੇ ਲੋਕਾਂ ਦੇ ਪਰਵਾਰ ਤਬਾਹ ਹੋ ਗਏ, ਮਿਹਨਤ ਨਾਲ ਬਣਾਈਆਂ ਜ਼ਮੀਨਾਂ-ਜਾਇਦਾਦਾਂ ਓਧਰ ਰਹਿ ਗਈਆਂ ਅਤੇ ਦਿੱਲੀ ਵਿੱਚ ਜਿਨ੍ਹਾਂ ਦੇ ਘਰਾਂ ਦੇ ਜੀਅ ਮਾਰੇ ਗਏ ਅਤੇ ਘਰ ਸਾੜੇ ਗਏ, ਉਨ੍ਹਾਂ ਵਿੱਚੋਂ ਬਹੁਤੇ ਪੀੜਤ ਲੋਕ ਸਦਮੇ ਦੀ ਮਾਰ ਹੇਠ ਮੂੰਹੋਂ ਬੋਲ ਨਹੀਂ ਸਨ ਰਹੇ ਤੇ ਜਾਲ੍ਹੀ ਪੀੜਤਾਂ ਦਾ ਦੋਵੇਂ ਵਾਰੀ ਦਾਅ ਲੱਗ ਗਿਆ ਸੀ। ਇਸ ਵਾਰੀ ਹੜ੍ਹ ਮਾਰੇ ਅਸਲ ਪੀੜਤ ਅਜੇ ਪਾਣੀ ਵਿਚਾਲੇ ਬੈਠੇ ਹਨ, ਜਦੋਂ ਤੱਕ ਉਹ ਓਥੋਂ ਬਚ ਕੇ ਕਿਸੇ ਤਣ-ਪੱਤਣ ਲੱਗ ਸਕਣਗੇ, ਗਿਰਦਾਵਰੀਆਂ ਅਤੇ ਸਹਾਇਤਾ ਦਾ ਪਹਿਲਾ ਸਦਭਾਵਨਾ ਦੌਰ ਉਸ ਵੇਲੇ ਤੱਕ ਗੁਜ਼ਰ ਚੁੱਕਾ ਹੋਵੇਗਾ, ਉਸ ਦੌਰ ਦੌਰਾਨ ਬਣੇ-ਬਣਾਏ ਸੰਬੰਧਾਂ ਵਾਲੇ ਟੋਲੇ ਅਗਲੇ ਦੌਰ ਦੀ ਮਾਰ ਲਈ ਗਰੁੱਪਬੰਦੀ ਕਰ ਚੁੱਕੇ ਹੋਣਗੇ। ਸਿੱਟਾ ਫਿਰ ਪੀੜਤਾਂ ਲਈ ਘੱਟ ਮਦਦ ਤੇ ਉਨ੍ਹਾਂ ਦੇ ਨਾਂਅ ਉੱਤੇ ਆਪਣੇ ਘਰ ਭਰਨ ਵਾਲਿਆਂ ਲਈ ਸਭ ਕਸਰਾਂ ਕੱਢਣ ਵਾਲਾ ਵੱਧ ਹੋਵੇਗਾ। ਪ੍ਰਸ਼ਾਸਨ ਨੂੰ ਇਸ ਸ਼ੱਕ ਦੀ ਪੇਸ਼ਬੰਦੀ ਕਰ ਕੇ ਇਹ ਕੁਝ ਰੋਕਣ ਅਤੇ ਹਕੀਕੀ ਪੀੜਤਾਂ ਦੀ ਮਦਦ ਲਈ ਅਗੇਤੇ ਪ੍ਰਬੰਧ ਕਰਨੇ ਚਾਹੀਦੇ ਹਨ।

ਰਹੀ ਗੱਲ ਸਾਡੇ ਲੋਕਾਂ ਦੀ ਮਨੁੱਖੀ ਭਾਵਨਾ ਦੀ, ਇਸ ਵਾਰੀ ਜਿਹੜੇ ਔਖੇ ਹਾਲਾਤ ਵਿੱਚ ਲੋਕਾਂ ਨੇ ਪੀੜਤਾਂ ਲਈ ਮਦਦ ਦਾ ਹੱਥ ਹਮੇਸ਼ਾ ਵਾਂਗ ਵਧਾਇਆ ਹੈ, ਵਿਦੇਸ਼ ਬੈਠੇ ਜਿਹੜੇ ਲੋਕ ਪੰਜਾਬ ਨਹੀਂ ਆ ਸਕਦੇ, ਪੀੜਤਾਂ ਵਾਸਤੇ ਓਥੋਂ ਬਣਦਾ-ਸਰਦਾ ਹਿੱਸਾ ਪਾਉਣ ਵਾਸਤੇ ਕੋਈ ਕਸਰ ਨਹੀਂ ਰੱਖੀ, ਉਨ੍ਹਾਂ ਸਭ ਦਾ ਧੰਨਵਾਦ ਕਰਨਾ ਬਣਦਾ ਹੈ। ਪੰਜਾਬ ਨੇ ਯੁੱਗਾਂ ਤੱਕ ਏਦਾਂ ਦੀਆਂ ਸੱਟਾਂ ਕਈ ਵਾਰ ਖਾਧੀਆਂ, ਜਿਹੜੀਆਂ ਕੁਦਰਤ ਦੀ ਮਾਰ ਵਾਲੀਆਂ ਵੀ ਸਨ, ਵਿਦੇਸ਼ ਤੋਂ ਆਏ ਧਾੜਵੀਆਂ ਦੇ ਹੱਲੇ ਵੀ ਸਨ ਅਤੇ ਆਪਣੇ ਮੁਲਕ ਅੰਦਰੋਂ ਉੱਠਦੇ ਫਿਰਕੂ ਭਾਂਬੜਾਂ ਦੀਆਂ ਵੀ ਸਨ, ਪਰ ਇਹ ਕਦੇ ਹਾਰ ਨਹੀਂ ਮੰਨਿਆ, ਸੱਟਾਂ-ਠੇਡੇ ਖਾਂਦਾ ਫਿਰ ਪੈਰਾਂ ਸਿਰ ਖੜਾ ਹੋ ਜਾਂਦਾ ਰਿਹਾ ਹੈ। ਇਸ ਵਾਰ ਦੀ ਮਾਰ ਬਹੁਤ ਵੱਡੀ ਹੋਣ ਦੇ ਬਾਵਜੂਦ ਸਾਨੂੰ ਯਕੀਨ ਹੈ ਕਿ ਪੰਜਾਬੀਅਤ ਹਾਰਨ ਵਾਲੀ ਨਹੀਂ, ਇਹ ਫਿਰ ਉੱਠੇਗੀ ਅਤੇ ਦੁਨੀਆ ਸਾਹਮਣੇ ਮਿਸਾਲ ਬਣ ਖੜੋਵੇਗੀ ਕਿ ਮੁਸ਼ਕਲਾਂ ਨਾਲ ਸਿੱਝਣਾ ਹੋਵੇ ਤਾਂ ਏਦਾਂ ਸਿੱਝਿਆ ਜਾਂਦਾ ਹੈ। ਇਹ ਜ਼ਿੰਦਾਦਿਲੀ ਦੀ ਮਿਸਾਲ, ਸਿਦਕ ਤੇ ਸਬਰ ਦੀ ਮਿਸਾਲ ਪੰਜਾਬੀਅਤ ਦਾ ਸਭ ਤੋਂ ਵੱਡਾ ਗਹਿਣਾ ਹੈ, ਜਿਸ ਨੂੰ ਸੰਭਾਲਣ ਅਤੇ ਭਵਿੱਖ ਵਿੱਚ ਹੋਰ ਪ੍ਰਫੁੱਲਤ ਕਰਨ ਦੀ ਲੋੜ ਹੈ। ਨਵ-ਉਸਾਰੀ ਦੇ ਦੌਰ ਵਿੱਚ ਪੰਜਾਬ ਦੇ ਲੋਕ ਯਕੀਨਨ ਇਹ ਸਾਰਾ ਕੁਝ ਕਰ ਵਿਖਾਉਣਗੇ।

# ਢੇਰ ਵਰ੍ਹੇ ਪਹਿਲਾਂ ਵਸਿਆ ਸੀ, ਰਾਹੋਂ

**ਪਿੰਡ ਵਸਿਆ-45**

**ਵਿਜੈ ਬੰਬੇਲੀ**

ਸੰਸਾਰ ਦੀਆਂ ਬਹੁਤ ਪ੍ਰਾਚੀਨ ਵਸੇਬਾਂ 'ਚੋਂ ਇੱਕ ਜਲੰਧਰ-ਰਾਹੋਂ-ਨਵਾਂਸ਼ਹਿਰ-ਜੈਜੋਂ ਰੇਲ ਲਿੰਕ 'ਤੇ ਦਰਿਆ ਸਤਲੁਜ ਦੀ ਖੱਬੀ ਬਾਹੀ ਉੱਤੇ ਇੱਕ ਉੱਘੇ ਢਾਹੇ ਉੱਤੇ ਵਸਦੀ ਇਸ ਨਗਰੀ ਦੀ ਮੋੜ੍ਹੀ ਰਾਜਾ ਰਾਘੁਵ ਵੱਲੋਂ ਪਹਿਲੀ ਸਦੀ ਦੇ ਅੱਧ ਵਿੱਚ ਗੱਡੀ ਮੰਨੀ ਜਾਂਦੀ ਹੈ। ਉਸ ਦੇ ਨਾਂਓ, ਇਸ ਵਸੇਬ ਦਾ ਨਾਂਅ ਰਘੂ ਪੁਰ ਪ੍ਰਚਲਤ ਹੋਇਆ। ਇੱਕ ਮਿੱਥ ਅਨੁਸਾਰ ਇਸ ਖੇੜੇ ਨੂੰ ਹਜ਼ਾਰਾਂ ਵਰ੍ਹੇ ਪਹਿਲਾਂ ਸਿਰੀ ਰਾਮ ਚੰਦਰ ਦੇ ਦਾਦੇ ਰਾਜਾ ਰਘੂ, ਜਾਤ ਵਜੋਂ ਖੱਤਰੀ ਵੱਲੋਂ ਵਸਾਇਆ ਮੰਨਿਆ ਜਾਂਦਾ ਹੈ, ਪਰ ਮਿੱਥ ਦੀ ਬਜਾਏ ਇਤਿਹਾਸਕ ਕਸਵੱਟੀ ਅਨੁਸਾਰ ਤੱਥ ਰਾਘੁਵ ਦੇ ਹੱਕ ਵਿੱਚ ਭੁਗਤਦੇ ਹਨ, ਜਿਹੜਾ ਜਾਤ ਵਜੋਂ ਬ੍ਰਾਹਮਣ ਸੀ। ਇਹੀ ਕਾਰਨ ਹੈ ਕਿ ਵੀਹਵੀਂ ਸਦੀ ਤੱਕ ਬ੍ਰਾਹਮਣ ਧਿਰਾਂ ਇਸ ਨੂੰ ਰਘੂ ਪੁਰ ਆਖਦੀਆਂ ਰਹੀਆਂ। ਹਰਿਦੁਆਰ ਦੇ ਕਾਲਮਾਂ ਵਿੱਚ ਇਹ ਹੁਣ ਵੀ ਰਘੂ ਪੁਰ ਉਰਫ ਰਾਘੋ ਪੁਰ ਉਰਫ ਰਾਹੋਂ ਬੋਲਦਾ ਹੈ। ਦੱਸਿਆ ਗਿਆ ਕਿ ਸਮਾਂ ਪਾ ਇਸ ਸ਼ਹਿਰ ਦਾ ਨਾਂਅ ਰਾਹੋਂ ਪ੍ਰਚਲਤ ਹੋਣ ਦਾ ਕਾਰਨ ਇਹ ਹੈ ਕਿ ਇੱਥੇ ਇੱਕ ਰਾਜੂ ਕਿਤਨਾਂ ਨਾਂਅ ਦਾ ਧਨੀ ਦਰਵੇਸ਼ ਆਪਣੀ ਪਤਨੀ ਰਾਓ, ਜਿਹੜੀ ਉਸ ਤੋਂ ਵੀ ਵੱਧ ਭਲੀ ਅਤੇ ਦਾਨੀ ਬੰਦੀ ਸੀ ਸਮੇਤ ਆ ਵਸਿਆ। ਰਾਜੂ ਦੀ ਮੌਤ ਉਪਰੰਤ ਰਾਓ ਨੇ ਸਭ ਕੁੱਝ ਗਰੀਬ-ਗੁਰਬਿਆਂ ਲੇਖੇ ਲਾ ਦਿੱਤਾ। ਸਿੱਟੇ ਵਜੋਂ ਉਸ ਦੀ ਦਿਆਲਤਾ ਰਾਜੂ ਦੇ ਕਾਰਜਾਂ ਉੱਤੇ ਭਾਰੂ ਪੈ ਗਈ ਤੇ ਇਸ ਨਗਰ ਦਾ ਨਾਂਅ ਵੀ ਮਾਈ ਰਾਓ ਦੀ ਨਗਰੀ ਉਪਰੰਤ ਰਾਹੋਂ ਨਗਰੀ ਲੋਕ ਮਨਾਂ ਉਤੇ ਪੀਢੀ ਉੱਕਰ ਗਈ।

ਲੋਧੀ ਕਾਲ ਵੇਲੇ, ਵਪਾਰਕ ਨਗਰੀ ਵਜੋਂ ਵਿਕਸਤ ਹੋ ਚੁੱਕੀ ਇਸ ਖੇੜੇ ਦੀ ਆਬਾਦੀ ਡੇਢ ਲੱਖ ਨੂੰ ਟੱਪ ਗਈ ਸੀ, ਜਿਹੜੀ ਦਰਿਆ ਸਤਲੁਜ ਦੇ ਵਿਰਾਟ ਰੂਪ ਅਤੇ ਧਾੜਵੀਆਂ ਦੇ ਹਮਲਿਆਂ ਦੇ ਨਿਆਂਈ ਸਮਾਂ-ਦਰ-ਸਮਾਂ ਇੱਕ ਆਮ ਜਿਹੇ ਕਸਬੇ ਤੁਲ ਰਹਿ ਗਈ। ਤੇਰ੍ਹਵੀਂ ਸਦੀ ਦੀ ਸਵੇਰ ਤੱਕ ਇੱਥੇ ਗੁੱਜਰ ਕੌਮ ਕਾਬਜ਼ ਸੀ, ਮਗਰੋਂ ਮਹਿਤਾ ਰਾਜਪੂਤ ਤੇ ਫਿਰ ਘੋੜੇਵਾਹ ਰਾਜਪੂਤ ਜਿਹਨਾਂ ਸਥਿਤੀਆਂ-ਪ੍ਰਸਥਿਤੀਆਂ ਵੱਸ, ਮੁਹੰਮਦ ਗੋਰੀ (1206) ਵੇਲੇ ਮੁਸਲਮਾਨ ਧਰਮ ਗ੍ਰਹਿਣ ਕਰ ਲਿਆ ਸੀ, ਇੱਥੇ ਪੱਕੇ ਕਾਬਜ਼ ਹੋ ਗਏ। ਘੋੜੇਵਾਹ ਰਾਹੋਂ ਅਤੇ ਦੁਆਲੇ ਤਿੰਨ ਸਦੀਆਂ ਕਿਸੇ ਨਾ ਕਿਸੇ ਰੂਪ ਵਿੱਚ ਪੱਕ-ਪਕਾਅ ਰਹੇ। ਉਦਾਰਵਾਦੀ ਇਬਰਾਹੀਮ ਲੋਧੀ (1517-1526) ਵੇਲੇ ਇਸ ਨਗਰ ਨੇ ਜਿਹੜਾ ਵਪਾਰਕ ਨਗਰ ਵਜੋਂ ਉੱਘੜ ਰਿਹਾ ਸੀ, ਨੇ ਬੇਸ਼ੁਮਾਰ ਤਰੱਕੀ ਕੀਤੀ। ਮੁੱਢ-ਕਦੀਮੀਂ ਸਿਲਕ ਰੂਟ ਜਿਸ ਦਾ ਵਪਾਰਕ ਟਰੇਕ ਤਿੱਬਤ ਤੋਂ ਸੈਂਟਰਲ ਏਸ਼ੀਆ ਤੱਕ ਸੀ, ਇਸੇ ਰਾਹੋਂ ਥਾਣੀਂ ਲਾਹੌਰ ਨੂੰ ਲੰਘਦਾ ਸੀ। ਸਿੱਟੇ ਵਜੋਂ ਰਾਹੋਂ ਪਹਾੜੀ ਅਤੇ ਮੈਦਾਨੀ, ਉਮਦਾ ਮੰਡੀ ਵਜੋਂ ਸਥਾਪਤ ਹੋ ਗਿਆ।

ਬਾਦਸ਼ਾਹ ਅਕਬਰ ਵੇਲੇ ਇੱਥੋਂ ਦੇ ਜੰਗੀ ਸਰਦਾਰ ਰਾਣਾ ਉਧੋ ਘੋੜੇਵਾਹ ਨੇ ਉਸ ਦੇ ਇੱਕ ਪ੍ਰਤੀਦੰਦੀ (ਬਾਗੀ ਸਰੀਕ) ਬੇਰਮ ਖਾਂ ਨੂੰ ਫੜ ਕੇ ਉਸ ਹਵਾਲੇ ਕਰਨ ਵਿੱਚ ਉੱਘਾ ਹਿੱਸਾ ਪਾਇਆ। ਇਨਾਮ ਵਜੋਂ ਅਕਬਰ ਨੇ ਇਸ ਵਸੇਵ ਅਤੇ ਗਿਰਦ ਦੀ ਜਗੀਰ ਘੋੜੇਵਾਹ ਰਾਜਪੂਤਾਂ ਨਾਮੇ ਕਰ ਦਿੱਤੀ। ਜਿਹੜੇ ਤਿੰਨ ਸਦੀਆਂ ਇੱਥੇ ਵਾਹ-ਬੁਲੰਦ ਰਹੇ। ਕਿਉਂਕਿ ਘੋੜੇਵਾਹ ਰਾਜਪੂਤ ਆਪਣੀ ਹਿੰਦੂ ਆਸਥਾ ਨੂੰ ਨਹੀਂ ਸੀ ਭੁੱਲੇ ਸੋ ਹਿੰਦੂਆਂ ਸਮੇਤ ਇੱਥੇ ਵਸਦੀਆਂ ਸਾਰੀਆਂ ਗੀਆਇਆਂ ਆਪੋ ਵਿੱਚ ਸਦਭਾਵੀ ਰਹੀਆਂ। ਅਫਸੋਸ! ਬਾਹਰਲੇ ਫਿਰਕਾਪ੍ਰਸਤਾਂ ਅਤੇ ਕੱਟੜਪੰਥੀਆਂ ਬਦੌਲਤ ਇਹ ਸਦਭਾਵਨਾ '47 ਵੇਲੇ ਲੀਰੋ-ਲੀਰ ਕਰ ਦਿੱਤੀ ਗਈ। ਬੰਦਾ ਸਿੰਘ ਬਹਾਦਰ ਵੇਲੇ, ਜਦ (1710 ਈ.) ਉਸ ਰੋਪੜ-ਰੈਲਮਾਜਰਾ ਦੀਆਂ ਪਹਾੜੀ ਜੂਹਾਂ ਵਿੱਚ ਆਪਣੀਆਂ ਜੰਗੀ ਕੁਮਕਾਂ ਨਾਲ ਗੁਰੀਲਾ-ਮੋਰਚੇ ਸਥਾਪਤ ਕੀਤੇ ਹੋਏ ਸਨ ਤਾਂ ਇਹ ਨਗਰ ਸਿੱਖਾ ਸ਼ਾਹੀ ਨੇ ਮੱਲ ਲਿਆ। ਬੰਦਾ ਬਹਾਦੁਰ ਜੀ ਦੀ ਆਸਥਾ ਮੁਤਾਬਿਕ ਉਹਨੀਂ ਰਾਹੋਂ ਅਤੇ ਖਿੱਤੇ ਦੇ ਚੌਧਰੀਆਂ, ਕਾਨੂੰਗੋਆਂ ਅਤੇ ਮੁਕੱਦਮਾਂ ਨੂੰ ਹੁਕਮ ਸਾਦਰ ਕੀਤਾ ਕਿ ਉਹ ਆਪਣੀਆਂ ਜ਼ਮੀਨਾਂ ਅਤੇ ਜਗੀਰਾਂ ਕਿਰਤੀਆਂ-ਸ਼ਿਲਪੀਆਂ ਅਤੇ ਨਿਮਨ ਕਿਸਾਨਾਂ ਸਪੁਰਦ ਕਰ ਦੇਣ। ਇੰਜ ਹੋਇਆ ਵੀ ਭਾਵੇਂ ਸੀਮਿਤ ਸਮੇਂ ਲਈ। ਹਾਂ; ਹੱਟਵਾਣੀਆਂ, ਲਘੂ ਕਲ-ਕਾਰਖਾਨਿਆਂ, ਸੁੱਘੜ ਵਪਾਰੀਆਂ, ਦਰਿਆ-ਬਹਿਰੀ ਸੌਦਾਗਰਾਂ ਤੇ ਆਮ ਲੋਕਾਂ, ਚਾਹੇ ਉਹ ਕਿਸੇ ਵੀ ਜਾਤ-ਧਰਮ ਦੇ ਸਨ, ਨੂੰ ਕੋਈ ਹਰਜ਼ਾ ਨਹੀਂ ਪਹੁੰਚਾਇਆ ਗਿਆ।

ਬੰਦਾ ਬਹਾਦੁਰ ਜੀ ਦੀ ਸਿਰ-ਵਾਰਵੀਂ ਘਾਲਣਾ ਦੇ ਨਤੀਜਿਆਂ ਵਜੋਂ ਸਿੱਖਸ਼ਾਹੀ ਦੀ ਉਥਾਨ ਵਕਤ ਇੱਥੇ ਡੱਲੇਵਾਲੀਏ ਆ ਕਾਬਜ਼ ਹੋਏ। ਉਦੋਂ ਡੱਲੇਵਾਲੀਆ ਮਿਸਲ ਦੇ ਧੜਵੈਲ ਆਗੂ ਸ. ਗੁਲਾਬ ਸਿੰਘ (ਖੱਤਰੀ ਧਰਮ ਸਿੰਘ) ਅਤੇ ਤਾਰਾ ਸਿੰਘ ਘੇਬਾ (ਕੰਗ ਜੱਟ) ਸਨ। ਦੱਸ ਦੇਣਾ ਚਾਹੀਦਾ ਹੈ ਕਿ ਇਧਰ ਸ. ਧਰਮ ਸਿੰਘ ਖੱਤਰੀ ਨੇ ਪਹਿਲਾਂ ਬੰਗਾ ਵਿਖੇ ਅਤੇ ਸ. ਘੇਬਾ ਨੇ ਪਹਿਲਾਂ ਕਾਠਗੜ੍ਹ ਦਬਦਬਾ ਕਾਇਮ ਕੀਤਾ ਸੀ। ਇਸ ਤੋਂ ਪਹਿਲਾਂ ਬਾਬਾ ਬੰਦਾ ਬਹਾਦੁਰ ਜੀ ਦਾ ਵਿੱਢਿਆ ਸੰਘਰਸ਼ ਮਾਂਦਾ ਪੈ ਜਾਣ ਉਪਰੰਤ ਮੁਗਲ, ਫਿਰ ਆਣ ਕਾਬਜ਼ ਹੋਏ ਸਨ। ਮਗਰੋਂ ਸ. ਤਾਰਾ ਸਿੰਘ ਘੇਬਾ (1818 ਈ. ਤੱਕ) ਹੀ ਰਾਹੋਂ ਗਿਰਦ ਸਤਲੁਜ ਦੇ ਦੋਵੇਂ ਪਾਸਿਆਂ ਦਾ ਕਰਤਾ-ਧਰਤਾ ਬਣ ਗਿਆ। ਉਸ ਨੇ ਉਥੋਂ ਦੇ ਜੰਗੀ ਕਿਲ੍ਹਾ, ਜਿਹੜਾ ਮਗਰੋਂ ਅੰਗਰੇਜ਼ ਅਹਿਲਕਾਰਾਂ ਨੇ ਪਹਿਲੇ ਦੀ ਹੋਰ ਪੱਕਆਈ ਕਰਨ ਹਿੱਤ ਇੱਟਾਂ-ਚੂਨੇ ਦੀ ਵਰਤੋਂ ਕੀਤੀ ਸੀ, ਨੂੰ ਮਹੱਲ ਵਜੋਂ ਵੀ ਵਧਾਦਿਆਂ ਉਸ ਵਿੱਚ ਆਪਣੀ ਰਿਹਾਇਸ਼ ਅਤੇ ਰਿਆਸਤੀ ਕਾਰ-ਵਿਹਾਰ ਵੀ ਰੱਖ ਲਏ। ਸ. ਤਾਰਾ ਸਿੰਘ ਮਿਲਵਰਤੀਆ ਯੋਧਾ ਸੀ। ਉਸ ਨੇ ਘੋੜਵਾਹਿਆਂ ਦੀਆਂ 75 ਫੀਸਦੀ ਅਸਾਸੇ ਤੇ ਕੁਮਕਾਂ ਹੱਥ-ਵੱਸ ਕਰਕੇ ਬਾਕੀ 25 ਫੀਸਦੀ, ਉਹਨਾਂ ਦੀ ਹਿੰਦੂਆਂ ਪੱਖੀ ਸਹਿਹੋਂਦ ਕਾਰਨ ਉਹਨਾਂ ਨੂੰ ਛੱਡ ਦਿੱਤੀਆਂ।

ਡੱਲੇਵਾਲੀਆ ਤਾਰਾ ਸਿੰਘ ਘੇਬਾ ਤੋੜ ਹਿਆਤੀ ਤੱਕ, ਜਦ ਤਾਈਂ ਮਹਾਰਾਜਾ ਰਣਜੀਤ ਸਿੰਘ ਦਾ ਤੇਜ਼ ਚਮਕ ਚੁੱਕਾ ਸੀ, ਇਸ ਪਰਗਨੇ ਦਾ ਰਾਜ-ਭਾਗ ਚਲਾਉਂਦਾ ਰਿਹਾ। ਫੇਰ, ਜਿਵੇਂ ਬਹੁਤ ਸਾਰੇ ਹੋਰਾਂ ਨਾਲ ਵੀ ਹੋਇਆ-ਵਾਪਰਿਆ, ਉਸ ਦੀ ਮੌਤ ਦਾ ਸੋਗ ਪ੍ਰਗਟ ਕਰਨ ਦੀ ਆੜ ਵਿੱਚ ਮਾ. ਰਣਜੀਤ ਸਿੰਘ ਇਸ ਮਹਿਲ ਤੇ ਕਿਲ੍ਹੇ ਵਿੱਚ ਪੱਕਾ ਖੁੰਡ ਗੱਡ ਦਿੱਤਾ। ਹਾਲਾਂਕਿ ਆਗਾਮੀ ਖ਼ਤਰਾ ਭਾਂਪਦਿਆਂ ਮਰਹੂਮ ਤਾਰਾ ਸਿੰਘ ਦੀ ਜੋਰੂ ਮਾਈ ਰਤਨ ਕੌਰ ਨੇ ਸੋਗ-ਤੰਬੂ ਸ਼ਹਿਰ ਦੀ ਫਸੀਲ ਤੋਂ ਬਾਹਰ ਬਾਗਾ ਵਿੱਚ ਗੱਡਵਾ ਛੱਡੇ ਸਨ। ਐਂਗਲੋ-ਸਿੱਖ ਵਾਰ, 1846 ਵਿੱਚ, ਇਸ ਸ਼ਹਿਰ ਦੀ ਵਸੋਂ ਜਿਹੜੀ ਸਿੱਖਾ ਸ਼ਾਹੀ ਵਕਤ ਕਰੀਬ ਸੱਤਰ ਹਜ਼ਾਰ ਸੀ, ਘਟ ਕੇ ਸੱਤ ਕੁ ਹਜ਼ਾਰ ਰਹਿ ਗਈ ਸੀ। ਫਿਰ ਵੀ ਇਸ ਸ਼ਹਿਰ ਦੀ ਮਹਾਜਨੀ ਅਤੇ ਸ਼ਾਹੂਕਾਰਾ, ਵਪਾਰਕ ਅਤੇ ਅੱਖਰ ਗਿਆਨ ਉਪਮਾ ਕਾਰਨ 1857 ਦਾ ਗ਼ਦਰ ਮੁੱਕਦਿਆਂ ਹੀ ਇੱਥੇ ਪਹਿਲਾਂ ਸਰਕਾਰੀ ਹਾਈ ਸਕੂਲ ਸਥਾਪਤ ਕੀਤਾ ਗਿਆ। ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਰਾਹੋਂ ਦੀ ਸੰਘਣੀ ਬ੍ਰਾਹਮਣ ਵਸੋਂ ਆਪਣੀ ਲਿਆਕਤ ਅਤੇ ਦਾਨਿਸ਼ਵਰਤਾ ਕਾਰਨ ਸਦਾ ਹੀ ਕਈ ਮਾਮਲਿਆਂ ਵਿੱਚ ਇੱਥੋਂ ਦੀਆਂ ਸਾਰੀਆਂ ਹੀ ਸਲਤਨਤਾਂ ਵਿੱਚ ਹਮੇਸ਼ਾ ਮੋਹਰੈਲ ਅਤੇ ਉੱਘੀ ਰਹੀ।

ਹਾਂ; 1947 ਤੋਂ ਕਿਤੇ ਪਹਿਲਾਂ ਤੋਂ ਮੁਲਕ ਵੰਡ ਤੀਕ ਰਾਹੋਂ ਅਤੇ ਜਾਡਲੇ ਦੇ ਰਾਜਭਾਗ ਨੂੰ ਬ੍ਰਿਟਿਸ਼ ਸਾਮਰਾਜ ਦੀ ਨਿਆਂਈ, ਜਾਡਲੇ ਦੇ ਰਾਣੇ, ਰਾਹੋਂ ਦੇ ਘੋੜਵਾਹ ਮੁਸਲਿਮ ਰਾਣੇ ਅਤੇ ਇੱਕ ਹੱਦ ਤੀਕ ਬ੍ਰਾਹਮਣ ਜੈਲਦਾਰ ਮਾਣਦੇ-ਚਲਾਉਂਦੇ ਰਹੇ। ਹੱਲਿਆਂ ਵੇਲੇ ਰਾਹੋਂ-ਜਾਡਲਾ ਅਤੇ ਨੇੜਲੇ ਖਿੱਤੇ ਦਾ ਭਾਰੀ ਜਾਨੀ-ਮਾਲੀ ਨੁਕਸਾਨ ਹੋਇਆ। ਇਸ ਦੀਆਂ ਰੇਲਾਂ, ਜਿਸ ਨੂੰ 1915 ਵਿੱਚ ਫਗਵਾੜਾ-ਬੰਗਾ-ਨਵਾਂਸ਼ਹਿਰ-ਗੜ੍ਹਸ਼ੰਕਰ-ਜੈਜੋਂ ਦੀ ਸੇਧ ਵਿੱਚ ਜਾਣ ਦੀ ਬਜਾਏ ਰਾਹੋਂ ਦੀ ਵਪਾਰਕ ਚੜ੍ਹਤ ਅਤੇ ਧੰਨ ਦੀ ਵਰਖਾ ਨੇ ਸਪਾਟ-ਸਿੱਧੀ ਜਾਣ ਦੀ ਬਜਾਏ ਰਾਹੋਂ ਵਿੱਚੀਂ ਵਲ ਪਾ ਕੇ ਜਲੰਧਰ-ਜੇਜੋਂ ਵਰਾਸਤਾ ਰਾਹੋਂ ਕਰਵਾ ਦਿੱਤਾ ਸੀ, ਲਾਈਨਾਂ '47 'ਚ ਰੱਤ-ਗੜੁੱਚ ਹੋ ਗਈਆਂ ਸਨ। ਸਿੱਟੇ ਵਜੋਂ ਉੱਘੇ ਮੁਸਲਮਾਂ ਅਤੇ ਹੋਰ ਧਨੀਆਂ ਦੇ ਵੀ ਇੱਥੋਂ ਪ੍ਰਵਾਸ ਕਰ ਜਾਣ ਉਪਰੰਤ ਇਸ ਵਪਾਰਕ ਨਗਰੀ ਦੀ ਵਸੋਂ ਬੇਹੱਦ ਸੁੰਗੜ ਗਈ। ਇਸ ਢੇਰ ਪੁਰਾਣੀ ਨਗਰੀ ਦੀ ਬਾਤ ਮੀਲਾਂ ਲੰਬੀ ਪਾਈ ਜਾ ਸਕਦੀ ਹੈ, ਪਰ ਕਾਲਮ ਦੀ ਨਿਰਧਾਰਤ ਹੱਦ ਤਹਿਤ ਹਾਲ ਦੀ ਘੜੀ ਵੱਸ ਐਨੀ ਕੁ ਹੀ ਪ੍ਰਵਾਨ ਕਰੋ।

*ਮੋਬਾ. 94634-39075*

# ਖ਼ੁਸ਼ਬੂ, ਪੌਣ, ਪਾਣੀ ਤੇ ਪੰਛੀ ਕਦ ਮੰਨਦੇ ਸਰਹੱਦਾਂ ਨੂੰ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-32**

**ਸੁਰਜੀਤ ਸੁਮਨ**

ਪੰਜ-ਆਬ ਦੇ ਦਰਿਆਵਾਂ ਵਿੱਚ ਹੜ੍ਹ ਦਾ ਪਾਣੀ ਜਿਉਂ-ਜਿਉਂ ਸ਼ਾਂਤ ਹੋ ਰਿਹਾ ਹੈ, ਤਿਉਂ-ਤਿਉਂ ਸਿਆਸੀ ਹੜ੍ਹ ਦਾ ਪਾਣੀ ਤੇਜ਼ੀ ਨਾਲ਼ ਉਤਾਂਹ ਚੜ੍ਹ ਰਿਹਾ ਹੈ। ਇਸ ਮੌਸਮ ਵਿੱਚ ਜੋ ਕੁਝ ਆਪਣੇ ਵਹਿਣ 'ਚ ਆਪੇ ਈ ਵਹਿ ਰਿਹੈ, ਉਹ ਹੈ ਬਾਬਾ ਨਾਨਕ ਵੱਲੋਂ ਦਿੱਤਾ ਮਨੁੱਖਤਾ ਦੀ ਭਲਾਈ ਦਾ ਸੰਕਲਪ।ਉਨ੍ਹਾਂ ਦਾ ਦਿੱਤਾ ਇਹ ਸੰਕਲਪ ਹੈ, ਸੰਗਤ, ਪੰਗਤ, ਲੰਗਰ। ਗੁਰੂ ਦੀ ਗੋਲਕ, ਗਰੀਬ ਦਾ ਮੂੰਹ, ਦਾ ਸੰਕਲਪ। ਉਨ੍ਹਾਂ ਦੀ ਇਹੋ ਸਿੱਖ-ਮੱਤ ਹੜ੍ਹ ਦੀਆਂ ਛੱਲਾਂ ਵਿੱਚ ਗੋਤੇ ਖਾਂਦਿਆਂ ਹਨ੍ਹੇਰੀ ਸੁਰੰਗ ਵੱਲ ਵਧ ਰਹੀ ਮਨੁੱਖਤਾ ਲਈ ਚਮਕੀ ਚਾਨਣ ਦੀ ਇੱਕੋ ਇੱਕ ਕਾਤਰ ਹੈ ਜੋ ਅਗਾਂਹ ਜਾ ਕੇ 'ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ' ਵਾਂਗ ਜਗ-ਮਗ, ਜਗ-ਮਗ ਕਰਦਾ ਚਾਨਣ ਹੋ ਨਿਬੜਿਆ ਹੈ।ਏਸੇ ਚਾਨਣ ਵਿੱਚ ਖਾਲਸਾ ਏਡ ਵਰਗੀਆਂ ਸੰਸਥਾਵਾਂ ਦੁਨੀਆਂ ਭਰ ਵਿੱਚ ਮਨੁੱਖਤਾ 'ਤੇ ਆਈ ਹਰ ਆਫਤ ਦੇ ਪ੍ਰਬੰਧਨ ਲਈ ਆਪਣੀ ਪਹੁੰਚ ਸੌਖੀ ਬਣਾ ਲੈਂਦੀਆਂ ਹਨ। ਹੁਣ ਪੰਜਾਬੀ ਸੰਗੀਤ ਜਗਤ, ਬਾਲੀਵੁੱਡ/ ਹਾਲੀਵੁੱਡ ਤੇ ਉਦਯੋਗਿਕ ਘਰਾਨਿਆਂ ਦਾ ਧਿਆਨ ਇਸ ਪਾਸੇ ਖਿੱਚਣ ਵਿੱਚ ਕਾਮਯਾਬ ਰਿਹਾ ਹੈ, ਜਿਨ੍ਹਾਂ ਪੰਜਾਬ 'ਤੇ ਆਈ ਇਸ ਆਫਤ ਲਈ ਹਾਅ ਦਾ ਨਾਅਰਾ ਮਾਰਿਆ ਹੈ। ਚਾਰ ਉਦਾਸੀਆਂ ਵੇਲੇ ਖਿੱਲਰੇ ਇਸ ਚਾਨਣ ਨੂੰ ਭਲਾਂ ਕੋਈ ਕਿੰਨਾ ਕੁ ਚਿਰ ਹਨ੍ਹੇਰੇ ਦੀ ਚਾਦਰ ਵਿੱਚ ਲਪੇਟਣ ਦਾ ਯਤਨ ਕਰੇਗਾ? ਹਨ੍ਹੇਰਾ ਫੈਲਾਉਣ ਦੇ ਯਤਨ ਅੱਜ ਵੀ ਹਮੇਸ਼ਾ ਵਾਂਗ ਨਿਰਾਰਥਕ ਹੋ ਜਾਣੇ ਹਨ। ਭਲਾਂ, ਸੱਚ ਅੱਗੇ ਝੂਠ ਕਦੋਂ ਕੁ ਤੱਕ ਟਿਕੇਗਾ? ਉਂਝ ਅੱਜ ਦੇ ਜ਼ਮਾਨੇ ਵਿੱਚ ਝੂਠ ਬਹੁਤਿਆਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ। ਅਜਿਹੇ ਸਮਿਆਂ ਵਿੱਚ ਸਿਆਸਤ ਹੋਵੇ ਤਾਂ ਕੋਈ ਗੱਲ ਨਹੀਂ, ਸ਼ਰਾਰਤ ਹੋਵੇ ਤਾਂ ਮਨ ਦੁਖੀ ਹੋ ਉੱਠਦਾ ਹੈ। ਸਿਆਸਤ ਦੀ ਬਦੌਲਤ ਸ਼ਰਾਰਤ ਕਤੱਈ ਚੰਗੀ ਨਹੀਂ ਹੁੰਦੀ। ਹੁਣ ਭਲਾਂ ਡੂੰਘਾਈ ਨਾਲ਼ ਸੋਚਿਆ ਜਾਵੇ ਤਾਂ ਆਫਤ ਹੰਢਾ ਰਹੇ ਲੋਕ ਕਦੋਂ ਕੁ ਤੱਕ ਇਨ੍ਹਾਂ ਸਰਕਾਰਾਂ ਨੂੰ ਉਡੀਕਦੇ ਰਹਿੰਦੇ, ਜਿਨ੍ਹਾਂ ਹਮੇਸ਼ਾ ਵਾਂਗ ਜ਼ਖ਼ਮਾਂ 'ਤੇ ਲੂਣ ਹੀ ਭੁੱਕਣਾ ਹੁੰਦੈ। ਜ਼ਖ਼ਮਾਂ 'ਤੇ ਫਹਾ ਧਰਨ ਦੀ ਇਨ੍ਹਾਂ ਕੋਲ਼ ਵਿਹਲ ਈ ਕਿੱਥੇ? ਆਪਾਂ ਸਭ ਨੇ ਦੇਖਿਆ ਹੈ, ਕੇਂਦਰ ਸਰਕਾਰ ਦਾ 'ਊਠ ਦੇ ਮੂੰਹ ਵਿੱਚ ਜੀਰਾ' ਦੇਣ ਵਾਲ਼ਾ ਰੁਝਾਨ।ਉਂਝ ਇਸ ਨੂੰ ਫੌਰੀ ਰਾਹਤ ਦੱਸਿਆ ਗਿਆ ਹੈ ਪਰ ਕੀ ਪਤਾ ਊਠ ਦਾ ਇਹ ਬੁੱਲ੍ਹ ਕਦੋਂ ਡਿੱਗੇ? ਡਿੱਗੇ ਵੀ ਜਾਂ ਨਾ ਡਿੱਗੇ।ਉਂਝ ਸਾਨੂੰ ਆਸ ਦਾ ਪੱਲਾ ਨਹੀਂ ਛੱਡਣਾ ਚਾਹੀਦਾ।ਆਸਾਂ ਨਾਲ਼ ਈ ਉਮੀਦਾਂ ਜਗਦੀਆਂ ਹੁੰਦੀਆਂ ਹਨ।ਦੂਜੇ ਪਾਸੇ ਸਾਡੀ ਆਪਣੀ ਸਰਕਾਰ ਨੇ ਤਾਂ ਆਫਤ ਪ੍ਰਬੰਧਨ ਫੰਡ ਬਾਰੇ ਗੋਲ਼-ਮੋਲ਼ ਬਿਆਨ ਦੇ ਕੇ ਪੱਲਾ ਈ ਝਾੜ ਲਿਆ ਹੈ। ਇਹ ਦ੍ਰਿਸ਼ ਦੇਖ-ਪਰਖ ਮਾਂ ਵੱਲੋਂ ਬਾਲ-ਵਰੇਸੇ ਸੁਣਾਈ ਇੱਕ ਬਾਤ ਮੇਰੇ ਚੇਤੇ ਦੇ ਚਿਤਰਪਟ 'ਤੇ ਉੱਭਰੀ ਹੈ।ਮਾਂ ਸੁਣਾ ਰਹੀ ਸੀ, 'ਪੁੱਤ ਇੱਕ ਵਾਰ ਇੱਕ ਨਵੀਂ ਵਿਆਹੀ ਸਿਆਣੀ ਕੁੜੀ ਨੂੰ ਓਹਦਾ ਘਰਵਾਲ਼ਾ, ਸਹੁਰਿਉਂ ਲਈ ਤੁਰਿਆ ਆਵੇ।ਰਸਤੇ ਵਿੱਚ ਇੱਕ ਪਿੰਡ ਵਿੱਚ ਕਿਸੇ ਦੀ ਮੌਤ ਹੋ ਗਈ।ਸਕੇ-ਸਬੰਧੀ ਉਸ ਦੀ ਅਰਥੀ ਲਈ ਸ਼ਮਸ਼ਾਨ ਵੱਲ ਜਾ ਰਹੇ ਸਨ। ਮਜ਼ਲ ਨਾਲ਼ ਪਿੱਛੇ ਪਿੱਛੇ ਜਾ ਰਹੇ ਇੱਕ ਬਜ਼ੁਰਗ ਨੂੰ ਰੋਕ, ਓਹੀ ਕੁੜੀ ਪੁੱਛਣ ਲੱਗੀ, 'ਬਜ਼ੁਰਗੋ ਇਹ ਬੰਦਾ ਅੱਜ ਈ ਮਰਿਆ ਕਿ ਪਹਿਲਾਂ ਦਾ ਈ ਮਰਿਆ ਹੋਇਆ? ਇਹ ਬਜ਼ੁਰਗ ਪਹਿਲਾਂ ਤਾਂ ਤ੍ਰਬਕਿਆ। ਫਿਰ ਉਸ ਨੇ ਰੁਕ ਕੇ ਆਰਾਮ ਨਾਲ਼ ਜਵਾਬ ਦਿੱਤਾ, ਨਹੀਂ ਬੀਬਾ ਅੱਜ ਹੀ ਮਰਿਆ।' ਓਹਦੇ ਘਰਵਾਲ਼ੇ ਨੂੰ ਬੜਾ ਗੁੱਸਾ ਚੜ੍ਹਿਆ, ਉਹ ਸੋਚੇ ਬਈ ਮੂਰਖੇ ਅੱਜ ਈ ਮਰਿਆ ਤਾਂ ਹੀ ਤਾਂ ਹੁਣ ਲਿਜਾ ਰਹੇ ਨੇ? ਪਰ ਉਹ ਬੋਲਿਆ ਕੁਝ ਨਾ। ਫਿਰ ਉਹ ਦੋਵੇਂ ਅੱਗੇ ਤੁਰ ਪਏ। ਅੱਗੇ ਖੇਤਾਂ ਵਿੱਚ ਕਣਕ ਵੱਢ ਰਹੇ ਇੱਕ ਕਿਸਾਨ ਕੋਲ਼ ਖੜ੍ਹ ਕੇ ਉਹ ਫਿਰ ਪੁੱਛਣ ਲੱਗੀ, 'ਸਰਦਾਰ ਜੀ ਇਹ ਕਣਕ ਖਾਧੀ ਹੋਈ ਏ ਜਾਂ ਹਾਲੇ ਖਾਣੀ ਆ?' ਉਸ ਦਾ ਇਹ ਬੇਸਿਰ-ਪੈਰ ਸੁਆਲ ਸੁਣ, ਓਹਦੇ ਘਰਵਾਲ਼ੇ ਸਮੇਤ ਉੱਥੇ ਸਾਰੇ ਮੌਜੂਦ ਬੌਂਦਲ ਜਿਹੇ ਗਏ।ਜਦ ਉਨ੍ਹਾਂ ਨੂੰ ਕੁਝ ਸਮਝ ਨਾ ਆਇਆ ਤਾਂ ਹੱਸ ਪਏ। ਓਹਦਾ ਘਰਵਾਲ਼ਾ ਕੱਚਾ ਜਿਹਾ ਹੋ ਗਿਆ।ਪਰ ਉਹ ਕਿਸਾਨ ਬਹੁਤ ਸਿਆਣਾ ਸੀ। ਓਸ ਜਵਾਬ ਦਿੱਤਾ, 'ਬੀਬਾ ਕੁਝ ਖਾਧੀ ਹੋਈ ਏ, ਕੁਝ ਹਾਲੇ ਖਾਣੀ ਆ।' ਘਰਵਾਲ਼ੀ ਦੀਆਂ ਝੱਲ-ਬਲੱਲੀਆਂ ਸੁਣ ਓਹਦੇ ਘਰਵਾਲ਼ੇ ਨੂੰ ਗੁੱਸਾ ਆ ਗਿਆ। ਉਹ ਕਿਸਾਨ ਸਾਹਮਣੇ ਹੀ ਆਪਣੀ ਨਵੀਂ-ਨਵੇਲੀ ਵਿਆਹੁਤਾ ਨਾਲ਼ ਲੜ ਪਿਆ।ਉਸਨੇ ਪਿੱਛੇ ਹੋਈ ਬੀਤੀ ਵੀ ਸਾਰੀ ਕਿਸਾਨ ਨੂੰ ਕਹਿ ਸੁਣਾਈ। ਪਰ ਕਿਉਂਕਿ ਕਿਸਾਨ ਬਹੁਤ ਗੁਣੀ ਬੰਦਾ ਸੀ, ਇਸ ਲਈ ਉਹ ਉਸ ਨੂੰ ਸਮਝਾਉਣ ਲੱਗਿਆ, 'ਸੁਣ ਬਈ ਕਾਕਾ ਤੇਰੀ ਘਰਵਾਲ਼ੀ ਸਹੀ ਕਹਿੰਦੀ ਏ। ਮੈਂ ਦੱਸਦਾ ਹਾਂ ਤੈਨੂੰ। ਪਿੱਛੇ ਜਿਹੜਾ ਸੁਆਲ ਇਸਨੇ ਮਰੇ ਹੋਏ ਬੰਦੇ ਲਈ ਕੀਤਾ ਸੀ, ਉਸ ਦਾ ਮਤਲਬ ਸੀ ਕਿ ਬਹੁਤ ਸਾਰੇ ਲੋਕ ਘਰਦਿਆਂ ਜਾਂ ਦੁਨੀਆਂ ਲਈ ਪਹਿਲਾਂ ਈ ਮਰ ਚੁੱਕੇ ਹੁੰਦੇ ਨੇ, ਜਿਨ੍ਹਾਂ ਕਦੇ ਕਿਸੇ ਦੇ ਕੰਮ ਹੀ ਨਹੀਂ ਆਉਣਾ। ਉਨ੍ਹਾਂ ਦਾ ਜੀਣਾ ਵੀ ਕਾਹਦਾ ਜੀਣਾ ਹੋਇਆ? ਮਰਨ ਸਮਾਨ। ਦੂਜਾ ਸਵਾਲ ਜਿਹੜਾ ਇਸ ਮੈਨੂੰ ਕੀਤਾ, ਉਸ ਦਾ ਵੀ ਬਹੁਤ ਗਹਿਰਾ ਅਰਥ ਐ। ਕਈ ਕਿਸਾਨ ਜਾਂ ਮਜ਼ਦੂਰ ਕਰਜ਼ ਦੇ ਭਾਰ ਥੱਲੇ ਦੱਬੇ ਹੁੰਦੇ ਹਨ, ਭਾਵ ਉਨ੍ਹਾਂ ਨੇ ਆਉਣ ਵਾਲ਼ੀ ਇਹ ਕਣਕ ਪਹਿਲਾਂ ਹੀ ਖਾਧੀ ਹੋਈ ਹੈ। ਬਹੁਤਾ ਨਹੀਂ ਤਾਂ ਥੋੜ੍ਹਾ ਸਹੀ, ਕਰਜ਼ ਵਿੱਚ ਤਾਂ ਮੈਂ ਵੀ ਡੁੱਬਾ ਹੋਇਆ ਹਾਂ। ਇਸੇ ਲਈ ਮੈਂ ਕਿਹਾ ਸੀ ਬਈ ਬੀਬਾ ਕੁਝ ਖਾਧੀ ਹੋਏ ਏ ਤੇ ਕੁਝ ਖਾਣੀ ਆ' ਫਿਰ ਮੇਰੇ ਚੇਤੇ ਵਿੱਚ ਅਠਾਸੀ ਵਿੱਚ ਆਏ ਹੜ੍ਹਾਂ ਦੇ ਦ੍ਰਿਸ਼ ਉੱਭਰਨ ਲਗਦੇ ਹਨ। ਉਨ੍ਹੀਂ-ਦਿਨੀਂ ਮੈਂ ਆਪਣੇ ਉਸਤਾਦ ਕੋਲ਼ ਰੋਪੜ ਜ਼ਿਲ੍ਹਾ ਅਦਾਲਤਾਂ ਦੇ ਕਮਰਾ ਨੰਬਰ ਪੰਜ ਵਿੱਚ, ਉਸ ਦੀਆਂ ਟਾਈਪਰਾਈਟਰਾਂ 'ਤੇ ਟਾਈਪ ਕਰਨ ਜਾ ਲੱਗਿਆ ਸੀ। ਇਨ੍ਹਾਂ ਹੜ੍ਹਾਂ ਨੇ ਵੀ ਅੱਜ ਵਾਂਗ ਲੋਕਾਂ ਨੂੰ ਕੱਖੋਂ ਹੌਲ਼ਾ ਕਰ ਛੱਡਿਆ ਸੀ। ਉਨ੍ਹਾਂ ਦੇ ਕੱਚੇ-ਪੱਕੇ ਘਰ ਢਹਿ ਗਏ ਸਨ। ਡੰਗਰ-ਪਸ਼ੂ ਰੁੜ ਗਏ ਸਨ, ਬਚੇ ਮਰ ਗਏ ਸਨ। ਬਚੇ ਲੋਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਸਨ। ਅੱਜ ਵਾਂਗ ਸਰਕਾਰ ਉਦੋਂ ਵੀ ਨਦਾਰਦ ਸੀ। ਸਿਆਸੀ ਲੋਕ ਸਿਆਸਤ ਕਰ ਰਹੇ ਸਨ, ਧਾਰਮਿਕ ਪ੍ਰਵਚਨ ਸੁਣਾ ਰਹੇ ਸਨ। ਮਨੁੱਖਤਾ ਦੀ ਭਲਾਈ ਲਈ ਕੰਮ ਕਰਨ ਵਾਲ਼ੇ ਸਿਰ ਸੁੱਟੀ ਆਪਣਾ ਫਰਜ਼ ਅਦਾ ਫਰਮਾ ਰਹੇ ਸਨ। ਜ਼ਿਲ੍ਹਾ ਅਦਾਲਤਾਂ ਵਿੱਚ ਸਾਡੇ ਕੋਲ਼ ਲੋਕੀ ਆਪਣੇ ਕਾਗਜ਼ ਚੁੱਕੀ ਅਰਜ਼ੀ-ਪੱਤਰ ਟਾਈਪ ਕਰਵਾਉਣ ਲਈ ਆਉਂਦੇ। ਸਰਕਾਰੇ-ਦਰਬਾਰੇ ਕਈਆਂ ਦੀਆਂ ਅਰਜ਼ੀਆਂ ਲੰਮਾ ਅਰਸਾ ਰੁਲਦੀਆਂ ਰਹੀਆਂ। ਕਿਸੇ ਨੂੰ ਜੇ ਕੁਝ ਮਿਲ਼ਿਆ ਵੀ, ਉਹ ਪ੍ਰਸ਼ਾਸਨਿਕ ਹਲਕਿਆਂ ਵਿੱਚ ਪਹੁੰਚ ਸਦਕਾ ਜ਼ੋਰਾਵਰ ਲੈ ਗਏ। ਬਚਦੇ ਲੋਕੀ ਖੁਦ ਲੜੇ ਜੀਵਨ ਜਿਊਣ ਲਈ। ਉਹ ਅੱਜ ਵੀ ਭਲੀ-ਭਾਂਤੀ ਇਹ ਸਭ ਜਾਣਦੇ ਹਨ। ਬਾਈ ਦਲੇਰ ਦੇ ਫੋਨ ਦੀ ਟਰਨ-ਟਰਨ ਨੇ ਮੇਰੀ ਬਿਰਤੀ ਤੋੜੀ। ਉਹ ਬੋਲ ਰਿਹਾ ਸੀ, 'ਛੋਟੇ ਭਾਈ ਖੁਆਜੇ ਨੇ ਮੋੜਾ ਪਾ ਲਿਆ ਸਮਝ। ਅਸਮਾਨ ਤਾਂ ਹਾਲੇ ਵੀ ਕਾਲ਼ੇ-ਚਿੱਟੇ ਬੱਦਲਾਂ ਨਾਲ਼ ਭਰਿਆ ਹੋਇਆ। ਊਂ ਲੋਕਾਂ ਦਾ ਹੜ੍ਹ ਆਇਆ ਪਿਐ, ਜਿਵੇਂ ਸਾਰੀ ਦੁਨੀਆਂ ਈ ਮਦਦ ਲਈ ਆ ਬਹੁੜੀ ਹੋਵੇ। ਰੀਲ੍ਹਾਂ ਬਣਾਉਣ ਵਾਲ਼ੇ ਵੀ ਬਥੇਰੇ ਆਉਂਦੇ ਨੇ ਤੇ ਮੁੜ ਜਾਂਦੇ ਨੇ। ਲੀਡਰਾਂ ਦਾ ਕੋਈ ਅੰਤ ਨਹੀਂ।ਧੁੱਸੀ ਬੰਨ੍ਹ 'ਤੇ ਖੜ੍ਹ ਕੇ ਪ੍ਰਵਚਨ ਝਾੜਦੇ ਰਹਿੰਦੇ ਹਨ।ਰੱਬ ਇਨ੍ਹਾਂ ਨੂੰ ਸੁਮੱਤ ਬਖਸ਼ੇ। ਸਰਕਾਰਾਂ ਨੂੰ ਹਮੇਸ਼ਾ ਵਾਂਗ ਫੰਡਾਂ ਦੀ ਕਿੱਲਤ ਆਈ ਹੋਈ ਆ। ਹੁਣ ਕਹਿੰਦੇ ਪਿੰਡਾਂ ਦੀਆਂ ਪੰਚਾਇਤਾਂ ਤੋਂ ਫੰਡ ਮੰਗ ਰਹੇ ਨੇ। ਬਾਰਾਂ ਹਜ਼ਾਰ ਕਰੋੜ ਬਾਰੇ ਰੱਬ ਜਾਣੇ ਕਿੱਧਰ ਗਿਆ। ਸ਼ਰਾਰਤ ਜ਼ੋਰਾਂ 'ਤੇ ਆ। ਲੋਕ ਆਪਣਾ ਬਚਾਅ ਆਪ ਈ ਕਰ ਰਹੇ ਆ। ਜਿਸ ਦਿਨ ਲੋਕ ਰੋਹ ਪ੍ਰਚੰਡ ਹੋ ਗਿਆ ਨਾ, ਇਨ੍ਹਾਂ ਦੀ ਨਾਨੀ ਚੇਤੇ ਆ ਜਾਣੀ ਆ। ਦੇਖਿਆ ਨੇਪਾਲ ਦਾ ਹਾਲ? ਚੰਗੇ ਸ਼ਾਸਨ ਤੇ ਸੁਧਾਰ ਲਈ ਸ਼ੁਰੂ ਹੋਏ 'ਜੈੱਨ-ਜ਼ੀ' ਅੰਦੋਲਨ ਨਾਲ਼ ਪੈਦਾ ਹੋਇਆ ਸੰਕਟ ਚਰਮ 'ਤੇ ਪਹੁੰਚ ਗਿਐ। ਕਹਿੰਦੇ ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਦੀ ਕਠਮੰਡੂ ਰਿਹਾਇਸ਼ 'ਤੇ ਬਣੀ ਸੁਰੰਗ ਵਿੱਚੋਂ ਕੈਸ਼ ਤੇ ਸੋਨੇ ਦੀਆਂ ਬੋਰੀਆਂ ਬਰਾਮਦ ਹੋਈਆਂ ਹਨ। ਸਾਰੀ ਦੁਨੀਆਂ ਦਾ ਹਾਲ ਮਾੜੈ ਬਈ।ਊਂ ਜਦੋਂ ਲੋਕ ਆਪਣੀ ਆਈ 'ਤੇ ਆਉਂਦੇ ਨੇ ਨਾ, ਉਤਲੀ ਥੱਲੇ ਤੇ ਥੱਲੜੀ ਉੱਤੇ ਕਰ ਦਿੰਦੇ ਨੇ। ਇਨ੍ਹਾਂ ਨੂੰ ਕੌਣ ਰੋਕ ਸਕਦੈ ਫਿਰ? ਮੈਨੂੰ ਸਮਝ ਨਹੀਂ ਆਉਂਦੀ ਮੇਰੇ 'ਆਰ ਇਨ੍ਹਾਂ ਸਿਆਸਤਦਾਨਾਂ ਕਿੱਥੇ ਲਿਜਾਣਾ ਇਹ ਧਨ 'ਕੱਠਾ ਕਰਕੇ? ਉਹ ਤੇਰੇ ਗੀਤ ਦਾ ਅੰਤਰਾ ਐ ਨਾ, 'ਲੋਕੀ ਜਦੋਂ ਮੁਸੀਬਤ ਅੱਗੇ ਪਰਬਤ ਵਾਂਗੂੰ ਖੜ੍ਹ ਜਾਂਦੇ ਨੇ/ ਹੌਸਲਿਆਂ ਵਿੱਚ ਲੂਲੇ- ਲੰਗੜੇ ਵੀ ਪਰਬਤ 'ਤੇ ਚੜ੍ਹ ਜਾਂਦੇ ਨੇ/ ਏਕੇ ਦੇ ਵਿੱਚ ਬਰਕਤ ਏਕਾ ਭੰਨ ਸੁੱਟਦਾ ਏ ਹੱਦਾਂ ਨੂੰ/ ਖ਼ੁਸ਼ਬੂ, ਪੌਣ, ਪਾਣੀ ਤੇ ਪੰਛੀ ਕਦ ਮੰਨਦੇ ਸਰਹੱਦਾਂ ਨੂੰ?'

*- 98144-30874*

# ਟਰੰਪ ਦੀ ਧੌਂਸ : ਮੋਦੀ ਹਕੂਮਤ ਦਾ ਹੁੰਗਾਰਾ ਤੇ ਭਾਰਤ ਲਈ ਅਗਲੇ ਰਾਹ ਦਾ ਸਵਾਲ

**ਪਾਵੇਲ ਕੁੱਸਾ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ ਦੀ ਮੋਦੀ ਹਕੂਮਤ ਨਾਲ ਕੀਤੇ ਜਾ ਰਹੇ ਵਿਹਾਰ ਨੇ ਭਾਰਤੀ ਰਾਜ ਦੇ ਉੱਚ ਹਲਕਿਆਂ ਅੰਦਰ ਅਜੀਬੋ-ਗਰੀਬ ਬੇਚੈਨੀ ਤੇ ਨਿਰਾਸ਼ਾ ਪੈਦਾ ਕੀਤੀ ਹੋਈ ਹੈ। ਪਿਛਲੇ ਦਹਾਕਿਆਂ ਦੌਰਾਨ ਸਾਰੀਆਂ ਹੀ ਭਾਰਤੀ ਹਕੂਮਤਾਂ ਜਿਵੇਂ ਅਮਰੀਕਾ ਨਾਲ ਭਾਰਤੀ ਸੰਬੰਧਾਂ ਨੂੰ ਉਚਿਆਉਂਦੀਆਂ ਆਈਆਂ ਹਨ ਤੇ ਇਸ ਦੀ ਉਸਾਰੀ ਲਈ ਸਰਗਰਮ ਰਹੀਆਂ ਹਨ, ਉਸ ਨੇ ਭਾਰਤੀ ਸਥਾਪਤੀ ਦੇ ਹਲਕਿਆਂ ਅੰਦਰ ਅਮਰੀਕਾ ਤੋਂ ਸਵੱਲੀ ਨਜ਼ਰ ਦੀ ਇੱਕ ਧਾਰਨਾ ਬਣਾਈ ਹੋਈ ਸੀ, ਜਿਹੜੀ ਟਰੰਪ ਦੇ ਟੈਰਿਫ਼ ਹਮਲੇ ਨੇ ਇਕਦਮ ਸੰਕਟ 'ਚ ਪਾ ਦਿੱਤੀ ਹੈ। ਟਰੰਪ ਹਕੂਮਤ ਦੀ ਮੰਗ ਹੈ ਕਿ ਭਾਰਤੀ ਮੰਡੀ ਨੂੰ ਅਮਰੀਕੀ ਵਸਤਾਂ ਲਈ ਪੂਰੀ ਤਰ੍ਹਾਂ ਟੈਕਸ ਮੁਕਤ ਕੀਤਾ ਜਾਵੇ ਤੇ ਉਹਨਾਂ ਨੂੰ ਦੇਸ਼ ਅੰਦਰ ਬੇਰੋਕ-ਟੋਕ ਵਿਕਣ ਦੀ ਗਰੰਟੀ ਕੀਤੀ ਜਾਵੇ। ਭਾਰਤੀ ਹਾਕਮਾਂ ਵੱਲੋਂ ਬਹੁਤ ਸਾਰੀਆਂ ਪੇਸ਼ਕਸ਼ਾਂ ਕਰਨ ਦੇ ਬਾਵਜੂਦ ਟਰੰਪ ਦੀਆਂ ਇਛਾਵਾਂ ਅਨੁਸਾਰ ਇਹ ਸਮਝੌਤਾ ਸਿਰੇ ਨਾ ਚੜ੍ਹਨ ਕਰਕੇ ਟਰੰਪ ਵੱਲੋਂ ਭਾਰਤੀ ਵਸਤਾਂ 'ਤੇ 50 ਫੀਸਦੀ ਟੈਕਸ ਲਗਾਏ ਗਏ ਹਨ। ਇਹਨਾਂ ਭਾਰੀ ਟੈਕਸਾਂ ਨਾਲ ਕਈ ਭਾਰਤੀ ਬਰਾਮਦਾਂ ਅਸਰ-ਅੰਦਾਜ਼ ਹੋਈਆਂ ਹਨ। ਭਾਰਤੀ ਵਸਤਾਂ ਦੇ ਕਈ ਉਤਪਾਦਨ ਕੇਂਦਰਾਂ ਤੋਂ ਛਾਂਟੀਆਂ ਦੀਆਂ ਖਬਰਾਂ ਆਉਣੀਆਂ ਵੀ ਸ਼ੁਰੂ ਹੋ ਗਈਆਂ ਹਨ। ਟਰੰਪ ਵੱਲੋਂ ਰੂਸ ਤੋਂ ਖਰੀਦੇ ਜਾ ਰਹੇ ਕੱਚੇ ਤੇਲ ਨੂੰ ਬੰਦ ਕਰਨ ਲਈ ਵੀ ਮੋਦੀ ਸਰਕਾਰ 'ਤੇ ਦਬਾਅ ਬਣਾਇਆ ਗਿਆ ਹੈ। ਟਰੰਪ ਦੇ ਇਸ ਦਬਾਅ ਨੇ ਮੋਦੀ ਹਕੂਮਤ ਨੂੰ ਉਲਝਣ ਵਿੱਚ ਪਾ ਦਿੱਤਾ ਹੈ, ਪਰ ਇਹਨਾਂ ਉਲਝਣਾਂ 'ਚੋਂ ਨਿਕਲਣ ਦਾ ਬਦਲਵਾਂ ਰਾਹ ਤਲਾਸ਼ਣ ਦੀ ਥਾਂ ਮੋਦੀ ਸਰਕਾਰ ਵੱਲੋਂ ਅਮਰੀਕਾ ਤੇ ਰੂਸ ਵਿਚਾਲੇ ਯੂਕਰੇਨ ਮਸਲੇ 'ਤੇ ਸਮਝੌਤਾ ਹੋਣ ਵਰਗੀਆਂ ਉਮੀਦਾਂ ਰੱਖ ਕੇ ਹੀ ਟਰੰਪ ਦੇ ਧੱਕੜ ਵਿਹਾਰ ਤੋਂ ਛੁਟਕਾਰਾ ਪਾਉਣ ਦੀ ਸੰਭਾਵਨਾ ਜਤਾਈ ਜਾ ਰਹੀ ਸੀ। ਟਰੰਪ ਵੱਲੋਂ ਖੁੱਲ੍ਹਮ ਖੁੱਲ੍ਹਾ ਭਾਰਤੀ ਹਕੂਮਤ ਨੂੰ ਕੀਤੀਆਂ ਜਾ ਰਹੀਆਂ ਸੁਣਵਾਈਆਂ ਦੇ ਦਰਮਿਆਨ ਵੀ ਸਰਕਾਰ ਦੇ ਵੱਖ-ਵੱਖ ਹਲਕਿਆਂ 'ਚੋਂ ਅਜੇ ਵੀ ਇਹੀ ਸੁਰਾਂ ਸੁਣੀਆਂ ਜਾ ਸਕਦੀਆਂ ਹਨ ਕਿ ਭਾਰਤ-ਅਮਰੀਕਾ ਸੰਬੰਧ ਬਹੁਤ ਡੂੰਘੇ ਤੇ ਚਿਰ ਸਥਾਈ ਹਨ ਅਤੇ ਇਹ ਮੌਜੂਦਾ ਸੰਕਟ ਇਹਨਾਂ ਨੂੰ ਬਹੁਤਾ ਪ੍ਰਭਾਵਿਤ ਨਹੀਂ ਕਰੇਗਾ। ਪਿਛਲੇ ਦੋ ਦਹਾਕਿਆਂ ਤੋਂ ਅਲਾਪੀ ਜਾ ਰਹੀ ਉਹੀ ਸੁਰ ਮੁੜ ਦੁਹਰਾਈ ਜਾ ਰਹੀ ਹੈ ਕਿ 21ਵੀਂ ਸਦੀ ਭਾਰਤ ਤੇ ਅਮਰੀਕਾ ਦੇ ਸਹਿਯੋਗ ਰਾਹੀਂ ਆਉਣ ਵਾਲੀ ਖੁਸ਼ਹਾਲੀ ਦੀ ਸਦੀ ਹੈ। ਇਸ ਦੀ ਸਭ ਤੋਂ ਸਪੱਸ਼ਟ ਤੇ ਤਰਲਾ-ਨੁਮਾ ਪੇਸ਼ਕਾਰੀ ਸ਼ਸ਼ੀ ਥਰੂਰ ਵੱਲੋਂ ਇੰਡੀਅਨ ਐਕਸਪ੍ਰੈੱਸ ਅਖਬਾਰ ਵਿੱਚ ਲਿਖੇ ਲੇਖ ਵਿੱਚ ਵੀ ਹੋਈ ਹੈ। ਇਸ ਬੁੱਧੀਜੀਵੀ ਸਿਆਸਤਦਾਨ ਨੇ ਅਮਰੀਕੀ ਸਥਾਪਤੀ ਮੂਹਰੇ ਭਾਰਤ ਨਾਲ ਅਮਰੀਕਾ ਦੇ ਸੰਬੰਧਾਂ ਦੇ ਲਾਹੇ ਗਿਣਾਉਣ ਦੀ ਕੋਸ਼ਿਸ਼ ਕੀਤੀ ਹੈ। ਭਾਰਤ ਨੂੰ ਗੁਆ ਨਾ ਲੈਣ ਪੱਖੋਂ ਅਮਰੀਕੀ ਹੁਕਮਰਾਨਾਂ ਨੂੰ ਵਾਸਤਾ ਪਾਇਆ ਹੈ ਤੇ ਭਾਰਤ ਨੂੰ ਗੁਆ ਲੈਣ ਦੀ ਤੁਲਨਾ 1940 ਵਿਆਂ ਦੇ ਦਹਾਕੇ 'ਚ ਅਮਰੀਕਾ ਵੱਲੋਂ ਚੀਨ ਦੇ ਹੱਥੋਂ ਨਿਕਲ ਜਾਣ ਨਾਲ ਕੀਤੀ ਗਈ ਹੈ, ਜਦੋਂ ਚੀਨੀ ਇਨਕਲਾਬ ਨੇ ਚੀਨ 'ਚੋਂ ਅਮਰੀਕੀ ਸਾਮਰਾਜ ਨੂੰ ਬਾਹਰ ਕਰ ਦਿੱਤਾ ਸੀ। ਸ਼ਸ਼ੀ ਥਰੂਰ ਦੀ ਇਹ ਸੋਚਣੀ ਭਾਰਤੀ ਸਥਾਪਤੀ ਅੰਦਰ ਪਾਏ ਜਾਂਦੇ ਆਮ ਖਿਆਲਾਂ ਦਾ ਹੀ ਪ੍ਰਗਟਾਵਾ ਹੈ। ਇਨ੍ਹਾ ਆਮ ਖਿਆਲਾਂ 'ਚ ਭਾਰਤ ਨੂੰ 1940ਵਿਆਂ ਦੇ ਚੀਨ ਵਾਂਗ ਅਮਰੀਕੀ ਅਧੀਨਗੀ 'ਚ ਹੀ ਚਿਤਵਿਆ ਜਾ ਰਿਹਾ ਹੈ। ਅਜਿਹੇ ਹਾਲਾਤ ਵਿੱਚ ਵੀ ਅਜਿਹੀਆਂ ਉਮੀਦਾਂ ਤੇ ਅਜਿਹੀ ਸੁਰ ਭਾਰਤੀ ਹਾਕਮ ਜਮਾਤਾਂ ਦੇ ਨਜ਼ਰੀਏ ਪੱਖੋਂ ਅਮਰੀਕਾ ਨਾਲ ਸੰਬੰਧਾਂ ਦੀ ਸਥਿਤੀ ਨੂੰ ਬਿਆਨਦੀ ਹੈ। ਇੱਥੋਂ ਤੱਕ ਕਿ ਅਜੇ ਵੀ ਭਾਰਤ ਸਰਕਾਰ ਵੱਲੋਂ ਵਪਾਰ ਵਾਰਤਾ ਸ਼ੁਰੂ ਕਰਨ ਲਈ ਉਮੀਦ ਰੱਖੀ ਜਾ ਰਹੀ ਹੈ ਤੇ ਨਵੀਆਂ-ਨਵੀਆਂ ਪੇਸ਼ਕਸ਼ਾਂ ਕੀਤੀਆਂ ਜਾ ਰਹੀਆਂ ਹਨ। ਦੁਨੀਆ ਦੀ ਸਾਮਰਾਜੀ ਮਹਾਂ-ਸ਼ਕਤੀ ਤੋਂ ਸਵੱਲੀ ਨਿਗ੍ਹਾ ਦੀ ਅਜਿਹੀ ਉਮੀਦ ਮੁਲਕ ਦੇ ਨੀਤੀ ਘਾੜਿਆਂ ਦੀ ਦਸ਼ਾ ਤੇ ਦਿਸ਼ਾ ਦਾ ਬਿਆਨ ਵੀ ਬਣ ਰਹੀ ਹੈ। ਇਹ ਇੱਕ ਵੱਖਰਾ ਵਿਸ਼ਾ ਹੈ ਕਿ ਟਰੰਪ ਵੱਲੋਂ ਵਾਰ-ਵਾਰ ਭਾਰਤ ਨੂੰ ਟੈਕਸਾਂ ਰਾਹੀਂ ਧਮਕਾਉਣ ਦੇ ਬਾਵਜੂਦ ਮੋਦੀ ਸਰਕਾਰ ਵੱਲੋਂ ਚੁੱਪ ਵੱਟ ਲੈਣ ਦਾ ਜੋ ਰਵੱਈਆ ਧਾਰਨ ਕੀਤਾ ਗਿਆ ਹੈ, ਕਿਵੇਂ ਉਹੀ ਆਪਣੇ ਆਪ 'ਚ ਅਮਰੀਕਾ ਭਾਰਤ ਸੰਬੰਧਾਂ ਦੀ ਹਕੀਕੀ ਸਥਿਤੀ ਦੀ ਨਿਸ਼ਾਨਦੇਹੀ ਇਉਂ ਕਰਦਾ ਹੈ ਕਿ ਇਹ ਸੰਬੰਧ ਬਰਾਬਰੀ ਅਧਾਰਿਤ ਸਹਿਯੋਗ ਤੇ ਸਾਥ ਦੇ ਸੰਬੰਧ ਨਹੀਂ ਹਨ, ਸਗੋਂ ਇਹਨਾਂ ਅੰਦਰ ਇਕ ਪਾਸੇ ਸਾਮਰਾਜੀ ਲੁੱਟ ਤੇ ਦਾਬੇ ਦਾ ਮੰਤਵ ਅਤੇ ਦੂਜੇ ਪਾਸੇ ਅਧੀਨਗੀ ਭਰੀ ਹੈਸੀਅਤ ਦੀ ਹਕੀਕਤ ਜ਼ਾਹਰਾ ਹੈ। ਜੇ ਹੁਣ ਤੱਕ ਇਹਨਾਂ ਸੰਬੰਧਾਂ ਦੇ ਸਾਰੇ ਪਹਿਲੂਆਂ ਨੂੰ ਪੜਤਾਲਿਆ ਜਾਵੇ ਤਾਂ ਵੀ ਇਹੀ ਤਸਵੀਰ ਉੱਘੜਦੀ ਹੈ। ਹੁਣ ਭਾਵੇਂ ਮੋਦੀ ਸਰਕਾਰ ਵੱਲੋਂ ਭਾਰਤੀ ਕਿਸਾਨਾਂ ਦੇ ਹਿੱਤਾਂ ਦੀ ਰੱਖਿਆ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਇਹਨਾਂ ਬਿਆਨਾਂ ਦੇ ਪਰਦੇ ਪਿੱਛੇ ਟਰੰਪ ਹਕੂਮਤ ਨੂੰ ਵਰਾਉਣ ਤੇ ਮਨਾਉਣ ਦੇ ਯਤਨ ਵੀ ਕੀਤੇ ਜਾ ਰਹੇ ਹਨ। ਵਪਾਰ ਸਮਝੌਤਾ ਵਾਰਤਾ ਸ਼ੁਰੂ ਹੋਣ ਵੇਲੇ ਤੋਂ ਹੀ ਕਈ ਅਜਿਹੇ ਕਦਮ ਲਏ ਗਏ ਸਨ, ਜਿਨ੍ਹਾਂ ਨਾਲ ਟਰੰਪ ਸਰਕਾਰ ਨੂੰ ਖੁਸ਼ ਕੀਤਾ ਜਾ ਸਕੇ। ਜਿਵੇਂ ਕਿ ਟਰੰਪ ਨੂੰ ਡਾਲਰ 'ਚ ਵਪਾਰ ਜਾਰੀ ਰੱਖਣ ਦੇ ਭਰੋਸੇ ਦਿੱਤੇ ਗਏ, ਕਈ ਚੀਜ਼ਾਂ ਜਿਵੇਂ ਮੋਟਰਸਾਈਕਲਾਂ, ਸੈਟੇਲਾਈਟ ਗਰਾਊਂਡ ਇੰਸਟਾਲੇਸ਼ਨ ਤੇ ਵਿਸਕੀ ਵਗੈਰਾ 'ਤੇ ਟੈਕਸਾਂ 'ਚ ਕਟੌਤੀ ਕੀਤੀ ਗਈ। ਗੂਗਲ 'ਤੇ ਟੈਕਸ 'ਚ ਕਟੌਤੀ ਕੀਤੀ ਤੇ ਮੈਟਾ ਵਰਗੀ ਟਰੰਪ ਦੀ ਹਮਾਇਤੀ ਕੰਪਨੀ 'ਤੇ ਵੀ ਟੈਕਸ ਕੱਟ ਕੇ ਟਰੰਪ ਨੂੰ ਖੁਸ਼ ਕਰਨ ਦਾ ਯਤਨ ਕੀਤਾ ਗਿਆ। ਇਉਂ ਹੀ ਫੌਜ ਦੀ ਹਿਚਕਚਾਹਟ ਦੇ ਬਾਵਜੂਦ ਐੱਫ 35 ਲੜਾਕੂ ਜਹਾਜ਼ ਖਰੀਦਣ ਦੇ ਭਰੋਸੇ ਦਿੱਤੇ ਗਏ। ਇਹ ਵੀ ਕਿਹਾ ਗਿਆ ਕਿ ਭਾਰਤ ਅਮਰੀਕਾ ਤੋਂ ਕੱਚਾ ਤੇਲ ਤੇ ਗੈਸ ਖਰੀਦਣ ਵਾਲਾ ਮੁੱਖ ਦੇਸ਼ ਬਣੇਗਾ, ਨਿਊਕਲੀਅਰ ਰਿਐਕਟਰ ਖਰੀਦਣ ਦੀਆਂ ਗੱਲਾਂ ਕੀਤੀਆਂ ਗਈਆਂ, ਉਦੋਂ ਟਰੰਪ ਦੇ ਯਾਰ ਬਣੇ ਹੋਏ ਅਰਬਪਤੀ ਐਲਨ ਮਸਕ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਸ ਦੀਆਂ 8 ਹਜ਼ਾਰ ਇਲੈਕਟਰਿਕ ਕਾਰਾਂ ਮੁਲਕ ਅੰਦਰ ਵੇਚਣ ਨੂੰ ਪ੍ਰਵਾਨਗੀ ਦਿੱਤੀ ਗਈ ਤੇ ਉਸ ਦੀ ਸਟਾਰਲਿੰਕ ਕੰਪਨੀ ਨੂੰ ਕਾਰੋਬਾਰ ਕਰਨ ਦੇ ਰਾਹ ਖੋਲ੍ਹੇ ਗਏ। ਭਾਰਤੀ ਹਾਕਮਾਂ ਦੇ ਇਹਨਾਂ ਸਭ ਯਤਨਾਂ ਦੇ ਬਾਵਜੂਦ ਜਦੋਂ ਟਰੰਪ ਨੇ ਭਾਰੀ ਟੈਕਸ ਮੜ੍ਹ ਦਿੱਤੇ ਤਾਂ ਵੀ ਭਾਰਤੀ ਹਾਕਮ ਇਹੀ ਕਹਿੰਦੇ ਰਹੇ ਕਿ ਇਹ ਦੂਜਿਆਂ ਨਾਲੋਂ ਤਾਂ ਘੱਟ ਹੀ ਹਨ। ਹੁਣ ਸਮਝੌਤਾ ਸਿਰੇ ਨਾ ਚੜ੍ਹਨ ਦੇ ਮਗਰੋਂ ਮੋਦੀ ਸਰਕਾਰ ਨੇ ਦੇਸ਼ ਅੰਦਰ ਕਪਾਹ 'ਤੇ ਦਰਾਮਦੀ ਡਿਊਟੀ ਖਤਮ ਕਰ ਦਿੱਤੀ ਹੈ, ਜਿਸ ਦੀ ਸਿੱਧੀ ਮਾਰ ਕਪਾਹ ਉਤਪਾਦਕ ਕਿਸਾਨਾਂ 'ਤੇ ਪੈਣੀ ਹੈ। ਸਿਤਮਜ਼ਰੀਫੀ ਇਹ ਹੈ ਕਿ ਭਾਰਤ ਸਰਕਾਰ ਨੇ ਪੂਰੀ ਤਰ੍ਹਾਂ ਝੁਕਦਿਆਂ ਅਮਰੀਕਾ ਤੋਂ ਆਉਣ ਵਾਲੀ ਕਪਾਹ 'ਤੇ ਟੈਕਸ ਖਤਮ ਕਰ ਦਿੱਤੇ ਹਨ, ਜਦਕਿ ਅਮਰੀਕਾ ਨੇ ਉਸ ਕਪਾਹ ਤੋਂ ਬਣ ਕੇ ਜਾਣ ਵਾਲੇ ਕੱਪੜਿਆਂ 'ਤੇ ਅਮਰੀਕਾ ਅੰਦਰ ਟੈਕਸ ਮੜ੍ਹ ਦਿੱਤੇ ਹਨ। ਇਹ ਹਾਲਤ ਦਰਸਾ ਰਹੀ ਹੈ ਕਿ ਕਿਸਾਨਾਂ ਦੀ ਰੱਖਿਆ ਦੇ ਸਿਰਫ਼ ਉਪਰੋਂ ਹੀ ਹੋਕਰੇ ਮਾਰੇ ਜਾ ਰਹੇ ਹਨ ਤੇ ਇਨ੍ਹਾਂ ਹੋਕਰਿਆਂ ਰਾਹੀਂ ਹੀ ਆਪਣੀ ਦੇਸ਼ ਭਗਤੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਦਕਿ ਅਮਲ 'ਚ ਅਮਰੀਕੀ ਸਾਮਰਾਜੀ ਅਧੀਨਗੀ ਪੂਰੀ ਤਰ੍ਹਾਂ ਕਬੂਲੀ ਜਾ ਰਹੀ ਹੈ। ਕਹੀ ਜਾਂਦੀ ਅਮਰੀਕਾ ਭਾਰਤ ਦੋਸਤੀ 'ਤੇ ਛਾਏ ਟਰੰਪਮਈ ਬੇ- ਯਕੀਨੀ ਦੇ ਬੱਦਲਾਂ ਦਰਮਿਆਨ ਇਹ ਸਵਾਲ ਮਹੱਤਵਪੂਰਨ ਹੈ ਕਿ ਹੁਣ ਭਾਰਤ ਕੋਲੇ ਰਾਹ ਕੀ ਹੋਵੇ। ਹੁਣ ਤੱਕ ਭਾਰਤੀ ਰਾਜ ਵੱਲੋਂ ਅਖਤਿਆਰ ਕੀਤਾ ਹੋਇਆ ਰਸਤਾ ਸਾਮਰਾਜੀ ਮੁਲਕਾਂ ਦੀ ਆਰਥਿਕਤਾ ਨਾਲ ਬੱਝ ਕੇ ਵਿਕਾਸ ਕਰਨ ਦਾ ਰਸਤਾ ਹੈ। ਸਾਮਰਾਜੀ ਮੁਲਕਾਂ ਲਈ ਮੰਡੀ ਦੇ ਰੂਪ ਵਿੱਚ ਮੁਲਕ ਦੀ ਆਰਥਿਕਤਾ ਨੂੰ ਵੱਧ ਤੋਂ ਵੱਧ ਖੋਲ੍ਹਣਾ ਅਤੇ ਮੁਲਕ ਦੇ ਵੱਡੇ ਸਰਮਾਏਦਾਰ ਘਰਾਨਿਆਂ ਲਈ ਸਾਮਰਾਜੀ ਮੁਲਕਾਂ ਸਮੇਤ ਦੁਨੀਆ ਦੇ ਵਿਕਸਿਤ ਮਾਲਕਾਂ ਦੀਆਂ ਮੰਡੀਆਂ ਤੱਕ ਪਹੁੰਚ ਬਣਾਉਣਾ। ਇਹ ਰਾਹ ਭਾਰਤ ਅੰਦਰ ਸਾਮਰਾਜੀ ਬਹੁ-ਕੌਮੀ ਕੰਪਨੀਆਂ ਦੇ ਪੂੰਜੀ ਨਿਵੇਸ਼ ਲਈ ਰਾਹ ਬਣਾਉਣੇ ਅਤੇ ਇਥੋਂ ਬਰਾਮਦ ਮੁਖੀ ਮੈਨੂਫੈਕਚਰਿੰਗ ਨੂੰ ਉਤਸ਼ਾਹਿਤ ਕਰਨਾ ਹੈ। ਸਾਮਰਾਜੀ ਸੰਸਾਰੀਕਰਨ ਦੀਆਂ ਨੀਤੀਆਂ ਤਹਿਤ ਸਾਰੀਆਂ ਭਾਰਤੀ ਹਕੂਮਤਾਂ ਇਸੇ ਵਿਕਾਸ ਦੇ ਰਾਹ ਨੂੰ ਪ੍ਰਨਾਈਆਂ ਆ ਰਹੀਆਂ ਹਨ। ਇਸੇ ਰਾਹ 'ਤੇ ਚੱਲ ਕੇ ਹੀ ਭਾਰਤ ਦੇ ਵਿਸ਼ਵ ਗੁਰੂ ਬਣ ਜਾਣ ਦੇ ਦਾਅਵੇ ਕੀਤੇ ਜਾਂਦੇ ਰਹੇ ਹਨ ਤੇ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਆਰਥਿਕਤਾ ਵਜੋਂ ਭਾਰਤ ਦੀ ਦੁਨੀਆਂ ਅੰਦਰ ਸਿਰਕੱਢਵਾਂ ਸਥਾਨ ਬਣ ਜਾਣ ਦੀਆਂ ਉਮੀਦਾਂ ਕੀਤੀਆਂ ਜਾਂਦੀਆਂ ਹਨ। ਇਸ ਮਾਮਲੇ ਵਿੱਚ ਚੀਨ ਨੂੰ ਪਛਾੜ ਦੇਣ ਦੇ ਦਾਅਵੇ ਵੀ ਕੀਤੇ ਜਾਂਦੇ ਰਹੇ ਹਨ। ਖਾਸ ਕਰਕੇ ਪੰਜ ਵਰ੍ਹੇ ਪਹਿਲਾਂ ਕੋਵਿਡ ਸੰਕਟ ਵਿੱਚ ਘਿਰੇ ਚੀਨ ਦੇ ਮੁਕਾਬਲੇ ਭਾਰਤ ਨੂੰ ਸਾਮਰਾਜੀ ਬਹੁ-ਕੌਮੀ ਕੰਪਨੀਆਂ ਦੀ ਮੈਨੂਫੈਕਚਰਿੰਗ ਹੱਬ ਬਣਾ ਲੈਣ ਦੀਆਂ ਉਮੀਦਾਂ ਵੀ ਇਸੇ ਰਸਤੇ ਦੇ ਆਸਰੇ ਰੱਖੀਆਂ ਗਈਆਂ ਸਨ, ਪਰ ਅਜਿਹੀ ਤਰੱਕੀ ਦੀਆਂ ਉਮੀਦਾਂ ਪਾਲਣ ਵੇਲੇ ਚੀਨ ਵੱਲੋਂ ਕੀਤੀ ਤਰੱਕੀ ਪਿਛਲੇ ਕਾਰਕਾਂ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾਂਦਾ ਰਿਹਾ ਹੈ। ਚੀਨ ਦੀ ਮੌਜੂਦਾ ਤਰੱਕੀ 'ਚ ਸਮਾਜਵਾਦੀ ਚੀਨ ਵੇਲੇ ਸਿਰਜੇ ਗਏ ਮਜ਼ਬੂਤ ਆਰਥਿਕ ਤੇ ਸਨਅਤੀ ਆਧਾਰ ਦਾ ਮੁੱਖ ਰੋਲ ਸੀ, ਜਿਸ ਰਾਹੀਂ ਸਾਮਰਾਜੀ ਸੰਸਾਰੀਕਰਨ ਦੀਆਂ ਨੀਤੀਆਂ ਦੇ ਦੌਰ ਵਿੱਚ ਅਮਰੀਕੀ ਛਤਰ-ਛਾਇਆ ਹੇਠ ਹੋਰਨਾਂ ਮੰਡੀਆਂ ਤੱਕ ਰਸਾਈ ਬਣਾ ਕੇ ਉਤਪਾਦਨ ਕੀਤਾ ਗਿਆ ਸੀ। ਚੀਨ ਵੱਲੋਂ ਕੀਤੀ ਤਰੱਕੀ ਦੇ ਅਰਥਾਂ ਦੀ ਚਰਚਾ ਚਾਹੇ ਵੱਖਰਾ ਮਸਲਾ ਹੈ, ਪਰ ਭਾਰਤ ਦੇ ਦੂਜਾ ਚੀਨ ਹੋ ਜਾਣ ਦਾ ਮਾਰਗ ਦੂਰ ਦੀ ਕੌਡੀ ਹੈ। ਭਾਰਤ ਕੋਲ ਨਾ ਤਾਂ ਅਜਿਹਾ ਸਨਅਤੀ ਆਧਾਰ ਹੈ ਅਤੇ ਨਾ ਹੀ ਹੁਣ ਸੰਸਾਰ ਅੰਦਰ ਮੰਡੀਆਂ ਤੱਕ ਪਹੁੰਚ 80ਵਿਆਂ, 90ਵਿਆਂ ਦੇ ਦੌਰ ਵਾਂਗ ਹੋਣੀ ਸੰਭਵ ਹੈ। ਭਾਰਤੀ ਹਕੂਮਤਾਂ ਵੱਲੋਂ ਅਖਤਿਆਰ ਕੀਤਾ ਹੋਇਆ ਵਿਕਾਸ ਦਾ ਇਹ ਮੌਜੂਦਾ ਰਾਹ ਤੇ ਇਹ ਸਮੁੱਚਾ ਮਾਡਲ ਮੁਲਕ ਨੂੰ ਸੰਸਾਰ ਸਾਮਰਾਜੀ ਆਰਥਿਕਤਾ ਨਾਲ ਬੰਨ੍ਹ ਦੇਣ ਦਾ ਮਾਡਲ ਹੈ। ਵਿਸ਼ੇਸ਼ ਕਰਕੇ ਅਮਰੀਕੀ ਸਾਮਰਾਜੀ ਤੇ ਪੱਛਮੀ ਯੂਰਪ ਦੇ ਸਾਮਰਾਜੀ ਮੁਲਕਾਂ ਦੀਆਂ ਆਰਥਕਤਾਵਾਂ ਦੀ ਸੇਵਾਦਾਰ ਆਰਥਿਕਤਾ ਵਜੋਂ ਭਾਰਤੀ ਆਰਥਿਕਤਾ ਦੀ ਮੁਕੰਮਲ ਢਲਾਈ ਕਰ ਦੇਣ ਦਾ ਮਾਡਲ ਹੈ। ਅਜੋਕੇ ਦੌਰ 'ਚ ਸੰਸਾਰ ਸਾਮਰਾਜੀ ਆਰਥਿਕਤਾ ਸੰਕਟ ਮੂੰਹ ਆਈ ਹੋਈ ਹੈ ਅਤੇ ਇਹ ਸੰਕਟ ਵੱਖ-ਵੱਖ ਸਾਮਰਾਜੀ ਮੁਲਕਾਂ ਦੇ ਆਪਸੀ ਵਿਰੋਧਾਂ ਨੂੰ ਵੀ ਤਿੱਖਾ ਕਰ ਰਿਹਾ ਹੈ। ਸਾਮਰਾਜੀ ਸੰਕਟ ਦੀ ਅਜਿਹੀ ਤਿੱਖ ਜਿਹੜੀ ਟਰੰਪ ਵਰਗੇ ਹੁਕਮਰਾਨਾਂ ਨੂੰ ਭਾਰਤ ਵਰਗੇ ਮੁਲਕਾਂ ਦੀਆਂ ਮੰਡੀਆਂ ਤੱਕ ਹਰ ਹੀਲੇ ਮਨਚਾਹੀ ਰਸਾਈ ਬਣਾਉਣ ਲਈ ਧੱਕ ਰਹੀ ਹੈ। ਟੈਕਸਾਂ ਦੇ ਦਬਾਅ ਪਾ ਕੇ ਹੀ ਮਨ ਚਾਹੀਆਂ ਖੁੱਲ੍ਹਾਂ ਲਾਗੂ ਕਰਵਾਉਣ ਦਾ ਰਾਹ ਫੜ ਰਹੀ ਹੈ। ਸਾਮਰਾਜੀ ਸੰਕਟਾਂ ਕਾਰਨ ਦੁਨੀਆ ਅੰਦਰ ਅਨਿਸ਼ਚਤਤਾ ਦਾ ਮਾਹੌਲ ਵੀ ਬਣਿਆ ਹੋਇਆ ਹੈ। ਇਹਨਾਂ ਸੰਕਟਾਂ ਕਾਰਨ ਹੀ ਸਾਮਰਾਜੀ ਮੁਲਕਾਂ ਤੇ ਵਿਕਸਿਤ ਪੂੰਜੀਵਾਦੀ ਮੁਲਕਾਂ ਅੰਦਰ ਆਪੋ-ਆਪਣੀਆਂ ਮੰਡੀਆਂ ਲਈ ਰਖਿਆਤਮਕ ਕਦਮ ਲਏ ਜਾ ਰਹੇ ਹਨ। ਸੰਸਾਰ ਸਰਮਾਏਦਾਰੀ ਵੱਲੋਂ ਘੜਿਆ ਹੋਇਆ ਸੰਸਾਰੀਕਰਨ ਦਾ ਨਾਅਰਾ ਹੀ ਵਿਚਾਰਧਾਰਕ ਹਥਿਆਰ ਵਜੋਂ ਮਾਤ ਖਾ ਰਿਹਾ ਹੈ। ਅਮਰੀਕੀ ਸਾਮਰਾਜੀਆਂ ਵੱਲੋਂ ਆਪਣੀ ਹੀ ਸਰਦਾਰੀ ਵਾਲੀ ਸੰਸਾਰ ਵਪਾਰ ਸੰਸਥਾ ਦੇ ਸਭ ਨਿਯਮ ਬੰਧੇਜ ਉਲੰਘੇ ਜਾ ਰਹੇ ਹਨ ਤੇ ਖੁਦ ਇਹਨਾਂ ਦੀ ਉਲੰਘਣਾ ਰਾਹੀਂ ਮੁਕਤ ਵਪਾਰ ਸਮਝੌਤਿਆਂ ਲਈ ਹੋਰਨਾਂ ਮੁਲਕਾਂ 'ਤੇ ਦਬਾਅ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.


ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

14-Sep-Sunday.qxd 9/13/2025 9:31 PM Page 4



# ਰਾਜਸੀ, ਅਦਾਲਤੀ, ਬਸਤੀਵਾਦੀ ਤੇ ਕ੍ਰਾਂਤੀਕਾਰੀ ਧਿਰਾਂ ਦਾ ਪ੍ਰਵਚਨ



ਫੋਕਸ



**ਚਰਚਾ ਇਕ ਪੁਸਤਕ ਦੀ**

**ਡਾ. ਚੰਦਰ ਪ੍ਰਕਾਸ਼**

## ਗੁਨਾਹਗਾਰ

**ਹਰੀਸ਼ ਜੈਨ**
**ਸਫ਼ੇ-220, ਕੀਮਤ-350 ਰੁਪਏ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2025**

### ਖਾਲਸ ਇਤਿਹਾਸ ਲਿਖਣਾ ਔਖੈ

ਇਤਿਹਾਸ ਅਸਥਿਰ ਹੈ; ਪਰਿਵਰਤਨਸ਼ੀਲ; ਗਤੀਸ਼ੀਲ ਬੁੱਧੀਜੀਵੀ, ਇਤਿਹਾਸਕਾਰ ਦੇ ਚੇਤਨ-ਅਵਚੇਤਨ ਮਨ ਵਿਚ ਪਈ ਖੋਜ-ਬਿਰਤੀ ਉਸ ਨੂੰ ਕਿੱਥੇ ਟਿਕਣ ਦਿੰਦੀ ਹੈ।ਆਹਰ ਲਾਈ ਰੱਖਦੀ ਹੈ। ਬੌਧਿਕ ਵਿਕਾਸ, ਨਵੇਂ ਖੋਜ-ਸੰਦ, ਢੰਗ, ਤਰੀਕੇ, ਤਕਨੀਕੀ ਔਜ਼ਾਰ, ਸਰੋਤ ਆਦਿ ਨਵਾਂ ਜਾਨਣ ਦੀ ਉਤਸੁਕਤਾ ਪੈਦਾ ਕਰਦੇ ਰਹਿੰਦੇ ਹਨ।ਇਸ ਉਤਸੁਕਤਾ 'ਚੋਂ ਇਤਿਹਾਸ ਦੇ ਪੁਨਰ-ਲੇਖਣ, ਵਾਚਣ ਦੌਰਾਨ ਵਾਧੇ-ਘਾਟੇ ਦੀ ਸੰਭਾਵਨਾ ਬਣੀ ਰਹਿੰਦੀ ਹੈ।

ਹਕੂਮਤਾਂ 'ਸੱਚ' ਤੋਂ ਡਰਦੀਆਂ 'ਗਿਆਨ' ਨੂੰ ਕਾਬੂ ਕਰਦੀਆਂ ਨੇ। ਸੱਤਾ ਅਤੇ ਕਾਬੂ ਕੀਤੇ ਗਿਆਨ ਦੀ ਸਾਂਝ 'ਚੋਂ ਉਦੈ ਹੋਏ ਵਿਚਾਰ; 'ਇਤਿਹਾਸ-ਨਿਰਮਾਣਕਾਰੀ' ਦਾ ਫ਼ੈਸਲਾ ਕਰਦੇ ਹਨ। ਵਿੱਦਿਆ, ਗਿਆਨ, ਤਰਕ, ਧਰਮ, ਇਤਿਹਾਸ, ਸੱਭਿਆਚਾਰ, ਰਾਜਨੀਤੀ ਆਦਿ ਪੱਖਾਂ ਦਾ ਜਾਣੂੰ 'ਇਤਿਹਾਸ-ਲੇਖਣ, ਬਦਲਾਓ' ਦੀ ਜ਼ਿੰਮੇਵਾਰੀ ਜਾਂ ਜੋਖਮ ਲੈਂਦਾ ਹੈ ਤਾਂ ਸੱਤਾ ਦੀਆਂ ਅੱਖਾਂ 'ਚ ਰੜਕਣਾ ਵੀ ਸੁਭਾਵਕ ਹੈ। ਸਮਾਜਿਕ, ਸਾਹਿਤਕ, ਵਿਚਾਰਕ 'ਬੇਦਖ਼ਲੀ' ਸੰਭਵ ਹੈ। ਬੀਤੇ ਸਮਿਆਂ 'ਚ ਚੁਨਿੰਦਾ ਕਿਤਾਬਾਂ 'ਤੇ ਲੱਗੀ ਪਾਬੰਦੀ; ਸਬੂਤ ਹੈ, ਜਦੋਂਕਿ ਹਕੀਕਤ ਇਹ ਹੈ ਕਿ ਹਰੇਕ ਮਨੁੱਖ ਇਤਿਹਾਸ ਦੀ 'ਪੈਦਾਵਾਰ' ਹੈ।ਜੀਵਤ। ਸੋਝੀ। ਬੇਅਵਾਜ਼ ਨੂੰ ਆਵਾਜ਼ ਦੇਣ ਦਾ ਰਾਹ।ਮਾਨਵ-ਬੁੱਧੀ ਦਾ ਆਧਾਰ। ਮਨਮੋਹਨ ਬਾਵਾ ਨੇ ਐਡਵਰਡ ਹੈਲਟ ਦੇ ਹਵਾਲੇ ਨਾਲ ਲਿਖਿਆ ਹੈ : 'ਜੇ ਤੁਸੀਂ ਚਾਹੋ ਤਾਂ ਇਤਿਹਾਸ ਨੂੰ ਵੱਖਰਿਆਂ-ਵੱਖਰਿਆਂ ਸਾਂਚੀਆਂ ਵਿੱਚ ਪਾ ਕੇ ਵੱਖਰਾ ਰੂਪ ਦੇ ਸਕਦੇ ਹੋ। ਜੇ ਚਾਹੋ ਤਾਂ ਕਿਸੇ ਸਾਰਥਿਕ ਗ੍ਰੰਥ, ਉਪਦੇਸ਼ ਭਰੀ ਕਹਾਣੀ, ਵੀਰ ਗਾਥਾ, ਲੋਕ ਕਥਾ ਜਾਂ ਦਿਲਚਸਪ ਉਪਨਿਆਸ ਵਿੱਚ ਬਦਲ ਸਕਦੇ ਹੋ, ਪਰ ਇਸ ਸਭ ਕੁਝ ਦੇ ਤਾਂ ਹੀ ਕੋਈ ਸਹੀ ਅਰਥ ਬਣਦੇ ਹਨ, ਜੇ ਲਿਖਣ ਵਾਲੇ ਕੋਲ ਕੋਈ ਸੇਧ, ਵਿਵੇਕ ਜਾਂ ਸਹੀ ਚੇਤਨਾ ਹੋਵੇ।ਉਸ ਕੋਲ ਇਹ ਵਿਸ਼ਵਾਸ ਹੋਵੇ ਕਿ ਅਸੀਂ ਜਿੱਥੋਂ ਵੀ ਕਿਤੋਂ ਆਏ ਹਾਂ, ਉਸ ਦਾ ਕੋਈ ਸੰਬੰਧ ਇਸ ਵਾਸਤਵਿਕਤਾ ਨਾਲ ਜੁੜਦਾ ਹੋਵੇ ਕਿ ਅਸੀਂ ਕਿਤੇ ਪਹੁੰਚਣਾ ਵੀ ਹੈ। ਜਿਹੜੀ ਕੌਮ ਆਪਣੇ ਇਤਿਹਾਸ ਨੂੰ ਭੁੱਲ ਜਾਂਦੀ ਹੈ, ਉਹ ਜਮਾਤ ਜਾਂ ਕੌਮ ਆਪਣੇ ਨਿਸ਼ਾਨੇ ਤੱਕ ਪਹੁੰਚਣ ਦੀ ਸੇਧ ਗੁਆ ਬੈਠਦੀ ਹੈ।' (ਭਾਰਤੀ ਇਤਿਹਾਸ, ਮਿਥਿਹਾਸ, 2015, ਸਫ਼ਾ/18) ਇਉਂ ਇਤਿਹਾਸ ਵਿਚ 'ਚੁੱਪ' ਪਈਆਂ ਪਰਤਾਂ ਨੂੰ ਉਧੇੜਨਾ ਲਾਜ਼ਮੀ ਵੀ ਹੁੰਦੈ।

ਹਰੀਸ਼ ਜੈਨ ਦੀ ਬੌਧਿਕ ਸੂਝ 'ਚ 'ਪੰਜਾਬ ਦੀ ਫ਼ਿਕਰਮੰਦੀ' ਹੈ।ਇਹ ਫ਼ਿਕਰਮੰਦੀ ਇਤਿਹਾਸ ਵੱਲ ਮੋੜਦੀ ਹੈ; ਮੁੜ, ਮੋੜ ਕੇ ਵਰਤਮਾਨ ਨੂੰ 'ਸਮਝਣ' ਦੀ ਸਿਫਾਰਸ਼ ਕਰਦੀ ਹੈ, ਕਿਉਂਕਿ ਭਵਿੱਖ ਦੀ ਉਸਾਰੀ ਵੀ ਇਸੇ ਸਮਝ ਨੇ ਹੀ ਕਰਨੀ ਹੁੰਦੀ ਹੈ। ਭਾਰਤ ਨੂੰ ਅੰਗਰੇਜ਼ ਹਾਕਮਾਂ ਤੋਂ ਮੁਕਤ ਕਰਨ ਲਈ ਅਨੇਕਾਂ ਯਤਨ ਹੋਏ। ਸ਼ਹੀਦ ਹੋਏ। ਭਗਤ ਸਿੰਘ ਅਤੇ ਉਸ ਦੇ ਸਾਥੀ ਚਰਚਾ 'ਚ ਰਹੇ। ਉਨ੍ਹਾਂ ਵਿੱਚੋਂ ਵੀ ਭਗਤ ਸਿੰਘ ਨੂੰ ਵਿਸ਼ੇਸ਼ ਵਿਸ਼ੇਸ਼ਗਤਾ ਪ੍ਰਾਪਤ ਹੋਈ। ਕਾਰਨ: ਵਿਚਾਰਾਤਮਕ ਪਕਿਆਈ: ਬੌਧਿਕਤਾ।ਘਣਾ ਕੁਝ ਲਿਖਿਆ ਮਿਲਦਾ ਹੈ। ਪੰਜਾਬੀ ਨਾਟਕਕਾਰ ਵੀ ਆਪਣੀ ਰਚਨਾਤਮਕ ਪ੍ਰਤਿਭਾ ਨੂੰ ਇਸ ਪਾਸੇ ਢਾਲਦੇ ਹਨ। ਦਵਿੰਦਰ ਦਮਨ ਵੱਲੋਂ ਸੰਪਾਦਤ ਪੁਸਤਕ 'ਸ਼ਹੀਦ ਭਗਤ ਸਿੰਘ ਦੇ ਨਾਟਕੀ ਰੂਪ' ਵਿਚ ਸ਼ਾਮਲ ਕੀਤੇ ਨਾਟਕ; ਭਗਤ ਸਿੰਘ ਦੀ ਵਾਪਸੀ/ਸਾਗਰ ਸਰਹੱਦੀ, ਮਸੀਹਾ ਸੂਲੀ 'ਤੇ ਮੁਸਕਰਾਇਆ/ਹਰਚਰਨ ਸਿੰਘ, ਬਾਬਾ ਬੋਲਦਾ ਹੈ/ਗੁਰਸ਼ਰਨ ਸਿੰਘ, ਇਨਕਲਾਬੀ ਪੁੱਤਰ/ਚਰਨ ਦਾਸ ਸਿੱਧੂ, ਛਿਪਣ ਤੋਂ ਪਹਿਲਾਂ/ਦਵਿੰਦਰ ਦਮਨ, ਅਸੀਂ ਸਾਰੇ ਭਗਤ ਸਿੰਘ/ਸਤੀਸ਼ ਕੁਮਾਰ ਵਰਮਾ ਪ੍ਰਮਾਣ ਹਨ।ਇਸ ਕੜੀ ਵਿਚ ਮੈਂ ਭਗਤ ਸਿੰਘ ਅਤੇ ਮੈਂ ਫਿਰ ਆਵਾਂਗਾ/ਪਾਲੀ ਭੁਪਿੰਦਰ ਸਿੰਘ, ਬੁੱਤ ਜਾਗ ਪਿਆ/ਗੁਰਸ਼ਰਨ ਸਿੰਘ, ਕੁਕਨੂਸ ਭਗਤ ਸਿੰਘ/ਕੇਵਲ ਧਾਲੀਵਾਲ ਆਦਿ ਨਾਲ ਸੂਚੀ ਲੰਬੀ ਹੋ ਸਕਦੀ ਹੈ।ਹੋਰ ਲਿਖਿਆ ਜਾਵੇਗਾ, ਪਰ ਹਰੀਸ਼ ਜੈਨ, ਸ਼ਹੀਦ ਭਗਤ ਸਿੰਘ ਅਤੇ ਬੀ ਕੇ ਦੱਤ ਦੇ ਅਸੈਂਬਲੀ ਬੰਬ ਸੁੱਟਣ ਵਾਲੀ 'ਅੱਧੇ ਕੁ ਮਿੰਟ ਦੀ ਘਟਨਾ' ਉੱਤੇ ਹੀ 'ਗੁਨਾਹਗਾਰ' ਨਾਂਅ ਦਾ ਨਾਟਕ ਸਿਰਜ ਦਿੰਦਾ ਹੈ। ਦੋ ਸੈਂਕੜੇ ਸਫਿਆਂ ਦਾ ਇਤਿਹਾਸ। ਰੋਮਾਂਸ, ਭਾਵੁਕਤਾ ਬਿਨਾਂ। ਉਹ ਵੀ 'ਵਿਚਾਰਧਾਰਕ ਪ੍ਰਸੰਗ' ਤੋਂ। ਜਿਸ ਨੂੰ ਡਾ. ਸਰਬਜੀਤ ਸਿੰਘ 'ਵਿਚਾਰਧਾਰਾਵਾਂ ਦੇ ਭੇੜ ਦਾ ਬਿਰਤਾਂਤ' ਕਹਿੰਦੇ ਨੇ ਅਤੇ ਸਵਰਾਜਬੀਰ 'ਇਤਿਹਾਸਕ ਦਸਤਾਵੇਜ਼' ਦਾ ਦਰਜਾ ਦਿੰਦੇ ਨੇ।ਇਤਿਹਾਸਕ ਘਟਨਾਵਾਂ 'ਚ ਕਲਪਨਾਤਮਕ-ਸਿਰਜਣਾ ਦਾ ਰਲਾਅ ਕਰਕੇ ਸਿਰਜੇ ਗਏ ਗਿਆਰਾਂ ਦ੍ਰਿਸ਼; ਬਹੁਭਾਂਤੀ ਨੇ: ਉਹ ਵੀ ਇਕੋ ਘਟਨਾ ਨਾਲ ਜੁੜ ਕੇ।ਇਸ ਵਿਚਾਰਧਾਰਕ-ਬਿਰਤਾਂਤ 'ਚੋਂ ਕੁਝ ਨੁਕਤੇ ਚੁਗ ਕੇ ਚਰਚਾ-ਰਾਹ ਬਣਾਇਆ ਜਾ ਸਕਦਾ ਹੈ:-

ਕਾਨੂੰਨ, ਕਚਹਿਰੀ, ਕਿਰਦਾਰ, ਇਤਿਹਾਸ 'ਤੇ ਕਾਬਜ਼ ਸੱਤਾ

ਸਮਾਜ ਸੁਰੱਖਿਆ ਲਈ ਨਿਰਮਾਣ ਕੀਤੀਆਂ ਪ੍ਰਸ਼ਾਸਨਿਕ, ਨਿਆਂਇਕ ਵਿਵਸਥਾਵਾਂ, ਸੰਸਥਾਵਾਂ ਦੀ ਅਸਲ ਸੰਚਾਲਕ ਸ਼ਕਤੀ ਸੱਤਾਧਾਰੀਆਂ ਦੇ ਕਬਜ਼ੇ ਵਿਚ ਹੁੰਦੀ ਹੈ। ਦਫ਼ਤਰ ਅਤੇ ਅਫ਼ਸਰ ਦੀ ਮਿਲੀਭੁਗਤ ਬੰਦੇ ਨੂੰ ਅਨੁਸ਼ਾਸਤ ਕਰਨ, ਰੱਖਣ ਲਈ ਕਾਨੂੰਨ-ਕਚਹਿਰੀ ਦਾ ਆਸਰਾ ਲੈਂਦੀਆਂ ਹਨ ਅਤੇ ਭਰਮ ਇਸ ਤਰ੍ਹਾਂ ਵੀ ਬਣਾਉਂਦੀਆਂ ਹਨ ਕਿ ਇਹ ਨਿਆਂਇਕ ਅਦਾਰੇ ਲੋਕ-ਹਿੱਤ ਲਈ ਵੀ ਵਚਨਬੱਧ ਹਨ। ਸਮਰਪਿਤ ਭਾਵਨਾ ਦੇ ਦੂਹਰੇ ਚਰਿੱਤਰ ਵਿਚ ਲੋਕ ਲਈ ਉਹ ਸਭ 'ਮੰਨਣਯੋਗ' ਹੈ; ਜੋ ਕਾਨੂੰਨੀ ਵਿਧੀ-ਵਿਧਾਨ ਰਾਹੀਂ ਘੜਿਆ ਗਿਆ ਹੈ ਜਾਂ ਘੜਿਆ ਜਾਵੇਗਾ। ਅੱਗੋਂ ਕਚਹਿਰੀ ਦਾ ਵਿਹਾਰ ਤਿਆਰ ਹੈ। ਨਕਾਰਨਾ, ਵਿਰੋਧ ਜਾਂ ਵਿਦਰੋਹ : ਸਜ਼ਾ ਦਾ ਹੱਕਦਾਰ। ਭਗਤ ਸਿੰਘ ਸਜ਼ਾ ਭੁਗਤਦਾ ਹੈ; ਜ਼ਿੰਦਗੀ ਦੀ।ਕਾਨੂੰਨ, ਕਚਹਿਰੀ, ਕਿਰਦਾਰ, ਇਤਿਹਾਸ ਨੂੰ ਪਛਾਣਦਾ ਹੈ।ਨਾਟਕ ਦੀ ਖ਼ੂਬੀ ਹੈ ਕਿ ਉਹ ਇਸ 'ਪਛਾਣਕਾਰੀ' ਦੀ ਡੂੰਘਾਈ ਵਿਚ ਉਤਰਦਾ ਜਾਂਦਾ ਹੈ, ਜੋ ਬਰਤਾਨਵੀ ਹਕੂਮਤ ਦੀ ਹਮਾਇਤੀ ਬਣਦੀ ਹੈ।ਦਮਨ ਕਰਦੀ ਹੈ। ਜਸਟਿਸ ਸੀ.ਫੋਰਡ ਅਦਾਲਤੀ ਕਾਰਵਾਈ ਵਿਚ ਭਗਤ ਸਿੰਘ ਦੀ ਜਿਰਾਹ ਦੌਰਾਨ ਵਾਰ-ਵਾਰ ਪ੍ਰਭਾਵ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਕਾਨੂੰਨ ਨਿਰਪੱਖ ਰਹਿ ਕੇ ਕੰਮ ਕਰ ਰਿਹਾ ਹੈ, ਪਰ ਭਗਤ ਸਿੰਘ ਕਾਨੂੰਨੀ ਪ੍ਰਕਿਰਿਆ ਨੂੰ ਢੌਂਗ ਸਵੀਕਾਰਦਾ ਹੋਇਆ ਦਲੀਲ ਦਿੰਦਾ ਹੈ: ਜਦੋਂ ਅਦਾਲਤਾਂ ਦੇ ਸਾਰੇ ਫ਼ੈਸਲੇ ਸਰਕਾਰ ਦੀ ਮਰਜ਼ੀ ਨਾਲ ਸਰਕਾਰ ਨੂੰ ਮਨਜ਼ੂਰ ਤਰਜ਼ 'ਤੇ ਹੀ ਹੋਣੇ ਹੁੰਦੇ ਹਨ, ਫਿਰ ਇਹ ਅਦਾਲਤੀ ਕਾਰਵਾਈ ਤੋਂ ਕਿਉਂ ਡਰਦੀ ਹੈ।ਸਰਕਾਰ ਅਜਿਹਾ ਕਿਉਂ ਚਾਹੁੰਦੀ ਹੈ ਕਿ ਮੁਕੱਦਮੇ ਦੀ ਕਾਰਵਾਈ ਸਵੇਰੇ ਸ਼ੁਰੂ ਹੋਵੇ ਤੇ ਸ਼ਾਮ ਤੱਕ ਫ਼ੈਸਲਾ ਸੁਣਾ ਦਿੱਤਾ ਜਾਵੇ। ਮੁਜਰਮਾਂ ਨੂੰ ਚੱਲਦੀ ਕਾਰਵਾਈ ਕੁਝ ਢਾਰਸ ਦਿੰਦੀ ਹੈ ਤੇ ਵਕੀਲਾਂ ਦੀਆਂ ਬਹਿਸਾਂ ਵਿੱਚੋਂ ਉਹਨਾਂ ਨੂੰ ਕੁਝ ਇਨਸਾਫ ਮਿਲਦਾ ਦਿਖਣ ਲੱਗਦਾ ਹੈ, ਪ੍ਰੰਤੂ ਹੁੰਦਾ ਹੈ ਇਹ ਨਿਰਾ ਚਲਿੱਤਰ ।ਇਲਯੂਜ਼ਨ। ਫ਼ੈਸਲਾ ਉਹੀ ਹੁੰਦਾ ਹੈ, ਜੋ ਸਰਕਾਰ ਨੂੰ ਭਾਉਂਦਾ ਹੈ। (ਸਫ਼ਾ/213)

ਸੈਸ਼ਨ-ਅਦਾਲਤ ਬਹੁਤ ਸਾਰੇ ਕਾਨੂੰਨੀ ਪੱਖ ਨਜ਼ਰ-ਅੰਦਾਜ਼ ਕਰਦੀ ਹੈ, ਗਵਾਹੀ ਹਿੱਸੇ ਕੱਟਦੀ ਹੈ।ਬੰਬ ਦੀ ਧਮਾਕੇਦਾਰ ਸਮਰੱਥਾ ਅਤੇ ਲੋਕ-ਜਾਨਾਂ ਦੀ ਫ਼ਿਕਰਮੰਦੀ ਰੱਖਣ ਵਾਲੇ ਭਗਤ ਸਿੰਘ ਨੂੰ ਉਚਤਮ ਸਜ਼ਾਯੋਗ ਦੋਸ਼ੀ ਠਹਿਰਾਉਣਾ; ਸਿਆਸੀ ਮੁਕੱਦਮੇ ਦੀ ਚਾਲਬਾਜ਼ੀ ਸਾਬਤ ਹੁੰਦੀ ਹੈ। ਉਹ ਕਾਨੂੰਨ ਅਤੇ ਇਤਿਹਾਸ ਦੀ ਜੁਗਲਬੰਦੀ ਨੂੰ ਚੇਤੇ ਕਰਵਾਉਂਦੇ ਹੋਏ 'ਵਿਚਾਰਧਾਰਕ ਚੁਣੌਤੀ' ਦਿੰਦਾ ਹੈ: ਜਨਰਲ ਡਾਇਰ ਨੇ ਸੈਂਕੜੇ ਮਾਸੂਮ ਬੰਦਿਆਂ, ਔਰਤਾਂ ਅਤੇ ਬੱਚਿਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਉਸ ਨੂੰ ਲੱਖਾਂ ਰੁਪਏ ਦੀ ਰਾਸ਼ੀ ਦੇ ਕੇ ਉਸ ਦੀ ਇਹ ਕਾਰਵਾਈ ਅੰਜਾਮ ਦੇਣ ਲਈ ਹੌਂਸਲਾ ਅਫ਼ਜ਼ਾਈ ਕੀਤੀ। ਉਸ ਨੂੰ ਇਨਾਮ, ਸਨਮਾਨ ਦਿੱਤੇ ਗਏ ।..ਉਸ ਦੇ ਗੁਨਾਹਾਂ ਨੂੰ ਵਡਿਆਇਆ ਗਿਆ। ਅਸੀਂ ਇੱਕ ਬਹੁਤ ਹੀ ਕਮਜ਼ੋਰ ਬੰਬ ਬਣਾਇਆ ਅਤੇ ਪੂਰੀ ਸਾਵਧਾਨੀ ਨਾਲ ਜਾਣ-ਬੁਝ ਕੇ ਖਾਲੀ ਥਾਂ ਵਿੱਚ ਸੁੱਟਿਆ। ਸਾਡੇ 'ਤੇ ਮੁਕੱਦਮਾ ਚਲਾਇਆ ਗਿਆ ਹੈ ਅਤੇ ਸਾਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਹੈ। ਸਾਡਾ ਕਿਸੇ ਨੂੰ ਵੀ ਕਤਲ ਕਰਨ ਦਾ ਕੋਈ ਇਰਾਦਾ ਨਹੀਂ ਸੀ। ਸਮਾਂ ਪਾ ਕੇ ਅਦਾਲਤੀ ਫ਼ੈਸਲੇ ਵੀ ਇਤਿਹਾਸ ਦਾ ਹੀ ਅੰਗ ਬਣਦੇ ਹਨ। ਇਹ ਇਤਿਹਾਸ ਤੋਂ ਵੱਖਰੇ ਨਹੀਂ, ਇਸ ਦਾ ਹੀ ਭਾਗ ਹਨ ਅਤੇ ਨਾ ਕਾਨੂੰਨ ਕੋਈ ਵੱਖਰਾ ਹੁੰਦਾ ਹੈ। ਜਿਹੜਾ ਸਮਾਂ ਕਾਲ ਵਿੱਚ ਕਿਸੇ ਦੇਸ਼ ਦੇ ਇਤਿਹਾਸ ਅਤੇ ਹਾਲਾਤ ਵਿੱਚੋਂ ਪੈਦਾ ਹੁੰਦਾ ਹੈ। ਅੰਗਰੇਜ਼ੀ ਹਕੂਮਤ ਨੇ ਹਿੰਦੁਸਤਾਨ ਲਈ ਦੰਡਾਵਲੀ ਰਚੀ, ਕਿਉਂਕਿ ਇਹ ਉਹਨਾਂ ਦੇ ਇਸ ਦੇਸ਼ 'ਤੇ ਰਾਜ ਕਰਨ ਦੇ ਸਾਧਨਾਂ ਦਾ ਹਿੱਸਾ ਸੀ। ਉਨ੍ਹਾਂ ਅਜਿਹਾ ਕਾਨੂੰਨ ਆਪਣੇ ਦੇਸ਼ ਇੰਗਲੈਂਡ ਲਈ ਨਹੀਂ ਬਣਾਇਆ। ਕੀ ਉੱਥੇ ਕਾਨੂੰਨ ਵਿਵਸਥਾ ਦੀ ਲੋੜ ਨਹੀਂ ਸੀ? (ਸਫ਼ੇ/160/161)

ਬਰਤਾਨਵੀ ਸਰਕਾਰ ਕਾਨੂੰਨ ਅਤੇ ਇਤਿਹਾਸ ਦੋਵਾਂ ਦੀ 'ਗੁਨਾਹਗਾਰ' ਬਣਦੀ ਹੈ/ਹੈ। ਸਰਕਾਰ ਦੀ ਦੁਰਭਾਵਨਾ ਬੰਬ ਸੁੱਟਣ ਨੂੰ ਸਟੇਟ 'ਤੇ ਹਮਲਾ ਮੰਨਦੀ ਹੈ।

ਆਸਫ਼ ਅਲੀ ਅਤੇ ਭਗਤ ਸਿੰਘ 'ਪੋਸਟਰ ਸੁੱਟਣ, ਗੋਲੀ ਚਲਾਉਣ' ਨੂੰ ਸੀਟਾਂ ਦੇ ਖੱਬਿਓਂ, ਸੱਜਿਓਂ, ਉਤਿਓਂ, ਥੱਲਿਓਂ, ਹਰੇਕ ਦੂਰੀ ਤੋਂ ਮਾਪਦੇ ਹੋਏ 'ਘੱਟ ਨੁਕਸਾਨ' ਦੀਆਂ ਦਲੀਲਾਂ ਦਿੰਦੇ ਨੇ; ਸਰਕਾਰੀ ਤੌਰ ਉੱਤੇ ਘੜੇ ਗਏ ਗਵਾਹਾਂ ਨੂੰ ਆੜੇ ਹੱਥੀਂ ਲੈਂਦੇ ਹੋਏ ਕਹਿੰਦੇ ਨੇ ਕਿ ਤੀਹ ਤੋਂ ਸੱਠ ਸਕਿੰਟ ਦੀਆਂ ਘਟਨਾਵਾਂ ਨੂੰ ਛੇ ਗਵਾਹ ਗੋਲੀ ਚਲਾਉਣ, ਪੋਸਟਰ ਵੰਡਣ, ਕੱਪੜੇ ਪਛਾਣਨ, ਧੂੰਆਂ, ਧਮਾਕੇ ਆਦਿ ਦੀਆਂ ਭੂਮਿਕਾਵਾਂ ਵਿਚ ਇਉਂ ਵੰਡਦੇ ਹਨ, ਜਿਵੇਂ ਪਲੇਅ ਡਾਇਰੈਕਟਰ ਕਿਰਦਾਰਾਂ ਦੀ ਵੰਡ ਕਰਦਾ ਹੈ। ਭਗਤ ਸਿੰਘ ਦੀ ਜੇਬ 'ਚੋਂ ਮੈਗਜ਼ੀਨ ਦੀ ਰਿਕਵਰੀ ਨੂੰ ਦੋ ਗਵਾਹ ਭਿੰਨ ਤਰੀਕਿਆਂ ਨਾਲ ਪ੍ਰਗਟਾਉਣ ਕਰਕੇ ਉਲਝਦੇ ਹਨ। ਮਿਸਟਰ ਡੇਵਿਸ, ਮਿਸਟਰ ਕਲਿਫ਼, ਸਾਰਜੈਂਟ ਟੈਰੀ, ਸ਼ੋਭਾ ਸਿੰਘ ਆਦਿ ਸਭ ਨੂੰ ਕਾਨੂੰਨੀ ਸ਼ਰਮਸਾਰ ਕਰਦੇ ਹਨ। ਅਸੈਂਬਲੀ ਦੀ ਪਬਲਿਕ ਗੈਲਰੀ ਵਿਚ ਦੋ ਸੌ ਵਿਅਕਤੀ ਬੈਠਣ ਦੀ ਗਿਣਤੀ ਨੂੰ ਵੀ ਚਾਰ-ਛੇ ਸੌ ਬਣਾ ਦਿੱਤਾ ਜਾਂਦਾ ਹੈ।ਜੱਜ ਸਾਹਿਬਾਨ ਫਰਜ਼ੀ ਅਤੇ ਮਨਘੜਤ ਗਵਾਹਾਂ 'ਚੋਂ 'ਕੁਆਲਟੀ' ਲੱਭਣ ਲੱਗਦੇ ਨੇ।ਭਗਤ ਸਿੰਘ ਦੇ ਬੋਲ 'ਅਸੀਂ ਬੰਬ ਸੁੱਟਿਆ' ਇਹ ਅਸੀਂ ਮੰਨਦੇ ਹਾਂ, ਪਰੰਤੂ ਇਹਨਾਂ ਗਵਾਹਾਂ ਨੇ ਸਾਨੂੰ ਬੰਬ ਸੁੱਟਦੇ ਨਹੀਂ ਦੇਖਿਆ, ਇਹ ਵੀ ਸੱਚ ਹੈ।ਸੱਚ ਨੂੰ ਝੂਠ ਨਾਲ ਨਹੀਂ ਕੱਟਿਆ ਜਾ ਸਕਦਾ। ਅਸੀਂ ਦੋਸਤਾਨਾ ਚੇਤਾਵਨੀ ਦੇਣਾ ਚਾਹੁੰਦੇ ਸੀ। ਜੇ ਸਾਨੂੰ ਬੰਬਾਂ ਦੀ ਮਾਮੂਲੀ ਸ਼ਕਤੀ ਬਾਰੇ ਪੱਕਾ ਯਕੀਨ ਨਾ ਹੁੰਦਾ ਤਾਂ ਅਸੀਂ ਕਿਸੇ ਵੀ ਕੀਮਤ 'ਤੇ ਇੱਥੋਂ ਤੱਕ ਸੁਪਨੇ ਵਿੱਚ ਵੀ ਆਪਣੇ ਹਰਮਨ ਪਿਆਰੇ ਨੇਤਾਵਾਂ ਸ੍ਰੀ ਪਟੇਲ, ਪੰਡਿਤ ਮੋਤੀ ਲਾਲ ਨਹਿਰੂ, ਪੰਡਿਤ ਮਦਨ ਮੋਹਨ ਮਾਲਵੀਆ, ਸ੍ਰੀ ਜੇ ਮਹਿਤਾ, ਸ੍ਰੀ ਕੇਲਕਰ ਅਤੇ ਹੋਰ ਬਹੁਤ ਸਾਰੇ ਦੇਸ਼ ਭਗਤਾਂ, ਨੇਤਾਵਾਂ ਦੇ ਵਿਚਕਾਰ ਬੰਬ ਸੁੱਟਣ ਦੀ ਹਿਮਾਕਤ ਨਾ ਕਰਦੇ, ਭਾਵੇਂ ਉਹਨਾਂ ਨਾਲ ਸਾਡਾ ਵਿਚਾਰਾਂ ਵਿੱਚ ਕਿੰਨਾ ਵੀ ਵਖਰੇਵਾਂ ਕਿਉਂ ਨਾ ਹੋਵੇ, ਸਾਡੇ ਵਿੱਚ ਕੋਈ ਦੁਰਭਾਵਨਾ ਨਹੀਂ ਹੈ, ਇਥੋਂ ਤੱਕ ਕਿ ਅੰਗਰੇਜ਼ ਲੋਕਾਂ ਪ੍ਰਤੀ ਵੀ ਨਹੀਂ, ਅਸੀਂ ਤਾਂ ਦੇਸ਼ ਭਗਤ ਹਾਂ।' (ਸਫ਼ੇ/ 66,169,170)

ਦੇਸ਼ ਭਗਤੀ, ਜਜ਼ਬਾ, ਵਿਚਾਰ-ਪ੍ਰਸੰਗ ਜਿਉਂ-ਜਿਉਂ ਕਾਨੂੰਨਨ ਕਾਰਗੁਜ਼ਾਰੀ 'ਤੇ ਭਾਰੂ ਪੈਣ ਲੱਗਦਾ ਹੈ, ਤਿਉਂ-ਤਿਉਂ ਤਰਕੀਬਾਂ ਘੜਨ ਦੀ ਵਿਉਂਤਬੰਦੀ ਕੀਤੀ ਜਾਣ ਲੱਗਦੀ ਹੈ।09 ਜਨਵਰੀ 1930 ਵਾਲੇ ਪੰਜਵੇਂ ਨਾਟ-ਦ੍ਰਿਸ਼ ਦਾ ਸੰਬੰਧ ਦਿੱਲੀ ਵਿਖੇ ਲਾਲ ਫੀਤਾਸ਼ਾਹੀ ਦੀ ਮੀਟਿੰਗ ਨਾਲ ਸੰਬੰਧਤ ਹੈ। ਪੰਜਾਬ ਦੇ ਗਵਰਨਰ ਸਰ ਜਿਓਫਰੇ, ਜੇਮਜ਼ ਕਰੀਅਰ, ਹੋਮ ਸਕੱਤਰ, ਐੱਚ ਜੀ ਹੇਗ, ਡਾਇਰੈਕਟਰ ਇੰਟੈਲੀਜੈਂਸ ਬਿਊਰੋ ਡੀ ਪੈਟਰੀ ਆਦਿ ਮੰਡਲੀ ਸਾਂਡਰਸ ਕਤਲ, ਕਾਕੋਰੀ ਦਿਹਾੜਾ, ਮੁਲਜ਼ਮਾਂ ਅਤੇ ਨੇਤਾਵਾਂ ਦੀ ਮੁਲਾਕਾਤ, ਪਿਸਤੌਲ ਮਹੱਤਵ, ਪੰਜਾਬ ਇਨਕਲਾਬੀ ਪ੍ਰੋਗਰਾਮ, ਭੁੱਖ ਹੜਤਾਲ, ਅਖ਼ਬਾਰੀ ਕਵਰੇਜ, ਕਾਨੂੰਨੀ ਧਾਰਾਵਾਂ ਵਰਗੇ ਪਹਿਲੂਆਂ ਨੂੰ ਵਿਚਾਰ ਕੇ ਘੇਰਾਬੰਦੀ ਕਰਨੀ ਚਾਹੁੰਦੀ ਹੈ।ਡੀ ਪੈਟਰੀ ਦਾ ਇਕੋ ਫਿਕਰਾਂ ਹੀ ਬੜਾ ਕੁਝ ਦੱਸ ਜਾਂਦਾ ਹੈ। ਦਰਅਸਲ ਅਸੀਂ ਭਗਤ ਸਿੰਘ ਦੇ ਦਿਮਾਗ਼ ਨੂੰ ਵੀ ਆਪਣੇ ਵਾਂਗ ਤਰਕਸੰਗਤ ਸੋਚਣ ਵਾਲਾ ਮੰਨਦੇ ਹਾਂ।ਉਹ ਸਾਡੇ ਵਾਂਗ ਨਹੀਂ ਸੋਚਦਾ। ਐਚ ਹੇਗ ਦੀ ਚਿੰਤਾ ਵੀ ਇਹੋ ਜਿਹੀ ਹੈ: ਜੇ ਭੁੱਖ ਹੜਤਾਲ ਵਿਰੁੱਧ ਕੋਈ ਕਾਨੂੰਨ ਬਣ ਵੀ ਜਾਂਦਾ ਹੈ ਤਾਂ ਵੀ ਕੇਸ ਦੇ ਸੈਸ਼ਨ ਸਪੁਰਦ ਹੋਣ ਤੱਕ ਜ਼ਿਆਦਾਤਰ ਸਬੂਤ ਖੁਰਦ- ਬੁਰਦ ਹੋ ਜਾਣਗੇ ਅਤੇ ਅਜਿਹੇ ਬਦਨਾਮ ਅਤੇ ਖ਼ਤਰਨਾਕ ਇਨਕਲਾਬੀਆਂ ਦੇ ਗਰੋਹ ਨੂੰ ਉਹਨਾਂ ਦੀ ਬਣਦੀ ਸਜ਼ਾ ਦਿਵਾਉਣ ਵਿੱਚ ਸਰਕਾਰ ਨਾਕਾਮ ਰਹੇਗੀ, ਜਿਸ ਨਾਲ ਸਰਕਾਰ ਦੇ ਰੁਤਬੇ ਨੂੰ ਠੇਸ ਵੱਜੇਗੀ ਅਤੇ ਪੁਲਸ ਦਾ ਮਨੋਬਲ ਡਿੱਗੇਗਾ। (ਸਫ਼ੇ 116-118)

ਬਸਤੀਵਾਦੀ ਪ੍ਰਬੰਧ ਕ੍ਰਾਂਤੀਕਾਰੀਆਂ ਨੂੰ ਖ਼ਤਮ ਕਰਨ ਦੀ ਕਾਹਲ ਵਿਚ ਹੈ।ਸਾਮ, ਦੰਡ, ਭੇਦ, ਰੰਗ ਆਦਿ ਸਭ ਜਾਇਜ਼ ਹੈ। ਹਕੂਮਤੀ ਚਿੰਤਾ, ਵੰਗਾਰ ਦੱਸ ਪਾਉਂਦੀ ਹੈ ਕਿ ਸੱਤਾ ਡਾਹਢੀ ਖ਼ਤਰਨਾਕ ਹੁੰਦੀ ਹੈ। ਉਨ੍ਹਾਂ ਦੀ ਨਜ਼ਰ ਵਿਚ ਹਮਲਾ ਵਿਅਕਤੀ ਦੀ ਥਾਂ 'ਸਾਮਰਾਜ' ਉਪਰ ਹੈ। ਇਨਕਲਾਬ ਜ਼ਿੰਦਾਬਾਦ ਜਾਂ ਸਾਮਰਾਜਵਾਦ ਮੁਰਦਾਬਾਦ ਸੁਣਨੈ ਤਕਲੀਫ਼ਦੇਹ

● ਬਾਕੀ ਸਫ਼ਾ 4 'ਤੇ

# ਇਤਿਹਾਸ, ਭਾਸ਼ਾ ਤੇ ਸਾਹਿਤ ਦੇ ਪੁਨਰ-ਚਿੰਤਨ ਦਾ ਪ੍ਰਵਚਨ

## 'ਬੋਲ ਮਿੱਟੀ ਦਿਆ ਬਾਵਿਆ'

**ਡਾ. ਨਰੇਸ਼, ਮੁੱਲ 650 ਰੁਪਏ, ਸਫੇ 313**
**ਨਵਯੁੱਗ ਪਬਲੀਕੇਸ਼ਨ, ਨਵੀਂ ਦਿੱਲੀ**

**ਸਾਹਿਤ ਚਿੰਤਨ**

**ਡਾ. ਹਰਿੰਦਰ ਸਿੰਘ ਤੁੜ**

'ਬੋਲ ਮਿੱਟੀ ਦਿਆ ਬਾਵਿਆ' ਵਿਚ ਡਾ. ਨਰੇਸ਼ ਜੀ ਨੇ ਇਤਿਹਾਸ ਦਰਪਣ, ਵਿਅਕਤੀ ਵਿਸ਼ੇਸ਼, ਸੁਤੰਤਰਤਾ ਸੰਗਰਾਮ, ਭਾਸ਼ਾ ਵਿਮਰਸ਼, ਸਾਹਿਤ : ਸਾਹਿਤਕਾਰ, ਸਿਹਤ ਵਿਗਿਆਨ ਆਦਿ ਵੱਖ-ਵੱਖ ਵਿਸ਼ਿਆਂ ਬਾਰੇ ਵਿਚਾਰ-ਚਰਚਾ ਕੀਤੀ ਹੈ। ਇਹ ਲਘੂ ਲੇਖ ਦੇਸ਼ ਸੇਵਕ ਅਖਬਾਰ ਵਿਚ 2007 ਤੋਂ 2015 ਤੱਕ ਸਪਤਾਹਿਕ ਕਾਲਮ 'ਬੋਲ ਮਿੱਟੀ ਦਿਆ ਬਾਵਿਆ' ਵਿਚ ਛਪਦੇ ਰਹੇ। ਇਸ ਕਰਕੇ ਡਾ. ਨਰੇਸ਼ ਜੀ ਨੇ ਪੁਸਤਕ ਦਾ ਨਾਮਕਰਨ ਵੀ 'ਬੋਲ ਮਿੱਟੀ ਦੇ ਬਾਵਿਆ' ਕੀਤਾ ਹੈ। ਪੁਸਤਕ ਦੇ ਲੇਖ 'ਇਤਿਹਾਸ ਦਰਪਣ' ਅਧੀਨ ਮੀਰਹੋਤਾ ਬਣਿਆ ਲੁਧਿਆਣਾ, ਹਾਂਸੀ ਦੇ ਨਾਮਕਰਣ ਬਾਰੇ, ਅੰਗਰੇਜ਼ਾਂ ਦਾ ਵਸਾਇਆ ਲਾਇਲਪੁਰ, ਕਿਵੇਂ ਬਣਿਆ ਬੰਗਲਾਦੇਸ਼, ਰਣਜੀਤ ਸਿੰਘ ਬਾਅਦ ਸਿੱਖ ਟਕਰਾਏ, ਮਲੇਰਕੋਟਲੇ ਦੇ ਨਵਾਬ, ਅਕਬਰ ਦੀ ਜਗਿਆਸਾ, ਪ੍ਰਾਚੀਨ ਸੱਭਿਅਤਾ, ਸਿੱਖ ਮਿਸਲਾਂ, ਜ਼ਮਜ਼ਮਾ ਤੋਪ, ਕਹਾਣੀ ਕਲਸੀਆਂ ਦੀ, ਬਹਾਦਰਗੜ੍ਹ ਦੀ ਅਸਲ ਸੈਫਾਬਾਦ, ਵਿੱਥਿਆ ਪੰਜਾਬ ਦੀ, ਹਿੰਦ-ਪਾਕਿ ਦੇ ਪੰਜਾਬ, ਚੰਡੀਗੜ੍ਹ ਦਾ ਜਨਮ, ਜੰਮੂ-ਕਸ਼ਮੀਰ-ਲੱਦਾਖ ਆਦਿ ਪ੍ਰਮੁੱਖ ਹਨ। ਡਾ. ਨਰੇਸ਼ ਹਾਂਸੀ ਦੇ ਨਾਮਕਰਣ ਬਾਰੇ ਤੱਥਕ ਜਾਣਕਾਰੀ ਦਿੰਦੇ ਹਨ :

ਆਈਨੇ ਅਕਬਰੀ ਅਨੁਸਾਰ ਰਾਜਪੂਤ ਰਾਜਾ ਨਾਨਕ ਰਾਏ ਨੇ ਹਾਂਸੀ ਸ਼ਹਿਰ ਵਸਾਇਆ ਸੀ। ਤਜ਼ਕਿਰਾ ਹਾਂਸੀ ਅਨੁਸਾਰ ਇਹ ਸ਼ਹਿਰ ਪ੍ਰਿਥਵੀ ਰਾਜ ਚੌਹਾਨ ਦੀ ਬੇਟੀ ਨੇ ਵਸਾਇਆ ਸੀ ਤੇ ਇਸ ਦਾ ਨਾਂਅ ਹੰਸੀ ਰੱਖਿਆ ਸੀ, ਜਿਹੜਾ ਮਗਰੋਂ ਬੋਲਚਾਲ ਵਿਚ ਹਾਂਸੀ ਹੋ ਗਿਆ।

ਚੰਡੀਗੜ੍ਹ ਸ਼ਹਿਰ ਨਕਸ਼ਾ ਫ਼ਰਾਂਸੀਸੀ ਭਵਨ ਨਿਰਮਾਤਾ ਕਾਰਬੂਜੇ ਤੇ ਉਸ ਦੇ ਤਿੰਨ ਸਹਿਯੋਗੀਆਂ ਨੇ 2 ਸਾਲਾਂ ਵਿਚ ਤਿਆਰ ਕੀਤਾ ਸੀ। ਕਈ ਵਿਦਵਾਨ ਇਸ ਨੂੰ 'ਪੱਥਰਾਂ ਦਾ ਸ਼ਹਿਰ' ਵੀ ਕਹਿੰਦੇ ਹਨ, ਇੱਥੋਂ ਦੇ ਵਸਨੀਕਾਂ ਦੀਆਂ ਜ਼ਮੀਨਾਂ ਤੇ ਪਿੰਡ ਤਬਾਹ ਕਰਕੇ ਚੰਡੀਗੜ੍ਹ ਹੋਂਦ ਵਿਚ ਆਇਆ ਸੀ। ਡਾ. ਨਰੇਸ਼ ਦਾ ਵਿਚਾਰ ਹੈ:

50 ਵਰ੍ਹੇ ਚੰਡੀਗੜ੍ਹ ਵਿਚ ਬਿਤਾਅ ਕੇ ਵੀ ਮੈਨੂੰ ਇਹ ਸ਼ਹਿਰ ਆਪਣਾ ਨਹੀਂ ਜਾਪਦਾ। ਸ਼ਾਇਦ ਮੇਰੀ ਪੀੜ੍ਹੀ ਦੇ ਸਾਰੇ ਲੋਕਾਂ ਦਾ ਇਹੋ ਹਾਲ ਹੋਵੇਗਾ। ਕਾਰਨ ਇਹ ਹੈ ਕਿ ਇਹ ਸ਼ਹਿਰ ਦਾ ਸਰੀਰ ਤਾਂ ਬੜਾ ਸੋਹਣਾ ਹੈ, ਪਰ ਇਸ ਦੀ ਆਤਮਾ ਬਹੁਤ ਕਮਜ਼ੋਰ।

'ਵਿਅਕਤੀ ਵਿਸ਼ੇਸ਼' ਲੇਖ ਅਧੀਨ ਪ੍ਰਸਿੱਧ ਹਸਤੀਆਂ, ਵਿਦਵਾਨਾਂ, ਚਿੰਤਕਾਂ ਦਾ ਜ਼ਿਕਰ ਹੈ, ਜਿਨ੍ਹਾਂ ਨੇ ਦੇਸ਼ ਹਿੱਤ ਵਿਸ਼ੇਸ਼ ਯੋਗਦਾਨ ਪਾਇਆ ਅਤੇ 'ਪੰਜਾਬ, ਪੰਜਾਬੀ ਅਤੇ ਪੰਜਾਬੀਅਤ' ਦੇ ਸਿਧਾਂਤ ਨੂੰ ਕਾਇਮ ਰੱਖਿਆ। ਪ੍ਰਮੁੱਖ ਮਹਾਨ ਹਸਤੀਆਂ ਚੰਦਰ ਸ਼ੇਖਰ ਆਜ਼ਾਦ, ਬੰਦਾ ਸਿੰਘ ਬਹਾਦਰ, ਮੀਰ ਤਕੀ ਮੀਰ, ਐੱਮ. ਐੱਸ. ਰੰਧਾਵਾ, ਮਹਾਰਾਜਾ ਰਣਜੀਤ ਸਿੰਘ, ਲਾਲਾ ਹਰਦਿਆਲ, ਟੋਡਰ ਮੱਲ, ਫ਼ਕੀਰ ਅਜੀਜੁਦੀਨ, ਕੂਕਾ, ਬਾਬਾ ਗੁਰਦਿੱਤ ਸਿੰਘ, ਸਰ ਸੱਯਦ ਅਹਿਮਦ ਖਾਂ, ਭਗਤ ਰਜਬ, ਕੇ. ਆਰ. ਨਰਾਇਣ, ਭਾਈ ਮਨੀ ਸਿੰਘ, ਬਲਰਾਜ ਸਾਹਨੀ, ਡਾ. ਸਰ ਮੁਹੰਮਦ ਇਕਬਾਲ, ਸੁਆਮੀ ਵਿਵੇਕਾਨੰਦ, ਸੁਬਰ੍ਹਾਮਣਯਮ ਭਾਰਤੀ, ਭੀਮ ਰਾਓ ਅੰਬੇਦਕਰ, ਸ਼ਹੀਦ ਹਕੀਕਤ ਰਾਏ, ਘਨਾਨੰਦ, ਮੀਰਾ ਬਾਈ, ਤਾਨਸੇਨ ਆਦਿ ਸਨ। ਬਚਪਨ ਵਿਚ ਅਨਾਥ ਹੋਏ ਮੀਰ ਨੂੰ ਉਸ ਦੇ ਆਪਣਿਆਂ ਨੇ ਧੋਖਾ ਦਿੱਤਾ। ਉਸ ਦਾ ਕਾਵਿ ਜੀਵਨ ਦੇ ਯਥਾਰਥ ਦੀ ਪਹਿਚਾਣ ਕਰਵਾਉਂਦਾ ਹੈ :



ਸਿਰਹਾਨੇ ਮੀਰ ਕੇ ਆਹਿਸਤਾ ਬੋਲੋ ਅਭੀ ਟੁਕ ਰੋਤੇ ਰੋਤੇ ਸੋ ਗਿਆ ਹੈ।ਕੂਕਾ, ਹਮਾਯੂੰ ਦੇ ਛੋਟੇ ਭਰਾ ਕਾਮਰਾਨ ਦਾ ਸੱਚਾ ਦੋਸਤ ਸੀ, ਜਿਸ ਨੇ ਉਸ ਦੇ ਦੁੱਖ-ਸੁੱਖ ਵਿਚ ਸਾਥ ਦਿੱਤਾ। ਹਮਾਯੂੰ ਨੇ ਜਦ ਕਾਮਰਾਨ ਨੂੰ ਦੇਸ਼ ਨਿਕਾਲਾ ਦਿੱਤਾ ਤਾਂ ਉਹ ਵੀ ਕਾਮਰਾਨ ਦੇ ਨਾਲ ਚਲਾ ਗਿਆ :

ਅੰਨ੍ਹੇ ਦੋਸਤ ਦੀ ਲਾਠੀ ਬਣ ਕੇ ਕੂਕੇ ਨੇ ਆਪ ਹੀ ਦੇਸ਼ ਨਿਕਾਲਾ ਲੈ ਲਿਆ ਅਤੇ ਦੋਸਤੀ ਦੀ ਮਿਸਾਲ ਕਾਇਮ ਕਰ ਦਿੱਤੀ।

ਭਗਤ ਰਜਬ ਜੀ ਦੇ ਜੀਵਨ ਦਾ ਵੀ ਜ਼ਿਕਰ ਕੀਤਾ ਹੈ, ਜੋ 'ਕਥਨੀ ਤੇ ਕਰਣੀ' ਦੇ ਸਿਧਾਂਤ ਉੱਤੇ ਸਦਾ ਚੱਲਦੇ ਰਹੇ। 122 ਵਰ੍ਹਿਆਂ ਦੀ ਉਮਰ ਹੰਢਾ ਕੇ ਰਾਜਸਥਾਨ ਦੇ ਜੰਗਲਾਂ ਵਿਚ ਆਪਣੇ ਸਰੀਰ ਨੂੰ ਪਸ਼ੂਆਂ ਦੇ ਹਵਾਲੇ ਕਰ ਦਿੱਤਾ।

ਕੇ. ਆਰ. ਨਰਾਇਣ ਪ੍ਰਤਿਭਾਵਾਨ ਤੇ ਮਿਹਨਤੀ ਸਨ। ਉਹਨਾਂ ਦੇ ਜੀਵਨ ਸੰਘਰਸ਼ ਦੀ ਗਾਥਾ ਸੰਖੇਪ, ਪਰ ਪ੍ਰਭਾਵਦਾਇਕ ਰੂਪ ਵਿਚ ਉਜਾਗਰ ਕੀਤੀ ਹੈ। ਗਰੀਬ ਪਰਵਾਰ ਦੀਆਂ ਤੰਗੀਆਂ-ਤੁਰਸ਼ੀਆਂ ਹੰਢਾ ਕੇ ਵੀ ਸਕਾਰਾਤਮਕ ਸੋਚ ਨੂੰ ਕਾਇਮ ਰੱਖਿਆ ਤੇ ਦੇਸ਼ ਦੇ ਰਾਸ਼ਟਰਪਤੀ ਦੇ ਪਦ ਉੱਤੇ ਸੇਵਾਵਾਂ ਨਿਭਾਈਆਂ।

ਸੁਤੰਤਰਤਾ ਸੰਗਰਾਮ ਅਧੀਨ ਕੁਝ ਪ੍ਰਮੁੱਖ ਨੁਕਤੇ ਉੱਭਰ ਕੇ ਸਾਹਮਣੇ ਆਉਂਦੇ ਹਨ, ਜਿਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਸ਼ਹੀਦਾਂ ਨੂੰ ਪ੍ਰਣਾਮ, ਸਲਾਮ ਗ਼ਦਰੀ ਬਾਬਿਆਂ ਨੂੰ, ਗ਼ਦਰ ਲਹਿਰ, ਤਖ਼ਤ ਤੋਂ ਤਖ਼ਤੇ ਤੱਕ, ਆਜ਼ਾਦੀ ਲਈ ਕੂਕਿਆਂ ਦਾ ਸੰਘਰਸ਼, ਅਮਰ ਸ਼ਹੀਦ ਅਜੀਤ ਸਿੰਘ, ਸ਼ਹੀਦ ਭਗਤ ਸਿੰਘ, ਗੰਗਾ ਸਿੰਘ, ਨੱਥਾ ਸਿੰਘ, ਆਜ਼ਾਦ ਹਿੰਦ ਫੌਜ ਦੇ ਪੰਜ ਸੁਲਤਾਨ ਆਦਿ ਹਨ। ਗ਼ਦਰ ਲਹਿਰ ਦਾ ਪ੍ਰਭਾਵਿਕ ਕਾਵਿ ਚਿੰਤਨ ਤੇ ਲੋਕ ਜਾਗ੍ਰਤੀ:

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ, ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।ਗਦਰ ਲਹਿਰ ਅਧੀਨ ਪੰਜਾਬੀਆਂ ਵਿਚ ਸਮਾਜਿਕ ਤੇ ਰਾਜਨੀਤਕ ਚੇਤਨਾ ਜਾਗ੍ਰਿਤ ਹੋਈ। ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਮਾਂਵਾਂ ਦੀਆਂ ਲੋਰੀਆਂ ਦੇ ਸ਼ਬਦ ਬਦਲ ਗਏ। ਦੇਸ਼ ਭਗਤੀ ਦੇ ਗੀਤ ਲੋਰੀਆਂ ਬਣ ਗਏ:

ਕਦੇ ਖਾਲਸੇ ਧੂਹ ਕੇ ਤੇਗ ਨੰਗੀ,
ਲਾਹੁਣੇ ਗੋਰਿਆਂ ਦੇ ਝੱਟ ਘਾਣ ਲੋਕੋ,
ਦਗੇਬਾਜ਼ ਜੋ ਕੌਮ ਅੰਗਰੇਜ਼ਾਂ ਦੀ ਹੈ, ਇਸਨੂੰ
ਬੱਕਰੇ ਵਾਂਗ ਝਟਕਾਣ ਲੋਕੋ।

ਡਾ. ਨਰੇਸ਼ ਜੀ ਨੇ ਭਾਸ਼ਾ ਵਿਮਰਸ਼ ਅਧੀਨ ਭਾਸ਼ਾ ਪ੍ਰਤੀ ਸੁਚੇਤ ਕਦਮ ਉਠਾਉਣ ਲਈ ਨੁਕਤੇ ਉਠਾਏ ਹਨ ਤੇ ਸ਼ਬਦ ਦੇ ਪ੍ਰਭਾਵ ਨਾਲ ਪਾਠਕਾਂ ਨੂੰ ਜੋੜਨ ਦਾ ਯਤਨ ਕੀਤਾ ਹੈ। ਪ੍ਰਮੁੱਖ ਰੂਪ ਵਿਚ ਵਿਸ਼ੇ ਲੁਕੇ ਹੋਏ ਅਰਥ, ਸੂਤਰ ਅਤੇ ਗ੍ਰੰਥ, ਮਾਤ-ਭਾਸ਼ਾ: ਸੁਭਾਵਿਕ ਭਾਸ਼ਾ, ਸਾਡਾ ਤ੍ਰੈਭਾਸ਼ੀ ਫਾਰਮੂਲਾ, ਪੰਜਾਬੀ ਅਤੇ ਉਰਦੂ, ਭਾਰਤੀ ਭਾਸ਼ਾਵਾਂ, ਮਲੇਰਕੋਟਲਾ ਅਤੇ ਉਰਦੂ, ਵਿਆਕਰਣ ਵਾਲਾ ਰਿਸ਼ੀ ਪਾਨਿਨੀ, ਬਹੁਭਾਸ਼ੀ ਭਾਰਤ, ਫ਼ਾਰਸੀ ਭਾਸ਼ਾ ਭਾਰਤ ਵਿਚ, ਉਰਦੂ ਅੱਖਰਾਂ ਵਿਚ ਹਿੰਦੀ, ਭਾਸ਼ਾ ਨੀਤੀ ਪੁਨਰ ਵਿਚਾਰ ਦੀ ਲੋੜ ਆਦਿ ਹਨ। ਡਾ. ਨਰੇਸ਼ ਬਹੁਭਾਸ਼ੀ ਭਾਰਤ ਸਿਰਲੇਖ ਅਧੀਨ ਜ਼ਿਕਰ ਕਰਦੇ ਹਨ:

ਬਹੁਭਾਸ਼ੀ ਭਾਰਤੀ ਸਮਾਜ ਦੇ ਵਿਭਿੰਨ ਵਰਗਾਂ ਵਿਚ 180 ਤੋਂ ਵੱਧ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। 90 ਭਾਸ਼ਾਵਾਂ ਅਜਿਹੀਆਂ ਹਨ, ਜਿਨ੍ਹਾਂ ਦੇ ਬੋਲਣ ਵਾਲਿਆਂ ਦੀ ਗਿਣਤੀ ਪ੍ਰਤੀ ਭਾਸ਼ਾ 10 ਹਜ਼ਾਰ ਤੋਂ ਵੀ ਘੱਟ ਹੈ। ਭਾਰਤ ਦੀ 97 ਫੀਸਦੀ ਆਬਾਦੀ ਜਿਹੜੀਆਂ ਭਾਸ਼ਾਵਾਂ ਬੋਲਦੀ ਹੈ, ਉਨ੍ਹਾਂ ਦੀ ਗਿਣਤੀ 20 ਦੇ ਕਰੀਬ ਹੈ। ਭਾਰਤ ਵਿੱਚ ਲੱਗਭੱਗ 11 ਭਾਸ਼ਾਵਾਂ ਅਜਿਹੀਆਂ ਹਨ, ਜਿਨ੍ਹਾਂ ਦੇ ਆਪਣੇ ਭਾਸ਼ਾਈ ਭੂਗੋਲਿਕ ਖੇਤਰ ਹਨ-ਕਸ਼ਮੀਰੀ, ਪੰਜਾਬੀ, ਬੰਗਾਲੀ, ਅਸਮੀ, ਉੜੀਆ, ਗੁਜਰਾਤੀ, ਮਰਾਠੀ, ਤੇਲਗੂ, ਮਲਿਆਲਮ ਅਤੇ ਕੰਨੜ।

ਸਾਹਿਤ ਸਾਹਿਤਕਾਰ ਵਿਚ ਡਾ. ਨਰੇਸ਼ ਜੀ ਨੇ ਪ੍ਰਮੁੱਖ ਰੂਪ ਵਿਚ ਭਾਰਤ ਦਾ ਪ੍ਰਾਚੀਨਤਮ ਸਾਹਿਤ, ਕਲਮ ਦੀ ਜ਼ਿੰਮੇਵਾਰੀ, ਕੁਝ ਕਵਿਤਾ ਬਾਰੇ, ਭਾਰਤ ਦੇ ਛੇ ਦਰਸ਼ਨ, ਲੇਖਕ ਬਣਨ ਦੀ ਕਾਹਲ, ਪੰਜਾਬੀ ਗ਼ਜ਼ਲ, ਗ਼ਜ਼ਲ ਦਾ ਬਹਿਰ ਵਜ਼ਨ, ਪੰਜਾਬੀ ਸੂਫੀ ਕਾਵਿ, ਬਾਰਾਂਮਾਹੇ ਦੀ ਪਰੰਪਰਾ, ਅਨੁਵਾਦ ਕਲਾ ਅਤੇ ਸਾਹਿਤ ਅਨੁਵਾਦ, ਅੰਮ੍ਰਿਤਾ ਅਤੇ ਉਸ ਦੀ ਨਾਗਮਣੀ, ਬਦਨਸੀਬ ਜਫ਼ਰ, ਹਿੰਦੀ ਜਗਤ ਦਾ ਨਾਗਾ ਬਾਬਾ, ਪ੍ਰੇਮ ਚੰਦ ਦਾ ਜਨਮ, ਹਿਤੋਪਦੇਸ਼, ਅਣਗੌਲਿਆ ਸ਼ਰਧਾ ਰਾਮ, ਸ਼ਮਸ਼ੇਰ ਅਤੇ ਦੁਸ਼ਯੰਤ, ਫ਼ਿਰਾਕ ਗੋਰਖਪੁਰੀ, ਲਾਲ ਬੁਝੱਕੜ, ਘਰ ਦਾ ਜੋਗੀ ਜੋਗੜਾ ਆਦਿ ਹਨ।

ਵਰਤਮਾਨ ਸਮੇਂ ਵਿਚ ਭਾਵੇਂ ਤਕਨਾਲੋਜੀ ਦਾ ਵਿਕਾਸ ਜ਼ਰੂਰ ਹੋਇਆ, ਪਰ ਇਸ ਦੇ ਨਾਲ-ਨਾਲ ਬਿਮਾਰੀਆਂ ਵਿਚ ਵੀ ਵਾਧਾ ਕੀਤਾ, ਜਿਸ ਕਾਰਨ ਮਨੁੱਖੀ ਸਰੀਰ ਅਪਾਹਜ ਹੋ ਕੇ ਰਹਿ ਗਿਆ। ਦਵਾਈ ਸੱਭਿਆਚਾਰ ਵਧ ਗਿਆ ਹੈ ਤੇ ਸੋਸ਼ਲ ਮੀਡੀਆ ਉੱਤੇ ਜਣਾ-ਖਣਾ ਡਾਕਟਰੀ ਨੁਕਤੇ ਦੱਸ ਕੇ ਆਪਣੀ ਵਿਦਵਤਾ ਝਾੜਨ ਲੱਗਦਾ, ਜਿਸ ਕਾਰਨ ਡਿਗਰੀਆਂ ਵਾਲੇ ਡਾਕਟਰਾਂ ਦੀ ਸਖ਼ਤ ਮਿਹਨਤ ਤੇ ਪੜ੍ਹਾਈ ਉੱਤੇ ਵੀ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ। ਇਸ ਸਮੇਂ ਮਨੁੱਖ ਨੂੰ ਹੋਰ ਵੀ ਸੁਚੇਤ ਹੋਣ ਦੀ ਜ਼ਰੂਰਤ ਹੈ। ਡਾ. ਨਰੇਸ਼ ਨੇ ਸਿਹਤ ਵਿਗਿਆਨ ਲੇਖ ਅਧੀਨ ਕਈ ਨੁਕਤੇ ਉਠਾਏ ਹਨ ਤੇ ਇਹਨਾਂ ਬਾਰੇ ਤੱਥਕ ਜਾਣਕਾਰੀ ਵੀ ਮੁਹੱਈਆ ਕਰਵਾਈ ਹੈ ਤਾਂ ਜੋ ਮਾਨਵਤਾ ਦਾ ਭਲਾ ਹੋ ਸਕੇ। ਕੁਝ ਪ੍ਰਮੁੱਖ ਵਿਸ਼ਿਆਂ ਵਿਚ ਸਿਹਤ ਲਈ ਲਾਹੇਵੰਦ ਯੋਗ ਆਸਣ, ਆਪਣੀ ਸਿਹਤ ਦਾ ਧਿਆਨ ਰੱਖੋ, ਫਲਾਂ ਦੇ ਗੁਣ, ਬਿਮਾਰੀਆਂ ਦੇ ਦੇਸੀ ਇਲਾਜ, ਕੁਦਰਤ ਦੇ ਅਨੁਸਾਰ ਰਹੋ, ਮੀਰਾ ਪੀ ਗਈ ਬਿਖ ਦਾ ਪਿਆਲਾ, ਸਵਾਇਨ ਫਲੂ, ਆਯੁਰਵੇਦ ਅਤੇ ਸਾਡੀ ਸਿਹਤ ਆਦਿ ਹਨ। ਡਾਕਟਰੀ ਖੋਜ ਅਨੁਸਾਰ :

ਭਾਰਤ ਦੇ ਮਰਦਾਂ ਨੂੰ ਸਿਹਤਮੰਦ ਰਹਿਣ ਲਈ 2800 ਕੈਲੋਰੀ ਭੋਜਨ ਦੀ ਰੋਜ਼ਾਨਾ ਲੋੜ ਹੈ। ਹਰ ਰੋਜ਼ 55 ਗ੍ਰਾਮ ਪ੍ਰੋਟੀਨ, 0.5 ਕੈਲਸ਼ੀਅਮ, 24 ਗ੍ਰਾਮ ਆਇਰਨ, 750 ਗ੍ਰਾਮ ਵਿਟਾਮਿਨ ਏ, 20 ਗ੍ਰਾਮ ਵਿਟਾਮਿਨ ਬੀ4, 100 ਮਿਲੀਗ੍ਰਾਮ ਫੋਲਿਕ ਏਸਿਡ, 200 ਆਈ ਯੂ ਵਿਟਾਮਿਨ ਡੀ ਅਤੇ 4 ਮਿਲੀਗ੍ਰਾਮ ਏਜ਼ਰੋਬਿਕ ਏਸਿਡ ਦਰਕਾਰ ਹੈ।

ਡਾ. ਨਰੇਸ਼ ਦਾ ਹਰੇਕ ਵਿਸ਼ੇ ਬਾਰੇ ਭਰਪੂਰ ਗਿਆਨ ਪਾਠਕਾਂ ਨੂੰ ਆਪਣੇ ਵਿਚਾਰਾਂ ਨਾਲ ਜੋੜਨ ਦੀ ਸਮਰੱਥਾ ਰੱਖਦਾ ਹੈ। ਉਹਨਾਂ ਦਾ ਦਾਰਸ਼ਨਿਕ ਚਿੰਤਨ ਮਨੁੱਖ ਦੇ ਮਨ ਵਿਚਲੇ ਅਤ੍ਰਿਪਤ ਪ੍ਰਸ਼ਨਾਂ ਦੇ ਉੱਤਰ ਦਿੰਦਾ ਹੈ। ਉਹ ਹਿੰਦੀ, ਉਰਦੂ ਤੇ ਪੰਜਾਬੀ ਦੇ ਪ੍ਰਸਿੱਧ ਸ਼ਾਇਰ, ਗਲਪਕਾਰ ਤੇ ਆਲੋਚਕ ਹਨ। ਉਹਨਾਂ ਨੂੰ ਅਨੇਕ ਸਨਮਾਨਾਂ ਤੇ ਪੁਰਸਕਾਰਾਂ ਨਾਲ ਵੀ ਸਨਮਾਨਿਤ ਕੀਤਾ ਗਿਆ।

*ਸੰਪਰਕ-81465-42810*

## ਅਹਿਸਾਸਾਂ ਦੀ ਕਿਣਮਿਣ

**(ਕਵਿਤਾਵਾਂ)**
**ਜਸ ਪ੍ਰੀਤ, ਮੁੱਲ : 850, ਸਫ਼ੇ : 84**
**ਸਤਲੁਜ ਪ੍ਰਕਾਸ਼ਨ, ਪੰਚਕੂਲਾ**

ਜਸ ਪ੍ਰੀਤ ਪ੍ਰਕਿਰਤੀ ਨੂੰ ਸ਼ਬਦਾਂ ਤੇ ਕੈਮਰੇ ਵਿੱਚ ਕੈਦ ਕਰਨ ਵਾਲੀ ਅਜਿਹੀ ਕਲਾਕਾਰ ਹੈ ਜਿਹੜੀ ਕੁਦਰਤ ਦੇ ਰੰਗਾਂ ਵਿੱਚ ਗਹਿਰਾ ਉੱਤਰ ਜਾਂਦੀ ਹੈ। ਕੁਦਰਤ ਤੇ ਉਸ ਦੀ ਲੀਲ੍ਹਾਂ ਨੂੰ ਬੜੀ ਬਰੀਕ ਅੱਖ ਨਾਲ ਨਿਹਾਰਦੀ ਹੈ। ਸ਼ਬਦ ਉਹਦੇ ਅੰਦਰੋਂ ਆਪ ਮੁਹਾਰੇ ਵਹਿਣ ਲੱਗ ਜਾਂਦੇ ਹਨ। ਅਜਿਹਾ ਅਹਿਸਾਸ ਮੈਨੂੰ ਉਸ ਦੀ ਨਵੀਂ ਖੂਬਸੂਰਤ ਦਿੱਖ ਵਾਲੀ ਕਿਤਾਬ 'ਅਹਿਸਾਸਾਂ ਦੀ ਕਿਣਮਿਣ' ਨੂੰ ਨੀਝ ਨਾਲ ਵੇਖਦਿਆਂ ਤੇ ਕਵਿਤਾਵਾਂ ਤੇ ਵਾਰਤਕ ਟੁਕੜੇ ਪੜ੍ਹਦਿਆਂ ਹੋਇਆ। ਇਹ ਉਸ ਦੀ ਤੀਜੀ ਕਿਤਾਬ ਹੈ ਇਸ ਤੋਂ ਪਹਿਲਾਂ ਉਸ ਨੇ 'ਕਿਰਨਾਂ ਸੋਨ ਰੰਗੀਆਂ' ਤੇ 'ਪੌਣਾਂ ਦੀ ਸਰਗਮ' 'ਚ ਆਪਣੇ ਅਹਿਸਾਸਾਂ ਨੂੰ ਪ੍ਰਗਟ ਕੀਤਾ ਹੈ। ਹੱਥਲੀ ਪੁਸਤਕ ਆਰਟ ਪੇਪਰ ਉੱਤੇ ਪ੍ਰੀਤ ਵੱਲੋਂ ਕੀਤੀ ਫੋਟੋਗ੍ਰਾਫੀ ਨਾਲ ਸਜੀ ਰੰਗੀਨ ਤੇ ਸੁੰਦਰ ਦਿਖ ਨਾਲ ਛਾਪੀ ਗਈ ਹੈ। ਆਪਣੀ ਭੂਮਿਕੀ ਵਿੱਚ ਜਸ ਪ੍ਰੀਤ ਨੇ ਹੱਥਲੀ ਪੁਸਤਕ ਦੀ ਸਿਰਜਣਕਾਰੀ ਦੇ ਸਰੋਤਾਂ ਬਾਰੇ ਖੁੱਲ੍ਹ ਕੇ ਲਿਖਿਆ ਹੈ, ਕਿਵੇਂ ਪੀ. ਏ. ਯੂ 'ਚ ਸਵੇਰ ਦੀ ਸੈਰ ਕਰਦਿਆਂ ਉਹ ਆਪਣੇ ਮਨ ਮਸਤਕ ਵਿੱਚ ਪ੍ਰਕਿਰਤੀ ਦੇ ਦ੍ਰਿਸ਼ਾਂ ਨੂੰ ਆਤਮਸਾਤ ਕਰਕੇ ਕਵਿਤਾ ਤੇ ਵਾਰਤਕ ਦੀ ਸਿਰਜਣਕਾਰੀ ਕਰਦੀ ਰਹੀ।



ਕੁਦਰਤੀ ਦੇ ਭਿੰਨ ਭਿੰਨ ਅਹਿਸਾਸਾਂ ਪ੍ਰੀਤ ਨੇ ਆਪਣੀਆਂ ਮੁੱਢਲੀਆਂ ਕਵਿਤਾਵਾਂ ਵਿੱਚ ਪ੍ਰਗਟ ਕੀਤੇ ਹਨ। ਪਹੁ ਫੁਟਾਲੇ ਦੇ ਪਲਾਂ ਨੂੰ ਉਸ ਨੇ ਡਾਇਰੀ ਦੇ ਪੰਨਿਆਂ ਵਿੱਚ ਵੀ ਕੈਦ ਕੀਤਾ ਹੈ। ਅੰਤਲੀਆਂ ਕਵਿਤਾਵਾਂ ਉਸਦੀਆਂ ਵੱਖਰੇ ਸੁਰ ਦੀਆਂ ਹਨ। ਜਿਨ੍ਹਾਂ ਨੂੰ ਪੜ੍ਹਦਿਆਂ ਇਕ ਵੱਖਰੀ ਕਿਸਮ ਦੀ ਜਸ ਪ੍ਰੀਤ ਸਾਡੇ ਸਾਹਵੇਂ ਪ੍ਰਗਟ ਹੋ ਜਾਂਦੀ ਹੈ। ਸੈਰ ਕਰਦਿਆਂ ਕੁਦਰਤ ਦੇ ਸੁਹੱਪਣ ਦੇ ਅਹਿਸਾਸ ਨੂੰ ਪ੍ਰੀਤ 'ਪਗਡੰਡੀਆਂ' 'ਚ ਪ੍ਰਗਟ ਕਰਦੀ ਹੈ। ਉਹਦਾ ਇਸ਼ਕ ਫੁੱਲਾਂ ਨਾਲ ਹੈ। ਪੰਛੀਆਂ ਨਾਲ ਹੈ। ਫੁੱਲਾਂ ਨਾਲ ਗੱਲਾਂ ਉਹ 'ਤੇਰਾ ਇਸ਼ਕ' ਕਵਿਤਾ 'ਚ ਕਰਦੀ ਆਪ ਫੁੱਲਾਂ ਦੇ ਖਿੜਨ 'ਚ ਸਮਾ ਜਾਂਦੀ ਹੈ। ਕੁਦਰਤ ਨੂੰ ਪਿਆਰ ਕਰਨਾ ਸਿਹਤਮੰਦ ਹੋਣ ਦੀ ਨਿਸ਼ਾਨੀ ਵੀ ਕਹਿ ਜਾਂਦੀ ਹੈ। 'ਆਰਤੀ' ਦਾ ਮੈਟਾਫਰ ਉਹਦੀ ਕਵਿਤਾ ਵਿੱਚ ਸੂਖ਼ਮਤਾ ਨਾਲ ਪ੍ਰਗਟ ਹੋਇਆ ਹੈ। 'ਮੁਹੱਬਤ' ਕਵਿਤਾ 'ਚ ਉਹ ਮੁਹੱਬਤ ਨੂੰ ਨਵੇਂ ਅਰਥ 'ਚ ਸਿਰਜਦੀ ਹੈ। ਉਹ ਚੜ੍ਹਦੇ ਸੂਰਜ ਨੂੰ ਮੁਹੱਬਤ ਕਰਦੀ ਹੈ। ਇਹਦੇ ਨਾਲ ਪ੍ਰੀਤ ਪੰਛੀ, ਜਨੌਰ, ਬਿਰਖ, ਫੁੱਲ ਆਦਿ ਨਾਲ ਗੱਲਾਂ ਕਰਦਿਆਂ ਮੁਹੱਬਤ ਕਰਨ ਲੱਗ ਜਾਂਦੀ ਹੈ। 'ਮਨ ਖਿੜਿਆ' ਕਵਿਤਾ ਵੀ ਕੁਦਰਤ ਦੇ ਕਣ ਕਣ ਦੀ ਗੱਲ ਕਰਦੀ ਹੈ। 'ਤੇਰੀ ਪਹੁੰਚ ਤੋਂ ਪਾਰ' ਪ੍ਰੀਤ ਦੀ ਕਮਾਲ ਦੀ ਕਵਿਤਾ ਹੈ। ਇਕ ਸੰਵੇਦਨਸ਼ੀਲ ਮਨੁੱਖ ਅੰਦਰ ਕੁਦਰਤ ਦੇ ਵੱਖ ਵੱਖ ਕਣ, ਧੁੰਦ, ਤ੍ਰੇਲ, ਘਾਹ, ਫੁੱਲ, ਬੱਦਲ, ਕਣੀਆਂ ਆਦਿ ਕਿਵੇਂ ਰਚ-ਮਿਚ ਜਾਂਦੇ ਨੇ, ਇਹੀ ਕਵਿਤਾ ਬਿਆਨ ਕਰਦੀ ਹੈ। ਉਹਦੀ ਕਵਿਤਾ ਪੜ੍ਹਦਿਆਂ ਤੁਸੀਂ ਪੱਤਿਆਂ ਦੀ ਸਰਸਰਾਹਟ ਸੁਣ ਸਕਦੇ ਹੋ।

ਕੁਝ ਪੰਨਿਆਂ ਉੱਤੇ ਪ੍ਰੀਤ ਨੇ ਡਾਇਰੀ ਦੇ ਉਹ ਪੰਨੇ ਲਿਖੇ ਨੇ ਜੋ ਉਹਨੇ ਸੈਰ ਕਰਦਿਆਂ ਲਿਖੇ। ਸੈਰ ਕਰਦਿਆਂ ਉਹ ਪ੍ਰਕਿਰਤੀ ਨਾਲ ਗੱਲਾਂ ਕਰਦੀ, ਬੈਠਦੀ, ਤੁਰਦੀ ਹੋਈ ਜੋ ਕਨਸੀਵ ਕਰਦੀ ਹੈ ਉਨ੍ਹਾਂ ਨੂੰ ਡਾਇਰੀ ਦੇ ਪੰਨਿਆਂ 'ਚ ਦਰਜ ਕਰ ਲੈਂਦੀ ਹੈ। 12 ਅਪ੍ਰੈਲ ਦੇ ਡਾਇਰੀ ਦੇ ਪੰਨੇ 'ਤੇ ਪ੍ਰੀਤ ਸੂਖ਼ਮ ਅਹਿਸਾਸ ਲਿਖਦੀ ਰੁੱਖਾਂ, ਸੁੱਕੇ ਟਾਹਣ ਤੇ ਸੁੱਕੇ ਪੱਤਿਆਂ ਨਾਲ ਗੱਲਾਂ ਕਰਦੀ ਹੈ। ਹੋਰ ਥਾਂ 22 ਅਗਸਤ ਨੂੰ ਪ੍ਰੀਤ ਲਿਖਦੀ ਹੈ, "ਬਾਟੇ ਦੇ ਨਾਲ ਖੜਾ ਜੰਗਲੀ ਘਾਹ ਹਵਾ ਵਿੱਚ ਝੂਮ ਝੂਮ ਕੇ ਬਾਟੇ ਵਿਚਲੇ ਪਾਣੀ ਨਾਲ ਖੇਡ ਰਿਹਾ। ਐਨੇ ਬਰੀਕ ਅਹਿਸਾਸ ਉਹ ਹੀ ਲਿਖ ਸਕਦਾ ਹੈ ਜੋ ਕੁਦਰਤ ਵਿੱਚ ਰਚ ਮਿਚ ਕੇ ਇਕ ਜਾਨ ਹੋ ਗਿਆ ਹੋਵੇ। ਸਮੁੱਚੇ ਪੰਨਿਆਂ ਵਿੱਚ ਪ੍ਰੀਤ ਨੇ ਪ੍ਰਭਾਤ ਦੇ ਅਹਿਸਾਸ ਤੇ ਪਲਾਂ ਨੂੰ ਕਲਮਬੱਧ ਕੀਤਾ ਹੈ ਏਥੋਂ ਤੱਕ ਸੈਰ ਕਰਦਿਆਂ ਮੀਂਹ ਦੀ ਕਿਣਮਿਣ ਵਿੱਚ ਭਿੱਜਣ ਦੇ ਅਹਿਸਾਸ ਨੂੰ ਸ਼ਬਦਾਂ ਵਿੱਚ ਪਰੋ ਦਿੱਤਾ ਹੈ। ਸੁਰਜੀਤ ਪਾਤਰ ਵਾਲੇ ਸ਼ਬਦ ਚਿੱਤਰ ਨੂੰ ਵੀ ਪ੍ਰੀਤ ਨੇ ਸਵੇਰ ਦੀ ਸੈਰ ਦੇ ਪ੍ਰਸੰਗਾਂ ਨਾਲ ਜੋੜ ਕੇ ਲਿਖਿਆ ਹੈ। ਪ੍ਰੀਤ ਨੇ ਪਾਤਰ ਦੇ ਸੁਭਾਅ ਦੇ ਟੁਕੜੇ ਕੁਦਰਤੀ ਰੰਗ ਵਿੱਚ ਚਿਤਰੇ ਹਨ। ਅਮਲਤਾਨ ਬਾਰੇ ਲਿਖੀ ਕਵਿਤਾ'ਤੂੰ ਅਮਲਤਾਸ ਵੇ ਸੋਹਣੇ' 'ਚ ਉਹ ਪੀਲੇ ਰੰਗ ਦੇ ਚਿਹਨ ਸਿਰਜਦੀ ਜਾਂਦੀ ਹੈ। ਉਸ ਦੇ ਆਪਣੀ ਮਾਂ ਬਾਰੇ ਅਹਿਸਾਸ ਵੀ ਬੜੇ ਸੰਵੇਦਨਾ ਨਾਲ ਭਰੇ ਹੋਏ ਹਨ।

'ਮਨੁੱਖ ਤੋਂ ਦੇਹ ਹੋਏ ਬੰਦੇ ਦਾ' ਕਵਿਤਾ ਵਿੱਚ ਉਹ ਵੱਖਰੇ ਅਹਿਸਾਸ ਨੂੰ ਪ੍ਰਗਟ ਕਰਦੀ ਹੈ। ਚਿਹਨਾ ਨਾਲ ਪ੍ਰੀਤ ਕਹਿਣਾ ਚਾਹੁੰਦੀ ਹੈ ਕਿ ਜਿਉਂਦੇ ਮਨੁੱਖ ਤੇ ਦਫ਼ਨ ਹੋ ਗਏ ਮਨੁੱਖ ਵਿੱਚ ਕਿੰਨਾ ਅੰਤਰ ਹੁੰਦਾ ਹੈ। ਕ੍ਰਿਆਸ਼ੀਲ ਬੰਦਾ ਜਿਉਣ ਲਈ ਕਿੰਨੇ ਪਾਪੜ ਵੇਲਦਾ ਏ। 'ਗਿਣਤੀ ਮਿਣਤੀ' ਕਵਿਤਾ ਵਿੱਚ ਵੀ ਉਹ 'ਜ਼ੀਰੋ' ਦੇ ਚਿਹਨ ਨਾਲ ਆਪਣੇ ਅਹਿਸਾਸ ਪ੍ਰਗਟ ਕਰਦੀ ਹੈ। ਮਨੁੱਖ ਦੇ ਅੰਤਲੇ ਪਲਾਂ ਨੂੰ ਪ੍ਰੀਤ ਆਪਣੀ ਇਹ ਹੋਰ ਕਵਿਤਾ 'ਵਸੀਅਤ' ਵਿੱਚ ਪੇਸ਼ ਕਰਦੀ ਹੈ। ਅਸਿੱਧੇ ਤਰੀਕੇ ਨਾਲ ਉਹ ਮਨੁੱਖ ਨੂੰ ਹਰ ਸਥਿਤੀ ਵਿੱਚ ਜਿਊਣ ਦਾ ਜਜ਼ਬਾ ਪ੍ਰਗਟ ਕਰਦੀ ਹੈ।

ਰੋਜ਼ਾਨਾਂ ਦੀ ਜ਼ਿੰਦਗੀ ਵਿੱਚ ਵਿਚਰਦਿਆਂ ਪ੍ਰੀਤ ਨੇ ਜਿਹੜੇ ਅਹਿਸਾਸ ਮਹਿਸੂਸ ਕੀਤਾ ਉਨ੍ਹਾਂ ਪਲਾਂ ਨੂੰ ਵੀ ਆਪਣੀਆਂ ਕਵਿਤਾਵਾਂ ਵਿੱਚ ਪ੍ਰਗਟ ਕੀਤਾ ਹੈ। ਇਹ ਵੱਖਰੇ ਰੰਗ ਦੀਆਂ ਕਵਿਤਾਵਾਂ ਹਨ। 'ਰੀਝਾਂ ਦਾ ਸੰਸਾਰ' ਕਵਿਤਾ ਵਿੱਚ ਪੰਜਾਬੀ ਕਲਚਰ ਦੀ ਗੱਲ ਕਰਦਿਆਂ ਪੰਜਾਬੀਆਂ ਦੇ ਖਾਣ ਪੀਣ ਦੇ ਸੁਭਾ ਨੂੰ ਸਰ੍ਹੋਂ ਦੇ ਸਾਗ, ਲਸਣ, ਅਦਰਕ, ਹਰੀ ਮਿਰਚ, ਮਧਾਣੀ, ਚਾਟੀ, ਮੱਕੀ ਦੀ ਰੋਟੀ ਆਦਿ ਨਾਲ ਗਲੋਰੀਫਾਈ ਕੀਤਾ ਹੈ। ਇਕ ਸੁਆਣੀ ਦੇ ਬਣ ਫਬਣ ਦੇ ਅਹਿਸਾਸ ਨੂੰ ਪ੍ਰੀਤ ਨੇ 'ਨਵੇਂ ਸੀਤੇ ਸੂਟ' ਕਵਿਤਾ ਵਿੱਚ ਪ੍ਰਗਟ ਕੀਤਾ ਹੈ। ਉਹ ਕਹਿੰਦੀ ਹੈ ਸੂਟ ਮਹਿਜ਼ ਤਨ ਢੱਕਣ ਦਾ ਜ਼ਰੀਆ ਹੀ ਨਹੀਂ ਹੁੰਦਾ ਬਲਕਿ ਆਤਮ ਵਿਸ਼ਵਾਸ ਦੀ ਖਾਣ ਵੀ ਹੁੰਦਾ ਹੈ। 'ਇੱਕ ਸੀ ਰਾਮ ਬਾਬੂ' ਕਵਿਤਾ ਵਿੱਚ ਆਮ ਆਦਮੀ ਰਾਮ ਬਾਬੂ ਦਾ ਸ਼ਬਦ ਚਿੱਤਰ ਲਿਖ ਦਿੰਦੀ ਹੈ। ਵੱਡੇ ਅਕਾਰ ਤੇ ਸੁੰਦਰ ਦਿੱਖ ਨਾਲ ਛਪੀ 'ਅਹਿਸਾਸਾਂ ਦੀ ਕਿਣਮਿਣ' ਪਾਠਕਾਂ ਨੂੰ ਆਪਣੇ ਵੱਲ ਖਿੱਚਦੀ ਹੈ। ਜਸ ਪ੍ਰੀਤ ਕੁਦਰਤੀ ਦੀ ਗੋਦ ਵਿੱਚ ਬੈਠ ਸ਼ਬਦਾਂ ਨੂੰ ਕਲਪਨਾ ਨਾਲ ਗੁੰਨ੍ਹ ਕੇ ਪਾਠਕਾਂ ਨੂੰ ਪਰੋਸਦੀ ਹੈ। ਕਿਤਾਬ ਦੀ ਸੁੰਦਰ ਦਿੱਖ ਪਾਠਕ ਨੂੰ ਆਪਣੇ ਵੱਲ ਖਿੱਚਦੀ ਹੈ।

*-ਭਗਵੰਤ ਰਸੂਲਪੁਰੀ, (94170-64350)*

# ਪੁਸਤਕ ਰੀਵਿਊ

## ਸਫ਼ਰ ਤੇ ਹਮਸਫ਼ਰ

**(ਆਤਮ ਕਥਾ)**
**ਗੁਰਨਾਮ ਸਿੰਘ ਬਿਜਲੀ**
**ਪੰਨੇ : 91, ਮੁੱਲ : 150 ਰੁਪਏ**
**ਗੁਸਈਆਂ ਪਬਲੀਕੇਸ਼ਨ, ਪਟਿਆਲਾ**

ਸਫ਼ਰ ਅਤੇ ਹਮਸਫ਼ਰ (ਆਤਮ ਕਥਾ) ਗੁਰਨਾਮ ਸਿੰਘ ਬਿਜਲੀ ਦੁਆਰਾ ਲਿਖੀ ਪੁਸਤਕ ਹੈ, ਜਿਸ ਦੇ 35 ਅਧਿਆਇ ਹਨ। ਉਹ ਆਪਣੀ ਆਤਮ ਕਥਾ ਇਸ ਪ੍ਰਸ਼ਨ ਦੇ ਉੱਤਰ ਨਾਲ ਸ਼ੁਰੂ ਕਰਦਾ ਹੈ ਕਿ ਉਹ ਇਹ ਕਿਉਂ ਲਿਖ ਰਿਹਾ ਹੈ। ਪਹਿਲੇ ਅਧਿਆਇ ਵਿੱਚ ਉਹ ਆਪਣੇ ਆਪ ਨੂੰ ਤੇ ਪਾਠਕ ਨੂੰ ਇਹ ਸਮਝਾ ਰਿਹਾ ਹੈ ਕਿ ਉਸ ਦਾ ਜੀਵਨ, ਜੀਵਨ ਵਿਚਲੇ ਉਤਰਾਅ-ਚੜ੍ਹਾਅ ਅਤੇ ਜੀਵਨ ਦੀਆਂ ਤੰਗੀਆਂ-ਤੁਰਸ਼ੀਆਂ ਪਾਠਕਾਂ ਵਾਸਤੇ ਪ੍ਰੇਰਨਾਸ੍ਰੋਤ ਸਿੱਧ ਹੋ ਸਕਦੇ ਹਨ। ਇਸੇ ਸੋਚ ਦੇ ਆਧਾਰ 'ਤੇ ਉਹ ਆਪਣੀ ਆਤਮ ਕਥਾ ਲਿਖ ਰਿਹਾ ਹੈ। ਅਗਲੇ ਅਧਿਆਇ ਵਿੱਚ ਲੇਖਕ ਅਨੱਯ ਪੁਰਖੀ ਬਿਓਰੇ ਨਾਲ ਆਪਣੇ ਜਨਮ ਬਾਰੇ ਦੱਸਣਾ ਸ਼ੁਰੂ ਕਰਦਾ ਹੈ। ਅੱਗੇ ਵਧ ਜਦੋਂ ਆਪਣੇ ਬਚਪਨ ਤੇ ਸਕੂਲ ਬਾਰੇ ਜਾਣਕਾਰੀ ਦਿੰਦਾ ਹੈ ਤਾਂ ਉਹ ਉੱਤਮ ਪੁਰਖੀ ਬਿਰਤਾਂਤ ਵੱਲ ਵਧ ਜਾਂਦਾ ਹੈ। ਉਹ ਆਪਣੇ ਵੱਖਰੀਆਂ-ਵੱਖਰੀਆਂ ਜਮਾਤਾਂ ਪਾਸ ਕਰਨ ਅਤੇ ਸਕੂਲਾਂ ਬਾਰੇ ਜਾਣਕਾਰੀ ਦਿੰਦਾ ਹੈ। ਅਗਲੇ ਅਧਿਆਇ ਵਿਚ ਉਹ ਆਪਣੀ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ (ਗਿਲਾਂ) ਲੁਧਿਆਣੇ ਵਿੱਚ ਦਾਖ਼ਲੇ ਅਤੇ ਉਸ ਕਾਲਜ ਤੋਂ ਕੱਢੇ ਜਾਣ ਦੀ ਘਟਨਾ ਨੂੰ ਕਲਮਬੱਧ ਕਰਦਾ ਹੈ। ਅਗਲੇ ਅਧਿਆਇ 'ਜ਼ਿੰਦਗੀ ਦਾ ਸਫ਼ਰ' ਵਿੱਚ ਸਿਹਤ ਮਹਿਕਮੇ ਵਿੱਚ ਸੈਨੇਟਰੀ ਇੰਸਪੈਕਟਰ ਵਜੋਂ ਆਪਣੀ ਨੌਕਰੀ ਲੱਗਣ ਬਾਰੇ ਸਾਰਾ ਬਿਉਰਾ ਲਿਖਦਾ ਹੈ ਅਤੇ ਆਪਣੀ ਪਹਿਲੀ ਡਿਊਟੀ ਬਾਰੇ ਵਿਸਥਾਰ ਵਿੱਚ ਦੱਸਦਾ ਹੈ। ਨਾਲ ਹੀ ਮੋਗਾ ਜ਼ਿਲ੍ਹਾ ਦੇ ਬਾਘਾ ਪੁਰਾਣਾ ਸਬ ਯੂਨਿਟ ਵਿੱਚ ਦੀਨਾ ਕਾਂਗੜ ਨਾਂਅ ਦੇ ਪਿੰਡ ਵਿੱਚ ਕਰ ਦਿੱਤੀ ਗਈ ਆਪਣੀ ਪਹਿਲੀ ਬਦਲੀ ਬਾਰੇ ਵੀ ਦੱਸਦਾ ਹੈ ਅਤੇ ਨਾਲ ਹੀ ਉਹ ਉਸ ਪਿੰਡ ਵਿੱਚ ਜ਼ਫ਼ਰਨਾਮਾ ਲਿਖੇ ਜਾਣ ਦੀ ਇਤਿਹਾਸਕ ਘਟਨਾ ਦੀ ਜਾਣਕਾਰੀ ਵੀ ਦਿੰਦਾ ਹੈ। ਲੇਖਕ ਦੀ ਅਗਲੀ ਬਦਲੀ ਮਾਛੀਵਾੜੇ ਦੇ ਪਬਲਿਕ ਹੈਲਥ ਸੈਂਟਰ ਵਿਚ ਕਰ ਦਿੱਤੀ ਜਾਂਦੀ ਹੈ। ਪਿੰਡ ਰਾਏਪੁਰ ਮਾਜ਼ਰੀ ਹੈੱਡਕੁਆਟਰ ਅਤੇ ਰਿਹਾਇਸ਼ ਖੰਨਾ ਸ਼ਹਿਰ ਵਿੱਚ ਕਰਨ ਉਪਰੰਤ ਲੇਖਕ ਦੀ ਜੀਵਨ ਦੀ ਗੱਡੀ ਪਟੜੀ 'ਤੇ ਆਉਣ ਲੱਗਦੀ ਹੈ। ਅਗਲੇ ਅਧਿਆਇ ਵਿੱਚ ਉਹ ਆਪਣੇ ਮਿੱਤਰ ਜੀ ਐੱਨ ਸਿੰਘ ਦੇ ਵਿਆਹ ਦੀ ਗੱਲ ਸੁਣਾਉਂਦਾ ਹੈ ਅਤੇ ਪਿੰਡ ਦੀਨੇ ਕਾਂਗੜ ਗੁੱਡੀ ਦੇ ਵਿਆਹ 'ਤੇ ਜਾਣ ਦੀ ਘਟਨਾ ਵੀ ਦੱਸਦਾ ਹੈ। ਇਸ ਤੋਂ ਬਾਅਦ ਉਹ ਆਪਣੇ ਵਿਆਹ ਬਾਰੇ ਸਾਰੇ ਘਟਨਾਕ੍ਰਮ ਨੂੰ ਕਲਮਬੱਧ ਕਰਦਾ ਹੈ ਅਤੇ ਆਪਣੇ ਗ੍ਰਹਿਸਥੀ ਜੀਵਨ ਸ਼ੁਰੂ ਹੋਣ ਦੇ ਬਿਓਰੇ ਦਿੰਦਾ ਹੈ। ਇਸ ਤੋਂ ਬਾਅਦ ਲੇਖਕ ਦੀ ਬਦਲੀ ਉਸ ਦੇ ਨਕਸਲਾਈਟਾਂ ਨਾਲ ਸੰਬੰਧ ਹੋਣ ਕਾਰਨ ਸਮਰਾਲੇ ਦੀ ਕਰ ਦਿੱਤੀ ਜਾਂਦੀ ਹੈ। ਅਗਲੇ ਪਾਠਾਂ ਵਿੱਚ ਲੇਖਕ ਆਪਣੀ ਘਰੇਲੂ ਜ਼ਿੰਦਗੀ ਨਾਲ ਸੰਬੰਧਤ, ਆਪਣੀ ਨੌਕਰੀ ਨਾਲ ਸੰਬੰਧਤ ਅਤੇ ਲਹਿਰ ਨਾਲ ਸੰਬੰਧਤ ਆਪਣੀਆਂ ਤੇ ਆਪਣੇ ਗਰੁੱਪ ਦੀਆਂ ਗਤੀਵਿਧੀਆਂ ਨੂੰ ਕਲਮਬੱਧ ਕਰਦਾ ਹੈ। ਜ਼ਿੰਦਗੀ ਦੇ ਇਹਨਾਂ ਪੜਾਵਾਂ 'ਤੇ ਆਪਣੀ ਸੋਚ ਨਾਲ ਚੱਲਦਿਆਂ ਉਸ ਨੇ ਕੀ ਖੱਟਿਆ, ਕੀ ਕਮਾਇਆ ਤੇ ਕੀ ਗਵਾਇਆ, ਇਹ ਸਾਰੇ ਬਿਓਰੇ ਇਸ ਸਵੈ ਜੀਵਨੀ ਵਿੱਚੋਂ ਪਾਠਕ ਨੂੰ ਲੱਭਦੇ ਹਨ। ਲੇਖਕ ਨੇ ਆਪਣੀ ਨੌਕਰੀ ਅਤੇ ਉਸ ਨਾਲ਼ ਸੰਬੰਧਤ ਕੰਮਕਾਜੀ ਵਾਤਾਵਰਣ ਨੂੰ ਵੀ ਇਸ ਆਤਮ ਕਥਾ ਦਾ ਵਿਸ਼ਾ ਬਣਾਇਆ ਹੈ। ਉਸ ਦੀ ਕਦੋਂ ਅਤੇ ਕਿਹੜੇ ਸ਼ਹਿਰ ਦੀ ਬਦਲੀ ਹੋਈ, ਉਥੇ ਉਸ ਦੇ ਨਾਲ਼ ਕੰਮ ਕਰਨ ਵਾਲੇ ਅਧਿਕਾਰੀ ਕੌਣ ਸਨ ਤੇ ਕਿਹੋ ਜਿਹੇ ਸਨ, ਇਹ ਸਾਰੇ ਬਿਓਰੇ ਇਸ ਪੁਸਤਕ ਵਿੱਚ ਦਰਜ ਹਨ। ਉਸ ਨੇ ਆਪਣੇ ਮਾਂ-ਬਾਪ ਅਤੇ ਹੋਰ ਰਿਸ਼ਤਿਆਂ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ ਹੈ ਅਤੇ ਲਹਿਰ ਨਾਲ ਸੰਬੰਧਤ ਹੋਣ ਕਾਰਨ ਉਸ ਸੰਬੰਧੀ ਬਿਊਰੇ ਵੀ ਲਿਖੇ ਹਨ। ਉਸ ਨੇ ਆਪਣੀਆਂ ਪੁਸਤਕਾਂ ਅਤੇ ਸਾਹਿਤਕ ਰਚਨਾਵਾਂ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ ਹੈ। ਇਹ ਪੁਸਤਕ ਪਾਠਕਾਂ ਦੇ ਪਠਨ ਅਤੇ ਚਰਚਾ ਲਈ ਪਾਠਕਾਂ ਦੇ ਹੱਥਾਂ ਵਿੱਚ ਪੁੱਜ ਚੁੱਕੀ ਹੈ ਅਤੇ ਜ਼ਰੂਰ ਸਭ ਨੂੰ ਪਸੰਦ ਆਵੇਗੀ।



-ਡਾ. ਸੰਦੀਪ ਰਾਣਾ

## ਧਰਮ ਨੂੰ ਕਿਵੇਂ ਸਮਝੀਏ ?

**ਭੁਪਿੰਦਰ ਸਿੰਘ ਧਾਲੀਵਾਲ (ਚੌਂਕੀਮਾਨ)**
**ਸਫੇ-219, ਕੀਮਤ-350 ਰੁਪਏ**
**ਚੇਤਨਾ ਪ੍ਰਕਾਸ਼ਨ ਲੁਧਿਆਣਾ**



ਭੁਪਿੰਦਰ ਸਿੰਘ ਧਾਲੀਵਾਲ (ਚੌਂਕੀਮਾਨ) ਪਿਛਲੇ ਗਿਆਰਾਂ ਵਰ੍ਹਿਆਂ ਤੋਂ ਪੰਜਾਬੀ ਵਾਰਤਕ ਲਿਖਦਾ ਆ ਰਿਹਾ ਹੈ। ਉਸ ਨੇ ਭਾਰਤੀ ਫ਼ੌਜ ਵਿਚ ਸੇਵਾ ਕੀਤੀ ਅਤੇ ਆਪਣੀ ਸਵੈ-ਜੀਵਨੀ ਵੀ ਲਿਖੀ। ਉਸ ਨੇ ਫ਼ੌਜ, ਜੰਗਾਂ, ਭਰਤੀ ਹੋਣ ਲਈ ਯੋਗਤਾਵਾਂ, ਅਰਬ, ਅਫ਼ਗਾਨਿਸਤਾਨ, ਕਸ਼ਮੀਰ ਬਾਰੇ ਪੁਸਤਕਾਂ ਲਿਖੀਆਂ। ਇਸ ਤੋਂ ਇਲਾਵਾ ਧਰਮ, ਸਮਾਜ, ਨਸ਼ੇ ਅਤੇ ਸਫ਼ਲ ਜੀਵਨ ਦੇ ਰਹੱਸ ਬਾਰੇ ਵੀ ਗੰਭੀਰ ਖੋਜ ਭਰਪੂਰ ਪੁਸਤਕਾਂ ਦਿੱਤੀਆਂ ਹਨ। ਉਹ ਵਿਚਾਰ ਭਰਪੂਰ, ਸਮਾਜ ਪ੍ਰੇਰਕ ਨਿਬੰਧ ਲਿਖਣ ਵਾਲਾ ਗੰਭੀਰ ਲੇਖਕ ਹੈ। ਹੱਥਲੀ ਪੁਸਤਕ 'ਧਰਮ ਨੂੰ ਕਿਵੇਂ ਸਮਝੀਏ?' ਉਸ ਦੀ ਪਲੇਠੀ ਪੁਸਤਕ ਹੈ, ਜੋ 2014 ਈ. ਵਿਚ ਪਹਿਲੀ ਵਾਰ ਛਾਪੀ ਸੀ। ਹੁਣ 2025 ਵਿਚ ਦੁਬਾਰਾ ਪ੍ਰਕਾਸ਼ਤ ਹੋਈ ਹੈ। ਪੁਸਤਕ ਦੇ ਨੌਂ ਭਾਗ ਹਨ-ਗੁਪਤ ਸ਼ਕਤੀਆਂ ਦੀ ਪੂਜਾ ਕਦੋਂ ਤੇ ਕਿਵੇਂ ਸ਼ੁਰੂ ਹੋਈ? ਪੈਗ਼ੰਬਰਾਂ ਦੁਆਰਾ ਪੁਰਾਤਨ ਵਿਸ਼ਵਾਸਾਂ ਨੂੰ ਨਵੀਂ ਦਿਸ਼ਾ, ਧਰਮ, ਪਰਿਭਾਸ਼ਾ ਤੇ ਸਮਾਜ 'ਤੇ ਪ੍ਰਭਾਵ, ਦੁਨੀਆ ਦੇ ਸੰਸਾਰਕ ਧਰਮ, ਰਾਸ਼ਟਰ ਤੇ ਮਹਾਂਦੀਪ ਅਨੁਸਾਰ ਧਰਮ, ਕਬੀਲਿਆਂ ਦੇ ਰਸਮਾਂ 'ਤੇ ਵਿਸ਼ਵਾਸ, ਰੱਬ ਦੀ ਹੋਂਦ, ਦੂਜੀ ਜੂਨ ਤੇ ਧਰਮ, ਅੱਜ ਦੇ ਮਾਹੌਲ 'ਚ ਸਿੱਖ ਧਰਮ ਦੀ ਦੇਣ। ਆਦਿ ਮਨੁੱਖ ਨੇ ਭੈਅਭੀਤ ਕਰਨ ਵਾਲੇ ਦੇਵਤੇ ਸਿਰਜ ਲਏ। ਲੇਖਕ ਮੁਤਾਬਿਕ ਅਨੇਕਾਂ ਪੈਗ਼ੰਬਰਾਂ ਨੇ ਇਨ੍ਹਾਂ ਦਾ ਡਰ ਦੂਰ ਕਰਕੇ ਅੰਧੇਰਾ ਹਟਾਇਆ। ਧਰਮ ਦੀ ਪਰਿਭਾਸ਼ਾ ਲੋਕ ਭਲਾਈ ਤੇ ਸਮਾਜ ਕਲਿਆਣ ਹੈ। ਦੁਨੀਆ 'ਚ ਚਾਰ (ਈਸਾਈ, ਇਸਲਾਮ, ਹਿੰਦੂ ਤੇ ਬੁੱਧ) ਮੁੱਖ ਧਰਮ ਹਨ, ਇਨ੍ਹਾਂ ਦੇ ਅੱਗੇ ਕਈ ਫਿਰਕੇ ਹਨ। ਚਾਰ (ਸਿੱਖ, ਜੈਨ, ਯਹੂਦੀ, ਪਾਰਸੀ) ਹੋਰ ਧਰਮ ਹਨ। ਰਾਸ਼ਟਰ ਅਤੇ ਮਹਾਂਦੀਪ ਅਧਾਰਤ 18 ਪੁਰਾਤਨ ਧਰਮਾਂ ਦਾ ਵੇਰਵਾ ਹੈ। ਦੁਨੀਆ ਦੇ ਕਈ ਦੇਸ਼ਾਂ ਦੇ ਵਿਭਿੰਨ ਕਬੀਲਿਆਂ ਦੇ ਪੁਰਾਣੇ ਰਿਵਾਜ ਤੇ ਵਿਸ਼ਵਾਸ ਵੀ ਕਾਫ਼ੀ ਖੋਜ ਕਰਕੇ ਦਰਜ ਕੀਤੇ ਗਏ ਹਨ। ਲੇਖਕ ਵਿਗਿਆਨਕ ਵਿਚਾਰਵਾਨ ਹੈ। ਉਹ ਧਰਮਾਂ ਅੰਦਰ ਰੱਬ ਦੀ ਹੋਂਦ, ਅਣਹੋਂਦ ਦੋਵੇਂ ਵਿਚਾਰ ਪੇਸ਼ ਕਰਦਾ ਹੈ। ਆਤਮਾ ਦੀ ਹੋਂਦ ਸਵੀਕਾਰਦਾ ਹੈ ਅਤੇ ਸੁਰਗ-ਨਰਕ ਦੀ ਥਿਊਰੀ ਇਸ ਦੁਨੀਆ 'ਤੇ ਕੀਤੇ ਚੰਗੇ-ਮਾੜੇ ਕੰਮਾਂ ਦੇ ਆਧਾਰ 'ਤੇ ਇੱਥੇ ਹੀ ਹੋਣ ਨੂੰ ਮੰਨਦਾ ਹੈ। ਲੇਖਕ ਦੁਨੀਆ ਦੇ ਅੱਜ ਦੇ ਮਾਹੌਲ ਅੰਦਰ ਸਿੱਖ ਧਰਮ ਦੀ ਦੇਣ ਸਵੀਕਾਰ ਕਰਦਾ ਹੈ। ਸਿੱਖੀ ਦੇ ਮਾਨਵ ਕਲਿਆਣੀ, ਅਮਲ-ਆਧਾਰਤ, ਸਵੈ ਬਲੀਦਾਨੀ ਗੁਣਾਂ ਕਾਰਨ ਸਭ ਤੋਂ ਵਧੇਰੇ ਸਾਰਥਿਕ ਧਰਮ ਹੈ। ਉਂਜ ਭਾਵੇਂ ਹਰ ਧਰਮ ਇਨਸਾਨੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਦਾ ਸੰਕੇਤ ਦਿੰਦਾ ਹੈ। ਪੁਸਤਕ ਹਰ ਪ੍ਰਾਣੀ ਨੂੰ ਪੜ੍ਹਨ ਤੇ ਪ੍ਰੇਰਨਾ ਗ੍ਰਹਿਣ ਕਰਨ ਵਾਲੀ ਹੈ।

*—ਤੇਜਾ ਸਿੰਘ ਤਿਲਕ*

14-Sep-Sunday.qxd 9/13/2025 9:32 PM Page 6



## ਡਾ. ਗੁਰਮੀਤ ਕੱਲਰ ਮਾਜਰੀ ਦੀਆਂ ਤਿੰਨ ਕਿਤਾਬਾਂ ਰਿਲੀਜ਼



**ਕੈਲੀਫੋਰਨੀਆ** : ਪਿਛਲੇ ਦਿਨੀ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਮਹੀਨਾਵਾਰ ਮੀਟਿੰਗ ਹੋਈ, ਜਿਸ ਵਿਚ ਡਾ. ਗੁਰਮੀਤ ਸਿੰਘ ਕਲਰਮਾਜਰੀ ਦੀਆਂ ਤਿੰਨ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ, ਜਿਨ੍ਹਾਂ ਵਿਚ 'ਜਿਥੇ ਬਾਬਾ ਪੈਰ ਧਰਿ' (ਕਾਵਿ ਸੰਗ੍ਰਹਿ), 'ਠੰਡੇ ਬੁਰਜ ਦਾ ਹਲਫੀਆ ਬਿਆਨ' (ਕਾਵਿ ਸੰਗ੍ਰਹਿ) ਅਤੇ ਆਦਿ ਧਰਮ ਮੰਡਲ ਲਹਿਰ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ 'ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਅਤੇ ਆਦਿ-ਧਰਮ' (ਮੌਲਿਕ ਲਿਖਤਾਂ) ਨੂੰ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਮਹੀਨਾਵਾਰ ਮੀਟਿੰਗ 'ਚ ਸਭਾ ਦੇ ਪ੍ਰਧਾਨ ਹਰਭਜਨ ਸਿੰਘ ਢੇਰੀ, ਸਾਬਕਾ ਪ੍ਰਧਾਨ ਦਲਵੀਰ ਸਿੰਘ ਨਿੱਜਰ (ਦਿਲ ਨਿੱਜਰ), ਜਨਰਲ ਸਕੱਤਰ ਜਸਵੀਰ ਸਿੰਘ ਅਤੇ ਐਕਸਪ੍ਰੈਸ ਟਾਈਮਜ਼ (ਇੰਗਲਿਸ਼) ਅਤੇ ਦੇਸ਼ ਦੁਆਬਾ (ਪੰਜਾਬੀ) ਅਖ਼ਬਾਰਾਂ ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਨੇ ਰਿਲੀਜ਼ ਕੀਤਾ। ਸਮਾਗਮ ਦੇ ਸ਼ੁਰੂ ਵਿਚ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਪੁਸਤਕਾਂ ਬਾਰੇ ਜਾਣਕਾਰੀ ਕਰਵਾਉਂਦੇ ਹੋਏ ਕਿਹਾ ਕਿ 'ਜਿਥੇ ਬਾਬਾ ਪੈਰ ਧਰਿ' ਅਤੇ 'ਠੰਡੇ ਬੁਰਜ ਦਾ ਹਲਫ਼ੀਆ ਬਿਆਨ' ਡਾ. ਕੱਲਰਮਾਜਰੀ ਦੀਆਂ ਇਹ ਦੋਵੇਂ ਕਾਵਿ ਪੁਸਤਕਾਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਕਾਵਿ ਸੰਗ੍ਰਹਿ ਹਨ। ਦੂਸਰੀ ਪੁਸਤਕ ਆਦਿ ਧਰਮ ਮੰਡਲ ਲਹਿਰ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਗ਼ਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਦੀਆਂ ਮੌਲਿਕ ਲਿਖਤਾਂ ਹਨ ਜਿਨ੍ਹਾਂ ਨੂੰ ਡਾ. ਗੁਰਮੀਤ ਕੱਲਰਮਾਜਰੀ ਨੇ ਸੰਪਾਦਿਤ ਕੀਤਾ ਹੈ। ਇਸ ਵਿਚ ਬਾਬੂ ਮੰਗੂ ਰਾਮ ਜੀ ਦੀ ਸਵੈਜੀਵਨੀ, ਉਨ੍ਹਾਂ ਦੀ ਵਾਰਤਿਕ, ਕਵਿਤਾ ਨੂੰ ਇਸ ਪੁਸਤਕ ਵਿਚ ਸੰਪਾਦਿਤ ਕਰਕੇ ਉਨ੍ਹਾਂ ਨੂੰ ਪੰਜਾਬੀ ਕਾਵਿਤਾ ਦੇ ਮੁਢਲੇ ਕਵੀ ਵਜੋਂ ਪੇਸ਼ ਕੀਤਾ ਗਿਆ ਹੈ। ਬਾਬੂ ਮੰਗੂ ਰਾਮ ਮੁੱਗੋਵਾਲੀਆ ਦਾ ਜੀਵਨ ਗ਼ਦਰ ਲਹਿਰ ਵਿਚ ਭਾਰਤ ਦੀ ਆਜ਼ਾਦੀ ਲਈ ਲੜਦਿਆਂ ਅਤੇ ਭਾਰਤ ਦੇ ਦੱਬੇ-ਕੁਚਲੇ ਸਮਾਜ ਦੀ ਸਮਾਜਿਕ ਅਜ਼ਾਦੀ ਅਤੇ ਰਾਜਨੀਤਿਕ ਚੇਤਨਾ ਦੀ ਬਹਾਲੀ ਲਈ ਸਮਰਪਿਤ ਸੀ।

## ਕਰਨੈਲ ਸ਼ੇਰਗਿੱਲ ਦੀਆਂ ਕਿਤਾਬਾਂ ਦਾ ਰਿਲੀਜ਼ ਸਮਾਗਮ

**ਲੈਸਟਰ** : ਡਾ. ਕਰਨੈਲ ਸਿੰਘ ਸ਼ੇਰਗਿੱਲ ਦੀ ਲੈਸਟਰ ਸਥਿਤ ਰਿਹਾਇਸ਼ ਵਿਖੇ ਰਿਲੀਜ਼ ਕੀਤੀਆਂ ਉਹਨਾਂ ਦੀਆਂ ਤਿੰਨ ਕਿਤਾਬਾਂ-ਮੋਮੀ ਲੇਨ (ਕਹਾਣੀਆਂ), ਪੰਦਰ੍ਹਵਾਂ ਲਾਲ ਕਰਾਸ-ਕਹਾਣੀ ਸੰਗ੍ਰਹਿ (ਚੌਥਾ ਐਡੀਸ਼ਨ) ਤੇ ਲੌਕਡਾਊਨ ਇਨਫਿਨਿਟੀ (ਨਾਵਲ), ਸਾਹਿਤਕਾਰ ਡਾ. ਜਸਵੰਤ ਸਿੰਘ ਬਿਲਖੂ ਦੀ ਕਿਤਾਬ 'ਹਾਸਿਆਂ ਦਾ ਗੁਲਦਸਤਾ' ਵੀ ਰਿਲੀਜ਼ ਕੀਤੀ ਗਈ। ਇਸ ਮੌਕੇ ਹਾਜ਼ਰ ਸਾਹਿਤਕਾਰਾਂ ਨੇ ਕਰਨੈਲ ਸ਼ੇਰਗਿੱਲ ਦੀਆਂ ਪੁਸਤਕਾਂ ਮੋਮੀ ਲੇਨ, ਪੰਦਰ੍ਹਵਾਂ ਲਾਲ ਕਰਾਸ ਅਤੇ ਲੌਕਡਾਊਨ ਇਨਫਿਨਟੀ ਨਾਵਲ ਲਾਕਡਾਊਨ ਇਨਫਿਨਟੀ ਬਾਰੇ ਭਰਪੂਰ ਚਰਚਾ ਕੀਤੀ। ਸਭ ਦੀ ਦਲੀਲ ਸੀ ਕਿ ਪਹਿਲਾਂ ਵਾਲੇ ਨਾਵਲ ਦੀ ਤਰ੍ਹਾਂ ਆਵਾਸ ਤੇ ਪ੍ਰਵਾਸ ਦੀ ਗਾਥਾ ਹੈ, ਉੱਥੇ ਮਨੁੱਖੀ ਗੀਣਾਂ ਨੂੰ ਵਿਗਿਆਨਕ ਪੱਧਰ 'ਤੇ ਨਾਵਲੀ ਰੂਪ 'ਚ ਲੈ ਆਂਦਾ ਹੈ। ਕੁੱਲ ਮਿਲਾ ਕੇ ਤੱਤ ਰੂਪ ਵਿੱਚ ਜੇ ਕਹਿਣਾ ਹੋਵੇ ਤਾਂ ਡਾ. ਕਰਨੈਲ ਸਿੰਘ ਸ਼ੇਰਗਿੱਲ ਇੱਕ ਅਤੀ ਸੰਵੇਦਨਸ਼ੀਲ ਮਨੁੱਖ ਅਤੇ ਬਹੁਪੱਖੀ ਲੇਖਕ ਹੈ, ਜਿਨ੍ਹਾਂ ਅੰਦਰ ਸਾਹਿਤ ਸਿਰਜਣਾ ਦੇ ਬੀਜ ਲਗਾਤਾਰ ਪੁੰਗਰਦੇ ਰਹਿੰਦੇ ਹਨ। ਸਾਹਿਤ ਜਗਤ ਨੂੰ ਉਹਨਾਂ ਤੋਂ ਹੋਰ ਵੀ ਵੱਡੀਆਂ ਆਸਾਂ ਹਨ। ਉਹਨਾਂ ਦੇ ਨਿਵਾਸ 'ਤੇ ਰਿਲੀਜ਼ ਕੀਤੀਆਂ ਤਿੰਨ ਕਿਤਾਬਾਂ ਮੌਕੇ ਮੇਰੇ ਤੋਂ ਇਲਾਵਾ ਬਹੁਪੱਖੀ, ਬਹੁਪਰਤੀ ਲੇਖਕ ਤੇ ਬਹੁਤ ਹੀ ਸੁਲਝੇ ਹੋਏ ਇਨਸਾਨ ਇੰਜ. ਕਿਰਪਾਲ ਸਿੰਘ ਪੂਨੀ ਕਵੈਂਟਰੀ ਵਾਲੇ ਤੇ ਡਾ. ਜਸਵੰਤ ਸਿੰਘ ਬਿਲਖੂ ਵਿਅੰਗ ਲੇਖਕ ਵੀ ਹਾਜ਼ਰ ਸਨ। ਡਾਕਟਰ ਬਿਲਖੂ ਨੇ ਵਿਅੰਗ ਦੀ ਵਿਧਾ ਵਿੱਚ ਬਹੁਤ ਸੋਹਣੀ ਰਚਨਾ ਕੀਤੀ ਹੈ। ਸ਼ਾਲਾ ਸਾਡੇ ਇਹਨਾਂ ਦੋਨਾਂ ਦੋਸਤਾਂ ਦੀ ਰਚਨਾਤਮਕ ਸਮਰੱਥਾ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਦੀ ਰਹੇ।

## ਹਰਦੀਪ ਕੌਰ ਚੰਡਿਹੋਕ ਯਾਦਗਾਰੀ ਪਾਠਕ ਸਨਮਾਨ ਸੁਖਵਿੰਦਰ ਸਿੰਘ ਭਦੌੜ ਨੂੰ



**ਬਰਨਾਲਾ** : ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਵਲੋਂ ਪਾਠਕ ਸਨਮਾਨ ਦਾ ਐਲਾਨ ਕਰ ਦਿੱਤਾ ਗਿਆ ਹੈ ਜੋ ਕਿ 26 ਅਕਤੂਬਰ ਨੂੰ ਭੇਟ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰੈਸ ਸਕੱਤਰ ਮਨਦੀਪ ਕੁਮਾਰ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਦੇ ਸੰਸਥਾਪਕ ਅਤੇ ਪ੍ਰਧਾਨ ਤੇਜਿੰਦਰ ਚੰਡਿਹੋਕ ਸਾਬਕਾ ਏ ਐਸ ਪੀ ਜੋ ਆਪ ਵੀ ਸਾਹਿਤਕਾਰ ਅਤੇ ਆਲੋਚਕ ਹਨ ਅਤੇ ਪਰਿਵਾਰ ਵਲੋਂ ਨਿਯੁਕਤ ਤਿੰਨ ਮੈਂਬਰੀ ਚੋਣ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਮੁੱਖ ਰੱਖ ਕੇ ਤੀਜਾ ਪਾਠਕ ਸਨਮਾਨ ਸੁਖਵਿੰਦਰ ਸਿੰਘ ਭਦੌੜ ਨੂੰ ਦਿੱਤਾ ਜਾਵੇਗਾ ਜਿਸ ਵਿਚ ਸਨਮਾਨ ਪੱਤਰ, ਲੋਈ, ਨਗਦ ਰਾਸ਼ੀ ਅਤੇ ਪੁਸਤਕਾਂ ਦਾ ਸੈੱਟ ਦਿੱਤਾ ਜਾਂਦਾ ਹੈ। ਯਾਦ ਰਹੇ ਸਭਾ ਵਲੋ ਪਹਿਲਾਂ ਜੁਗਰਾਜ ਸਿੰਘ ਰਾਏਸਰ, ਬੀਰਪਾਲ ਕੌਰ ਹੰਡਿਆਇਆ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ। ਸਮਾਗਮ ਦੀ ਰੂਪ ਰੇਖਾ ਬਾਅਦ ਵਿੱਚ ਦਸੀ ਜਾਵੇਗੀ।

## ਲੇਖਕ ਭਾਈਚਾਰੇ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਸ਼ਮੂਲੀਅਤ ਕਰਨ ਦੀ ਅਪੀਲ

**ਅੰਮ੍ਰਿਤਸਰ** : ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਨੇ ਪੰਜਾਬ ਵਿੱਚ ਹੜ੍ਹਾਂ ਦੀ ਗੰਭੀਰ ਸਥਿਤੀ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਸਮੂਹ ਲੇਖਕ ਭਾਈਚਾਰੇ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਹਰ ਸੰਭਵ ਰਾਹਤ ਕਾਰਜਾਂ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਹੈ।ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਦੇ ਕਈ ਇਲਾਕਿਆਂ ਵਿੱਚ ਹੜ੍ਹਾਂ ਕਾਰਨ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਹੈ। ਫ਼ਸਲਾਂ, ਘਰਾਂ ਅਤੇ ਜਨਤਕ ਸੰਪਤੀਆਂ ਦਾ ਭਾਰੀ ਖ਼ਰਾਬਾ ਹੋਇਆ ਹੈ, ਜਿਸ ਕਾਰਨ ਲੱਖਾਂ ਲੋਕ ਪ੍ਰਭਾਵਿਤ ਹੋਏ ਹਨ। ਕਈ ਪਿੰਡ ਪਾਣੀ ਵਿੱਚ ਡੁੱਬ ਗਏ ਹਨ ਅਤੇ ਲੋਕਾਂ ਨੂੰ ਰਾਹਤ ਕੈਂਪਾਂ ਵਿੱਚ ਪਨਾਹ ਲੈਣੀ ਪਈ ਹੈ। ਇਸ ਸੰਕਟਕਾਲੀ ਸਥਿਤੀ ਵਿੱਚ ਲੇਖਕ ਭਾਈਚਾਰੇ ਦੀ ਜ਼ਿੰਮੇਵਾਰੀ ਹੈ ਕਿ ਉਹ ਸਮਾਜਿਕ ਸਰੋਕਾਰਾਂ ਨੂੰ ਮੁੱਖ ਰੱਖਦਿਆਂ ਪੀੜਤਾਂ ਦੀ ਮਦਦ ਲਈ ਅੱਗੇ ਆਉਣ।ਕੇਂਦਰੀ ਪੰਜਾਬੀ ਲੇਖਕ ਸਭਾ ਨੇ ਕਿਹਾ ਕਿ ਲੇਖਕ ਭਾਈਚਾਰਾ ਪਹਿਲਾਂ ਹੀ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਲਗਾਤਾਰ ਕਾਰਜਸ਼ੀਲ ਹੈ।

# ਨਾਵਲਕਾਰ ਹਰਜੀਤ ਅਟਵਾਲ ਦੇ ਜਨਮ ਦਿਨ 'ਤੇ ਜਸਵਿੰਦਰ-ਧਨਵੰਤ ਨਾਲ ਸੰਵਾਦ



**ਇੰਗਲੈਂਡ** : 'ਅਦਾਰਾ ਸ਼ਬਦ' ਵੱਲੋਂ ਡਾ. ਧਨਵੰਤ ਕੌਰ ਤੇ ਡਾ. ਜਸਵਿੰਦਰ ਸਿੰਘ ਦੇ ਮਾਣ ਵਿਚ ਪਿੰਕ ਸਿਟੀ ਰੈਸਟੋਰੈਂਟ, ਹੇਜ਼ ਵਿਚ ਇਕ ਡਿਨਰ ਪਾਰਟੀ ਰੱਖੀ ਗਈ, ਜਿਸ ਵਿਚ ਲੰਡਨ ਭਰ ਦੇ ਲੇਖਕ ਸ਼ਾਮਲ ਹੋਏ। ਇਸ ਮੌਕੇ ਪ੍ਰੋ. ਹਰਭਜਨ ਸਿੰਘ ਦੀ ਜੀਵਨੀ, 'ਸੁਰਖ ਰਾਹਾਂ ਦੀਆਂ ਸਿਮ੍ਰਤੀਆਂ' ਰਿਲੀਜ਼ ਕੀਤੀ ਗਈ।

ਕਿਤਾਬ ਉਪਰ ਬੋਲਦਿਆਂ ਡਾ. ਧਨਵੰਤ ਕੌਰ ਨੇ ਲੇਖਕ ਦੀ ਹਾਂ-ਮੁਖੀ ਸੋਚ ਬਾਰੇ ਗੱਲ ਕੀਤੀ। ਡਾ. ਜਸਵਿੰਦਰ ਸਿੰਘ ਨੇ ਸਾਹਿਤ ਕਾਰਨ ਪ੍ਰੋ. ਹਰਭਜਨ ਸਿੰਘ ਦੀ ਜ਼ਿੰਦਗੀ ਵਿਚ ਆਈ ਤਬਦੀਲੀ ਦਾ ਜ਼ਿਕਰ ਕੀਤਾ। ਕੁਝ ਹੋਰ ਹਾਜ਼ਰ ਲੇਖਕਾਂ ਨੇ ਵੀ ਪ੍ਰੋ. ਸਾਹਿਬ ਨਾਲ ਆਪਣੇ ਸੰਬੰਧਾਂ ਬਾਰੇ ਚਰਚਾ ਕੀਤੀ। ਇਸੇ ਮੌਕੇ 'ਮਹਾਨ ਕੋਸ਼' ਬਾਰੇ ਚੱਲਦੇ ਵਾਦ-ਵਿਵਾਦ ਬਾਰੇ ਵੀ ਡਾ. ਧਨਵੰਤ ਕੌਰ ਤੇ ਡਾ. ਜਸਵਿੰਦਰ ਸਿੰਘ ਨੇ ਵਿਸਥਾਰ ਨਾਲ ਗੱਲਬਾਤ ਕੀਤੀ। ਇਸੇ ਵਿਸ਼ੇ ਬਾਰੇ ਰਣਜੀਤ ਧੀਰ, ਹਰਜੀਤ ਅਟਵਾਲ ਤੇ ਸੁਰਿੰਦਰ ਸੀਹਰਾ ਵੱਲੋਂ ਕੁਝ ਸਵਾਲ ਵੀ ਉਠਾਏ ਗਏ, ਜਿਹਨਾਂ ਦੇ ਜਵਾਬ ਡਾ. ਜਸਵਿੰਦਰ ਸਿੰਘ ਨੇ ਬਹੁਤ ਸ਼ਾਂਤ ਲਹਿਜੇ ਵਿਚ ਦਿੱਤੇ। ਸਮੁੱਚੀ ਗੱਲਬਾਤ ਵਿਚ ਲੱਗਭੱਗ ਸਾਰੇ ਹਾਜ਼ਰ ਲੇਖਕਾਂ ਨੇ ਹੀ ਭਾਗ ਲਿਆ। ਇਹ ਸਾਰੀ ਵਿਚਾਰ ਚਰਚਾ ਇੰਨੇ ਵਧੀਆ ਢੰਗ ਨਾਲ ਹੋਈ ਕਿ ਡਿਨਰ ਪਾਰਟੀ ਇਕ ਸਮਾਗਮ ਵਿਚ ਤਬਦੀਲ ਹੋ ਗਈ। ਇਸ ਸਾਰੀ ਕਾਰਵਾਈ ਦੀ ਮੰਚ ਸੰਚਾਲਨਾ ਦਰਸ਼ਨ ਬੁਲੰਦਵੀ ਨੇ ਕੀਤੀ। ਇਸ ਮੌਕੇ ਦੀ ਇਕ ਹੋਰ ਖਾਸੀਅਤ ਇਹ ਰਹੀ ਕਿ ਅੱਠ ਸਤੰਬਰ ਹਰਜੀਤ ਅਟਵਾਲ ਦਾ ਜਨਮ ਦਿਨ ਵੀ ਪੈਂਦਾ ਹੈ ਤੇ ਇਸ ਮੌਕੇ ਨਾਵਲਕਾਰ ਦੇ ਜਨਮ ਦਿਨ ਦਾ ਕੇਕ ਵੀ ਕੱਟਿਆ ਗਿਆ। ਇਸ ਸਮਾਗਮ ਵਿਚ ਭਾਗ ਲੈਣ ਵਾਲੇ ਹੋਰ ਚਰਚਿਤ ਨਾਂਅ ਇਸ ਪ੍ਰਕਾਰ ਹਨ: ਹਰਦੇਸ਼ ਬਸਰਾ, ਵਰਿੰਦਰ ਸ਼ਰਮਾ (ਐਕਸ ਐੱਮ.ਪੀ), ਮਹਿੰਦਰਪਾਲ ਧਾਲੀਵਾਲ, ਗੁਰਨਾਮ ਗਰੇਵਾਲ, ਸ਼ੇਖਰ ਅਜ਼ੀਮ, ਰੂਪ ਢਿੱਲੋਂ, ਗੁਰਮੇਲ ਕੌਰ ਸੰਘਾ, ਭਿੰਦਰ ਜਲਾਲਾਬਾਦੀ, ਕੁਲਵੰਤ ਢਿੱਲੋਂ, ਮਨਜੀਤ ਪੱਡਾ, ਚਰਨਜੀਤ ਬੁਲੰਦਵੀ, ਸ਼ਿਵਦੀਪ ਢੇਸੀ ਆਦਿ। ਇਸ ਸਾਰੇ ਸਮਾਗਮ ਦਾ ਆਯੋਜਨ ਪ੍ਰੀਤੀ ਭੋਜ ਤੇ ਡਰਿੰਕਸ ਦਾ ਇੰਤਜ਼ਾਮ ਸ਼ਾਇਰ ਹਰਦੇਸ਼ ਬਸਰਾ ਨੇ ਕੀਤਾ ਸੀ, ਜਿਸ ਲਈ ਸੁਰਿੰਦਰ ਸੀਹਰਾ ਨੇ 'ਅਦਾਰਾ ਸ਼ਬਦ' ਵੱਲੋਂ ਹਰਦੇਸ਼ ਬਸਰਾ ਦਾ ਖਾਸ ਧੰਨਵਾਦ ਕੀਤਾ ਗਿਆ। ਇਹ ਯਾਦਗਾਰੀ ਸਮਾਗਮ ਸ਼ਾਮ ਨੂੰ ਪੰਜ ਵਜੇ ਸ਼ੁਰੂ ਹੋ ਕੇ ਦੇਰ ਰਾਤ ਤੱਕ ਚੱਲਦਾ ਰਿਹਾ।

# ਪੰਜਾਬੀ ਸੱਭਿਆਚਾਰ ਮੰਚ ਨੇ ਸ਼ਹੀਦ ਊਧਮ ਸਿੰਘ ਦੀ ਯਾਦ ਵਿੱਚ ਸਮਾਗਮ ਕਰਾਇਆ



**ਬਰੈਂਪਟਨ** : ਊਧਮ ਸਿੰਘ ਤੇ ਉਨ੍ਹਾ ਸਾਥੀਆਂ ਦੀਆਂ ਕੁਰਬਾਨੀਆਂ ਨੂੰ ਚੇਤੇ ਕਰਨ ਲਈ ਬੀਤੇ ਦਿਨੀਂ ਦੇਸ਼ ਅਤੇ ਲੋਕਾਂ ਲਈ ਕੁਰਬਾਨੀ ਅਤੇ ਲਿਤਾੜੇ ਲੋਕਾਂ ਲਈ ਜੀਵਨ ਉਦੇਸ਼ 'ਤੇ ਬਾਤਾਂ ਪਾਉਣ, ਚਰਚਾ ਕਰਨ ਅਤੇ ਦੇਸ਼ ਵਾਸੀਆਂ ਦੇ ਆਪਣੇ ਹੱਕਾਂ ਲਈ ਉਹਨਾਂ ਦੇ ਮਾਰਗ ਨੂੰ ਅਪਣਾਉਣ ਲਈ ਪੰਜਾਬੀ ਸੱਭਿਆਚਾਰ ਮੰਚ ਨੇ ਸਮਾਗਮ ਕਰਾਇਆ । ਚੰਗੀ ਹਾਜ਼ਰੀ ਵਿੱਚ ਸਟੇਜ ਸਕੱਤਰ ਹਰਚੰਦ ਸਿੰਘ ਬਾਸੀ ਨੇ ਪਹਿਲਾਂ ਬਲਦੇਵ ਸਿੰਘ ਸਹਿਦੇਵ ਪ੍ਰਧਾਨ, ਸੁਖਦੇਵ ਸਿੰਘ ਸਕੱਤਰ, ਪ੍ਰੋ. ਲਾਲ ਸਿੰਘ ਅਤੇ ਵਿਸਾਖਾ ਸਿੰਘ ਤਾਤਲਾ ਨੂੰ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਣ ਲਈ ਬੇਨਤੀ ਕੀਤੀ ।ਇਸ ਪਿੱਛੋਂ ਸੁਖਦੇਵ ਸਿੰਘ ਧਾਲੀਵਾਲ ਨੇ ਦੇਸ਼ ਅਤੇ ਅੰਤਰ-ਰਾਸ਼ਟਰੀ ਹਾਲਾਤ 'ਤੇ ਆਪਣੇ ਵਿਚਾਰ ਰੱਖੇ।ਉਸ ਪਿੱਛੋਂ ਬਲਦੇਵ ਸਿੰਘ ਸਹਿਦੇਵ ਨੇ ਵਿਸਥਾਰ ਵਿੱਚ ਸ਼ਹੀਦ ਦੀ ਜੀਵਨੀ, ਜੱਦੋ-ਜਹਿਦ ਅਤੇ ਦੇਸ਼ ਦੀ ਅਜ਼ਾਦੀ ਵਿੱਚ ਪਾਏ ਲਾਮਿਸਾਲ ਯੋਗਦਾਨ ਦੀ ਚਰਚਾ ਕਰਦਿਆਂ ਭਾਰਤ ਦੇ ਅਜੋਕੇ ਹਾਲਾਤ ਸਮਾਜਿਕ, ਆਰਥਿਕ, ਧਾਰਮਿਕ ਅਨਿਆਂ, ਬੇਰੁਜ਼ਗਾਰੀ ਅਤੇ ਸਰਮਾਏਦਾਰਾਂ ਦੁਆਰਾ ਖੁੱਲ੍ਹੀ ਲੁੱਟ ਦੀ ਗੱਲ ਕੀਤੀ । ਪ੍ਰਿੰ. ਗਿਆਨ ਸਿੰਘ ਘਈ ਅਤੇ ਇੱਕ ਹੋਰ ਕਵੀ ਗਿਆਨ ਸਿੰਘ ਨੇ ਕਵਿਤਾਵਾਂ ਪੜ੍ਹੀਆਂ। ਸਮਾਗਮ ਦੇ ਦੂਸਰੇ ਸੈਸ਼ਨ ਵਿੱਚ ਹਰਚੰਦ ਸਿੰਘ ਬਾਸੀ ਦੀਆਂ ਦੋ ਕਵਿਤਾਵਾਂ ਦੀਆਂ ਪੁਸਤਕਾਂ 'ਅੱਖ ਦੀ ਕਸਕ' ਅਤੇ 'ਬੋਲਦੇ ਅੱਖਰ' ਲੋਕ ਅਰਪਣ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਲੋਕਾਂ ਦੇ ਜੀਵਨ ਨਾਲ ਸੰਬੰਧਤ ਸਮੱਸਿਆਵਾਂ ਨਾਲ ਸਰੋਕਾਰ ਰੱਖਦੀਆਂ ਕਵਿਤਾਵਾਂ ਹਨ। ਪ੍ਰਿੰਸੀਪਲ ਗਿਆਨ ਸਿੰਘ ਘਈ ਦੀ ਪੁਸਤਕ 'ਸ਼ਹੀਦੀ ਰੰਗ' ਲੋਕ ਅਰਪਣ ਕੀਤੀ ਗਈ, ਜਿਸ ਵਿੱਚ ਇੱਕ ਸੌ ਸੱਤ ਸ਼ਹੀਦਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਹਰਚੰਦ ਸਿੰਘ ਬਾਸੀ ਨੇ ਘਈ ਦੀ ਪੁਸਤਕ 'ਤੇ ਬੋਲਦਿਆਂ ਕਿਹਾ ਕਿ ਇਹ ਪੁਸਤਕ ਸ਼ਹੀਦਾਂ ਦੇ ਜੀਵਨ ਬਾਰੇ ਮਹੱਤਵਪੂਰਨ ਹੈ । ਪਾਠਕ ਇੱਕੋ ਕਿਤਾਬ ਵਿੱਚੋਂ ਵਡਮੁੱਲੀ ਜਾਣਕਾਰੀ ਹਾਸਲ ਕਰ ਸਕਦੇ ਹਨ। ਪੁਸਤਕ 'ਤੇ ਅਮਰਜੀਤ ਕੌਰ ਲੈਕਚਰਾਰ ਨੇ ਭੂਮਿਕਾ ਦੇ ਸ਼ਬਦ ਪੜ੍ਹੇ।ਅੰਤ ਵਿੱਚ ਪ੍ਰੋ. ਲਾਲ ਸਿੰਘ ਬਰਾੜ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਨੂੰ ਆਪਣੇ ਸ਼ਹੀਦਾਂ ਨੂੰ ਯਾਦ ਕਰਨ ਲਈ ਅਤੇ ਜੀਵਨ ਪ੍ਰੇਰਨਾ ਲੈਣ ਲਈ ਇਹੋ ਜਿਹੇ ਸਮਾਗਮ ਕਰਦੇ ਰਹਿਣਾ ਚਾਹੀਦਾ ਹੈ। ਪੰਜਾਬੀ ਸੱਭਿਆਚਾਰ ਮੰਚ ਦੇ ਉੱਦਮ ਦੀ ਭਰਪੂਰ ਸ਼ਲਾਘਾ ਕੀਤੀ।

ਹੋਰਨਾਂ ਤੋਂ ਇਲਾਵਾ ਲਾਲ ਸਿੰਘ ਚਾਹਲ, ਗੁਰਦਿਆਲ ਸਿੰਘ ਢਾਲਾ, ਹਰਜਿੰਦਰ ਸਿੰਘ ਸਿੱਧੂ, ਪ੍ਰਿੰਸੀਪਲ ਗੁਰਬਖਸ਼ ਸਿੰਘ, ਹਰਮੇਲ ਸਿੰਘ ਪੰਜਗਰਾਈਂ, ਰਣਬੀਰ ਸਿੰਘ ਸੰਘਾ, ਗੁਰਸੇਵ ਸਿੰਘ ਸਿੱਧੂ, ਬਲਵੰਤ ਸਿੰਘ ਆਦਿ ਸ਼ਾਮਲ ਹੋਏ।

# ਪਾਠਕਾਂ ਦੇ ਝਰੋਖੇ 'ਚੋਂ

## ਪ੍ਰੋ. ਕਿਸ਼ਨ ਸਿੰਘ ਦਾ ਪੰਜਾਬੀ-ਚਿੰਤਨ

ਪ੍ਰੋ. ਕਿਸ਼ਨ ਸਿੰਘ ਦੇ ਪੰਜਾਬੀ-ਚਿੰਤਨ ਉੱਪਰ ਪ੍ਰਕਾਸ਼ਿਤ ਹੋਈਆਂ ਨੌਂ ਪੁਸਤਕਾਂ ਬਾਰੇ ਡਾ. ਕੁਲਦੀਪ ਸਿੰਘ ਦੀਪ ਨੇ ਲੰਮਾ-ਚੌੜਾ ਆਰਟੀਕਲ ਲਿਖ ਕੇ ਪਾਠਕਾਂ ਦੀ ਸਾਹਿਤਕ ਸੇਵਾ ਕੀਤੀ ਹੈ। ਉਸ ਨੇ ਪ੍ਰੋ. ਸਾਹਿਬ ਦੇ ਮਾਰਕਸੀ ਨਜ਼ਰੀਏ ਤੋਂ ਸਥਾਪਤ ਸੰਕਲਪਾਂ ਤੇ ਧਾਰਨਾਵਾਂ ਉੱਤੇ ਸਪੱਸ਼ਟਤਾ ਭਰਪੂਰ ਵਿਚਾਰ-ਚਰਚਾ ਕਰਦਿਆਂ ਇਨ੍ਹਾਂ ਪੁਸਤਕਾਂ ਅੰਦਰਲੇ ਸਿਧਾਂਤਕ ਨਿਰਣਿਆਂ 'ਤੇ ਵੀ ਹਾਈ ਬੀਮ ਰੌਸ਼ਨੀ ਸੁੱਟੀ ਹੈ। ਵਿਦਵਤਾ- ਲਬਰੇਜ਼ ਵਿਚਾਰਾਂ ਵਾਲੀ ਸੌਖੀ ਸ਼ਾਬਦਿਕ ਸ਼ੈਲੀ ਡਾ. ਦੀਪ ਦੇ ਇਸ ਆਰਟੀਕਲ ਦਾ ਹਾਸਲ ਹੈ।

ਡਾ. ਦੀਪ ਦਰੁਸਤ ਲਿਖਦਾ ਹੈ, ਤੀਜੀ ਤੇ ਨਵੀਂ ਧਾਰਾ ਨੂੰ ਪਨਪਣ ਤੋਂ ਰੋਕਣ ਲਈ 'ਬਹੁਤ ਕੁੱਝ' ਕੀਤਾ। ਮੈਂ ਤਤਕਾਲੀ ਵਿਦਿਆਰਥੀ ਹੋਣ ਕਰਕੇ ਇਸ 'ਬਹੁਤ ਕੁੱਝ' ਦਾ ਗਵਾਹ ਹਾਂ। ਸੋਵੀਅਤ ਯੂਨੀਅਨ ਟੁੱਟਣ ਤੱਕ ਪੰਜਾਬ ਦੀ ਖੱਬੀ ਧਿਰ ਦੇ ਵਿਚਾਰਵਾਨ ਪ੍ਰੋ. ਸਾਹਿਬ ਦੀਆਂ ਧਾਰਨਾਵਾਂ ਨਾਲ ਅਸਹਿਮਤ ਸਨ। ਦਿੱਲੀ ਤੇ ਅੰਮ੍ਰਿਤਸਰ ਯੂਨੀਵਰਸਿਟੀ ਵਾਲੇ ਪਹਿਲਾਂ ਹੀ ਦੂਜੀ ਧਾਰਾ ਦੇ ਮੁੱਦਈ ਸਨ ਤੇ ਪਹਿਲੀ ਧਾਰਾ ਵਾਲੇ ਪ੍ਰਿੰ. ਸੰਤ ਸਿੰਘ ਸੇਖੋਂ-ਚਿੰਤਨ ਤੋਂ ਅੱਗੇ ਨਹੀਂ ਤੁਰਦੇ ਸਨ। ਸਿਰਫ਼ ਪਟਿਆਲਾ ਯੂਨੀਵਰਸਿਟੀ ਦੇ ਮੇਰੇ ਅਧਿਆਪਕ ਡਾ. ਰਵੀ ਤੇ ਇੱਥੋਂ ਦੇ ਹੋਰ ਵਿਦਵਾਨਾਂ ਨੇ ਕਥਿਤ ਤੀਜੀ ਧਾਰਾ ਨੂੰ ਢੋਈ ਦਿੱਤੀ। ਮੇਰੇ ਵਰਗੇ ਸਾਹਿਤਕ ਜਗਿਆਸੂਆਂ ਨੇ 'ਸੇਧ' ਨੂੰ ਬੁੱਕ-ਸਟਾਲਾਂ ਤੱਕ ਪਹੁੰਚਾਇਆ। ਇਸ ਆਰਟੀਕਲ ਵਿੱਚ ਗੁਰਬਾਣੀ ਦੀ ਵੱਥ ਬਾਰੇ ਤਾਂ ਪ੍ਰੋ. ਸਾਹਿਬ ਦੀਆਂ ਮਾਨਤਾਵਾਂ 'ਤੇ ਚਰਚਾ ਹੋਈ ਹੈ, ਪਰ ਕਿੱਸਾ-ਕਾਵਿ ਮਨਫੀ ਹੈ। ਇਨ੍ਹਾਂ ਪੁਸਤਕਾਂ ਦੀ ਪੁਨਰ-ਪ੍ਰਕਾਸ਼ਨਾ ਲਈ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਨੂੰ ਮੁਬਾਰਕਾਂ ਤੇ ਸ਼ਾਬਾਸ਼।

*—ਡਾ. ਲਾਭ ਸਿੰਘ ਖੀਵਾ, ਚੰਡੀਗੜ੍ਹ।*

## ਜਸਵਿੰਦਰ ਭੁੱਲਰ ਦਾ ਲੇਖ

31 ਅਗਸਤ ਦੇ 'ਐਤਵਾਰਤਾ' ਵਿੱਚ ਪੜ੍ਹਨਯੋਗ ਸਮਗਰੀ ਬਹੁਤ ਵਧੀਆ ਸੀ। ਮਹਿਤਾਬੀ ਡੱਬੀ ਦਾ ਚਾਨਣ, ਸੁਰਜੀਤ ਸੁਮਨ ਦਾ ਲੇਖ ਇੱਥੇ ਮਾਏ ਸਾਡਾ ਕੋਈ ਸਿਰ ਨਈਂ ਪਲੋਸਦਾ, ਸਮੁੱਚੇ ਪੁਸਤਕ ਰੀਵਿਊ ਤੋਂ ਇਲਾਵਾ ਮਿੰਨੀ ਕਹਾਣੀਆਂ, ਡਾ. ਜਸਵਿੰਦਰ ਸਿੰਘ ਭੁੱਲਰ ਦੇ ਆਰਟੀਕਲ 'ਭਾਈ ਬਾਲਾ ਤੇ ਬਾਲੇ ਵਾਲੀ ਜਨਮ ਸਾਖੀ ਦਾ ਅਸਲ ਨਿਸਤਾਰਾ' ਦੀ ਪਹਿਲੀ ਕਿਸ਼ਤ ਰੌਚਕ ਅਤੇ ਗਿਆਨ-ਵਰਧਕ ਰਹੀ। ਬੱਚਿਆਂ ਦਾ ਕੋਨਾ ਅਤੇ ਸਮਕਾਲ ਵਧੀਆ ਲੱਗਿਆ।

*—ਤੇਜਿੰਦਰ ਚੰਡਿਹੋਕ*

## ਪੁਸਤਕਾਂ ਵਾਲਾ ਪੰਨਾ

ਨਵਾਂ ਜ਼ਮਾਨਾ ਐਤਵਾਰਤਾ ਕਾਫੀ ਸਮੇਂ ਤੋਂ ਪੜ੍ਹਦਾ ਆ ਰਿਹਾ ਹਾਂ। ਇਸ ਵਿਚ ਛਪਦੇ ਲੇਖ ਸੋਚਣ ਲਈ ਮਜ਼ਬੂਰ ਕਰਦੇ ਹਨ। ਅਨਿਲ ਰਾਜ਼ੀਮਵਾਲੇ ਦੇ ਲਿਖੇ ਕਮਿਊਨਿਸਟ ਨੇਤਾਵਾਂ ਦੇ ਲੇਖ ਪੜ੍ਹ ਕੇ ਪਤਾ ਲੱਗਦਾ ਹੈ ਕਿ ਸਾਡੇ ਕੋਲ ਲੋਕ ਮੁੱਦਿਆਂ ਨੂੰ ਚੁੱਕਣ ਵਾਲੇ ਆਗੂ ਬਹੁਤ ਸਨ। ਪਰ ਹੁਣ ਉਹ ਬਹੁਤ ਘੱਟ ਗਏ ਹਨ। ਇਨ੍ਹਾਂ ਨੂੰ ਅਨੁਵਾਦ ਕਰਕੇ ਐੱਮ. ਐੱਸ. ਭਾਟੀਆ ਵਧੀਆਂ ਕੰਮ ਕਰ ਰਿਹਾ ਹੈ। ਡਾ. ਜਸਵਿੰਦਰ ਸਿੰਘ ਭੁੱਲਰ ਦੀ ਲੇਖ ਲੜੀ ਦੀ ਦੂਜੀ ਕਿਸ਼ਤ ਪੜ੍ਹੀ। ਭਾਈ ਬਾਲਾ ਬਾਰੇ ਕਾਫੀ ਕੁਝ ਸਪੱਸ਼ਟ ਹੋ ਗਿਆ। ਭੁੱਲਰ ਨੇ ਕਾਫੀ ਮਿਹਨਤ ਕਰਕੇ ਲਿਖਿਆ ਹੈ। ਪੁਸਤਕਾਂ ਵਾਲਾ ਪੰਨਾਂ ਵੀ ਮਿਆਰੀ ਹੁੰਦਾ ਹੈ। ਪਰ ਇਹ ਕਿਤਾਬਾਂ ਕਿੱਥੋਂ ਤੇ ਕਿਵੇਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਸ ਦਾ ਪਤਾ ਨਹੀਂ ਲੱਗਦਾ। ਤੁਹਾਨੂੰ ਪ੍ਰਕਾਸ਼ਤ ਦੇ ਫੋਨ ਨੰਬਰ ਦੇਣੇ ਚਾਹੀਦੇ ਹਨ। ਤਾਂ ਕਿ ਪਾਠਕ ਉਨ੍ਹਾਂ ਕੋਲੋਂ ਪੁਸਤਕਾਂ ਮੰਗਵਾ ਸਕਣ। ਜਿਵੇਂ ਸਮਕਾਲ ਵਿੱਚ ਰਸਾਲਿਆਂ ਬਾਰੇ ਜਾਣਕਾਰੀ ਦੇ ਨਾਲ ਨਾਲ ਉਨ੍ਹਾਂ ਦੇ ਸੰਪਰਕ ਪਤੇ ਤੇ ਫੋਨ ਨੰਬਰ ਦਿੱਤੇ ਜਾਂਦੇ ਹਨ।

ਅਖ਼ਬਾਰ ਦਾ ਦੋ ਨੰਬਰ ਪੰਨੇ ਉੱਤੇ ਜਤਿੰਦਰ ਪਨੂੰ ਦਾ ਲੇਖ, ਵਿਜੈ ਬੰਬੇਲੀ ਦਾ ਲੇਖ ਅਤੇ ਸੁਰਜੀਤ ਸੁਮਨ ਦਾ ਲੇਖ ਵੀ ਕਾਫੀ ਰੌਚਕ ਹੁੰਦੇ ਹਨ। ਜੋ ਵੱਖ ਵੱਖ ਸਮਕਾਲੀ ਮੁੱਦੇ ਉਭਾਰਦੇ ਹਨ। 'ਰੰਗਾਂ ਦੀ ਖੇਡ' ਪੁਸਤਕ ਬਾਰੇ ਬਲਬੀਰ ਮਾਧੋਪੁਰੀ ਨੇ ਸੋਹਣਾ ਲਿਖਿਆ ਹੈ। 'ਹੀਰੋ ਸ਼ੀਮਾਂ' ਦਾ ਰੀਵਿਊ ਪੜ੍ਹ ਕੇ ਮੇਰੇ ਮਨ ਅੰਦਰ ਕਿਤਾਬ ਪੜ੍ਹਨ ਦੀ ਉਤਸੁਕਤਾ ਜਾਗੀ ਹੈ। ਬਾਕੀ ਪਹਿਲੇ ਪੰਨੇ ਉੱਤੇ ਪ੍ਰੋ. ਕਿਸ਼ਨ ਸਿੰਘ ਦੀਆਂ ਸਾਰੀਆਂ ਕਿਤਾਬਾਂ ਬਾਰੇ ਡਾ. ਕੁਲਦੀਪ ਸਿੰਘ ਦੀਪ ਨੇ ਸੋਹਣੀ ਜਾਣਕਾਰੀ ਦਿੱਤੀ ਹੈ।

*-ਪਰਮਿੰਦਰ ਵਿਰਦੀ,*
*ਪਿੰਡ ਸਲੇਮਪੁਰ ਮੁਸਲਮਾਨਾਂ, ਜਲੰਧਰ*

**ਪਾਠਕਾਂ ਲਈ**

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਬਾਬਾ ਸੋਹਣ ਸਿੰਘ ਭਕਨਾ : ਲੇਖਕ ਅਨਿਲ ਰਾਜੀਮਵਾਲੇ**

**ਸਾਹਿਤਕ ਆਲੋਚਨਾ ਦਾ ਸੰਕਟ ਸੰਦਰਭ ਸਮਕਾਲੀ ਭਾਰਤੀ ਸਾਹਿਤ : ਗਣੇਸ਼ਾ ਦੇਵੀ**

**ਬੇਜ਼ਮੀਨੇ ਮਜ਼ਦੂਰਾਂ ਦਾ ਦਰਦ : ਹਰਮੇਸ਼ ਮਾਲੜੀ**


**ਲਾਲ ਰੱਤਾ : ਭੁਪਿੰਦਰ ਸਿੰਘ ਮਾਨ (ਫੋਕਸ) ਨਿਰੰਜਣ ਬੋਹਾ**

**ਡਾ. ਗੁਰਸੇਵਕ ਲੰਬੀ ਦੀਆਂ ਗ਼ਜ਼ਲਾਂ**

# ਸਮਕਾਲ

---- ਭਗਵੰਤ ਰਸੂਲਪੁਰੀ----

## ਮੰਤਵ : ਕਥਾਕਾਰ ਜਿੰਦਰ ਦੀ ਮੁਲਾਕਾਤ




ਮੰਤਵ ਦਾ ਦੂਜਾ ਅੰਕ ਨਿੱਗਰ ਸਮੱਗਰੀ ਨਾਲ ਹਾਜ਼ਰ ਹੋਇਆ ਹੈ। ਪਰਚੇ ਨੂੰ ਵਾਚ ਕੇ ਵਿਸ਼ਾਲ ਦੀ ਸੰਪਾਦਕੀ ਸੂਝ ਦੀ ਝਲਕ ਮਿਲ ਜਾਂਦੀ ਹੈ। 'ਮੰਤਵ' ਦੀ ਵਿਸ਼ਾਲ ਵੱਲੋਂ ਲਿਖੀ ਸੰਪਾਦਕੀ ਉਤੇਜਨਾ ਨਾਲ ਭਰੀ ਹੋਈ ਹੈ। ਉਸ ਨੇ ਸਮਕਾਲੀ ਸਾਹਿਤ ਦੇ ਭਖਵੇਂ ਮੁੱਦਿਆਂ ਉੱਤੇ ਆਪਣਾ ਪ੍ਰਤੀਕਰਮ ਦਿੱਤਾ ਹੈ। ਉਸ ਨੇ ਅਣਚੱਲੇ ਪ੍ਰਮਾਣੂ ਬੰਬ ਨਾਲ ਕਿਤਾਬਾਂ ਵਿਚਲੇ ਸਾਹਿਮ ਦੀ ਗੱਲ ਕੀਤੀ ਹੈ। ਉਹ ਕਹਿੰਦਾ ਹੈ ਯੁੱਧ ਵਿੱਚ ਮਨੁੱਖਤਾ ਦਾ ਘਾਣ ਹੀ ਨਹੀਂ ਹੁੰਦਾ ਸ਼ਬਦਾਂ ਦਾ ਘਾਣ ਵੀ ਹੁੰਦਾ ਹੈ। ਅਗਾਂਹ ਉਨ੍ਹਾਂ ਸਾਹਿਤਕ ਪਰਚਿਆਂ ਦੀ ਦਸ਼ਾ ਤੇ ਦਿਸ਼ਾ ਤੇ ਮੀਨ ਮੇਖ਼ ਤੇ ਆਪਣੇ ਪ੍ਰਤੀਕਰਮ ਦਿੱਤਾ ਹੈ। ਅਗਲਾ ਪ੍ਰਸੰਗ 'ਚਾਲੀ ਦਿਨ' ਦੀਆਂ ਡੁਪਲੀਕੇਟ ਕਾਪੀਆਂ ਬਾਰੇ ਹੈ। ਬਹੁਤ ਵੱਡਾ ਸਵਾਲ ਏ ਕੀ ਇਕ ਲੱਖ ਕਾਪੀ ਛਪ ਤੇ ਵਿਕ ਸਕਦੀ ਏ ? ਅੰਤ ਵਿੱਚ ਸੰਪਾਦਕ ਨੇ ਭਾਸ਼ਾ ਵਿਭਾਗ ਪੰਜਾਬ ਦੇ ਇਨਾਮਾਂ ਬਾਰੇ ਆਪਣਾ ਪੱਖ ਰੱਖਿਆ ਹੈ। ਕਥਾਕਾਰ ਜਿੰਦਰ ਦੀ 29 ਪੰਨਿਆਂ ਉੱਤੇ ਫੈਲੀ ਮੁਲਾਕਾਤ ਅਨੇਕਾਂ ਵਿਚਾਰ ਉਤੇਜਤ ਮੁੱਦੇ ਉਭਾਰਦੀ ਹੈ। ਜਿੰਦਰ ਨਾਲ ਮੁਲਾਕਾਤ ਕਰਨ ਵਾਲੇ ਡਾ. ਜੇ. ਬੀ. ਸੇਖੋਂ ਦੇ ਸਵਾਲ ਜਿੰਦਰ ਦੀ ਕਥਾਕਾਰੀ ਉੱਤੇ ਵਧੇਰੇ ਕੇਂਦਰਿਤ ਹਨ। ਮੁਲਾਕਾਤ ਵਿੱਚ ਅਹਿਮ ਪਹਿਲੂ ਇਹ ਹੈ ਜਿੰਦਰ ਨੇ ਵੱਖ ਵੱਖ ਥਾਵਾਂ ਤੋਂ ਟੂਕਾਂ ਅਤੇ ਹਵਾਲੇ ਨਾਲ ਆਪਣੀ ਕਹਾਣੀ, ਸਾਹਿਤ ਤੇ ਸਾਹਿਤ ਦੇ ਹੋਰ ਮਸਲਿਆਂ ਉੱਤੇ ਆਪਣੇ ਪ੍ਰਤੀਕਰਮ ਦਿੱਤੇ ਹਨ। ਕਿਤੇ ਕਿਤੇ ਤਿੱਖੀ ਸੁਰ ਵਿਚ ਵੀ ਗੱਲਾਂ ਕੀਤੀਆਂ ਹਨ। ਹੱਥਲੇ ਅੰਕ ਵਿੱਚ ਪੰਜਾਬੀ ਦੀ ਇਕੋ ਕਹਾਣੀ ਜਸਵੀਰ ਰਾਣਾ ਦੀ 'ਜ਼ੁਬਾਨ ਕੇਸਰੀ' ਹੈ। ਰਾਣਾ ਨੇ ਸੁਚੇਤ ਹੋ ਕੇ ਫੈਂਟਸੀ-ਯਾਦੂਈ ਯਥਾਰਥ ਸ਼ੈਲੀ ਨਾਲ ਕਹਾਣੀ ਦੀ ਸਿਰਜਣਾ ਕੀਤੀ ਹੈ। ਉਹ ਆਪਣੀ ਕਹਾਣੀ ਵਿੱਚ ਬਹੁਤ ਸਾਰੇ ਸਮਕਾਲੀ ਮਸਲੇ ਐਬਸਰਡ ਤਰੀਕੇ ਨਾਲ ਲੈ ਕੇ ਆਉਂਦਾ ਹੈ। ਨਾਲ ਅਜੀਤ ਕੌਰ ਦੀਆਂ ਯਾਦਾਂ ਦੇ ਪ੍ਰਸੰਗ 'ਜੰਗ ਜਾਰੀ ਹੈ' ਸੰਪਾਦਕ ਨੇ ਕਹਾਣੀ ਲਿਖ ਦਿੱਤੇ ਹਨ। ਹੱਥਲੇ ਅੰਕ ਵਿੱਚ ਛੇ ਕਹਾਣੀਆਂ ਅਨੁਵਾਦ ਵੀ ਪ੍ਰਕਾਸ਼ਤ ਕੀਤੀਆਂ ਹਨ। ਈਰਖ਼ਾ (ਨਿਹਾਲ ਪਰਾਸ਼ਰ, ਅਨੁ. ਗੁਰਮੀਤ ਕੜਿਆਲਵੀ), ਇਕਬਾਲ (ਪਲਵੀ ਤ੍ਰਿਵੇਦੀ, ਅਨੁ. ਅਮਰਜੀਤ ਕੌਂਕੇ), ਓ ਰੱਬਾ! ਕਦੀ ਔਰਤ ਦੀ ਜੂਨੇ ਆ ਖਾਂ (ਬਾਨੂ ਮੁਸ਼ਤਾਕ, ਅਨੁ. ਤੇ ਲੇਖ ਐਸ. ਪੀ. ਅਰੋੜਾ), ਮੁਰਦਾ ਲੋਕਾਂ ਵਿੱਚ (ਸ਼ੈਲੀ ਬਲਜੀਤ, ਅਨੁ. ਦੇਵਿੰਦਰ ਬਿਮਰਾ), ਪ੍ਰੀਤ ਕੀਤੇ ਦੁੱਖ ਹੋਵੇ (ਅਨੁ. ਕੇ. ਟੀ. ਗੱਟੀ, ਅਨੁ, ਡਾ. ਸੋਮਾ ਸਬਲੋਕ) ਕਹਾਣੀਆਂ ਵੱਖ ਵੱਖ ਪਹਿਲੂਆਂ ਤੋਂ ਮਹੱਤਵਪੂਰਨ ਹਨ। ਯਤਿੰਦਰ ਕੌਰ ਮਾਹਲ ਨੇ ਈਰਾਨੀ ਨਾਵਲਕਾਰ ਫਰਨੂਸ਼ ਮੋਸ਼ਿਰੀ ਦੇ ਨਾਵਲ 'ਮੇਰਾ ਡੱਡੂ ਗਾ ਰਿਹਾ ਹੈ' ਦਾ ਅੰਸ਼ ਅਨੁਵਾਦ ਕਰਕੇ ਪੜ੍ਹਨ ਨੂੰ ਦਿੱਤਾ ਹੈ। ਅੰਕ ਵਿੱਚ ਭਾਰਤੀ ਭਾਸ਼ਾ ਦਰਸ਼ਨ (ਮਨਮੋਹਨ), ਯੁੱਧ ਦੇ ਵਿਰੋਧ ਵਿੱਚ ਕਵਿਤਾ ਦੀ ਬੁਲੰਦੀ (ਪ੍ਰੋ. ਕਿਸ਼ਨ ਕੁਮਾਰ ਰੱਤੂ), ਅਗਨੀ ਰੇਖਾ ਦਾ ਰੇਖਾ ਚਿੱਤਰ-ਨਿਰਮਲ ਅਰਪਨ (ਬਰਕਤ ਵੋਹਰਾ) ਤੇ ਵਿਜੇ ਤੇਂਦੁਲਕਰ ਵੱਲੋਂ ਲਿਖਿਆ 'ਮੇਰੀ ਨਾਟਕ ਸਿੱਖਿਆ' ( ਅਨੁ. ਕੰਵਲਜੀਤ ਭੁੱਲਰ) ਆਦਿ ਲੇਖ ਛਪੇ ਹਨ। ਸਤਪਾਲ ਭੀਖੀ ਨੇ ਖੁਸ਼ਪ੍ਰੀਤ ਸੇਖੋਂ ਦਾ ਸ਼ਬਦ ਚਿੱਤਰ 'ਮੈਂ ਭ੍ਰਿਗੂ ਰਿਸ਼ੀ ਬੋਲ ਰਿਹਾਂ!' ਅਤੇ ਡਾ. ਗੁਰਸੇਵਕ ਲੰਮੀ ਵੱਲੋਂ ਲਿਖਿਆ 'ਮੇਰਾ ਟੋਨੀ ਮੇਰਾ ਬਾਤਿਸ' ਸ਼ਬਦ ਚਿੱਤਰ ਛਪੇ ਹਨ। ਦੋਵੇਂ ਅਨੇਕਾਂ ਪੱਖਾਂ ਨੂੰ ਉਭਾਰਦੇ ਹਨ। ਸੁਖਪਾਲ (ਦੁਰਯੋਧਨ), ਭੁਪਿੰਦਰ ਕੌਰ ਪ੍ਰੀਤ, ਅਮਰਜੀਤ ਕਸਕ, ਦੀਪ ਇੰਦਰ, ਸੀਪਿਕਾ, ਸੰਦੀਪ, ਪ੍ਰਤੀਕ ਦੀਆਂ ਪੰਜਾਬੀ ਕਵਿਤਾਵਾਂ ਦੇ ਨਾਲ ਨਾਲ ਡੋਗਰੀ ਕਵਿਤਾਵਾਂ (ਅਨੁ. ਤਰਸੇਮ) ਅੰਗਰੇਜ਼ੀ ਕਵਿਤਾਵਾਂ (ਅਨੁ. ਕੰਵਲਜੀਤ ਭੁੱਲਰ) ਵੀ 'ਮੰਤਵ' ਵਿੱਚੋਂ ਪੜ੍ਹੀਆਂ ਜਾ ਸਕਦੀਆਂ ਹਨ। ਅੰਤ ਵਿੱਚ ਬਲਵਿੰਦਰ ਚਾਹਲ ਵੱਲੋਂ 'ਮੁਹੱਬਤ ਨੇ ਕਿਹਾ' (ਦੇਵਿੰਦਰ ਸੈਫ਼ੀ) ਤੇ ਮੋਹਨ ਤਿਆਗੀ ਵੱਲੋਂ 'ਵਕਤ ਬੈਲਗਾਮ' (ਕੰਵਲਜੀਤ ਭੁੱਲਰ) ਤੇ ਡਾ. ਰਵਿੰਦਰ ਵੱਲੋਂ ਬਹਿਰ (ਮਲਵਿੰਦਰ) ਤਿੰਨ ਕਵਿਤਾ ਦੀਆਂ ਕਿਤਾਬਾਂ ਤੇ ਸਮੀਖਿਆ ਲੇਖ ਛਪੇ ਹਨ। 'ਮੰਤਵ' ਦੇ ਟਾਇਟਲ ਦੇ ਅੰਤਲੇ ਪੰਨੇ ਉੱਤੇ ਗੰਭੀਰ ਗ਼ਜ਼ਲਗੋ ਅਜੈ ਤਨਵੀਰ ਦੀ ਸੂਖ਼ਮ ਅਹਿਸਾਸ ਵਾਲੀ ਕਵਿਤਾ 'ਸਫ਼ਰ' ਪ੍ਰਕਾਸ਼ਤ ਕੀਤੀ ਗਈ ਹੈ। 'ਮੰਤਵ' ਦਾ ਹੱਥਲਾ ਅੰਕ ਆਪਣੇ 'ਮੰਤਵ' 'ਚ ਕਾਮਯਾਬ ਹੋਇਆ ਹੈ।

'ਮੰਤਵ' ਦੇ ਸਫ਼ੇ : 216, ਮੁੱਲ :200 ਰੁਪਏ ਹਨ। ਮੰਤਵ ਦੇ ਮੁੱਖ ਸੰਪਾਦਕ : ਵਿਸ਼ਾਲ (99884-23237), ਸੰਪਾਦਕ : ਕੰਵਲਜੀਤ ਭੁੱਲਰ (78373-63782), ਉੱਪ ਸੰਪਾਦਕ ਬਖ਼ਤਾਵਰ ਧਾਲੀਵਾਲ (84274-66488) ਪਤਾ-ਸੰਪਾਦਕ ਮੰਤਵ, ਪਿੰਡ ਤੇ ਡਾਕ. ਬਿਆਸ, ਜ਼ਿਲ੍ਹਾ ਅੰਮ੍ਰਿਤਸਰ-143201,

## ਅਰਮਾਨ : ਜੁਲਾਈ-ਸਤੰਬਰ, 2025




ਤਿਮਾਹੀ ਰਿਸਰਚ ਜਰਨਲ 'ਅਰਮਾਨ' ਦਾ ਨਵਾਂ ਅੰਕ ਡਿਜੀਟਲ ਫਾਰਮਟ ਵਿੱਚ ਪੁੱਜ ਗਿਆ ਹੈ। ਇਹ ਮੁੱਖ ਤੌਰ ਤੇ ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਉੱਤੇ ਆਲੋਚਨਾ ਦਾ ਜਰਨਲ ਹੈ ਜੋ ਅਕੈਡਿਮਕ ਵਿਧੀ-ਵਿਧਾਨ ਤੇ ਲੋੜਾਂ ਅਨੁਸਾਰ ਖੋਜ ਪੇਪਰ ਪ੍ਰਕਾਸ਼ਤ ਕਰਦਾ ਹੈ। ਸੰਪਾਦਕੀ ਦੇ ਦੋ ਸ਼ਬਦ ਵਿੱਚ ਮੁੱਖ ਸੰਪਾਦਕ ਸੰਦੀਪ ਸਿੰਘ ਮੁੰਡੇ ਨੇ ਹੜ੍ਹਾਂ ਦੀ ਕਰੋਪੀ ਦੀ ਗੱਲ ਕਰਦਿਆਂ ਲਿਖਿਆ ਹੈ, 'ਇਸ ਸੰਕਟਮਈ ਸਥਿਤੀ ਵਿੱਚ ਸਾਡੀ ਕੋਸ਼ਿਸ਼ ਹੈ ਕਿ ਵਿਦਵਤਾ ਭਰਪੂਰ ਖੋਜ ਅਤੇ ਵਿਚਾਰਾਂ ਦਾ ਇਹ ਮੰਚ ਨਾ ਸਿਰਫ ਅਕਾਦਮਿਕ ਸੰਵਾਦ ਨੂੰ ਜਾਰੀ ਰੱਖੇ, ਬਲਕਿ ਸਮਾਜ ਨੂੰ ਦਰਪੇਸ਼ ਚੁਣੌਤੀਆਂ ਨੂੰ ਸਮਝਣ ਅਤੇ ਉਨ੍ਹਾਂ ਦਾ ਹੱਲ ਲੱਭਣ ਵਿੱਚ ਸਹਾਈ ਹੋਵੇ। ਇਸ ਅੰਕ ਵਿੱਚ ਗੁਰਮਤਿ ਵਿਚਾਰਧਾਰਾ, ਸਮਾਜਕ, ਸੱਭਿਆਚਾਰਕ, ਰਾਜਨੀਤਿਕ, ਆਧੁਨਿਕ ਮਨੋਵਿਗਿਆਨਕ ਅਤੇ ਸਾਹਿਤਕ ਪ੍ਰਸੰਗਾਂ ਤੇ ਲਿਖੇ ਖੋਜ ਪੇਪਰ ਸ਼ਾਮਿਲ ਕੀਤਾ ਗਏ ਹਨ।

ਹੱਥਲੇ ਅੰਕ ਵਿੱਚ ਡਾ. ਰਵਿੰਦਰ ਸਿੰਘ (ਭਗਤੀ ਦਾ ਦਾਰਸ਼ਨਿਕ ਵਿਵੇਚਨ), ਡਾ. ਨਰੇਸ਼ ਕੁਮਾਰ-ਹੰਸਰਾਜ (ਝਾਂਜਰਾਂ ਵਾਲੇ ਪੈਰ ), ਡਾ. ਅਨੁਰਾਧਾ-ਬਲਵਾਨ ਸਿੰਘ (ਕਮਲਜੀਤ ਚੌਧਰੀ ਦੀ ਕਵਿਤਾ ), ਜਗਜੀਤ ਕੌਰ-ਡਾ. ਅਮਨਦੀਪ ਕੌਰ (ਜਸਵਿੰਦਰ ਦੀ ਗ਼ਜ਼ਲਾਂ), ਕਰਮਜੀਤ ਕੌਰ (ਗ਼ਦਰ ਲਹਿਰ ), ਜਸਪਾਲ ਸ਼ਰਮਾ (ਕੇਂਦਰ ਰਾਜ ਸਬੰਧ), ਡਾ. ਲਖਵੀਰ ਲੈਜ਼ੀਆ (ਸਿੱਖਿਆ ਪ੍ਰਣਾਲੀ ਦਾ ਸਰੂਪ), ਡਾ. ਸੁਖਵਿੰਦਰ ਕੌਰ (ਤਮਸ ਨਾਵਲ ਬਾਰੇ), ਪ੍ਰੋ. ਰਾਜਵਿੰਦਰ ਕੌਰ (ਬਲਦੇਵ ਸਿੰਘ ਦੇ ਨਾਵਲਾਂ), ਡਾ. ਅੰਜੂ ਬਾਲਾ (ਡਾਲਰਾਂ ਦੀ ਦੌੜ), ਡਾ. ਸਿਮਰਜੀਤ ਕੌਰ (ਅਗਨੀ ਕੁੰਡ ਦੀ ਨਾਟ ਜੁਗਤਾਂ), ਅਰੁਣ (ਦਿਵਿਆਂਗ ਪਾਤਰਾਂ ਦਾ ਸਮਾਜਿਕ ਦ੍ਰਿਸ਼ਟੀਕੋਣ), ਡਾ. ਨਰਿੰਦਰਜੀਤ ਕੌਰ (ਪਰੂਨ ਸਿੰਘ ਦੀ ਕਵਿਤਾ), ਰਮਨਦੀਪ ਕੌਰ (ਸੋਸ਼ਲ ਮੀਡੀਆ ਤੇ ਪੰਜਾਬੀ ਕਵਿਤਾ ), ਕੁਲਦੀਪ ਸਿੰਘ (ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰੇਮ ਭਗਤੀ ), ਡਾ. ਬਲਜੀਤ ਸਿੰਘ (ਗੁਰਦਿਆਲ ਸਿੰਘ ਦੇ ਨਾਵਲ), ਬੇਅੰਤ ਸਿੰਘ ਸਰਾਂ (ਡਾ. ਜਗਤਾਰ), ਡਾ. ਗੁਰਪ੍ਰੀਤ ਬੁੱਟਰ (ਏਹੁ ਹਮਾਰਾ ਜੀਵਣਾ), ਡਾ. ਅਮਨਪ੍ਰੀਤ ਕੌਰ ਢੀਡਸਾ (ਪੰਜਾਬੀ ਗਾਇਕੀ), ਡਾ. ਸੋਨੀਆ ਦੇਵੀ (ਰਾਹਤ ਨਾਟਕ), ਡਾ. ਮਨਜੀਤ ਕੌਰ (ਸਹੁੰ ਲੱਗੇ), ਡਾ. ਚੰਦਰ ਪ੍ਰਕਾਸ਼ (ਲੱਛੂ ਕਬਾੜੀਆ), ਡਾ. ਹਰਜਿੰਦਰ ਸਿੰਘ-ਗੁਰਜਿੰਦਰ ਕੌਰ (ਭੁੱਬਲ ਦੀ ਅੱਗ), ਡਾ. ਰਾਜਬਿੰਦਰ ਕੌਰ (ਗੁਰਮਤਿ ਸਾਹਿਤ), ਡਾ. ਨਵਨੀਤ ਕੌਰ (ਸੋਸ਼ਲ ਮੀਡੀਆ), ਗੁਰਸਾਹਿਬ ਸਿੰਘ-ਸਤਨਾਮ ਸਿੰਘ (ਸਮਕਾਲੀ ਪਰਵਾਸ) ਆਦਿ ਵੱਖ ਵੱਖ ਵਿਧਾਵਾਂ ਤੇ ਵੱਖ ਵੱਖ ਦ੍ਰਿਸ਼ਟੀਆਂ ਨਾਲ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਪੇਪਰ ਵਿੱਚ ਛਪ ਕੇ ਖੋਜ ਵਿਦਿਆਰਥੀ ਆਪਣੀ ਮੁੱਢਲੀ ਆਲੋਚਨਾ ਦਾ ਅਭਿਆਸ ਕਰਦੇ ਪ੍ਰਤੀਤ ਹੁੰਦੇ ਹਨ। ਭਵਿੱਖ ਵਿੱਚ ਨਵੇਂ ਉਭਰ ਰਹੇ ਆਲੋਚਕ ਸਾਹਿਤ ਆਲੋਚਨਾ ਵਿੱਚ ਗੰਭੀਰ ਕਿਸਮ ਦਾ ਕਾਰਜ ਕਰ ਸਕਦੇ ਹਨ ਭਾਵੇਂ ਕਿ ਕੁਝ ਨਾਂ ਆਲੋਚਨਾ ਖੇਤਰ ਵਿੱਚ ਜਾਣੇ ਪਛਾਣੇ ਵੀ ਹਨ।

**'ਅਰਮਾਨ' ਦੇ ਸਫ਼ੇ 174 ਹਨ। ਮੁੱਖ ਸੰਪਾਦਕ ਡਾ. ਸੰਦੀਪ ਸਿੰਘ ਮੁੰਡੇ, ਪ੍ਰਕਾਸ਼ਕ ਗੁਰੂ ਹਰਗੋਬਿੰਦ ਸਾਹਿਬ ਪੀ. ਜੀ. ਕਾਲਜ, ਸੀ. ਸੀ. ਹੈਡ , ਸ੍ਰੀ ਗੰਗਾਨਗਰ (ਰਾਜਸਥਾਨ)-335022**

**e.mail : editor@armaan.org.in**

## ਸਫ਼ਾ 3 ਦੀ ਬਾਕੀ

## ਰਾਜਸੀ, ਅਦਾਲਤੀ, ਬਸਤਵਾਦੀ ਤੇ...

ਹੈ ਉਨ੍ਹਾਂ ਲਈ। ਆਪਣੇ ਵਿਰੋਧੀ-ਪ੍ਰਤਿਰੋਧੀ ਨੂੰ ਦਬਾਉਣ ਵਿਚ ਵਿਅਸਤ ਸ਼ਾਸਕਾਂ ਅੱਗੇ ਭਗਤ ਸਿੰਘ ਡਟਦਾ ਹੈ।ਇਸ ਕਾਨੂੰਨਸਾਜ਼, ਕਚਹਿਰੀ ਢਾਂਚੇ ਨੂੰ ਪਲਟਾ ਕੇ ਰਾਜਸੀ, ਕ੍ਰਾਂਤੀਕਾਰੀ ਮਾਡਲ ਲਈ ਵਰਤ ਰਿਹਾ ਹੈ। ਵਰਿੰਦਰ ਨੂੰ ਵੀ ਪਤਾ ਹੈ ਕਿ ਤੰਤਰ ਨੇ 'ਫਾਹੇ ਲਾਉਣਾ' ਹੈ, ਪਰ ਰਾਜਨੀਤਕ ਚੇਤਨਾ ਜਾਰੀ ਰਹਿੰਦੀ ਹੈ। ਸਰਦੂਲ ਸਿੰਘ ਦਾ ਇਹ ਸੰਵਾਦ ਤਾਂ ਸਿਰਾ ਹੀ ਲਾ ਦਿੰਦਾ ਹੈ: ਡਾਕੂਆਂ ਦੇ ਕਾਰਿਆਂ ਨਾਲ ਗਿਣਤੀ ਦੇ ਘਰ ਹੀ ਪ੍ਰਭਾਵਤ ਹੁੰਦੇ ਹਨ, ਪਰੰਤੂ ਸਰਕਾਰਾਂ ਪੀੜ੍ਹੀਆਂ ਦੀ ਜ਼ਿੰਦਗੀ ਹੀ ਰੋੜ੍ਹ ਦਿੰਦੀਆਂ ਹਨ। (ਸਫ਼ਾ/101) ਅਦਾਲਤ ਛੋਟੀ ਹੋਵੇ ਜਾਂ ਵੱਡੀ, ਸਰਕਾਰ ਪੱਖੀ ਭੁਗਤ ਕੇ ਸਵਾਲੀਆ ਚਿੰਨ੍ਹ ਲੁਆ ਬੈਠਦੀ ਹੈ। ਜਸਟਿਸ ਸੀ ਫੋਰਡ ਵੀ ਵੱਡੀ ਨਿਆਂਸ਼ੀਲ ਕੁਰਸੀ 'ਤੇ ਬੈਠ ਅਪੀਲ ਰੱਦ ਕਰਦੇ ਹੋਏ ਕੋਰਟ ਵਿੱਚ ਪੜ੍ਹੇ ਗਏ ਬਿਆਨਾਂ ਉੱਤੇ ਸੈਂਸਰ ਲਾਉਂਦਾ ਹੈ ਅਤੇ ਪਟੀਸ਼ਨ ਨੂੰ ਤਰਕਹੀਣ, ਅਪਮਾਨਜਨਕ, ਨਿੰਦਕ, ਤੱਥ ਵਿਹੀਨ ਕਰਾਰ ਦੇ ਕੇ ਅਦਾਲਤ ਨੂੰ ਬੇਲਾਗ, ਨਿਰਪੱਖ ਸਾਬਤ ਕਰਦਾ ਹੈ। ਦਬਾਅ ਹੇਠ। ਨਾਟਕ ਦਾ ਅੰਤ ਗੀਤ ਸਾਰ ਤੱਤ ਹੈ: ਗੁਨਾਹਗਾਰੋਂ ਮੇਂ ਹੈਂ ਸ਼ਾਮਲ ਗੁਨਾਹੋਂ ਸੇ ਨਹੀਂ ਵਾਕਿਫ਼/ਸਜ਼ਾ ਦੇਤੇਂ ਹੈ ਵੋ, ਲੇਕਿਨ ਖੁਦਾ ਜਾਨੇ ਖਤਾ ਕਿਆ ਹੈ ।

### ਭਗਤ ਸਿੰਘ ਦੀ ਬੌਧਿਕ ਪ੍ਰਤਿਭਾ ਦੇ ਪਛਾਣ-ਸੂਤਰ

ਇਹ ਨਾਟਕ ਭਗਤ ਸਿੰਘ ਦੀ ਬੌਧਿਕਤਾ ਨੂੰ ਦੇਸ਼ ਦੇ ਹੱਦ ਬੰਨਿਆਂ ਤੋਂ ਪਾਰ ਲੈ ਜਾਂਦਾ ਹੈ। ਸ਼ਹਾਦਤ, ਆਜ਼ਾਦੀ, ਕੁਰਬਾਨੀ ਤੋਂ ਅਗਾਂਹ ਜਾ ਕੇ ਸਮਾਜ ਦੀ ਨਵ-ਸਿਰਜਣਾ ਨਾਲ ਜੁੜ ਜਾਂਦੀ ਹੈ। ਇਨਕਲਾਬ, ਅਹਿੰਸਾ, ਅਰਾਜਕਤਾ, ਨੈਤਿਕਤਾ, ਮੈਲਿਸ ਅਰਥਾਤ ਮੰਦੀ ਭਾਵਨਾ, ਮਾਨਵਤਾ ਆਦਿ ਦੇ ਸੰਕਲਪਗਤ ਅਰਥਾਂ ਨੂੰ ਸਮਾਜਿਕ-ਵਿਹਾਰ, ਰਾਜਸੀ-ਪ੍ਰਸੰਗ ਵਿਚ ਸਮਝਦਾ ਹੈ। ਕ੍ਰਾਂਤੀਕਾਰੀ, ਸਿਆਸਤ ਗਿਆਤਾ, ਦਾਰਸ਼ਨਿਕ, ਸਮਾਜਵਾਦੀ, ਸਿਰੜੀ, ਸਮਰਪਿਤ, ਬੁੱਧੀਮਾਨ ਆਦਿ ਦਾ ਸਿਰਜਿਆ ਨਾਟ-ਬਿਰਤਾਂਤ, ਪੂਰਵਲੇ ਪੰਜਾਬੀ, ਭਾਰਤੀ ਸਮਾਜੀ ਬਿੰਬ 'ਤੇ ਕਾਂਟਾ ਫੇਰਦਾ ਹੈ, ਜੋ ਉਸ ਨੂੰ ਪਿਸਤੌਲ, ਪੱਗ ਜਾਂ ਹੈਟ ਵਾਲੀ ਫੋਟੋ ਤੱਕ ਸੀਮਤ ਕਰਦਾ ਹੈ। ਇੱਥੇ ਗੱਲ ਯੋਧੇ, ਨਾਇਕ ਤੋਂ ਵੀ ਅਗਾਂਹ ਜਾਂਦੀ ਹੈ। ਸਰਮਾਏਦਾਰੀ ਦੀ ਸਿਆਸੀ ਰਣਨੀਤੀ ਤੱਕ। ਦੂਜੇ ਨਾਟ-ਦ੍ਰਿਸ਼ ਵਿਚ ਬਾਪ ਕਿਸ਼ਨ ਸਿੰਘ ਨੂੰ ਇਸ ਬਾਰੇ ਸਪੱਸ਼ਟ ਕਰਦਾ ਹੈ: ਨਿਆਂ ਪ੍ਰਣਾਲੀ ਇਕ ਵੱਡਾ ਤੰਤਰ ਹੈ। ਇਹ ਥਾਣੇ, ਸੈਂਟਰ, ਜੇਲ੍ਹਾਂ ਆਦਿ ਸਭ ਮਿਲ ਕੇ ਸਟੇਟ ਵੱਲ ਵਧਦੇ ਹਰ ਖ਼ਤਰੇ ਨੂੰ ਆਪਣੀ ਪੂਰੀ ਤਾਣ ਲਾ ਕੇ ਠੱਲ੍ਹ ਪਾਉਂਦੇ ਹਨ।(ਸਫ਼ਾ/52) ਅੱਠਵੇਂ ਦ੍ਰਿਸ਼ ਵਿਚ ਜਸਟਿਸ ਸੀ ਫੋਰਡ ਨੂੰ ਇਨਸਾਫ਼ ਅਤੇ ਇਨਕਲਾਬ ਦਾ ਭੇਦ ਸਮਝਾ ਕੇ ਬੌਧਿਕਤਾ ਦਾ ਸਬੂਤ ਦਿੰਦਾ ਹੈ: ਕੋਈ ਕਾਨੂੰਨ ਦਾਅ-ਪੇਚ ਇਨਸਾਫ਼ ਤੋਂ ਉੱਪਰ ਨਹੀਂ ਹੁੰਦਾ।ਸਮਾਜ ਵਿੱਚ ਅਜਿਹੀ ਸਥਿਤੀ ਇਨਕਲਾਬ ਤੋਂ ਬਾਅਦ ਹੀ ਆਉਂਦੀ ਹੈ, ਕਿਉਂਕਿ ਇਨਕਲਾਬ ਨੇ ਨੰਗੇ ਅਨਿਆਂ 'ਤੇ ਟਿਕਿਆ ਹੋਇਆ ਅਤੇ ਬੋਦਾ ਹੋਇਆ ਮੌਜੂਦਾ ਢਾਂਚਾ ਬਦਲਣਾ ਹੁੰਦਾ ਹੈ। ਇਨਕਲਾਬ ਇੱਕ ਕਰਿਸ਼ਮਾ ਹੈ, ਜਿਸ ਨੂੰ ਕੁਦਰਤ ਪਿਆਰ ਕਰਦੀ ਹੈ, ਜਿਸ ਤੋਂ ਬਿਨਾਂ ਵਿਕਾਸ ਨਹੀਂ ਹੋ ਸਕਦਾ, ਨਾ ਹੀ ਕੁਦਰਤ ਵਿੱਚ, ਨਾ ਹੀ ਮਨੁੱਖੀ ਕਾਰੋਬਾਰ ਵਿੱਚ।(ਸਫ਼ਾ/168) ਇਸ ਲਈ ਉਹ ਅਹਿੰਸਾ ਦੇ ਖੋਖਲੇਪਨ ਨੂੰ ਅਸਵੀਕਾਰਦਾ ਹੈ। ਨਹਿਰੂ ਉਸ ਦੇ ਵਿਚਾਰਾਂ ਦੇ ਚੋਣਵੇਂ ਅੰਸ਼ 'ਕਾਂਗਰਸ ਸੰਦੇਸ਼' 'ਚ ਪ੍ਰਕਾਸ਼ਤ ਕਰਕੇ ਮਾਣ ਦਿੰਦਾ ਹੈ, ਗਾਂਧੀ ਦੇ ਇਤਰਾਜ਼ ਬਾਵਜੂਦ। ਬਰਤਾਨਵੀ ਸੱਤਾ ਤੋਂ ਛੁਟਕਾਰਾ ਪਾਉਣ ਲਈ ਗ਼ਦਰ ਲਹਿਰ, ਆਲ ਇੰਡੀਆ ਕਾਂਗਰਸ ਦੀ ਯੋਜਨਾਬੰਦੀ ਆਦਿ ਦੇ ਵਿਚਾਰਧਾਰਕ ਪ੍ਰਵਚਨ ਵਿਚ ਰਾਸ਼ਟਰਵਾਦ ਦਾ ਬਹੁਲਵਾਦ ਵੀ ਪਿਆ ਹੈ; ਭਗਤ ਸਿੰਘ ਆਪਣੀ ਸੋਝੀ ਨਾਲ 'ਆਜ਼ਾਦੀ' ਨੂੰ ਵਿਸ਼ਵੀ ਪ੍ਰਸੰਗ ਨਾਲ ਮੇਲ ਦਿੰਦਾ ਹੈ। ਉਸ ਨੂੰ ਪਤਾ ਹੈ ਕਿ ਬਸਤੀਵਾਦੀ ਤਾਕਤ ਨੇ ਵਿਦਰੋਹੀ ਨੂੰ ਸਮਾਜ-ਵਿਰੋਧੀ ਲਕਬ ਦੇਣਾ ਹੈ। ਸ਼ੋਸ਼ਣ-ਰਹਿਤ ਸਮਾਜ ਚਾਹੁੰਦੈ ਉਹ।ਘਣਾ ਜਾਣਦੈ; ਵਿਦਰੋਹ, ਵਿਦਰੋਹੀ ਬਾਰੇ। ਨੈਸ਼ਨਲ ਕਾਲਜ ਦੇ ਦੇਸ਼ਭਗਤੀ ਮਾਹੌਲ ਦਾ ਅਸਰ, ਦਵਾਰਕਾ ਦਾਸ ਲਾਇਬ੍ਰੇਰੀ, ਹਿੰਦੁਸਤਾਨ ਰਿਪਬਲਿਕ ਐਸੋਸੀਏਸ਼ਨ, ਕਾਕੋਰੀ ਕਾਂਡ, ਸੇਫਟੀ ਬਿੱਲ, ਟਰੇਡ ਬਿੱਲ ਦੇ ਲੋਕ ਵਿਰੋਧੀ ਸੁਭਾਅ, ਰੂਸੀ ਇਨਕਲਾਬ, ਕਿਰਤੀ ਰਸਾਲਾ ਆਦਿ ਘਟਨਾਵਾਂ ਥੋੜ੍ਹਾ ਨੇ; ਇਤਿਹਾਸਕ ਅਮਲ ਹੈ; ਜੋ ਬੌਧਿਕਤਾ ਨੂੰ ਨਿਖਾਰਦਾ, ਸੰਵਾਰਦਾ ਹੈ।ਦਸਮ ਗੁਰੂ ਦੇ ਸਰਬੰਸ ਵਾਰਨ ਦਾ ਸਿਧਾਂਤ ਵੀ ਹੈ ਜ਼ਿਹਨ ਵਿਚ। ਸਬਰ ਅਤੇ ਜਬਰ ਬਾਅਦ ਉੱਥਲ-ਪੁੱਥਲ ਤਾਂ ਹੋਣੀ ਹੀ ਹੁੰਦੀ ਹੈ।ਇਹ ਨਾਟਕ ਜਾਨੂੰਨੀ ਇਨਕਲਾਬੀ ਨਾਲੋਂ ਪ੍ਰਤਿਰੋਧੀ ਇਨਕਲਾਬੀ ਬਣਾਉਂਦਾ ਹੈ। ਪੰਜਾਬ, ਪੰਜਾਬੀ, ਪੰਜਾਬੀਅਤ ਵਿਚ ਬਣੇ ਸੌੜੇ ਖ਼ਿਆਲਾਂ ਨੂੰ ਖੋਲ੍ਹਦਾ ਹੈ; ਇਤਿਹਾਸ, ਰਾਜਨੀਤੀ, ਨਿਆਂਕਾਰੀ ਵੱਲ ਮੁੜ ਸੋਚਣ ਲਾਉਂਦਾ ਹੈ; ਖੁੱਲ੍ਹੇ ਦਿਮਾਗ ਨਾਲ।ਪਾਸ਼ ਨੇ ਵੀ ਬੌਧਿਕਤਾ ਦੇ ਪ੍ਰਸੰਗ 'ਚ ਲਿਖਿਆ ਹੈ: ਪੰਜਾਬ ਦੀ ਵਿਚਾਰਧਾਰਾ ਨੂੰ ਉਸ ਦੀ ਦੇਣ/ਫਾਂਸੀ ਦੇ ਫੰਦੇ 'ਚ ਲਟਕ ਜਾਣ ਨਾਲੋਂ ਕਿਤੇ ਜ਼ਿਆਦਾ ਵੱਡੀ ਹੈ।

### ਸਭਾਵਾਂ, ਵਿਚਾਰਧਾਰਾਵਾਂ ਅਤੇ ਭਗਤ ਸਿੰਘ

'ਵਿਚਾਰਧਾਰਾ ਦੀ ਬੁਲੰਦੀ' ਬੰਦੇ ਦੀ ਮਾਨਸਿਕਤਾ ਨੂੰ ਹਿਲਾਉਂਦੀ ਹੈ, ਜਗਾਉਂਦੀ ਹੈ।ਜਾਗਣ ਦੇ ਹੋਕੇ ਸਮੇਤ।ਨਾਟਕ ਦੇ ਦਸਵੇਂ ਦ੍ਰਿਸ਼ ਵਿਚ ਵਿਭਿੰਨ ਵਿਚਾਰਧਾਰਕ ਨੁਮਾਇੰਦੇ 'ਰਾਜਸੀ ਪ੍ਰਬੰਧ ਅਤੇ ਲੋਕ-ਆਵਾਜ਼' ਦਾ ਵਿਸ਼ਲੇਸ਼ਣ ਕਰਦੇ ਹਨ। ਅਬਦੁਲ ਮਜੀਦ ਖ਼ਾਨ ਵੱਲੋਂ ਕਹੇ ਸ਼ਬਦ 'ਦੇਸ਼ ਵਿਚ ਰਾਜਨੀਤਕ ਚੇਤਨਾ ਵਧ ਰਹੀ ਹੈ' ਅਤੇ ਮੋਹਨ ਲਾਲ ਦੀ ਸਲਾਹ 'ਸਾਨੂੰ ਆਪਣੀ ਲਿਖਣ ਅਤੇ ਬੋਲਣ ਸ਼ਕਤੀ ਨੂੰ ਹੀ ਬਾਰੂਦ ਬਣਾਉਣਾ ਹੋਵੇਗਾ', ਐੱਸ ਕੇ ਰਮਨ ਦੀ ਧਾਰਨਾ ਕਿ 'ਭਗਤ ਸਿੰਘ ਪ੍ਰੈੱਸ ਲਈ ਬਿਆਨ ਜਾਰੀ ਕਰਨ, ਕਿਉਂਕਿ ਬਿਆਨ ਸਿੱਧੀ ਇਬਾਰਤ ਹੁੰਦਾ ਹੈ ਉਨ੍ਹਾਂ ਦੇ ਸਮਝ ਪੈ ਜਾਂਦਾ ਹੈ'; ਮੰਗਲ ਸਿੰਘ ਦੇ ਵਿਚਾਰ ਮੁਤਾਬਕ 'ਭਗਤ ਸਿੰਘ ਦੀ ਜਿਰਾਹ ਲੋਕਾਂ ਵਿਚ ਨਵਾਂ ਵਿਸ਼ਵਾਸ ਪੈਦਾ ਕਰੇਗੀ, ਕਾਮਰੇਡ ਰਾਮ ਚੰਦਰ ਦੀ ਪ੍ਰਤੀਕ੍ਰਿਆ', ਕਾਨੂੰਨ ਦੇ ਰਾਜ ਸਰਕਾਰ ਪ੍ਰਚਾਰ ਕਰਦੀ ਹੈ, ਦੰਭ ਕਰਦੀ ਹੈ ਪਰੰਤੂ ਖੁਦ ਇਸ ਤੋਂ ਤ੍ਰਹਿੰਦੀ ਹੈ" ਆਦਿ ਆਦਿ ਵਿਚਾਰਾਂ ਦਾ ਆਦਾਨ-ਪ੍ਰਦਾਨ; ਇਕ-ਦੂਜੇ ਨੂੰ ਊਰਜਿਤ ਕਰਦਾ ਹੈ। ਨੌਜਵਾਨ ਭਾਰਤ ਸਭਾ, ਸਟੂਡੈਂਟ ਯੂਨੀਅਨ, ਡਿਫੈਂਸ ਕਮੇਟੀ ਦੇ ਮੈਂਬਰਾਂ ਦੀ ਬੈਠਕ; ਵਿਚਾਰ ਵਿਭਿੰਨਤਾ ਤੋਂ ਸੇਧ ਲੈਣੀ ਬਣਦੀ ਹੈ ਸਮਕਾਲੀ ਸੱਤਾਧਾਰੀਆਂ ਨੂੰ; ਨਿੱਜੀ ਲਾਲਸਾ ਤੋਂ ਪਾਸਾ ਕਰਕੇ।

### ਪੱਤਰਕਾਰਤਾ ਦਾ ਮਿਆਰ ਅਤੇ ਲੋਕ-ਤੱਕਣੀ

ਨਾਟਕ ਦੇ ਚੌਥੇ ਦ੍ਰਿਸ਼ ਦੀ ਪੱਤਰਕਾਰ ਮਿਲਣੀ, ਸੱਤਵੇਂ ਦ੍ਰਿਸ਼ 'ਚ ਰੁਤਬੇ ਵਾਲੀਆਂ ਔਰਤਾਂ ਦੀ ਭੋਜਨ-ਮਿਲਣੀ ਅਤੇ ਨੌਵੇਂ ਦ੍ਰਿਸ਼ ਦੀ ਨੌਜਵਾਨ ਭੀੜ 'ਚੋਂ ਵੀ ਅਸਲ 'ਗੁਨਾਹਗਾਰ' ਪਛਾਣ ਸਕਦੇ ਹੋ। ਸਰਦੂਲ ਸਿੰਘ ਦਾ ਧੱਕੇ ਨਾਲ ਬਣੇ ਗਵਾਹ ਸੋਭਾ ਸਿੰਘ ਨੂੰ ਭੰਡਣਾ, ਪਿਆਰੇ ਲਾਲ ਦੀ ਦੂਰਦ੍ਰਿਸ਼ਟੀ, ਇਨਸਾਫ਼ ਨਾ ਵੀ ਕਰਨਾ ਹੋਵੇ ਤਾਂ ਇਨਸਾਫ਼ ਹੁੰਦਾ ਵਿਖਾਉਣ ਦਾ ਵੀ ਕੁਝ ਆਪਣਾ ਤਕਾਜ਼ਾ ਹੁੰਦਾ ਹੈ, ਅਮਰ ਦਰਦੀ ਦੀ ਤਿੱਖੀ ਟਿੱਪਣੀ 'ਅਦਾਲਤੀ ਹੁਕਮ ਨਾਲ ਜਾਨ ਲੈਣਾ ਕਤਲ ਨਹੀਂ ਕਹਾਉਂਦਾ', ਮਿਸਜ਼ ਫੋਰਡ ਦਾ ਸਿਧਾਂਤਕੀ 'ਰਾਜਨੀਤਕ ਕਾਰਵਾਈਆਂ ਕਿਸੇ ਵੀ ਸਮਾਜ ਦਾ ਕੈਪੀਟਲ ਹੁੰਦੀਆਂ ਹਨ' ਨੌਜਵਾਨਾਂ ਦੇ ਨਾਅਰੇ ਅਤੇ ਗ੍ਰਿਫ਼ਤਾਰੀ ਆਦਿ ਨੂੰ ਵਿਚਾਰਨਾ ਬਣਦਾ ਹੈ। ਪੱਤਰਕਾਰਾਂ ਦੀ ਮਿਲ-ਬੈਠਣ ਸਾਂਝ ਨੂੰ ਅਜੋਕੀ ਪੇਤਲੀ ਪੱਤਰਕਾਰਤਾ ਨਾਲ ਤੁਲਨਾ ਕੇ ਨਵੀਆਂ ਸਥਾਪਨਾਵਾਂ ਬਣਾਈਆਂ ਜਾ ਸਕਦੀਆਂ ਹਨ।'ਚੌਥੇ ਥੰਮ੍ਹ' ਦੀ ਵੀ ਮਦਦਗਾਰ ਭੂਮਿਕਾ ਰਹੀ ਹੈ; ਜਿਸ ਨੂੰ ਹੁਣ ਵਿਸ਼ੇਸ਼ ਤਖ਼ੱਲਸ ਨਾਲ ਸੰਬੋਧਤ ਕੀਤਾ ਜਾਣ ਲੱਗਿਆ ਹੈ।

### ਨਾਟ-ਮੰਚ ਦੀਆਂ ਸੀਮਾਵਾਂ, ਸੰਭਾਵਨਾਵਾਂ, ਚੁਣੌਤੀਆਂ

ਨਾਟਕ ਦੀ ਮਹੱਤਤਾ ਮੰਚ 'ਤੇ ਵੀ ਨਿਰਭਰ ਕਰਦੀ ਹੈ।ਇਸ ਵੱਡ-ਆਕਾਰੀ ਨਾਟਕ ਵਿਚ ਰਾਜਸੀ, ਅਦਾਲਤੀ, ਬਸਤੀਵਾਦੀ, ਕ੍ਰਾਂਤੀਕਾਰੀ ਆਦਿ ਧਿਰਾਂ ਦੀ ਭਰਵੀਂ ਭਾਗੀਦਾਰੀ ਲਿਖ਼ਤ ਨੂੰ ਸ਼ਬਦਾਂ ਦੇ ਭਾਰ ਵਿਚ ਵੀ ਬੰਨ੍ਹਦੀ ਹੈ। ਸੰਵਾਦਾਂ ਦਾ ਲਮਕਾਅ, ਦੁਹਰਾਅ, ਅਦਾਕਾਰ, ਨਿਰਦੇਸ਼ਕ ਅੱਗੇ ਚੁਣੌਤੀ ਬਣ ਸਕਦਾ ਹੈ।

ਗਿਆਰਾਂ ਦ੍ਰਿਸ਼ਾਂ ਦੀ ਕੜੀ ਵਿਚ ਲਾਹੌਰ ਹਾਈਕੋਰਟ ਦੀ ਦ੍ਰਿਸ਼ਕਾਰੀ, ਹਾਈਕੋਰਟ ਦੇ ਬਖਸ਼ੀਖਾਨੇ ਵਿਚ ਭਗਤ ਸਿੰਘ ਦੀ ਪਰਵਾਰਕ ਮਿਲਣੀ, ਅਦਾਲਤੀ ਕਮਰਾ, ਰਾਮਰਾਇ ਦੀ ਦੁੱਧ ਲੱਸੀ ਦੁਕਾਨ, ਗਵਰਨਰ ਦਾ ਦਿੱਲੀ ਨਿਵਾਸ ਸਥਾਨ, ਹਾਈਕੋਰਟ ਦੀ ਕਾਰਵਾਈ ਅਤੇ ਲੋਕਾਂ ਦੀ ਭੀੜ, ਜਸਟਿਸ ਫੋਰਡ ਦਾ ਚੈਂਬਰ, ਅਦਾਲਤ, ਸੈਂਟਰਲ ਜੇਲ੍ਹ ਦੀ ਵੈਨ ਅਤੇ ਨੌਜਵਾਨ ਨਾਅਰੇਬਾਜ਼ੀ, ਅਦਾਲਤੀ ਫ਼ੈਸਲੇ ਦੀ ਘੜੀ ਅਤੇ ਪੁਲਸ ਪਹਿਰੇਦਾਰੀ ਆਦਿ ਨੂੰ ਸੂਝਵਾਨ ਨਿਰਦੇਸ਼ਕ ਹੀ ਨਜਿੱਠ ਸਕਦਾ ਹੈ। ਗੀਤ-ਸੰਗੀਤ, ਆਵਾਜ਼ਾਂ, ਰੌਸ਼ਨੀ ਨਾਲ ਮੰਚ ਪ੍ਰਭਾਵ ਬਣ ਸਕਦਾ। ਵਿਅੰਗ ਝਲਕ ਵੀ ਹੈ।ਇਸ ਨਾਟ-ਪਾਠ ਵਿਚ ਫਿਲਮਾਂਕਣੀ ਸੰਭਾਵਨਾ ਵੀ ਮੌਜੂਦ ਹਨ। ਹਰੀਸ਼ ਜੈਨ ਦੇ ਅਧਿਐਨ-ਪ੍ਰਕਾਸ਼ਨ ਅਨੁਭਵ 'ਚੋਂ ਨਿਰਮਾਣਤ ਇਸ ਨਾਟ-ਮਾਮਲੇ ਵਿਚ ਇਤਿਹਾਸ ਹੈ; ਰਾਜਨੀਤੀ ਹੈ, ਕਾਨੂੰਨ, ਕਚਹਿਰੀ, ਦਰਸ਼ਨ, ਵਿਚਾਰ, ਵਿਚਾਰਧਾਰਾ, ਬਰਾਬਰੀ ਦੇ ਸਮਾਜ ਸੁਪਨਾ ਹੈ ਅਤੇ ਬੌਧਿਕ ਨਿਖਾਰ ਦੀ ਤਾਂਘ ਵੀ।ਇਸ ਬਿਰਤਾਂਤ ਨੂੰ ਸਮਕਾਲ 'ਚ ਉਤਾਰ ਕੇ ਸਮਝਿਆ ਜਾ ਸਕਦਾ ਹੈ ਕਿ 'ਸੱਤਾ 'ਤੇ ਕਾਬਜ਼ ਧਿਰਾਂ' ਕਿਵੇਂ 'ਗੁਨਾਹਗਾਰ' ਹੁੰਦੀਆਂ ਨੇ/ਬਣਦੀਆਂ ਨੇ।ਇਹ ਲਿਖ਼ਤ ਪਾਠਕ, ਦਰਸ਼ਕ, ਜਨਸਾਧਾਰਨ ਦੇ ਗਿਆਨ ਵਿਚ ਨਿੱਗਰ ਵਾਧਾ ਕਰਨਯੋਗ ਹੈ। ਮੁਬਾਰਕਬਾਦ ਨਾਟ-ਕਲਮ!!

*ਮੋਬਾਇਲ : 85281-00088*

14-Sep-Sunday.qxd 9/13/2025 9:30 PM Page 3



# ਸੁਰਿੰਦਰ ਕੈਲੇ ਦੀਆਂ ਮਿੰਨੀ ਕਹਾਣੀਆਂ

***ਸਮਕਾਲੀ ਭਾਰਤੀ ਸਮਾਜ ਬਹੁਤ ਹੀ ਗੰਭੀਰ ਪ੍ਰਸਥਿਤੀਆਂ ਵਿਚੋਂ ਗੁਜ਼ਰ ਰਿਹਾ ਹੈ।ਇਸ ਵੇਲੇ ਪਰਵਾਰਕ, ਸਮਾਜਿਕ, ਆਰਥਿਕ ਅਤੇ ਰਾਜਸੀ ਸੰਕਟ ਸਮਾਜ ਉਪਰ ਛਾਇਆ ਹੋਇਆ ਹੈ।ਵਿਅਕਤੀ ਭਟਕਿਆ ਹੋਇਆ, ਸਮਾਜ ਵਿਖਰਿਆ ਹੋਇਆ, ਬੇਰੋਜ਼ਗਾਰੀ ਤੇ ਗਰੀਬੀ ਦੀ ਚੱਕੀ ਵਿੱਚ ਪਿਸ ਰਿਹਾ ਹੈ।ਅੰਨ੍ਹਾ ਰਾਸ਼ਟਰਵਾਦ, ਧਾਰਮਿਕ ਅਸਹਿਣਸ਼ੀਲਤਾ, ਸ਼ਕਤੀਆਂ ਦਾ ਕੇਂਦਰੀਕਰਨ, ਧਨ ਦੀ ਕਾਣੀਵੰਡ ਜਿਹੀਆਂ ਗੁੰਝਲਦਾਰ ਪ੍ਰਸਥਿਤੀਆਂ ਲੇਖਕਾਂ ਦੇ ਸਨਮੁੱਖ ਹਨ।ਮੈਂ ਆਪਣੀ ਛਪ ਰਹੀ ਪੁਸਤਕ 'ਧੁੱਪ ਦਾ ਸੰਨਾਟਾ' ਵਿੱਚੋਂ ਕੁੱਝ ਜਟਿਲ ਸਮੱਸਿਆਵਾਂ ਦੀਆਂ ਮਿੰਨੀ ਕਹਾਣੀਆਂ ਪਾਠਕਾਂ ਦੇ ਰੂਬਰੂ ਕਰ ਰਿਹਾ ਹਾਂ।***

## ਪਿੱਤਰ ਭੂ ਦੇ ਜਾਏ



'ਅਸੀਂ ਸੂਹੀਏ ਨਹੀਂ, ਬਿਪਤਾ ਦੇ ਮਾਰੇ ਹਾਂ।' ਨੌਜਵਾਨਾਂ ਦੀ ਟੋਲੀ ਨੂੰ ਹਥਿਆਰਬੰਦ ਦਸਤੇ ਨੇ ਬੰਦੀ ਬਣਾ ਲਿਆ ਸੀ, ਜਿਸ ਨੂੰ ਉਹ ਸਪੱਸ਼ਟੀਕਰਨ ਦੇ ਰਹੇ ਸਨ।

'ਅਸੀਂ, ਜਾਨ ਬਚਾ ਕੇ ਘਰਾਂ 'ਤੋਂ ਭੱਜ ਕੇ ਆਏ ਹਾਂ। ਜੇ ਨਾ ਭੱਜਦੇ ਤਾਂ ਮਾਰ ਦਿੱਤੇ ਜਾਂਦੇ।'

ਹਥਿਆਰਬੰਦ ਦਸਤੇ ਨੇ ਦੇਖਿਆ ਕਈਆਂ ਦੇ ਪੋਟਿਆਂ 'ਤੇ ਪੱਟੀਆਂ ਬੰਨ੍ਹੀਆਂ ਹੋਈਆਂ ਸਨ। ਕਈਆਂ ਦੇ ਪਲਸਤਰ ਲੱਗੇ ਹੋਏ ਸਨ ਤੇ ਕਈ ਲੰਗੜਾ ਕੇ ਤੁਰ ਰਹੇ ਸਨ। ਇਹ ਸਭ ਉਨ੍ਹਾਂ ਉਪਰ ਕੀਤੇ ਤਸ਼ੱਦਦ ਦਾ ਪ੍ਰਤੱਖ ਪ੍ਰਮਾਣ ਸੀ। ਅਜਿਹੀ ਹਾਲਤ ਵਿਚ ਵਿਚਰਦੇ ਬੰਦਿਆਂ ਦੀਆਂ ਗੱਲਾਂ 'ਤੇ ਯਕੀਨ ਆ ਰਿਹਾ ਸੀ ਕਿ ਉਨ੍ਹਾਂ ਕੋਲ ਘਰੋਂ ਭੱਜਣ ਦੇ ਸਿਵਾਏ ਹੋਰ ਕੋਈ ਰਸਤਾ ਨਹੀਂ ਸੀ। ਉਨ੍ਹਾਂ ਉਪਰ ਜਸੂਸ ਹੋਣ ਦਾ ਸ਼ੱਕ ਕਰਨ ਦਾ ਕੋਈ ਆਧਾਰ ਨਹੀਂ ਸੀ ਬਣਦਾ। ਤਲਾਸ਼ੀ ਲੈਣ 'ਤੇ ਵੀ ਉਹ ਮਾਸੂਮ ਜਾਪੇ, ਫਿਰ ਵੀ ਪੂਰੀ ਤਰ੍ਹਾਂ ਪੜਤਾਲ ਕਰਨ ਲਈ ਉਨ੍ਹਾਂ ਨੂੰ ਜੰਗਲ ਦੇ ਹੋਰ ਅੰਦਰ ਲਿਜਾਇਆ ਗਿਆ।

'ਜਲ, ਜ਼ਮੀਨ ਤੇ ਜੰਗਲ ਸਾਡੇ ਹਨ। ਪੁਸ਼ਤਾਂ ਤੋਂ ਅਸੀਂ ਇਥੇ ਰਹਿ ਰਹੇ ਹਾਂ। ਇਹ ਸਾਨੂੰ ਆਸਰਾ ਤੇ ਰੋਟੀ ਦਿੰਦੇ ਹਨ। ਅਸੀਂ ਕਿਸੇ ਵੀ ਹਾਲਤ ਵਿਚ ਇਨ੍ਹਾਂ ਨੂੰ ਛੱਡ ਨਹੀਂ ਸਕਦੇ। ਪਰ. . .'

'ਪਰ ਕੀ ?'

'ਪਰ ਕੁਝ ਸਮੇਂ ਤੋਂ ਮਹਾਰਾਜੇ ਦੇ ਵਰਦੀਧਾਰੀ ਸਾਨੂੰ ਧਮਕੀਆਂ ਦੇ ਰਹੇ ਸਨ ਤੇ ਘਰ ਛੱਡਣ ਲਈ ਮਜਬੂਰ ਕਰ ਰਹੇ ਸਨ। ਘਰ ਕਿਉਂ ਛੱਡਦੇ, ਅਸੀਂ ਪਿੱਤਰ ਭੂ (ਪੁਰਖਿਆਂ ਦੀ ਭੂਮੀ) ਦੇ ਜਾਏ ਹਾਂ। ਫਿਰ ਸਰਕਾਰੀ ਸ਼ਹਿ ਪ੍ਰਾਪਤ ਗੁੰਡੇ ਹਮਲਾਵਰ ਹੋ ਗਏ। ਉਹ ਕਦੀ ਕਿਸੇ ਪਿੰਡ ਤੇ ਕਦੇ ਕਿਸੇ ਪਿੰਡ ਨੂੰ ਨਿਸ਼ਾਨਾ ਬਣਾਉਂਦੇ। ਬਜ਼ੁਰਗਾਂ, ਮਾਵਾਂ ਤੇ ਭੈਣਾਂ ਦੀ ਬੇਇੱਜ਼ਤੀ ਕਰਦੇ। ਵਿਰੋਧ ਕਰਨ 'ਤੇ ਬੁਰੀ ਤਰ੍ਹਾਂ ਕੁੱਟਦੇ-ਮਾਰਦੇ।'

ਦਾਸਤਾਂ ਸੁਣਾਉਂਦਿਆਂ ਬੰਦੀ ਦੀਆਂ ਅੱਖਾਂ ਛਲਕ ਪਈਆਂ।

'ਫੇਰ ਕੀ ਹੋਇਆ ?'

'ਡਾਢੇ ਦਾ ਸੱਤੀਂ ਵੀਹੀਂ ਸੌ। ਮਜ਼ਲੂਮਾਂ ਦੀ ਫਰਿਆਦ ਕੌਣ ਸੁਣਦਾ ? ਅਸੀਂ ਤਾਂ ਜਿਉਂਦੇ ਹੀ ਮਰ ਗਏ।'

ਉਸ ਦਾ ਗੱਚ ਭਰ ਆਇਆ। ਅੱਗੋਂ ਉਸ ਕੋਲੋਂ ਬੋਲ ਨਹੀਂ ਹੋਇਆ। ਲੰਗੜਾਉਂਦੇ ਇਕ ਹੋਰ ਨੇ ਅੱਗੇ ਆ ਕੇ ਗੱਲ ਤੋਰੀ,

'ਬੁਰਛੇ ਇਕ ਦਿਨ ਫਿਰ ਆਏ। ਜੋ ਵੀ ਸਾਹਮਣੇ ਆਇਆ, ਬੇਰਹਿਮੀ ਨਾਲ ਕੁੱਟ ਧਰਿਆ। ਕਈਆਂ ਦੇ ਹੱਡ ਟੁੱਟ ਗਏ। ਬੰਦੂਕ ਦੀ ਨੋਕ 'ਤੇ ਬਲਾਤਕਾਰ ਕੀਤੇ। ਅਸੀਂ ਵੇਖੋ ਗੁੰਡਾਗਰਦੀ ਦਾ ਤਾਂਡਵ ਨਾਚ ਵੇਖਦੇ ਰਹੇ। ਫਿਰ ਅਸੀਂ ਸਲਾਹ ਕਰਕੇ ਜੰਗਲ ਦੀ ਸ਼ਰਨ ਵਿਚ ਆਉਣ ਦਾ ਫ਼ੈਸਲਾ ਕਰ ਲਿਆ।'

ਉਸ ਦਾ ਅੰਗ-ਅੰਗ ਪੀੜ ਕਰ ਰਿਹਾ ਸੀ ਤੇ ਬੋਲ ਸਾਥ ਛੱਡ ਰਹੇ ਸਨ। ਉਹ ਟੁੱਟ-ਟੁੱਟ ਰੋਂਦਾ ਜ਼ਮੀਨ 'ਤੇ ਢੇਰੀ ਹੋ ਗਿਆ।

'ਹੂੰ. . .! ਉਹੋ ਹੀ ਹੋਇਆ ਜਿਸ ਦਾ ਸਾਨੂੰ ਅੰਦਾਜ਼ਾ ਸੀ। ਮਹਾਰਾਜਾ ਸਾਨੂੰ ਉਜਾੜ ਕੇ, ਸਾਡੇ ਜੰਗਲ ਤੇ ਜ਼ਮੀਨ ਉੱਪਰ ਕਬਜ਼ਾ ਕਰਨਾ ਚਾਹੁੰਦਾ ਹੈ ਤਾਂ ਜੋ ਜੰਗਲ ਕੱਟ ਕੇ ਅਤੇ ਜ਼ਮੀਨ ਅੰਦਰ ਛੁਪੇ ਖ਼ਜ਼ਾਨੇ ਨੂੰ ਪੁੱਟ ਕੇ ਮਾਲਾਮਾਲ ਹੋ ਸਕੇ। ਉਜਾੜੇ ਨੂੰ ਰੋਕਣ ਲਈ ਹੀ ਤਾਂ ਆਪਾਂ ਜੰਗਲ ਵਿਚ ਛੁਪ ਕੇ ਹਥਿਆਰਬੰਦ ਹੋ ਰਹੇ ਹਾਂ। ਹੱਕ-ਸੱਚ ਲਈ ਲੜਨਾ ਹਰ ਕਿਸੇ ਦਾ ਧਰਮ ਹੈ।'

ਬੰਦੂਕਧਾਰੀਆਂ ਦੇ ਆਗੂ ਨੇ ਸਾਥੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ। ਫਿਰ ਪੀੜਤਾਂ ਨੂੰ ਕਹਿਣ ਲੱਗਾ,

'ਜਵਾਨੋ ਪਹਿਲਾਂ ਕੁੱਝ ਖਾ ਪੀ ਲਓ। ਫਿਰ ਤੁਹਾਨੂੰ ਲੋਕ ਕਚਹਿਰੀ ਵਿਚ ਪੇਸ਼ ਕਰਾਂਗੇ। ਅੱਗੇ ਫ਼ੈਸਲਾ ਉਹ ਕਰਨਗੇ।'

ਉਹ ਖਾ ਰਹੇ ਸਨ ਕਿ ਦੋ ਸੂਹੀਏ ਤਾਜ਼ੀ ਖ਼ਬਰ ਲੈ ਕੇ ਆਏ ਕਿ ਜੰਗਲ ਦੇ ਉਸ ਪਾਰ ਦੀਆਂ ਕਈ ਬਸਤੀਆਂ ਨੂੰ ਜਲਾ ਕੇ ਸੁਆਹ ਕਰ ਦਿੱਤਾ ਗਿਆ ਹੈ। ਘਰੋਂ ਭੱਜੇ ਜਵਾਨਾਂ ਦੀਆਂ ਬੁਰਕੀਆਂ ਗਲਿਆਂ ਵਿਚ ਫਸ ਗਈਆਂ। ਕ੍ਰੋਧ ਨਾਲ ਸਰੀਰ ਕੰਬਣ ਲੱਗ ਪਏ।

'ਸਾਨੂੰ ਹਥਿਆਰ ਦਿਉ। ਅਸੀਂ ਹੁਣੇ ਬਦਲਾ ਲਵਾਂਗੇ। ਜਿਵੇਂ ਉਨ੍ਹਾਂ ਨੇ ਸਾਡੇ ਘਰ ਸਾੜੇ ਨੇ ਅਸੀਂ ਉਨ੍ਹਾਂ ਦੇ ਸੁਆਹ ਕਰਾਂਗੇ ਤੇ . . . .'

'ਠੰਢ ਰੱਖੋ ਜਵਾਨੋ। ਗੁੱਸੇ ਦੀ ਅੱਗ ਨਾਲ ਬਦਲਾ ਨਹੀਂ ਲਿਆ ਜਾ ਸਕਦਾ। ਸਾਡੇ ਲਈ ਹਰ ਜਾਨ ਕੀਮਤੀ ਹੈ। ਆਪਣਾ ਨਿਸ਼ਾਨਾ ਅਜਿਹਾ ਹੋਵੇ ਕਿ ਖੰਭ ਕੁਤਰਨਾ ਹੈ।' ਬੰਦੂਕਧਾਰੀਆਂ ਦਾ ਨੇਤਾ ਸਮਝਾਉਂਦਿਆਂ ਉਨ੍ਹਾਂ ਨੂੰ ਗਹਿਰੇ ਜੰਗਲ ਵੱਲ ਲੈ ਤੁਰਿਆ।

## ਪਰਛਾਵਾਂ

ਅਕਬਰ ਇੱਕ ਕਾਰਖਾਨੇ ਵਿਚ ਮਜ਼ਦੂਰੀ ਕਰਦਾ ਹੈ। ਛੁੱਟੀ ਹੋਣ 'ਤੇ ਸਿੱਧਾ ਘਰ ਪਹੁੰਚ ਜਾਂਦਾ ਹੈ। ਅੱਜ ਉਸ ਦੇ ਵੇਲੇ ਸਿਰ ਘਰ ਨਾ ਆਉਣ ਕਰਕੇ ਟੱਬਰ ਵਿੱਚ ਘਬਰਾਹਟ ਵਾਲਾ ਮਾਹੌਲ ਪੈਦਾ ਹੋ ਗਿਆ ਹੈ।

'ਦਸ ਵੱਜ ਗਏ ਨੇ, ਅੱਬਾ ਘਰ ਕਿਉਂ ਨਹੀਂ ਆਏ ?'

ਕਾਰਖ਼ਾਨੇ ਵਾਲਿਆਂ ਵੱਲੋਂ ਤੋਹਫ਼ੇ ਦੇ ਤੌਰ 'ਤੇ ਦਿੱਤੀ, ਕੰਧ 'ਤੇ ਟੰਗੀ ਘੜੀ ਵੱਲ ਵੇਖਦਿਆਂ ਬੇਟੀ ਨੇ ਚਿੰਤਾ ਪ੍ਰਗਟਾਈ।

'ਅੱਗੇ ਤਾਂ ਕਦੇ ਏਨੀ ਦੇਰੀ ਨਾਲ ਨਹੀਂ ਆਇਆ। ਅੱਜ ਪਤਾ ਨੀ ਕੀ ਹੋ ਗਿਆ। ਉਹ ਤਾਂ ਦਾਰੂ ਵੀ ਨਹੀਂ ਪੀਂਦਾ, ਬਈ ਸਾਥੀਆਂ ਨਾਲ ਅਹਾਤੇ ਵਿਚ ਬੈਠ ਗਿਆ ਹੋਵੇ।'

ਅਕਬਰ ਦੀ ਬੇਗਮ ਵੀ ਚਿੰਤਾ ਵਿਚ ਡੁੱਬੀ ਹੋਈ ਹੈ। ਜਿਉਂ-ਜਿਉਂ ਸਮਾਂ ਬੀਤਦਾ ਜਾ ਰਿਹਾ ਹੈ, ਪਰਵਾਰ ਵਿੱਚ ਬੇਚੈਨੀ ਵਧ ਰਹੀ ਹੈ।

'ਮੈਂ ਜਾਂਦਾ ਹਾਂ। ਰਸਤੇ 'ਚ ਦੇਖਦਾ ਜਾਵਾਂਗਾ। ਕਿੱਧਰੇ ਦੋਸਤਾਂ-ਮਿੱਤਰਾਂ ਨਾਲ ਨਾ ਖੜ੍ਹ ਗਿਆ ਹੋਵੇ।'

'ਇਹੋ ਜਿਹੇ ਡਰਾਵਣੇ ਹਾਲਾਤ ਵਿੱਚ ਰਾਤ ਨੂੰ ਕਿਹੜਾ ਬਾਹਰ ਰੁਕਣ ਦੀ ਹਿੰਮਤ ਕਰਦਾ ਹੈ ?'

ਬੇਗਮ ਅਜੋਕੇ ਦਹਿਸ਼ਤੀ ਮਾਹੌਲ ਤੋਂ ਭੈਅ-ਭੀਤ ਹੈ।

ਮਨ 'ਚ ਡਰ ਲੈ ਕੇ ਬਾਪ ਅਕਬਰ ਦੀ ਭਾਲ ਵਿੱਚ ਨਿਕਲ ਜਾਂਦਾ ਹੈ। ਅਕਬਰ ਦੀ ਭੈਣ ਵਾਰ-ਵਾਰ ਗਲੀ ਵਿਚਲੇ ਦਰਵਾਜ਼ੇ ਵੱਲ ਤੱਕਦੀ ਹੈ ਤੇ ਉਸ ਦੀ ਬੇਗ਼ਮ ਘਬਰਾਹਟ ਵਿੱਚ ਇੱਧਰ-ਉਧਰ ਚੱਕਰ ਕੱਟਦੀ ਹੈ।

'ਮੈਂ ਤਾਂ ਕਾਰਖ਼ਾਨੇ ਤੱਕ ਭਾਲ ਆਇਆਂ। ਮਿਹਰੂ ਦੇ ਘਰੋਂ ਵੀ ਪਤਾ ਕਰ ਲਿਆ। ਉਹ ਤਾਂ ਕਹਿੰਦਾ ਸੀ ਬਈ ਅਕਬਰ ਤਾਂ ਰੋਜ਼ ਦੀ ਤਰ੍ਹਾਂ ਸਿੱਧਾ ਘਰ ਨੂੰ ਹੋ ਲਿਆ ਸੀ।'

ਨਿਰਾਸ਼ਤਾ ਵਿੱਚ ਡੁੱਬਿਆ, ਨਿੰਮੋਝੂਣਾ ਹੋਇਆ ਅਕਬਰ ਦਾ ਬਾਪ ਹੱਥ ਮਲਦਿਆਂ ਸਿਰ ਫੜ ਮੰਜੀ 'ਤੇ ਢੇਰੀ ਹੋ ਗਿਆ।

'ਆਪਾਂ ਪੁਲਸ ਨੂੰ ਇਤਲਾਹ ਦੇ ਦੇਈਏ। ਉਹ ਅੱਬਾ ਨੂੰ ਲੱਭ ਲੈਣਗੇ।'

ਬੇਟੀ ਪੁਲਸ ਦੀ ਮਦਦ ਲੈਣ ਬਾਰੇ ਸੋਚਦੀ ਹੈ।

'ਨਹੀਂ ਬੇਟੀ, ਏਨੀ ਕਾਹਲ ਨਹੀਂ ਕਰਨੀ। ਸਵੇਰ ਤੱਕ ਉਡੀਕਦੇ ਹਾਂ। ਜੇ ਨਾ ਆਇਆ, ਤੇਰੇ ਮਾਮੇ ਨੂੰ ਨਾਲ ਲੈ ਕੇ ਭਾਲ ਕਰਾਂਗੇ।'

ਅਕਬਰ ਦਾ ਬਾਪ ਮਾਮਲੇ ਨੂੰ ਪੁਲਸ ਤੱਕ ਨਹੀਂ ਲਿਜਾਣਾ ਚਾਹੁੰਦਾ। ਉਸ ਨੂੰ ਪੁਲਸ ਦੇ ਨਾਂਅ ਤੋਂ ਡਰ ਲੱਗਦਾ ਹੈ।

'ਔਹ ਆ ਗਿਆ ਅੱਬਾ।'

ਦਰਵਾਜ਼ੇ ਵੱਲ ਟਿਕਟਿਕੀ ਲਗਾਈ ਬੇਟੀ ਨੇ ਅਕਬਰ ਨੂੰ ਪੈਰ ਘਸੀਟੀ ਆਉਂਦੇ ਦੇਖਦਿਆਂ ਕਿਹਾ।

'ਕੀ ਹੋਇਆ ? ਕਿੱਥੇ ਸੀ ਹੁਣ ਤੱਕ ? ਕਿਉਂ ਅੱਧੀ ਰਾਤ ਕਰ ਲਈ ?'

ਇੱਕੋ ਸਾਹ ਬੇਗਮ ਨੇ ਕਈ ਸਵਾਲ ਕਰ ਦਿੱਤੇ।

'ਅੱਜ ਤਨਖ਼ਾਹ ਮਿਲੀ ਸੀ। ਸੋਚਿਆ ਮੀਟ ਨਾਲ ਰੋਟੀ ਖਾਵਾਂਗੇ। ਰਸਤੇ 'ਚ ਆਉਂਦਿਆਂ ਹਕੀਮੂ ਕਸਾਈ ਦੀ ਦੁਕਾਨ ਤੋਂ ਅੱਧਾ ਕਿੱਲੋ ਬੱਕਰੇ ਦਾ ਮੀਟ ਖ਼ਰੀਦ ਲਿਆ ਸੀ। ਜਦ ਮੈਂ ਆਪਣੇ ਮੁਹੱਲੇ ਦੇ ਬਾਹਰ ਮੰਦਰ ਵਾਲੀ ਗਲੀ ਦੇ ਮੋੜ 'ਤੇ ਆਇਆ, ਪੰਜ-ਛੇ ਅਜਨਬੀਆਂ ਨੂੰ ਦੇਖ ਮੇਰੀ ਹਿੰਮਤ ਨਹੀਂ ਸੀ ਪਈ, ਉਨ੍ਹਾਂ ਕੋਲੋਂ ਲੰਘ ਜਾਣ ਦੀ। ਕਿਤੇ ਗਊ ਦਾ ਮਾਸ ਕਹਿ ਕੇ. . . .। ਇਸ ਲਈ ਡਰਦਿਆਂ ਮੈਂ ਪਿੱਛਲ ਪੈਰੀਂ ਮੁੜ ਗਿਆ ਸਾਂ।'

ਅਕਬਰ ਮੀਟ ਵਾਲੇ ਥੈਲੇ ਨੂੰ ਕੱਛ ਵਿੱਚ ਲੁਕੋਈ ਹਾਲੇ ਵੀ ਕਿਸੇ ਅਦ੍ਰਿਸ਼ ਪਰਛਾਵੇਂ ਤੋਂ ਡਰਦਾ ਭੈਅ-ਭੀਤ ਹੋਇਆ ਥਰ-ਥਰ ਕੰਬ ਰਿਹਾ ਹੈ।

## ਮੋਰੀਆਂ ਬੰਦ ਕਰਨ ਵਾਲਾ ਸ਼ੀਸ਼ਾ

ਤਾੜ-ਤਾੜ-ਠਾਹ-ਠਾਹ-।

ਸਰਹੱਦ ਪਾਰੋਂ ਗੋਲੀਬਾਰੀ ਸ਼ੁਰੂ ਹੋ ਗਈ। ਘੁਸਪੈਠੀਆਂ ਨੂੰ ਸਰਹੱਦ ਪਾਰ ਕਰਾਉਣ ਲਈ ਇਹ ਫ਼ੌਜ ਦਾ ਹਵਾਈ ਕਵਰ ਹੁੰਦਾ ਹੈ। ਨਾਲ ਹੀ ਇੱਧਰੋਂ ਜਵਾਬੀ ਕਾਰਵਾਈ ਸ਼ੁਰੂ ਹੋ ਗਈ। ਦੋਨਾਂ ਪਾਸਿਉਂ ਬਰੂਦ ਦਾ ਮੀਂਹ ਵਰ੍ਹਦਾ ਹੈ। ਇਸ ਦਾ ਸ਼ਿਕਾਰ ਹੁੰਦੇ ਹਨ ਨਾਗਰਿਕ ਤੇ ਫ਼ੌਜੀ, ਜਿਹੜੇ ਇਕ ਪਾਸੇ ਸ਼ਹੀਦ ਤੇ ਦੂਸਰੇ ਪਾਸੇ ਅੱਤਵਾਦੀ ਗਰਦਾਨੇ ਜਾਂਦੇ ਹਨ। ਨੰਦ ਕਿਸ਼ੋਰ ਦੀ ਇੱਛਾ ਸੀ ਕਿ ਫੌਜ ਵਿਚ ਭਰਤੀ ਹੋਵੇ। ਸਰੀਰ ਦਾ ਤਕੜਾ, ਲੰਬੇ ਕੱਦ ਵਾਲਾ, ਗੱਭਰੂ-ਜਵਾਨ ਹਰ ਪਾਸਿਉਂ ਫ਼ੌਜ ਲਈ ਫਿੱਟ ਸੀ। ਉਸ ਦਾ ਬਾਪ ਸ਼ੇਰੂ ਮੱਲ ਜੋ 1965 ਦੀ ਲੜਾਈ ਵਿਚ ਇੱਕ ਲੱਤ ਗਵਾ ਆਇਆ ਸੀ, ਦੇਸ਼ ਪ੍ਰੇਮ ਵਿਚ ਆਪਣੇ ਪੁੱਤ ਨੂੰ ਫ਼ੌਜੀ ਬਣਿਆ ਦੇਖਣਾ ਚਾਹੁੰਦਾ ਸੀ। ਭਰਤੀ ਖੁੱਲ੍ਹੀ ਤੇ ਨੰਦ ਕਿਸ਼ੋਰ ਲਖਨਊ ਛਾਉਣੀ ਭਰਤੀ ਹੋਣ ਚਲਾ ਗਿਆ। ਭਰਤੀ ਟੀਮ ਵੱਲੋਂ ਪਾਸ ਕਰਨ ਦੇ ਬਾਵਜੂਦ ਡਾਕਟਰੀ ਵਿੱਚੋਂ ਫ਼ੇਲ੍ਹ ਕਰਾਰ ਦਿੱਤਾ ਗਿਆ। ਨਿਰਾਸ਼ ਹੋਣ ਦੀ ਥਾਂ ਉਸ ਨੇ ਇੱਕ ਦਲਾਲ ਨਾਲ ਗਾਂਠ-ਸਾਂਠ ਕੀਤੀ। ਦਲਾਲ ਨੇ ਭਰਤੀ ਕਰਵਾਉਣ ਦੀ ਪੂਰੀ ਜ਼ਿੰਮੇਵਾਰੀ ਲਈ। ਅਗਲੀ ਭਰਤੀ ਵਿਚ ਨੰਦ ਕਿਸ਼ੋਰ ਫ਼ੌਜੀ ਬਣ ਗਿਆ।

ਖ਼ੁਸ਼ੀ ਨਾਲ ਨੰਦ ਕਿਸ਼ੋਰ ਦੇ ਪੈਰ ਧਰਤੀ ਨਾਲ ਨਹੀਂ ਸਨ ਲੱਗਦੇ। ਮਿਲਣ ਵਾਲੀ ਤਨਖ਼ਾਹ ਦੀਆਂ ਗਿਣਤੀਆਂ-ਮਿਣਤੀਆਂ ਕਰਦਿਆਂ ਸੋਚ ਰਿਹਾ ਸੀ ਕਿ ਇੱਕ ਸਾਲ ਦੀ ਤਨਖ਼ਾਹ ਨਾਲ ਦਲਾਲੀ ਵਾਲਾ ਕਰਜ਼ਾ ਲਾਹ ਦੇਵੇਗਾ। ਅਗਲੇ ਸਾਲਾਂ ਦੀ ਤਨਖ਼ਾਹ ਘਰ ਦੀਆਂ ਮੋਰੀਆਂ ਬੰਦ ਕਰਨ ਦੇ ਕੰਮ ਆਵੇਗੀ। ਗਹਿਣੇ ਪਈ ਜ਼ਮੀਨ, ਘਰ ਦੀ ਮੁਰੰਮਤ, ਬੁੱਢੇ ਮਾਂ-ਬਾਪ ਦਾ ਇਲਾਜ, ਛੋਟੇ ਭਰਾ ਦੀ ਪੜ੍ਹਾਈ, ਨਿੱਕੀ ਭੈਣ ਦਾ ਵਿਆਹ ਵਗੈਰਾ ਕਿੰਨੀਆਂ ਹੀ ਘਰ ਦੀਆਂ ਮੋਰੀਆਂ ਦਾ ਖ਼ਿਆਲ ਉਸ ਨੂੰ ਵਾਰ-ਵਾਰ ਆ ਰਿਹਾ ਸੀ। ਫੌਜੀ ਸਿਖ਼ਲਾਈ ਪੂਰੀ ਹੋਣ 'ਤੇ ਉਹ ਆਪਣੀ ਰਜਮੈਂਟ ਵਿਚ ਆ ਗਿਆ ਸੀ। ਕੁੱਝ ਹੀ ਦਿਨਾਂ ਬਾਅਦ ਉਨ੍ਹਾਂ ਦੀ ਰਜਮੈਂਟ ਨੂੰ ਕਸ਼ਮੀਰ ਦੀ ਸਰਹੱਦ 'ਤੇ ਜਾਣ ਦਾ ਹੁਕਮ ਹੋ ਗਿਆ। ਪਹਿਲਾਂ ਗਈ ਰਜਮੈਂਟ ਨੇ ਵਾਪਸ ਆਪਣੀ ਮੁੱਖ ਛਾਉਣੀ ਵਿਚ ਪਰਤ ਜਾਣਾ ਸੀ।

ਨੰਦ ਕਿਸ਼ੋਰ ਸਰਹੱਦ ਦੀਆਂ ਮੂਹਰਲੀਆਂ ਚੌਕੀਆਂ 'ਤੇ ਤਾਇਨਾਤ ਸੀ ਕਿ

ਤਾੜ-ਤਾੜ-ਠਾਹ-ਠਾਹ-।

ਗੋਲੀਬਾਰੀ ਸ਼ੁਰੂ ਹੋ ਗਈ। ਇਸ ਤੋਂ ਪਹਿਲਾਂ ਕਿ ਗਸ਼ਤ ਕਰਦੀ ਟੋਲੀ ਨੇੜਲੇ ਬੰਕਰ ਵਿਚ ਪਨਾਹ ਲੈਂਦੀ ਦੁਵੱਲੀ ਫਾਇਰਿੰਗ ਦਾ ਇੱਕ ਗੋਲਾ ਉਨ੍ਹਾਂ ਦੇ ਨਜ਼ਦੀਕ ਡਿੱਗਿਆ। ਕਈ ਜਵਾਨ ਉਸ ਦੀ ਲਪੇਟ ਵਿਚ ਆ ਗਏ। ਰੈਸਕਿਊ ਟੋਲੀ ਨੇ ਤੁਰੰਤ ਉਨ੍ਹਾਂ ਨੂੰ ਹਸਪਤਾਲ ਪਹੁੰਚਾ ਦਿੱਤਾ।

ਗੰਭੀਰ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਨੰਦ ਕਿਸ਼ੋਰ ਸ਼ਹੀਦ ਹੋ ਗਿਆ। ਉਸ ਦੀ ਦੇਹ ਨੂੰ ਪਿੰਡ ਪਹੁੰਚਾਇਆ ਗਿਆ। ਤਾਬੂਤ ਖੋਲ੍ਹ ਕੇ ਸ਼ੇਰੂ ਮੱਲ ਨੂੰ ਅੰਤਮ ਦਰਸ਼ਨ ਕਰਨ ਲਈ ਬੇਨਤੀ ਕੀਤੀ ਗਈ। ਡੌਰ-ਭੌਰ ਹੋਏ ਸ਼ੇਰੂ ਦੀਆਂ ਅੱਖਾਂ ਟੱਡੀਆਂ ਗਈਆਂ। ਉਹ ਸ਼ੀਸ਼ਾ, ਜਿਸ ਨੇ ਘਰ ਦੀਆਂ ਮੋਰੀਆਂ ਬੰਦ ਕਰਨੀਆਂ ਸਨ, ਤਾਬੂਤ ਵਿਚ ਟੁੱਟਿਆ ਪਿਆ ਸੀ।

***ਸੰਪਰਕ : 98725-91653***

ਸਫ਼ਾ 1 ਦੀ ਬਾਕੀ

## ਬਿਜੋਏ ਕੁਮਾਰ ਸਿਨਹਾ : ਭਗਤ ਸਿੰਘ ਦੇ...

ਟਾਪੂਆਂ ਤੱਕ ਪਹੁੰਚਿਆ। ਸੈਲੂਲਰ ਜੇਲ੍ਹ ਇੱਕ ਵਿਸ਼ਾਲ ਮੱਧਯੁਗੀ ਕਿਲ੍ਹੇ ਵਰਗੀ ਲੱਗਦੀ ਸੀ।

ਬਿਜੋਏ ਨੂੰ ਯਾਰਡ ਨੰਬਰ 4 ਅਤੇ ਬਟੁਕੇਸ਼ਵਰ ਨੂੰ ਨੰਬਰ 7 ਵਿੱਚ ਭੇਜਿਆ ਗਿਆ ਅਤੇ ਦੂਜਿਆਂ ਤੋਂ ਅਲੱਗ ਕਰ ਦਿੱਤਾ ਗਿਆ। ਕੈਦੀ ਹੌਲੀ-ਹੌਲੀ ਲਿਖਤੀ ਅਤੇ ਜ਼ੁਬਾਨੀ ਸੁਨੇਹਿਆਂ ਰਾਹੀਂ ਇੱਕ-ਦੂਜੇ ਤੱਕ ਪਹੁੰਚ ਕਰਦੇ ਸਨ ਅਤੇ ਉਹ ਅੱਤਿਆਚਾਰਾਂ ਬਾਰੇ ਜਾਣਦੇ ਸਨ। ਖਾਣਾ ਖੁਆਉਣ ਵਾਲੇ ਪਠਾਣਾਂ ਵਿੱਚੋਂ ਵੀ ਇੱਕ ਭੁੱਖ ਹੜਤਾਲ ਵਿੱਚ ਸ਼ਾਮਲ ਹੋ ਗਿਆ ਅਤੇ ਉਸ ਨੇ ਖਾਣਾ ਖੁਆਉਣ ਤੋਂ ਇਨਕਾਰ ਕਰ ਦਿੱਤਾ। ਉਸ ਨੂੰ ਉਸ ਦੇ ਦੇਸ਼ ਵਾਪਸ ਭੇਜ ਦਿੱਤਾ ਗਿਆ! ਹੜਤਾਲੀਆਂ ਨੂੰ ਸਟ੍ਰੈਚਰ 'ਤੇ ਪਾ ਕੇ ਸੈਂਟਰਲ ਟਾਵਰ ਲਿਜਾਇਆ ਗਿਆ। 55 ਦਿਨਾਂ ਬਾਅਦ ਉਹਨਾਂ ਜਿੱਤ ਪ੍ਰਾਪਤ ਕੀਤੀ। ਬਹੁਤ ਸਾਰੇ ਮਹੀਨਿਆਂਬੱਧੀ ਹਨੇਰੇ ਸੈੱਲਾਂ ਵਿੱਚ ਕੈਦ ਸਨ। ਕਈ ਤਾਂ ਪਾਗਲ ਵੀ ਹੋ ਗਏ ਸਨ।

ਇਮਾਰਤਾਂ ਅਤੇ ਸੈੱਲ ਪੁਰਾਣੇ ਖੰਡਰ ਦਰਾਰਾਂ ਅਤੇ ਛੇਕਾਂ ਨਾਲ ਭਰੇ ਹੋਏ ਸਨ, ਚੂਹੇ ਅਤੇ ਬਿੱਛੂ, ਮੀਂਹ ਵਿੱਚ ਪਾਣੀ ਟਪਕਦਾ ਸੀ, ਗਿੱਲੇ, ਕਾਈ ਅਤੇ ਪੌਦਿਆਂ ਨਾਲ ਢਕੇ ਹੋਏ ਸਨ, ਜੋ ਮਲੇਰੀਆ ਅਤੇ ਹੋਰ ਬਿਮਾਰੀਆਂ ਦੇ ਸ਼ਿਕਾਰ ਕੈਦੀਆਂ ਨਾਲ ਭਰੇ ਪਏ ਸਨ। ਸਾਲ ਵਿੱਚ ਨੌਂ ਮਹੀਨੇ ਮੀਂਹ ਪੈਂਦਾ ਸੀ। ਪਾਣੀ ਬਹੁਤ ਘੱਟ ਮਿਲਦਾ ਸੀ, ਪਾਣੀ ਵਿੱਚ ਕੀੜੇ ਹੁੰਦੇ ਸਨ। ਭੋਜਨ ਜਾਨਵਰਾਂ ਦੇ ਖਾਣ ਯੋਗ ਵੀ ਨਹੀਂ ਸੀ, ਕੀੜਿਆਂ ਅਤੇ ਮਿੱਟੀ ਨਾਲ ਭਰਿਆ ਹੋਇਆ। ਕੋਈ ਖ਼ਬਰ ਨਹੀਂ ਤੇ ਕੋਈ ਅਖ਼ਬਾਰ ਨਹੀਂ ਸੀ।

### ਸੰਘਰਸ਼ ਸਫਲ ਹੁੰਦੇ ਹਨ

ਲੰਮੀਆਂ ਭੁੱਖ ਹੜਤਾਲਾਂ, ਲੜਾਈਆਂ, ਕੁੱਟਮਾਰ, ਜ਼ਬਰਦਸਤੀ ਖੁਆਉਣਾ, ਅਣਮਨੁੱਖੀ ਤਸੀਹੇ ਅਤੇ ਦਰਦਨਾਕ ਹੌਲੀ-ਹੌਲੀ ਮੌਤਾਂ ਦੇ ਨਤੀਜੇ ਵਜੋਂ ਜਿੱਤ ਅਤੇ ਕੁਝ ਸਹੂਲਤਾਂ ਪ੍ਰਾਪਤ ਹੋਈਆਂ : ਅਖ਼ਬਾਰ, ਮੀਟਿੰਗਾਂ, ਖੇਡਾਂ, ਆਰਾਮ, ਸੈੱਲਾਂ ਤੋਂ ਬਾਹਰ ਜਾਣਾ, ਬਿਸਤਰੇ ਦੀਆਂ ਚਾਦਰਾਂ, ਤੌਲੀਏ ਆਦਿ ਦੀ ਸਹੂਲਤ. ਭਾਰਤ ਦੀ ਮੁੱਖ ਭੂਮੀ 'ਤੇ ਬਦਲਦੇ ਹਾਲਾਤ ਦਾ ਇਸ ਨਾਲ ਬਹੁਤ ਗੂੜ੍ਹਾ ਸੰਬੰਧ ਸੀ।

### ਕਮਿਊਨਿਸਟ ਯੂਨੀਵਰਸਿਟੀ

ਸੈਲੂਲਰ ਵਿੱਚ ਚਾਰ ਸਾਲਾਂ ਦੀ ਸਭ ਤੋਂ ਵੱਡੀ ਪ੍ਰਾਪਤੀ 'ਕਮਿਊਨਿਸਟ ਯੂਨੀਵਰਸਿਟੀ' ਸੀ, ਜਿਸ ਦੀ ਸ਼ੁਰੂਆਤ ਬਿਜੋਏ ਅਤੇ ਹੋਰਨਾਂ ਵਲੋਂ ਕੀਤੀ ਗਈ ਸੀ। ਇਸ ਵਿੱਚ ਦਰਸ਼ਨ, ਸਮਾਜ ਸ਼ਾਸਤਰ, ਸਮਾਜਿਕ ਇਤਿਹਾਸ, ਮਾਰਕਸਵਾਦੀ ਅਰਥ ਸ਼ਾਸਤਰ, ਰਣਨੀਤੀ ਅਤੇ ਦਾਅਪੇਚ, ਪੈਰਿਸ ਕਮਿਊਨ, ਰੂਸੀ ਇਨਕਲਾਬ, ਸਾਮਰਾਜਵਾਦ, ਬਸਤੀਵਾਦ ਵਿਰੋਧੀ ਸੰਘਰਸ਼, ਸੰਯੁਕਤ ਮੋਰਚਾ, ਅੰਤਰਰਾਸ਼ਟਰੀ ਮਜ਼ਦੂਰ ਜਮਾਤ ਦੀ ਲਹਿਰ, ਆਦਿ ਦੀਆਂ ਕਲਾਸਾਂ ਸ਼ਾਮਲ ਸਨ।ਇੱਥੋਂ ਤੱਕ ਕਿ ਆਈਨਸਟਾਈਨ, ਡਾਰਵਿਨ, ਐਡਿੰਗਟਨ ਆਦਿ ਦਾ ਵੀ ਅਧਿਐਨ ਕੀਤਾ ਗਿਆ। ਲੇਖਕਾਂ, ਰਸਾਲਿਆਂ, ਇੱਥੋਂ ਤੱਕ ਕਿ ਖਰੀਦੇ ਹੋਏ ਪਰਚਿਆਂ ਦੀ ਵਿਸ਼ਾਲ ਸ਼੍ਰੇਣੀ ਦੀਆਂ ਕਿਤਾਬਾਂ ਦੀ ਕਾਫ਼ੀ ਗਿਣਤੀ ਦਾ ਪ੍ਰਬੰਧ ਕੀਤਾ ਗਿਆ ਸੀ। ਉਨ੍ਹਾਂ ਇੱਕ 'ਸਟੱਡੀ ਬੋਰਡ' ਬਣਾਇਆ ਹੋਇਆ ਸੀ, ਜਿਸ ਵਿੱਚ ਬਿਜੋਏ, ਵਿਸ਼ਵਨਾਥ ਮਾਥੁਰ, ਸ਼ਿਵ ਵਰਮਾ, ਜੈਦੇਵ ਕਪੂਰ ਆਦਿ ਸ਼ਾਮਲ ਸਨ।

ਵਿਜੇ ਸਿਨਹਾ ਨੇ ਲਿਖਿਆ : ਅਸੀਂ ਸਕੂਲਾਂ ਅਤੇ ਕਾਲਜਾਂ ਦੇ ਨਹੀਂ ... ਸਗੋਂ ਇੱਕ ਯੂਨੀਵਰਸਿਟੀ ਦੇ ਵਿਦਿਆਰਥੀ ਬਣ ਗਏ...ਤਾਂ ਜੋ ਇਨਕਲਾਬੀ ਰਾਜਨੀਤਿਕ ਸਿੱਖਿਆ ਦਿੱਤੀ ਜਾ ਸਕੇ, ਇੱਕ ਕਿਸਮ ਦੀ 'ਰਾਜਨੀਤਿਕ ਯੂਨੀਵਰਸਿਟੀ' ਸੀ। ਜੇਲ੍ਹ ਪ੍ਰਸ਼ਾਸਨ ਨੂੰ ਇੱਕ ਕਮਰਾ, ਇੱਥੋਂ ਤੱਕ ਕਿ ਇੱਕ ਘੰਟੀ ਵੀ ਦੇਣੀ ਪਈ, ਕਲਾਸਾਂ ਸਵੇਰੇ 8 ਵਜੇ ਤੋਂ ਦੁਪਹਿਰ 12 ਵਜੇ ਤੱਕ ਹੁੰਦੀਆਂ ਸਨ, 12 ਤੋਂ 3 ਵਜੇ ਦੁਪਹਿਰ ਦਾ ਖਾਣਾ ਅਤੇ ਆਰਾਮ ਦਾ ਸਮਾਂ ਹੁੰਦਾ ਸੀ, ਫਿਰ ਦੁਬਾਰਾ 3 ਤੋਂ 5 ਵਜੇ ਤੱਕ ਕਲਾਸਾਂ ਹੁੰਦੀਆਂ ਸਨ, ਸ਼ਾਮ ਖੇਡਾਂ ਆਦਿ ਲਈ ਸੀ। ਬਿਜੋਏ ਸਟੱਡੀ ਸਰਕਲ ਦੇ ਸਕੱਤਰ ਸਨ।

### ਕਮਿਊਨਿਸਟ ਲਹਿਰ ਨੂੰ ਮਜ਼ਬੂਤ ਕਰਨ ਲਈ ਕਮੇਟੀ

450 ਕੈਦੀਆਂ ਵਿਚੋਂ ਲਗਭਗ 400 ਦੀ ਭਾਰੀ ਬਹੁਗਿਣਤੀ ਕਮਿਊਨਿਸਟ ਲਹਿਰ ਨੂੰ ਮਜ਼ਬੂਤ ਕਰਨ ਲਈ ਕਮੇਟੀ ਵਿੱਚ ਸ਼ਾਮਲ ਹੋ ਗਈ, ਜਿਸ ਨੇ ਆਜ਼ਾਦੀ ਅੰਦੋਲਨ ਵਿੱਚ ਇਤਿਹਾਸਕ ਭੂਮਿਕਾ ਨਿਭਾਈ। ਬਿਜੋਏ ਮੋਹਰੀ ਆਗੂਆਂ ਵਿੱਚੋਂ ਇੱਕ ਸੀ। ਇਸ ਦੀ ਸ਼ੁਰੂਆਤ 26 ਅਪ੍ਰੈਲ, 1935 ਨੂੰ ਸਿਰਫ਼ 39 ਕੈਦੀਆਂ ਨਾਲ ਹੋਈ ਸੀ। ਉਹ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ, ਯੁਗਾਂਤਰ ਅਤੇ ਅਨੁਸ਼ੀਲਨ ਸਮੂਹਾਂ ਦੇ ਕਮਿਊਨਿਸਟ, ਮਾਰਕਸਵਾਦ ਪੱਖੀ ਇਨਕਲਾਬੀਆਂ ਨਾਲ ਸੰਬੰਧਤ ਸਨ। ਉਨ੍ਹਾਂ 'ਦ ਕਾਲ' ਨਾਮਕ ਇੱਕ ਹੱਥ ਲਿਖਤ ਰਸਾਲਾ ਪ੍ਰਕਾਸ਼ਤ ਕੀਤਾ। ਉਨ੍ਹਾਂ ਇੱਕ ਪੱਤਰਕਾਰੀ ਸਕੂਲ ਵੀ ਸਥਾਪਤ ਕੀਤਾ।

### ਅੰਡੇਮਾਨ ਕੈਦੀਆਂ ਦੀ ਰਿਹਾਈ ਲਹਿਰ

1937-38 ਵਿੱਚ ਅੰਡੇਮਾਨ ਕੈਦੀਆਂ ਦੀ ਰਿਹਾਈ ਲਹਿਰ ਨੇ ਪੂਰੇ ਦੇਸ਼ ਵਿੱਚ ਤੇਜ਼ੀ ਫੜੀ, ਜੋ 1937 ਵਿੱਚ ਕਾਂਗਰਸ ਮੰਤਰੀ ਮੰਡਲਾਂ ਦੀ ਸਥਾਪਨਾ ਨਾਲ ਤੇਜ਼ ਹੋ ਗਈ। ਵਿਸ਼ਵ ਸਥਿਤੀ ਨੇ ਵੀ ਦਬਾਅ ਬਣਾਇਆ। ਭੁੱਖ ਹੜਤਾਲਾਂ, ਮੈਮੋਰੰਡਮਾਂ ਅਤੇ ਅਪੀਲਾਂ ਰਾਹੀਂ ਮੁੱਖ ਭੂਮੀ ਭਾਰਤ ਵਿੱਚ ਤਬਾਦਲੇ ਅਤੇ ਅੰਤਮ ਰਿਹਾਈ ਲਈ ਸੰਘਰਸ਼ਾਂ ਵਿੱਚ ਬਿਜੋਏ ਸਿਨਹਾ ਮੋਹਰੀ ਕਤਾਰ ਵਿੱਚ ਸਨ।ਅੰਦੋਲਨ ਸਫਲ ਹੋਇਆ। ਗਾਂਧੀ ਜੀ ਅਤੇ ਹੋਰ ਰਾਸ਼ਟਰੀ ਨੇਤਾਵਾਂ ਅਤੇ ਸੰਗਠਨਾਂ ਨੇ ਹੜਤਾਲ ਨੂੰ ਮੁਅੱਤਲ ਕਰਨ ਦੀ ਬੇਨਤੀ ਕੀਤੀ, ਜਿਸ ਦੇ ਨਤੀਜੇ ਵਜੋਂ ਹੜਤਾਲ ਮੁਅੱਤਲ ਕਰ ਦਿੱਤੀ ਗਈ।

### ਮੁੱਖ ਭੂਮੀ-ਭਾਰਤ ਲਈ ਵਾਪਸੀ

22 ਸਤੰਬਰ, 1937 ਨੂੰ ਬਿਜੋਏ ਸਿਨਹਾ ਸਮੇਤ 76 ਕੈਦੀਆਂ ਦਾ ਪਹਿਲਾ ਜੱਥਾ ਅੰਡੇਮਾਨ ਤੋਂ ਰਿਹਾਅ ਕੀਤਾ ਗਿਆ ਅਤੇ ਸਮੁੰਦਰੀ ਜਹਾਜ਼ ਮਹਾਰਾਜਾ ਕਲਕੱਤਾ ਦੇ ਡਾਇਮੰਡ ਹਾਰਬਰ ਪਹੁੰਚਿਆ। ਨਾਅਰਿਆਂ ਨਾਲ ਪੂਰਾ ਖੇਤਰ ਗੂੰਜ ਉੱਠਿਆ।ਕਲਕੱਤਾ ਤੋਂ ਬਿਜੋਏ ਨੂੰ ਦੁਬਾਰਾ ਲਾਹੌਰ ਕੇਂਦਰੀ ਜੇਲ੍ਹ ਲਿਜਾਇਆ ਗਿਆ। ਉਹਨਾਂ ਦੀ ਸਿਹਤ ਖਰਾਬ ਸੀ, ਫਿਰ ਵੀ ਜਨਵਰੀ 1938 ਵਿੱਚ ਉਹਨਾ ਨੂੰ ਨੈਨੀ ਕੇਂਦਰੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। ਉਹਨਾਂ ਦੀ ਸਿਹਤ ਹੋਰ ਵਿਗੜ ਗਈ। ਉਹਨਾ ਆਪਣੇ ਕਈ ਸਾਥੀਆਂ ਨੂੰ ਗੁਆ ਦਿੱਤਾ ਸੀ। ਯੂ ਪੀ ਦੇ ਕਾਂਗਰਸ ਮੰਤਰੀ ਮੰਡਲ ਨੇ ਉਨ੍ਹਾ ਦਾ ਮਾਮਲਾ ਪੰਜਾਬ ਸਰਕਾਰ ਨੂੰ ਭੇਜਿਆ ਅਤੇ ਕਈ ਪ੍ਰਮੁੱਖ ਨੇਤਾਵਾਂ ਨੇ ਉਨ੍ਹਾਂ ਦੀ ਰਿਹਾਈ ਲਈ ਦਬਾਅ ਪਾਇਆ। ਉਨ੍ਹਾ ਨੂੰ 1938 ਵਿੱਚ ਲਖਨਊ ਜ਼ਿਲ੍ਹਾ ਜੇਲ੍ਹ ਤੋਂ ਰਿਹਾਅ ਕੀਤਾ ਗਿਆ।

### ਯਾਦ ਸੰਸਕਰਣ

ਬਿਜੋਏ ਸਿਨਹਾ ਨੇ ਫਰਵਰੀ 1939 ਵਿੱਚ ਆਪਣੀਆਂ ਯਾਦਾਂ 'ਇਨ ਅੰਡੇਮਾਨ : ਦ ਇੰਡੀਅਨ ਬੈਸਟਿਲ' ਲਿਖਣਾ ਸ਼ੁਰੂ ਕੀਤਾ, ਜੋ ਉਨ੍ਹਾ ਦੀ ਭੈਣ ਸੁਸ਼ੀਲਾ ਘੋਸ਼ ਨੂੰ ਸਮਰਪਿਤ ਸੀ। ਉਸੇ ਸਾਲ ਅੰਗਰੇਜ਼ਾਂ ਦੁਆਰਾ ਇਸ 'ਤੇ ਪਾਬੰਦੀ ਲਗਾ ਦਿੱਤੀ ਗਈ ਅਤੇ ਕਾਪੀਆਂ ਜ਼ਬਤ ਕਰ ਲਈਆਂ ਗਈਆਂ। ਉਹ 1939 ਵਿੱਚ ਕਾਂਗਰਸ ਦੇ ਤ੍ਰਿਪੁਰੀ ਸੈਸ਼ਨ ਵਿੱਚ 2000 ਕਾਪੀਆਂ ਲੈ ਕੇ ਗਏ ਸਨ, ਜਿੱਥੇ ਹਜ਼ਾਰ ਤੋਂ ਵੱਧ ਕਾਪੀਆਂ ਵਿਕ ਗਈਆਂ ਸਨ। ਇਸ ਦੀ ਵਿਆਪਕ ਸਮੀਖਿਆ ਕੀਤੀ ਗਈ। ਐੱਸ ਵੀ ਘਾਟੇ ਨੇ 'ਨਿਊ ਏਜ' ਮਦਰਾਸ ਲਈ ਇਸ ਦੀ ਸਮੀਖਿਆ ਕੀਤੀ ਅਤੇ ਇਸ ਦੀ ਬਹੁਤ ਜ਼ਿਆਦਾ ਸਿਫਾਰਸ਼ ਕੀਤੀ।

ਬਿਜੋਏ ਕੁਮਾਰ ਨੂੰ 1941 ਵਿੱਚ ਇੱਕ ਵਾਰ ਫਿਰ ਗ੍ਰਿਫਤਾਰ ਕੀਤਾ ਗਿਆ ਅਤੇ 1945 ਤੱਕ ਜੇਲ੍ਹ ਵਿੱਚ ਰਹੇ।

### ਆਜ਼ਾਦੀ ਤੋਂ ਬਾਅਦ ਦਾ ਸਮਾਂ

ਆਜ਼ਾਦੀ ਤੋਂ ਬਾਅਦ ਉਹਨਾ ਲਿਖਣਾ ਅਤੇ ਪੱਤਰਕਾਰੀ ਕਰਨੀ ਸ਼ੁਰੂ ਕਰ ਦਿੱਤੀ। ਉਹ ਜਲਦੀ ਹੀ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਏ। 1945 ਵਿੱਚ ਰਿਹਾਈ ਤੋਂ ਕੁਝ ਮਹੀਨੇ ਬਾਅਦ ਉਹ ਬੇਤੀਆ (ਬਿਹਾਰ) ਚਲੇ ਗਏ। ਆਪਣੇ ਇਨਕਲਾਬੀ ਦੋਸਤ ਕਮਲਨਾਥ ਤਿਵਾੜੀ ਨਾਲ ਕਾਰੋਬਾਰ ਵਿੱਚ ਅਤੇ ਫਿਰ ਖੇਤੀਬਾੜੀ ਕਰਨ ਲੱਗੇ। ਬਿਜੋਏ ਨੇ ਆਂਧਰਾ ਖੇਤਰ ਦੇ ਮਦਰਾਸ ਦੀ ਇੱਕ ਆਜ਼ਾਦੀ ਘੁਲਾਟੀ ਸ੍ਰੀਰਾਜਯਮ ਨਾਲ ਵਿਆਹ ਕੀਤਾ। ਉਨ੍ਹਾ ਦਾ 1950 ਵਿੱਚ ਇੱਕ ਪੁੱਤਰ ਹੋਇਆ।

ਬਿਜੋਏ ਸਿਨਹਾ ਸੋਵੀਅਤ ਯੂਨੀਅਨ ਚਲੇ ਗਏ ਅਤੇ ਵਾਪਸੀ 'ਤੇ 'ਦ ਨਿਊ ਮੈਨ ਇਨ ਸੋਵੀਅਤ ਯੂਨੀਅਨ' ਲਿਖਿਆ। ਉਹਨਾ ਭਾਰਤੀ ਇਨਕਲਾਬੀਆਂ ਬਾਰੇ ਕਈ ਹੋਰ ਕਿਤਾਬਾਂ ਅਤੇ ਲੇਖ ਵੀ ਲਿਖੇ। ਉਹ ਜ਼ਿਆਦਾਤਰ ਹੈਦਰਾਬਾਦ ਵਿੱਚ ਰਹਿੰਦੇ ਸਨ, ਸ਼ਾਂਤੀ ਸੰਗਠਨ 'ਇਸਕਸ' ਅਤੇ ਪਾਰਟੀ ਦੇ ਕੰਮਾਂ ਵਿੱਚ ਯੋਗਦਾਨ ਪਾਉਂਦੇ ਸਨ। ਬਿਜੋਏ ਕੁਮਾਰ ਸਿਨਹਾ ਦਾ 16 ਜੁਲਾਈ, 1992 ਨੂੰ ਪਟਨਾ ਵਿੱਚ ਦੇਹਾਂਤ ਹੋ ਗਿਆ।

**ਮੋਬਾਇਲ : 99884-91002**

ਸਫ਼ਾ 2 ਦੀ ਬਾਕੀ

## ਟਰੰਪ ਦੀ ਧੌਂਸ : ਮੋਦੀ ਹਕੂਮਤ...

ਪਾਇਆ ਜਾ ਰਿਹਾ ਹੈ। ਇਹਨਾਂ ਹਾਲਤਾਂ ਵਿੱਚ ਭਾਰਤ ਵਰਗੇ ਮੁਲਕਾਂ ਲਈ ਮੰਡੀਆਂ ਦੀ ਤਲਾਸ਼ ਹੋਰ ਵੀ ਔਖਾ ਕਾਰਜ ਹੈ । ਇਹਨਾਂ ਹਾਲਤਾਂ ਅੰਦਰ ਭਾਰਤ ਕੋਲ ਕਿਸੇ ਇੱਕ ਜਾਂ ਦੂਜੇ ਸਾਮਰਾਜੀ ਮੁਲਕ ਦੇ ਲੜ ਲਾ ਕੇ ਅੱਗੇ ਵਧਣ ਦਾ ਰਸਤਾ ਨਹੀਂ ਹੈ ਅਤੇ ਨਾ ਹੀ ਰੂਸ ਤੇ ਅਮਰੀਕਾ ਦੇ ਆਪਸੀ ਟਕਰਾਅ 'ਚੋਂ ਕਿਸੇ ਇਕ ਜਾਂ ਦੂਜੇ ਤੋਂ ਵੱਧ-ਘੱਟ ਰਿਆਇਤਾਂ ਹਾਸਲ ਕਰ ਲੈਣ 'ਚੋਂ ਅਜਿਹਾ ਰਸਤਾ ਨਿਕਲਣਾ ਹੈ।

ਮੋਦੀ ਵੱਲੋਂ ਰੂਸੀ ਤੇ ਚੀਨੀ ਲੀਡਰਾਂ ਨਾਲ ਮੁਲਾਕਾਤਾਂ ਕਾਰਨ ਰਾਹੀਂ ਚਾਹੇ ਬਦਲਵੀਆਂ ਗੁੰਜਾਇਸ਼ਾਂ ਹੋਣ ਦਾ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਇਹ ਯਤਨ ਅਮਰੀਕੀ ਸਾਮਰਾਜੀ ਅਧੀਨਗੀ ਦੇ ਅੰਦਰ-ਅੰਦਰ ਖੇਡਣ ਦੀਆਂ ਗੁੰਜਾਇਸ਼ਾਂ ਦੀ ਕੀਤੀ ਜਾ ਰਹੀ ਵਰਤੋਂ ਹੀ ਹੈ। ਬੁਨਿਆਦੀ ਤੌਰ 'ਤੇ ਅਜੇ ਵੀ ਤਵੱਕੋਂ ਅਮਰੀਕੀ ਸਾਮਰਾਜੀ ਸਵੱਲੀ ਨਜ਼ਰ ਵੱਲ ਹੈ । ਭਾਰਤ ਕੋਲ ਆਪਣੀ ਹੋਣੀ ਸੰਵਾਰਨ ਦਾ ਆਪਣਾ ਰਸਤਾ ਹੋਣਾ ਚਾਹੀਦਾ ਹੈ। ਇਸ ਲਈ ਭਾਰਤ ਨੂੰ ਸਵੈ-ਨਿਰਭਰ ਵਿਕਾਸ ਦਾ ਰਾਹ ਅਖ਼ਤਿਆਰ ਕਰਨ ਦੀ ਲੋੜ ਹੈ । ਇਹ ਬਰਾਮਦ ਮੁਖੀ ਪੈਦਾਵਾਰ ਦੀ ਥਾਂ ਘਰੇਲੂ ਮੰਡੀ ਲਈ ਪੈਦਾਵਾਰ ਵੱਲ ਮੁੜਨ ਦੀ ਮੰਗ ਕਰਦਾ ਹੈ । ਘਰੇਲੂ ਮੰਡੀ ਦਾ ਪਸਾਰਾ ਕਰਨ ਤੇ ਇਸ ਨੂੰ ਜਾਨਦਾਰ ਬਣਾਉਣ ਦੀ ਮੰਗ ਕਰਦਾ ਹੈ । ਮੌਜੂਦਾ ਸਮੇਂ ਸੁੰਗੜੀ ਹੋਈ ਘਰੇਲੂ ਮੰਡੀ ਦੀ ਹਾਲਤ ਦੀ ਇੱਕ ਝਲਕ ਅਮਰੀਕਾ ਵੱਲੋਂ 50 ਫੀਸਦੀ ਟੈਰਿਫ ਲਾਉਣ ਕਾਰਨ ਭਾਰਤੀ ਉਤਪਾਦਕਾਂ ਲਈ ਪੈਦਾ ਹੋਈ ਹਾਲਤ 'ਚੋਂ ਵੀ ਮਿਲਦੀ ਹੈ। ਭਾਰਤ ਤੋਂ ਅਮਰੀਕਾ ਨੂੰ ਬਰਾਮਦ ਹੁੰਦੇ ਕਈ ਉਤਪਾਦ ਜਿਵੇਂ ਕੱਪੜਾ, ਚਮੜਾ, ਝੀਂਗਾ ਮੱਛੀ ਤੇ ਗਲੀਚੇ ਆਦਿ ਹਨ, ਜਿਹੜੇ ਮੁਲਕ ਦੀ ਮੰਡੀ 'ਚ ਇਸ ਕਰਕੇ ਨਹੀਂ ਵਿਕਦੇ, ਕਿਉਂਕਿ ਇਥੇ ਵੱਡੀ ਆਬਾਦੀ ਇਹਨਾਂ ਰੋਜ਼ਮਰ੍ਹਾ ਦੀਆਂ ਲੋੜਾਂ ਦੀਆਂ ਵਸਤਾਂ ਨੂੰ ਵੀ ਖਰੀਦਣ ਤੋਂ ਅਸਮਰੱਥ ਹੈ । ਇਹਨਾਂ ਦੀ ਘਰੇਲੂ ਮੰਡੀ 'ਚ ਖਪਤ ਨਾ ਹੋਣ ਕਾਰਨ ਹੀ ਇਹ ਅਮਰੀਕਨ ਮੰਡੀ 'ਚ ਪੁੱਜਦੇ ਹਨ, ਜਦਕਿ ਇਹ ਅਜਿਹੀਆਂ ਵਸਤਾਂ ਹਨ, ਜਿਨ੍ਹਾਂ ਬਿਨਾਂ ਕਿਸੇ ਮੁਲਕ ਦੇ ਲੋਕ ਤੰਗੀਆਂ-ਤੁਰਸ਼ੀਆਂ 'ਚ ਦਿਨ ਕੱਟਦੇ ਹਨ । ਬੂਟ, ਬੈਗ ਤੇ ਕੱਪੜਿਆਂ ਦੀ ਥੁੜ ਸਾਡੇ ਮੁਲਕ ਦੇ ਲੋਕ ਆਮ ਕਰਕੇ ਹੀ ਹੰਢਾਉਂਦੇ ਹਨ, ਜਦ ਕਿ ਇੱਥੇ ਬਣਿਆ ਇਹ ਸਾਮਾਨ ਬਾਹਰ ਦੀਆਂ ਮੰਡੀਆਂ 'ਚ ਜਾਂਦਾ ਹੈ। ਇਥੋਂ ਦੀ ਮੰਡੀ 'ਚ ਲੋਕਾਂ ਦੀ ਖਰੀਦ ਸ਼ਕਤੀ ਵਧਣ ਨਾਲ ਹੀ ਇਹਨਾਂ ਉਤਪਾਦਕਾਂ ਦੀ ਬਰਾਮਦਾਂ ਤੋਂ ਨਿਰਭਰਤਾ ਘਟ ਸਕਦੀ ਹੈ । ਘਰੇਲੂ ਮੰਡੀ 'ਚ ਜਾਨ ਪਾਉਣ ਦਾ ਬੁਨਿਆਦੀ ਨੁਕਤਾ ਖੇਤੀ ਦੀ ਤਰੱਕੀ ਦਾ ਹੈ ਤੇ ਖੇਤੀ 'ਚ ਲੱਗੀ ਆਬਾਦੀ ਦੀ ਖਰੀਦ ਸ਼ਕਤੀ ਦੇ ਵਾਧੇ ਦਾ ਹੈ। ਮੁਲਕ ਦੀ ਕੁਲ ਕਾਮਾ-ਸ਼ਕਤੀ ਦੀ ਸਭ ਤੋਂ ਵੱਡੀ ਆਬਾਦੀ ਖੇਤੀ ਵਿੱਚ ਲੱਗੀ ਹੋਣ ਕਰਕੇ ਇਸ ਖੇਤਰ ਦੀ ਖੁਸ਼ਹਾਲੀ ਹੀ ਮੁਲਕ ਦੀ ਸਮੁੱਚੀ ਤਰੱਕੀ ਦੀ ਬੁਨਿਆਦ ਬਣਨੀ ਹੈ। ਖੇਤੀ ਖੇਤਰ ਦੀ ਖੁਸ਼ਹਾਲੀ ਜ਼ਮੀਨੀ ਸੁਧਾਰਾਂ ਰਾਹੀਂ ਗਰੀਬ ਤੇ ਬੇਜ਼ਮੀਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਉਣ ਦੀ ਬੁਨਿਆਦੀ ਤਬਦੀਲੀ ਰਾਹੀਂ ਹੋ ਸਕਦੀ ਹੈ। ਇਸ ਨਾਲ ਜੁੜਵੇਂ ਹੋਰਨਾਂ ਕਦਮਾਂ ਜਿਵੇਂ ਸਸਤੇ ਜਾਂ ਬਿਨਾਂ ਵਿਆਜ ਦੇ ਲੰਮੀ ਮਿਆਦ ਵਾਲੇ ਕਰਜ਼ੇ ਮੁਹੱਈਆ ਕਰਾਉਣ, ਮੌਜੂਦਾ ਕਰਜ਼ੇ ਖਤਮ ਕਰਨ, ਸਰਕਾਰੀ ਮੰਡੀਕਰਨ ਦੇ ਢੁਕਵੇਂ ਇੰਤਜ਼ਾਮ ਕਰਨ ਤੇ ਫਸਲਾਂ ਦੇ ਮੰਡੀਕਰਨ 'ਚੋਂ ਪ੍ਰਾਈਵੇਟ ਕੰਪਨੀਆਂ ਨੂੰ ਬਾਹਰ ਰੱਖਣ ਵਰਗੇ ਕਦਮਾਂ ਦੀ ਲੰਮੀ ਲੜੀ ਨਾਲ ਖੇਤੀ ਖੇਤਰ ਵਿਕਾਸ ਦਾ ਰਾਹ ਫੜ ਸਕਦਾ ਹੈ ਅਤੇ ਮੁਲਕ ਦੇ ਸਨਅਤੀਕਰਨ ਦੇ ਅਮਲ ਦੇ ਰਫ਼ਤਾਰ ਫੜਨ ਲਈ ਆਧਾਰ ਬਣ ਸਕਦਾ ਹੈ । ਸਨਅਤੀਕਰਨ ਲਈ ਕੱਚਾ ਮਾਲ ਮੁਹੱਈਆ ਕਰਾਉਣ ਅਤੇ ਤਿਆਰ ਮਾਲ ਦੀ ਖਪਤ ਲਈ ਖੁਸ਼ਹਾਲ ਹੋਈ ਕਿਸਾਨੀ ਇਸ ਮਾਲ ਦੀ ਖਪਤ ਵਾਲੀ ਮੰਡੀ ਬਣਦੀ ਹੈ। ਮੌਜੂਦਾ ਸਮੇਂ ਸਾਮਰਾਜੀ ਮੁਲਕਾਂ ਦੇ ਮਾਲ ਨੇ ਸਾਡੀ ਖਪਤ ਮੰਡੀ 'ਤੇ ਵੀ ਗਲਬਾ ਪਾਇਆ ਹੋਇਆ ਹੈ ਅਤੇ ਖੇਤੀ ਖੇਤਰ ਦੀ ਖੜੋਤ ਨੇ ਘਰੇਲੂ ਮੰਡੀ ਨੂੰ ਬੇਹੱਦ ਸੁੰਗੇੜ ਕੇ ਰੱਖਿਆ ਹੋਇਆ ਹੈ ।

ਮੁਲਕ ਅੰਦਰ ਆ ਰਿਹਾ ਸਾਮਰਾਜੀ ਪੂੰਜੀ ਨਿਵੇਸ਼ ਮੁਲਕ ਦੇ ਕੁਦਰਤੀ ਸੋਮਿਆਂ ਤੇ ਕਿਰਤ ਸ਼ਕਤੀ ਦੀ ਅੰਨ੍ਹੀ ਲੁੱਟ ਕਰਦਾ ਹੈ ਤੇ ਇੱਥੋਂ ਕਈ ਗੁਣਾ ਪੂੰਜੀ ਕੱਢ ਕੇ ਲੈ ਜਾਂਦਾ ਹੈ ਜਿਹੜੀ ਮੋੜਵੇਂ ਰੂਪ ਵਿੱਚ ਭਾਰਤੀ ਆਰਥਿਕਤਾ ਅੰਦਰ ਨਹੀਂ ਲੱਗ ਪਾਉਂਦੀ ਅਤੇ ਭਾਰਤੀ ਸਨਅਤ ਅਤੇ ਖੇਤੀ ਸਦਾ ਪੂੰਜੀ ਦੀ ਤੋਟ ਹੰਢਾਉਂਦੀ ਹੈ । ਘਰੇਲੂ ਮੰਡੀ ਮੁਖੀ ਪੈਦਾਵਾਰ ਵਾਲਾ ਇਹ ਮਾਡਲ ਜਿੱਥੇ ਖੇਤੀ ਖੇਤਰ ਅੰਦਰੋਂ ਅਰਧ-ਜਗੀਰੂ ਸੰਬੰਧਾਂ ਦੇ ਮੁਕੰਮਲ ਖਾਤਮੇ ਦੀ ਮੰਗ ਕਰਦਾ ਹੈ, ਉਥੇ ਸਾਮਰਾਜੀ ਮੁਲਕਾਂ ਨਾਲ ਸਾਰੀਆਂ ਅਣਸਾਂਵੀਆਂ ਵਪਾਰ ਸੰਧੀਆਂ ਰੱਦ ਕਰਨ ਅਤੇ ਆਰਥਿਕਤਾ ਦੇ ਅਹਿਮ ਖੇਤਰਾਂ 'ਚੋਂ ਉਹਨਾਂ ਦੀ ਰਸਾਈ ਬੰਦ ਕਰਨ ਦੀ ਮੰਗ ਕਰਦਾ ਹੈ ।ਇਹੀ ਇੱਕੋ-ਇੱਕ ਰਸਤਾ ਹੈ, ਜਿਹੜਾ ਅਮਰੀਕੀ ਸਾਮਰਾਜੀ ਧੌਂਸ ਦੇ ਜਵਾਬ ਵਿੱਚ ਭਾਰਤ ਨੂੰ ਅਖਤਿਆਰ ਕਰਨਾ ਚਾਹੀਦਾ ਹੈ, ਪਰ ਹੁਣ ਤੱਕ ਜਿਹਾ ਨਾ ਹੋ ਸਕਣ ਵਿੱਚ ਬੁਨਿਆਦੀ ਕਾਰਨ ਇਹ ਹੈ ਕਿ ਭਾਰਤ ਅੰਦਰ ਰਾਜ ਕਰ ਰਹੀ ਜਮਾਤ ਮੁਲਕ ਦੇ ਜਿਨ੍ਹਾਂ ਵੱਡੇ ਸਰਮਾਏਦਾਰਾਂ ਦੇ ਹਿੱਤਾਂ ਦੇ ਹਿਸਾਬ ਨਾਲ ਸੋਚਦੀ ਤੇ ਵਿਉਂਤਾਂ ਘੜਦੀ ਹੈ, ਉਹਨਾਂ ਵੱਡੇ ਸਰਮਾਏਦਾਰਾਂ ਦੇ ਹਿੱਤ ਸਾਮਰਾਜੀ ਕੰਪਨੀਆਂ ਨਾਲ ਜੁੜੇ ਹੋਏ ਹਨ ਅਤੇ ਉਹ ਇਹਨਾਂ ਕੰਪਨੀਆਂ ਦੇ ਛੋਟੇ ਭਾਈਵਾਲਾਂ ਵਜੋਂ ਉਤਪਾਦਨ ਕਰਨ ਅਤੇ ਵਪਾਰ ਕਰਨ ਦੇ ਅਮਲਾਂ 'ਚ ਸ਼ਰੀਕ ਹਨ । ਉਹ ਸਾਮਰਾਜੀ ਸਰਪ੍ਰਸਤੀ ਨਾਲ ਜੁੜ ਕੇ ਹੀ ਵਧਦੇ-ਫੁਲਦੇ ਹਨ ਤੇ ਉਹਨਾਂ ਦੀ ਹੋਣੀ ਹੀ ਸਾਮਰਾਜੀ ਬਹੁ-ਕੌਮੀ ਕੰਪਨੀਆਂ ਨਾਲ ਜੁੜੀ ਹੋਈ ਹੈ। ਇਹੀ ਹੋਣੀ ਭਾਰਤੀ ਲੋਕਾਈ ਨੂੰ ਅਮਰੀਕੀ ਸਾਮਰਾਜੀ ਛਤਰ-ਛਾਇਆ ਹੇਠ ਵਿਕਾਸ ਕਰਨ ਦੇ ਭਰਮਾਂ 'ਚ ਰੱਖਦੀ ਹੈ ।

ਇਉਂ ਆਖਰ ਨੂੰ ਵਿਕਾਸ ਦੇ ਇਸ ਰਾਹ ਦਾ ਸਵਾਲ ਸਿਆਸੀ ਸਵਾਲ ਹੈ ਕਿਉਂਕਿ ਇਸ ਜਮਾਤ ਦੀ ਮੁਲਕ ਅੰਦਰ ਮੌਜੂਦਾ ਸਿਆਸੀ ਹੈਸੀਅਤ ਦੇ ਰਹਿੰਦਿਆਂ ਵਿਕਾਸ ਦਾ ਅਜਿਹਾ ਰਾਹ ਅਪਣਾਉਣਾ ਸੰਭਵ ਨਹੀਂ ਹੋ ਸਕਦਾ । ਮੁਲਕ ਦੇ ਕਿਸਾਨਾਂ, ਮਜ਼ਦੂਰਾਂ ਤੇ ਹੋਰਨਾਂ ਕਿਰਤੀਆਂ ਦੀ ਤਰੱਕੀ ਦੀ ਜ਼ਾਮਨੀ ਕਰਨ ਵਾਲਾ ਅਜਿਹਾ ਰਾਹ ਅਪਣਾਉਣ ਲਈ ਲੋਕਾਂ ਦੀ ਸਿਆਸੀ ਹੈਸੀਅਤ ਤੇ ਪੁੱਗਤ ਦੇ ਸਵਾਲ ਨੂੰ ਸੰਬੋਧਿਤ ਹੋਣਾ ਜ਼ਰੂਰੀ ਹੈ।

**# ਸੰਪਰਕ : 94170-54015**

ਸਫ਼ਾ 1 ਦੀ ਬਾਕੀ

## ਪ੍ਰਗਤੀਸ਼ੀਲ ਲੇਖਕ ਸੰਘ : ਅਤੀਤ....

ਰੱਖਣ ਵਾਲੇ ਇਨਕਲਾਬੀ ਦੋਸਤਾਂ ਨਾਲ ਮਿਲ ਕੇ 1935 ਵਿਚ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਸੀ, ਨੇ ਆਪਣਾ ਪੂਰਾ ਜੀਵਨ ਪ੍ਰਗਤੀਸ਼ੀਲ ਕਦਰਾਂ-ਕੀਮਤਾਂ ਦੀ ਸਥਾਪਨਾ, ਸਮਾਜਿਕ ਨਿਆਂ ਲਈ ਲੜਨ ਅਤੇ ਲੋਕਾਂ ਨੂੰ ਹੱਕ-ਹਕੂਕ ਦੁਆਉਣ ਵਿਚ ਲਗਾ ਦਿੱਤਾ।ਇਸ ਸੰਸਥਾ ਦਾ ਵਡੇਰਾ ਮਕਸਦ ਬਰਾਬਰੀ ਦਾ ਸਮਾਜ ਸਿਰਜਣਾ ਸੀ ਅਤੇ ਤਤਕਾਲੀ ਮਕਸਦ ਭਾਰਤ ਦੇ ਲੋਕਾਂ ਨੂੰ ਚੇਤਨ ਕਰਕੇ ਦੇਸੀ ਸਾਮੰਤੀ ਵਿਵਸਥਾ ਅਤੇ ਅੰਗਰੇਜ਼ ਬਸਤੀਵਾਦ ਦੇ ਖਿਲਾਫ਼ ਅਤੇ ਭਾਰਤੀ ਆਜ਼ਾਦੀ ਦੇ ਹੱਕ ਵਿਚ ਲਹਿਰ ਖੜ੍ਹੀ ਕਰਨਾ ਸੀ।ਸਾਹਿਤ ਇਸ ਮਕਸਦ ਨੂੰ ਪੂਰਾ ਕਰਨ ਦਾ ਇਕ ਸਾਧਨ ਸੀ।ਇਹਨਾਂ ਸਾਰਿਆਂ ਦੇ ਯਤਨਾਂ ਨਾਲ ਭਾਰਤ ਵਿਚ ਪਹਿਲਾ ਆਲ ਇੰਡੀਆ ਪ੍ਰਗਤੀਸ਼ੀਲ ਲੇਖਕ ਸੰਮੇਲਨ 9-10 ਅਪ੍ਰੈਲ 1936 ਨੂੰ ਲਖਨਊ ਵਿਚ ਹੋਇਆ, ਜਿਸ ਦੀ ਅਗਵਾਈ ਪ੍ਰੇਮਚੰਦ ਨੇ ਕੀਤੀ। ਇਸ ਸੰਮੇਲਨ ਵਿਚ ਪਾਸ ਕੀਤੇ ਘੋਸ਼ਣਾ-ਪੱਤਰ ਦੇ ਅਹਿਮ ਬਿੰਦੂ ਇਸ ਪ੍ਰਕਾਰ ਹਨ :

- ਜੀਵਨ ਯਥਾਰਥ ਦੇ ਅਸਲ ਮਸਲਿਆਂ ਨਾਲ ਮੱਥਾ ਲਾਉਣਾ ਸਾਹਿਤ ਦਾ ਕੰਮ ਲੋਕਾਂ ਦੀ ਜ਼ਿੰਦਗੀ ਨਾਲ ਜੁੜੀਆਂ ਭੁੱਖ, ਗਰੀਬੀ, ਸਮਾਜਿਕ ਪੱਛੜਾਪਣ ਅਤੇ ਸਿਆਸੀ ਗ਼ੁਲਾਮੀ ਵਰਗੀਆਂ ਬੁਨਿਆਦੀ ਸਮੱਸਿਆਵਾਂ ਨੂੰ ਸਾਹਮਣੇ ਲਿਆਉਣਾ ਹੈ।
- ਸਾਹਿਤ ਵਿਚ ਰੋਮਾਂਟਿਕ ਪਲਾਇਨਵਾਦ ਦਾ ਵਿਰੋਧ ਸਾਹਿਤ ਸਿਰਫ਼ ਖ਼ਿਆਲੀ, ਭਾਵੁਕ ਜਾਂ ਪਲਾਇਨ ਕਰਨ ਦਾ ਖੇਤਰ ਨਹੀਂ ਹੈ, ਸਗੋਂ ਸਾਹਿਤ ਰਾਹੀਂ ਜਗੀਰਦਾਰੀ ਮੁੱਲਾਂ, ਪ੍ਰਤੀਕ੍ਰਿਆਵਾਦੀ ਧਾਰਨਾਵਾਂ ਤੇ ਫਿਰਕੂ ਜਨੂੰਨ ਦਾ ਵਿਰੋਧ ਜ਼ਰੂਰੀ ਹੈ।
- ਯਥਾਰਥਵਾਦ ਅਤੇ ਸਮਾਜਕ ਵਚਨਬੱਧਤਾ ਸਾਹਿਤ ਦਾ ਰੁਝਾਨ 'ਸਮਾਜਕ ਯਥਾਰਥਵਾਦ' ਦੀ ਪੇਸ਼ਕਾਰੀ ਕਰਨਾ ਹੁੰਦਾ ਹੈ, ਲੋਕਾਂ ਨਾਲ ਹੋ ਰਹੇ ਅਨਿਆਂ ਅਤੇ ਸੋਸ਼ਕ ਅਤੇ ਸੋਸ਼ਿਤ ਜਮਾਤ ਦੀ ਟੱਕਰ ਨੂੰ ਪੇਸ਼ ਕਰਨਾ ਹੁੰਦਾ ਹੈ ਅਤੇ ਲੋਕਾਈ ਵਿਚ ਜਾਗਰੂਕਤਾ ਪੈਦਾ ਕਰਕੇ ਬਦਲਾਅ ਲਈ ਪ੍ਰੇਰਿਤ ਕਰਨਾ ਹੁੰਦਾ ਹੈ।
- ਅਭਿਵਿਅਕਤੀ ਦੀ ਆਜ਼ਾਦੀ ਸਾਹਿਤ ਨੇ ਇਸ ਮੁੱਦੇ 'ਤੇ ਸੰਘਰਸ਼ ਕਰਨਾ ਹੁੰਦਾ ਹੈ ਕਿ ਲੇਖਕ ਅਤੇ ਹਰ ਸੰਵੇਦਨਸ਼ੀਲ ਤੇ ਜਾਗਰੂਕ ਇਨਸਾਨ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ।
- ਸੱਭਿਆਚਾਰਕ ਪੁਨਰ ਉਸਾਰੀ ਉਸਾਰੂ ਸਾਹਿਤਕ ਸੰਸਥਾਵਾਂ ਦਾ ਇਹ ਵਿਸ਼ਵਾਸ ਹੁੰਦਾ ਹੈ ਕਿ ਜਿਹੜਾ ਸਾਹਿਤ ਸਿਰਫ਼ ਅਕਾਦਮਿਕ ਹੋਵੇ, ਰੂੜੀਵਾਦੀ ਹੋਵੇ ਅਤੇ ਅਵਾਮ ਤੋਂ ਕੱਟਿਆ ਹੋਵੇ, ਉਹ ਅਸਵੀਕਾਰਯੋਗ ਹੈ।ਕਲਾ ਅਤੇ ਸਾਹਿਤ ਨੂੰ ਲੋਕਾਂ ਦੀ ਜ਼ਿੰਦਗੀ ਅਤੇ ਸੰਘਰਸ਼ ਨਾਲ ਜੋੜਨਾ ਲਾਜ਼ਮੀ ਹੈ।
- ਉੱਚ ਪੱਧਰ ਦੀ ਸਿਰਜਣਾ ਸਾਹਿਤ ਵਿਚ ਸਿਰਫ਼ ਪ੍ਰਾਪੇਗੰਡਾ ਅਤੇ ਵਿਚਾਰ ਹੀ ਨਹੀਂ ਮਹੱਤਵਪੂਰਨ ਨਹੀਂ ਹੁੰਦੇ, ਸਗੋਂ ਭਾਸ਼ਾ, ਸ਼ੈਲੀ ਅਤੇ ਲੇਖਨ ਦਾ ਤਕਨੀਕੀ ਪੱਖ ਵੀ ਸ਼ਾਨਦਾਰ ਹੋਣਾ ਚਾਹੀਦਾ ਹੈ।
- ਸੰਗਠਨ ਅਤੇ ਸਹਿਯੋਗ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਕਿ ਇਸ ਸਮੇਂ ਵੱਖ-ਵੱਖ ਭਾਸ਼ਾਈ ਇਲਾਕਿਆਂ ਵਿਚ ਲੇਖਕਾਂ ਦੀਆਂ ਜਥੇਬੰਦੀਆਂ ਬਣਾਉਣ, ਪੱਤ੍ਰਿਕਾਵਾਂ ਅਤੇ ਪੁਸਤਕਾਂ ਛਾਪਣ, ਅਨੁਵਾਦ ਕਰਨ ਅਤੇ ਲੇਖਕਾਂ ਦੇ ਹੱਕਾਂ ਦੀ ਰੱਖਿਆ ਕਰਨਾ ਸਭ ਤੋਂ ਜ਼ਰੂਰੀ ਏਜੰਡਾ ਹੈ।

ਵਿਚਾਰਧਾਰਕ ਤੌਰ 'ਤੇ ਦੇਖੀਏ ਤਾਂ ਇਸ ਦੇ ਪਿਛੋਕੜ ਵਿਚ ਮਾਰਕਸਵਾਦ ਦਾ ਵਰਗ ਸੰਘਰਸ਼ ਦਾ ਸਿਧਾਂਤ ਕਾਰਜਸ਼ੀਲ ਸੀ।ਰੂਸੀ ਕਰਾਂਤੀ ਦੇ ਦੌਰ ਵਿਚ ਸਾਹਿਤ ਵਿਚ ਸਮਾਜਵਾਦੀ ਯਥਾਰਥਵਾਦ ਦਾ ਦੌਰ ਆਰੰਭ ਹੋਇਆ।ਇਸ ਦੇ ਪਿਛੋਕੜ ਵਿਚ 18-19ਵੀਂ ਸਦੀ ਦਾ ਐਨਲਾਈਟਨਮੈਂਟ ਦਾ ਦੌਰ ਜਿਸ ਵਿਚ ਵਾਲਟੇਅਰ, ਰੂਸੋ ਆਦਿ ਚਿੰਤਕ ਸ਼ਾਮਲ ਸਨ ਅਤੇ 19ਵੀਂ ਸਦੀ ਦੇ ਯਥਾਰਥਵਾਦੀ ਸਾਹਿਤ ਦੇ ਚਿੰਤਕਾਂ ਬਾਲਜ਼ਾਕ, ਡਿਕਨਜ਼ ਅਤੇ ਟਾਲਸਟਾਏ ਆਦਿ ਦਾ ਫ਼ਲਸਫਾ ਕਾਰਜਸ਼ੀਲ ਹੈ। ਰੂਸੀ ਕਰਾਂਤੀ ਦੇ ਦੌਰਾਨ ਉੱਭਰੇ ਲੇਖਕ ਮੈਕਸਿਮ ਗੋਰਕੀ, ਮਾਇਕੋਵਸਕੀ ਅਤੇ ਸ਼ੋਲੋਖੋਫ਼ ਵੀ ਇਸ ਅੰਦੋਲਨ ਦੇ ਪ੍ਰੇਰਕ ਰਹੇ। ਇਸ ਦੇ ਤਹਿਤ ਪੂਰੇ ਵਿਸ਼ਵ ਵਿਚ ਐਂਟੀ-ਫਾਸ਼ੀਵਾਦ ਲਹਿਰਾਂ ਚੱਲੀਆਂ। ਭਾਰਤ ਵਿਚ ਅੰਗਰੇਜ਼ ਬਸਤੀਵਾਦ, ਜਰਮਨ ਵਿਚ ਹਿਟਲਰ, ਇਟਲੀ ਵਿਚ ਮੁਸੋਲਿਨੀ, ਅਫਰੀਕਾ ਵਿਚ ਨੈਗ੍ਰੀਚਿਉਡ

ਅੰਦੋਲਨ (Negritude movement), ਕੈਰੀਬੀਅਨ ਵਿਚ ਐਂਟੀ ਕਲੋਨੀਅਲ ਲਹਿਰਾਂ ਦਾ ਉਭਾਰ ਹੋਇਆ।ਅਮਰੀਕਾ ਦੇ ਪੁਨਰਜਾਗਰਣ ਦੇ ਦੌਰ ਦੇ ਲੇਖਕਾਂ ਲੈਂਗਸਟਨ ਹਿਉਜ਼ ਅਤੇ ਯੂਰਪ ਦੇ ਅਸਤਿਤਵਵਾਦੀ ਚਿੰਤਕਾਂ ਸਾਰਤਰ ਅਤੇ ਕਾਮੂ ਨੂੰ ਇਸੇ ਪ੍ਰਸੰਗ ਵਿਚ ਸਮਝਿਆ ਜਾ ਸਕਦਾ ਹੈ।ਇੰਝ ਪ੍ਰਗਤੀਸ਼ੀਲ ਲੇਖਕ ਸੰਘ ਦਾ ਸੰਬੰਧ ਸਿਰਫ਼ ਭਾਰਤ ਨਾਲ ਨਹੀਂ ਬਲਕਿ ਵਿਸ਼ਵ ਪੱਧਰ 'ਤੇ ਮਾਰਕਸਵਾਦ ਦੇ ਉਭਾਰ, ਸੋਵੀਅਤ ਸੰਘ ਦਾ ਸਮਾਜਵਾਦੀ ਯਥਾਰਥਵਾਦ, ਯੂਰਪ ਦੇ ਪ੍ਰਗਤੀਸ਼ੀਲ ਅੰਦੋਲਨ, ਸਪੈਨਿਸ਼ ਸਿਵਲ ਵਾਰ ਦਾ ਅਦਬੀ ਪਰਿਪੇਖ ਅਤੇ ਬਸਤੀਵਾਦੀ ਮੁਲਕਾਂ ਵਿਚ ਲੜੇ ਗਏ ਮੁਕਤੀ ਸੰਘਰਸ਼ ਇਸ ਦਾ ਸਮੂਹਕ ਆਧਾਰ ਰਹੇ ਹਨ।1936 ਈ. ਵਿਚ ਮੁਨਸ਼ੀ ਪ੍ਰੇਮਚੰਦ ਨੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਪਹਿਲੇ ਸੰਮੇਲਨ ਵਿਚ ਸਾਹਿਤ ਦੇ ਉਦੇਸ਼ ਨੂੰ ਲੈ ਕੇ ਇੱਕ ਮਹੱਤਵਪੂਰਨ ਪ੍ਰਧਾਨਗੀ ਭਾਸ਼ਣ ਦਿੱਤਾ ਸੀ। ਇਸ ਨੂੰ ਪੜ੍ਹਦਿਆਂ ਇਹ ਮਹਿਸੂਸ ਹੁੰਦਾ ਹੈ ਕਿ ਅੱਜ ਵੀ ਇਹ ਭਾਸ਼ਣ ਉਸ ਸਮੇਂ ਜਿੰਨਾ ਪ੍ਰਸੰਗਿਕ ਹੈ। ਉਹ ਕਹਿੰਦੇ ਹਨ :

ਮੇਰਾ ਭਾਵ ਇਹ ਨਹੀਂ ਕਿ ਜੋ ਕੁਝ ਵੀ ਲਿਖ ਦਿੱਤਾ ਜਾਵੇ, ਉਹ ਸਾਰੇ ਦਾ ਸਾਰਾ ਸਾਹਿਤ ਹੈ। ਸਾਹਿਤ ਉਸੇ ਰਚਨਾ ਨੂੰ ਕਹਾਂਗੇ, ਜਿਸ ਵਿਚ ਕੋਈ ਸੱਚਾਈ ਪ੍ਰਗਟ ਕੀਤੀ ਗਈ ਹੋਵੇ, ਜਿਸ ਦੀ ਭਾਸ਼ਾ ਪ੍ਰੌੜ੍ਹ ਅਤੇ ਮਾਂਜੀ ਸੰਵਾਰੀ ਹੋਵੇ ਅਤੇ ਜਿਸ ਵਿਚ ਦਿਲ ਤੇ ਦਿਮਾਗ਼ ਉਤੇ ਅਸਰ ਕਰਨ ਦੀ ਸ਼ਕਤੀ ਹੋਵੇ।ਸਾਹਿਤ ਵਿਚ ਇਹ ਗੁਣ ਪੂਰਨ ਰੂਪ ਵਿਚ ਤਦ ਹੀ ਪੈਦਾ ਹੁੰਦਾ ਹੈ, ਜਦੋਂ ਉਸ ਵਿਚ ਜੀਵਨ ਦੀਆਂ ਸੱਚਾਈਆਂ ਅਤੇ ਅਨੁਭਵਾਂ ਨੂੰ ਪ੍ਰਗਟ ਕੀਤਾ ਗਿਆ ਹੋਵੇ।ਸਾਹਿਤ ਵਿਚ ਅਸਰ ਪੈਦਾ ਕਰਨ ਲਈ ਇਹ ਲਾਜ਼ਮੀ ਹੈ ਕਿ ਉਹ ਜੀਵਨ ਦੀਆਂ ਸੱਚਾਈਆਂ ਦਾ ਦਰਪਣ ਹੋਵੇ। ਸਾਹਿਤ ਦੀਆਂ ਬਹੁਤ ਸਾਰੀਆਂ ਪਰਿਭਾਸ਼ਾਵਾਂ ਕੀਤੀਆਂ ਗਈਆਂ ਹਨ, ਪਰ ਮੇਰੇ ਵਿਚਾਰ ਵਿਚ ਉਸ ਦੀ ਸਭ ਤੋਂ ਵਧੀਆ ਪਰਿਭਾਸ਼ਾ 'ਜੀਵਨ ਦੀ ਆਲੋਚਨਾ' ਹੈ। ਚਾਹੇ ਉਹ ਨਿਬੰਧ ਦੇ ਰੂਪ ਵਿਚ ਹੋਵੇ, ਚਾਹੇ ਕਹਾਣੀਆਂ ਜਾਂ ਕਾਵਿ ਦੇ ਰੂਪ ਵਿਚ, ਉਸ ਨੂੰ ਸਾਡੇ ਜੀਵਨ ਦੀ ਆਲੋਚਨਾ ਅਤੇ ਵਿਆਖਿਆ ਕਰਨੀ ਚਾਹੀਦੀ ਹੈ।ਉਸ ਨੇ ਆਧੁਨਿਕ ਦੌਰ ਵਿਚ ਸਾਹਿਤ ਦੇ ਬਦਲਦੇ ਪ੍ਰਤੀਮਾਨਾਂ 'ਤੇ ਬਹੁਤ ਹੀ ਗੰਭੀਰ ਟਿੱਪਣੀ ਕੀਤੀ : ਸਾਨੂੰ ਸੁੰਦਰਤਾ ਦੀ ਕਸੌਟੀ ਬਦਲਣੀ ਪਵੇਗੀ। ਹੁਣ ਤੱਕ ਇਹ ਕਸੌਟੀ ਅਮੀਰੀ ਅਤੇ ਵਿਲਾਸਤਾ ਦੇ ਪੈਮਾਨਿਆਂ ਨਾਲ ਜੁੜੀ ਹੋਈ ਸੀ। ਸਾਡਾ ਕਲਾਕਾਰ ਅਮੀਰਾਂ ਦਾ ਪੱਲਾ ਫੜੇ ਰਹਿਣਾ ਚਾਹੁੰਦਾ ਸੀ।ਉਸ ਦਾ ਅਸਤਿਤਵ ਵੀ ਉਨ੍ਹਾਂ ਦੀ ਕਦਰ-ਸ਼ਨਾਸੀ 'ਤੇ ਹੀ ਨਿਰਭਰ ਕਰਦਾ ਸੀ ਅਤੇ ਉਸ ਲਈ ਕਲਾ ਦਾ ਮਕਸਦ ਉਨ੍ਹਾਂ ਦੇ ਸੁੱਖ-ਦੁੱਖ, ਆਸ਼ਾ-ਨਿਰਾਸ਼ਾ, ਉਹਨਾਂ ਦੇ ਆਪਸੀ ਟਕਰਾਵਾਂ ਅਤੇ ਤਣਾਵਾਂ ਦੀ ਵਿਆਖਿਆ ਕਰਨਾ ਹੀ ਸੀ। ਉਸ ਦੀ ਨਿਗਾਹ ਸਿਰਫ਼ ਹਰਮਾਂ ਅਤੇ ਬੰਗਲਿਆਂ ਵੱਲ ਰਹਿੰਦੀ ਸੀ। ਝੁੱਗੀਆਂ ਅਤੇ ਖੰਡਹਰ ਉਸ ਦੀ ਤਵੱਜੋ ਦੇ ਅਧਿਕਾਰੀ ਨਹੀਂ ਸਨ। ਉਹ ਉਨ੍ਹਾਂ ਨੂੰ ਮਨੁੱਖਤਾ ਦੀ ਸੀਮਾ ਤੋਂ ਬਾਹਰ ਸਮਝਦਾ ਸੀ। ਜੇ ਕਦੇ ਉਨ੍ਹਾਂ ਦਾ ਜ਼ਿਕਰ ਕਰਦਾ ਵੀ ਸੀ ਤਾਂ ਸਿਰਫ਼ ਮਜ਼ਾਕ ਉਡਾਉਣ ਲਈ। ਇਹ ਵੀ ਮਨੁੱਖ ਹੈ, ਇਸ ਦਾ ਵੀ ਦਿਲ ਹੈ ਅਤੇ ਇਸ ਵਿਚ ਵੀ ਸੁਪਨੇ ਹਨ-ਇਹ ਗੱਲ ਉਸ ਦੌਰ ਦੀ ਕਲਾ ਦੀ ਕਲਪਨਾ ਤੋਂ ਬਿਲਕੁਲ ਬਾਹਰ ਸੀ।

ਜੇਕਰ ਪ੍ਰਗਤੀਸ਼ੀਲ ਲੇਖਕ ਸੰਘ ਦੇ ਇਤਿਹਾਸ 'ਤੇ ਮੋਟੀ ਜਿਹੀ ਨਜ਼ਰ ਮਾਰੀਏ ਤਾਂ ਕੁਝ ਕੁ ਸਮੇਂ ਦੀ ਖੜੋਤ ਤੇ ਥੋੜ੍ਹੀ-ਬਹੁਤ ਟੁੱਟ-ਭੱਜ ਦੇ ਬਾਵਜੂਦ ਭਾਰਤ ਵਿਚ ਪ੍ਰਗਤੀਸ਼ੀਲ ਅੰਦੋਲਨ ਅੱਜ ਤੱਕ ਵੱਡੇ ਪੱਧਰ 'ਤੇ ਸਰਗਰਮ ਹੈ ਅਤੇ ਸੱਤਾ ਦੇ ਬਿਰਤਾਂਤ ਦੇ ਸਮਾਂਤਰ ਲੋਕਪੱਖੀ ਬਿਰਤਾਂਤ ਸਿਰਜ ਰਿਹਾ ਹੈ ਅਤੇ ਉਸ ਉੱਪਰ ਡਟ ਕੇ ਪਹਿਰਾ ਦੇ ਰਿਹਾ ਹੈ।ਇਸ ਦੀ ਟਾਈਮ ਲਾਈਨ ਨੂੰ ਇਸ ਪ੍ਰਕਾਰ ਸਮਝਿਆ ਜਾ ਸਕਦਾ ਹੈ:

- 1936 ਵਿਚ ਇਸ ਸੰਸਥਾ ਦਾ ਆਗਾਜ਼ ਹੋਇਆ।
- 1942 ਵਿਚ ਪ੍ਰਗਤੀਸ਼ੀਲ ਅੰਦੋਲਨ ਤੋਂ ਪ੍ਰੇਰਿਤ ਹੋ ਕੇ ਇਪਟਾ (IPTA) ਦੀ ਸਥਾਪਨਾ ਹੋਈ ਅਤੇ ਪੂਰੇ ਭਾਰਤ ਵਿਚ ਲੋਕਪੱਖੀ ਫਿਲਮਾਂ, ਨਾਟਕਾਂ, ਗੀਤਾਂ ਅਤੇ ਨਾਚਾਂ ਦਾ ਸਿਲਸਿਲਾ ਚੱਲਿਆ। 1950 ਵਿਚ ਇਸ ਅੰਦੋਲਨ ਵਿੱਚੋਂ ਵਿਸ਼ਵ ਅਮਨ ਲਹਿਰ ਪੈਦਾ ਹੋਈ। ਇਹਨਾਂ ਤਿੰਨੇ ਲਹਿਰਾਂ ਦੇ ਪ੍ਰਭਾਵ ਹੇਠ ਪੰਜਾਬ ਵਿਚ ਸੰਤ ਸਿੰਘ ਸੇਖੋਂ, ਪ੍ਰੋ. ਮੋਹਣ ਸਿੰਘ, ਅੰਮ੍ਰਿਤਾ ਪ੍ਰੀਤਮ, ਬਲਵੰਤ ਗਾਰਗੀ, ਬਾਵਾ ਬਲਵੰਤ, ਤੇਰਾ ਸਿੰਘ ਚੰਨ, ਜੋਗਿੰਦਰ ਬਾਹਰਲਾ, ਅਮਰਜੀਤ ਗੁਰਦਾਸਪੁਰੀ, ਨਿਰੰਜਨ ਸਿੰਘ ਮਾਨ, ਸੰਤੋਖ ਧੀਰ ਆਦਿ ਕਿੰਨੇ ਹੀ ਲੇਖਕ ਪੈਦਾ ਹੋਏ, ਜਿਨ੍ਹਾਂ 'ਕਲਾ ਅਵਾਮ ਲਈ' ਦੇ ਸਿਧਾਂਤ ਦੇ ਤਹਿਤ ਕਵਿਤਾਵਾਂ ਲਿਖੀਆਂ, ਆਲੋਚਨਾ ਦੇ ਪ੍ਰਤੀਮਾਨ ਘੜੇ, ਨਾਟਕ ਲਿਖੇ ਅਤੇ ਉਪੇਰੇ ਲਿਖੇ।
- 1943-47 ਤੱਕ ਕ੍ਰਿਸ਼ਨ ਚੰਦਰ, ਇਸਮਤ ਚੁਗਤਾਈ, ਫ਼ੈਜ਼ ਅਹਿਮਦ ਫ਼ੈਜ਼, ਮੰਟੋ ਆਦਿ ਦੀਆਂ ਰਚਨਾਵਾਂ ਨੇ ਉਰਦੂ ਸਾਹਿਤ ਵਿਚ ਕ੍ਰਾਂਤੀ ਲਿਆਂਦੀ। ਇਸੇ ਦੌਰ ਵਿਚ ਭਾਰਤ-ਵੰਡ ਦੀ ਤ੍ਰਾਸਦੀ 'ਤੇ ਮੰਟੋ ਦੀਆਂ ਕਹਾਣੀਆਂ ਪ੍ਰਗਤੀਸ਼ੀਲ ਅੰਦੋਲਨ ਦਾ ਅਹਿਮ ਦਸਤਾਵੇਜ਼ ਬਣੀਆਂ।
- 1950 ਦੇ ਦਹਾਕੇ ਵਿਚ ਭਾਰਤ ਅਤੇ ਪਾਕਿਸਤਾਨ ਦੋਵਾਂ ਵਿਚ ਪ੍ਰਗਤੀਸ਼ੀਲ ਲੇਖਕ ਸਰਗਰਮ ਰਹੇ।ਵਿਚਾਰਧਾਰਕ ਪਾਟੋਧਾੜ ਦੇ ਬਾਵਜੂਦ ਇਸ ਦੇ ਪ੍ਰਭਾਵ ਦਾ ਦਾਇਰਾ ਕਾਇਮ ਰਿਹਾ। ਇਸ ਦੌਰ ਵਿਚ ਭਾਰਤ ਪੱਧਰ 'ਤੇ ਹਿੰਦੀ ਵਿਚ ਯਸ਼ਪਾਲ, ਨਾਗਾਰਜੁਨ, ਮੁਕਤੀਬੋਧ ਵਰਗੇ ਲੇਖਕਾਂ ਨੇ ਪ੍ਰਗਤੀਸ਼ੀਲ ਵਿਚਾਰਾਂ ਨੂੰ ਅੱਗੇ ਵਧਾਇਆ।
- 1960-70 ਦੇ ਦਹਾਕੇ ਵਿਚ ਕੁਝ ਹੋਰ ਲੇਖਕ ਅੱਗੇ ਆਏ। ਅੰਮ੍ਰਿਤਾ ਪ੍ਰੀਤਮ, ਰਾਜਿੰਦਰ ਯਾਦਵ, ਭੀਸ਼ਮ ਸਾਹਨੀ ਅਤੇ ਸ਼ਾਇਰ ਨਾਗਾਰਜੁਨ ਵਰਗੇ ਲੇਖਕਾਂ ਨੇ ਹਾਸ਼ੀਏ ਦੀਆਂ ਆਵਾਜ਼ਾਂ ਨੂੰ ਅੱਗੇ ਲਿਆਂਦਾ। ਇਸ ਸਮੇਂ IPTA ਅਤੇ ਲੋਕ ਨਾਟਯ ਮੰਡਲੀਆਂ ਦੇ ਪਲੇਟਫਾਰਮਾਂ 'ਤੇ ਸਫ਼ਦਰ ਹਾਸ਼ਮੀ ਵਰਗੇ ਜੁਝਾਰੂ ਨਾਇਕ ਅੱਗੇ ਆਏ ਅਤੇ ਨੁੱਕੜ ਦੀ ਲਹਿਰ ਪੈਦਾ ਕਰਦੇ ਹੋਏ ਜਨ-ਸੰਘਰਸ਼ਾਂ ਨੂੰ ਮੰਚਾਂ 'ਤੇ ਪੇਸ਼ ਕੀਤਾ।
- 1980 ਦੇ ਦਹਾਕੇ ਵਿਚ ਪੰਜਾਬ, ਬਿਹਾਰ, ਬੰਗਾਲ, ਮਹਾਰਾਸ਼ਟਰ ਆਦਿ ਵਿਚ ਇਪਟਾ ਦੀਆਂ ਨਵੀਆਂ ਸ਼ਾਖਾਵਾਂ ਸਰਗਰਮ ਹੋਈਆਂ। ਪੰਜਾਬ ਵਿਚ ਤੇਰਾ ਸਿੰਘ ਚੰਨ, ਸ਼ੀਲਾ ਭਾਟੀਆ, ਜੋਗਿੰਦਰ ਬਾਹਰਲਾ, ਅੰਮ੍ਰਿਤਾ ਪ੍ਰੀਤਮ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਬਲਵੰਤ ਗਾਰਗੀ, ਸੁਰਿੰਦਰ ਕੌਰ, ਦਵਿੰਦਰ ਦਮਨ, ਅਮਰਜੀਤ ਗੁਰਦਾਸਪੁਰੀ, ਡਾ. ਆਤਮਜੀਤ ਵਰਗੇ ਲੇਖਕਾਂ ਨੇ ਯੁੱਧਾਂ, ਦੰਗਿਆਂ, ਹਿੰਸਾ ਅਤੇ ਉਥਲ-ਪੁਥਲ ਦੇ ਦੌਰ ਵਿਚ ਅਦਬ ਰਾਹੀਂ ਮਨੁੱਖੀ ਆਵਾਜ਼ ਦਿੱਤੀ। ਦਿੱਲੀ ਅਤੇ ਲਖਨਊ ਵਿਚ ਰਾਸ਼ਟਰੀ ਸੰਮੇਲਨਾਂ ਦੇ ਵੱਡੇ ਆਯੋਜਨ ਹੋਏ, ਜਿਨ੍ਹਾਂ ਵਿਚ ਸਾਹਿਤ ਨੂੰ ਜਨ-ਅੰਦੋਲਨ ਨਾਲ ਜੋੜਨ 'ਤੇ ਜ਼ੋਰ ਦਿੱਤਾ ਗਿਆ।
- ਬੇਸ਼ੱਕ ਸੋਵੀਅਤ ਸੰਘ ਦੇ ਟੁੱਟਣ ਅਤੇ ਗਲੋਬਲਾਈਜ਼ੇਸ਼ਨ ਦੇ ਦੌਰ ਵਿਚ ਪ੍ਰਗਤੀਸ਼ੀਲ ਅੰਦੋਲਨ ਕਮਜ਼ੋਰ ਹੋਇਆ, ਪਰ 1990 ਦੇ ਦਹਾਕੇ ਵਿਚ ਪੰਜਾਬ ਵਿਚ ਗੁਰਸ਼ਰਨ ਸਿੰਘ ਅਤੇ ਅਜਮੇਰ ਸਿੰਘ ਔਲਖ, ਸੰਤੋਖ ਧੀਰ ਵਰਗੇ ਬੰਦੇ ਸਰਗਰਮ ਰਹੇ, ਜੋ ਇਸ ਅੰਦੋਲਨ ਦੇ ਪ੍ਰਭਾਵ ਥੱਲੇ ਵਿਕਸਿਤ ਹੋਏ।
- 21ਵੀਂ ਸਦੀ ਵਿਚ ਇਸ ਲਹਿਰ ਨੇ ਫਿਰ ਜ਼ੋਰ ਫੜਿਆ ਹੈ। ਹਾਸ਼ੀਏ ਦੇ ਸਾਹਿਤ ਦੇ ਰੂਪ ਵਿਚ ਕਈ ਵਿਮਰਸ਼ਾਂ ਨੂੰ ਇਸ ਧਾਰਾ ਨੇ ਸਾਹਮਣੇ ਲਿਆਂਦਾ। ਦਲਿਤ ਸਾਹਿਤ, ਨਾਰੀ ਸਾਹਿਤ, ਨਿਮਨ ਕਿਸਾਨੀ ਦਾ ਸਾਹਿਤ, ਆਦਿਵਾਸੀਆਂ ਦੇ ਮਸਲੇ, ਥਰਡ ਜੈਂਡਰ ਦੇ ਮਸਲੇ ਆਦਿ ਵਿਸ਼ਿਆਂ 'ਤੇ ਕਿੰਨੇ ਹੀ ਲੇਖਕਾਂ ਨੇ ਸਸ਼ਕਤ ਰਚਨਾਵਾਂ ਦਿੱਤੀਆਂ। 'ਹੰਸ', 'ਵਸੁਧਾ', 'ਚਰਚਾ ਕੌਮਾਂਤਰੀ' ਵਰਗੀਆਂ ਬਹੁਤ ਸਾਰੀਆਂ ਸਾਹਿਤਕ ਪੱਤ੍ਰਿਕਾਵਾਂ ਨਿਕਲੀਆਂ।
- ਲਖਨਊ, ਜੈਪੁਰ ਅਤੇ ਜੱਬਲਪੁਰ ਆਦਿ ਵਿਖੇ ਹੋਈਆਂ ਕਾਨਫਰੰਸਾਂ ਵਿਚ ਪ੍ਰਗਤੀਸ਼ੀਲ ਲੇਖਕਾਂ ਨੇ ਅਸਹਿਣਸ਼ੀਲਤਾ, ਸੰਪਰਦਾਇਕਤਾ ਅਤੇ ਪੂੰਜੀਵਾਦੀ ਸ਼ੋਸ਼ਣ ਦੇ ਵਿਰੁੱਧ ਆਵਾਜ਼ ਉਠਾਈ। ਘੱਟ ਗਿਣਤੀਆਂ ਦੇ ਹਿੱਤਾਂ ਦੇ ਖਿਲਾਫ਼ ਜਾਂਦੇ ਕਾਨੂੰਨ ਸੀ.ਏ.ਏ. Citizenship Amendment Act (311), 2019 ਦੇ ਖਿਲਾਫ਼ ਦਿੱਲੀ ਵਿਚ ਲੱਗੇ ਮੋਰਚੇ ਵਿਚ ਸਰਗਰਮ ਸ਼ਮੂਲੀਅਤ ਕੀਤੀ। 2021-22 ਵਿਚ ਵਿਸ਼ਵ ਦੇ ਮਹਾਨ ਕਿਸਾਨ ਸੰਘਰਸ਼ ਵਿਚ ਪ੍ਰਗਤੀਸ਼ੀਲ ਲੇਖਕ ਸੰਘ ਨੇ ਅਦਬੀ ਯੋਗਦਾਨ ਦੇ ਨਾਲ-ਨਾਲ ਮਨੁੱਖੀ ਅਤੇ ਆਰਥਿਕ ਯੋਗਦਾਨ ਵੀ ਦਿੱਤਾ। ਇਸੇ ਤਰ੍ਹਾਂ ਕੋਰੋਨਾ ਦੇ ਦੌਰ ਵਿਚ ਬਹੁਤ ਸਾਰੀਆਂ ਮਨੁੱਖੀ ਸਰਗਰਮੀਆਂ ਕੀਤੀਆਂ।ਭਲਵਾਨ ਕੁੜੀਆਂ ਸਾਕਸ਼ੀ ਮਲਿਕ ਅਤੇ ਵਿਨੇਸ਼ ਫੋਗਾਟ ਦੁਆਰਾ ਵਿੱਢੇ ਸੰਘਰਸ਼ ਦਾ ਸਮਰਥਨ ਕੀਤਾ।

ਹੁਣ 2025 ਵਿਚ ਖੜ੍ਹੇ ਹੋ ਕੇ ਨਜ਼ਰ ਮਾਰੀਏ ਤਾਂ ਇਹ ਲਹਿਰ ਹੁਣ ਦੇ ਸਮਿਆਂ ਤੱਕ ਵੀ ਉਸੇ ਮਜ਼ਬੂਤੀ ਨਾਲ ਚੱਲ ਰਹੀ ਹੈ। ਹੁਣ ਪ੍ਰਗਤੀਸ਼ੀਲ ਲੇਖਕ ਸੰਘ ਦੀਆਂ ਭਾਰਤ, ਇੰਗਲੈਂਡ, ਅਮਰੀਕਾ ਅਤੇ ਲਹਿੰਦੇ ਪੰਜਾਬ ਵਿਚ ਇਕਾਈਆਂ ਹਨ। ਸਾਰੇ ਭਾਰਤ ਵਿਚ ਲੱਗਭੱਗ 20 ਦੇ ਕਰੀਬ ਰਾਜਾਂ ਵਿਚ ਇਕਾਈਆਂ ਹਨ। ਵਰਤਮਾਨ ਸਮੇਂ ਇਸ ਦੇ ਪ੍ਰਧਾਨ ਪੀ ਲਕਸ਼ਮੀ ਨਾਰਾਇਣਾ ਹਨ ਅਤੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਹਨ। ਪੰਜਾਬ ਇਕਾਈ ਦੀ ਕਮਾਨ ਪ੍ਰੋ. ਸੁਰਜੀਤ ਜੱਜ ਅਤੇ ਜਨ. ਸਕੱਤਰ ਡਾ. ਕੁਲਦੀਪ ਸਿੰਘ ਦੀਪ ਕੋਲ ਹੈ ਅਤੇ ਇਸ ਵੇਲੇ ਪੰਜਾਬ ਵਿਚ ਇਸ ਦੀਆਂ 18 ਦੇ ਕਰੀਬ ਜ਼ਿਲ੍ਹਾ ਇਕਾਈਆਂ ਸਰਗਰਮ ਹਨ। ਨਾਟਕ ਅਤੇ ਰੰਗਮੰਚ ਦੇ ਖੇਤਰ ਵਿਚ ਇਪਟਾ (Indian People's Theatre Association (IPTA) ਅੱਜ ਵੀ ਵੱਡਾ ਕਾਰਜ ਕਰ ਰਹੀ ਹੈ। ਅੱਜ ਵੀ ਇਹਨਾਂ ਅਦਾਰਿਆਂ ਦੀ ਅਗਵਾਈ ਵਿਚ ਲਿਖਿਆ ਜਾ ਰਿਹਾ ਅਦਬ ਵਿਸ਼ਵ ਦੇ ਵੱਖ-ਵੱਖ ਖਿੱਤਿਆਂ ਵਿਚ ਪਨਪ ਰਹੇ ਫਾਸ਼ੀਵਾਦ ਨੂੰ ਕਰੜੀ ਟੱਕਰ ਦੇ ਰਿਹਾ ਹੈ।ਇਹ ਸੰਸਥਾ ਅੱਜ ਵੀ ਉਹਨਾਂ ਅਦਬੀ ਪ੍ਰਤੀਮਾਨਾਂ 'ਤੇ ਪਹਿਰਾ ਦੇ ਰਹੀ ਹੈ ਅਤੇ ਉਹਨਾਂ ਸੁਪਨਿਆਂ ਨੂੰ ਪੂਰਾ ਕਰਨ ਦੀਆਂ ਕੋਸ਼ਿਸ਼ ਕਰ ਰਹੀ ਹੈ, ਜਿਹੜੇ ਇਸ ਦੇ ਸੂਤਰਧਾਰਾਂ ਸੱਜਾਦ ਜ਼ਹੀਰ, ਮੁਲਕਰਾਜ ਆਨੰਦ, ਅਹਿਮਦ ਅਲੀ, ਰਸ਼ੀਦ ਜਹਾਂ, ਫ਼ੈਜ਼ ਅਹਿਮਦ ਫ਼ੈਜ਼, ਇਸਮਤ ਚੁਗਤਾਈ, ਕ੍ਰਿਸ਼ਨ ਚੰਦਰ, ਸਆਦਤ ਹਸਨ ਮੰਟੋ, ਅਲੀ ਸਰਦਾਰ ਜਾਫ਼ਰੀ, ਮੁਨਸ਼ੀ ਪ੍ਰੇਮਚੰਦ, ਯਸ਼ਪਾਲ, ਨਾਗਾਰਜੁਨ, ਮੁਕਤੀ ਬੋਧ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਅੰਮ੍ਰਿਤਾ ਪ੍ਰੀਤਮ, ਗੁਰਦਿਆਲ ਸਿੰਘ ਨੇ ਲਏ ਸਨ।

ਅੱਜ ਵੀ ਇਹ ਲਹਿਰ ਆਪਣੇ ਸੰਸਥਾਪਕ ਮੁਨਸ਼ੀ ਪ੍ਰੇਮਚੰਦ ਦੇ ਉਸ ਕਥਨ 'ਤੇ ਕਾਇਮ ਹੈ, ਜੋ ਉਹਨਾਂ ਨੇ 1936 ਵਿਚ ਪ੍ਰਗਤੀਸ਼ੀਲ ਲੇਖਕ ਸੰਘ ਦੇ ਲਖਨਊ ਵਿਚ ਹੋਏ ਪਹਿਲੇ ਇਜਲਾਸ ਦੇ ਬਿਲਕੁਲ ਅਖੀਰ 'ਤੇ ਕਹੇ ਸਨ : ਜਦ ਤੱਕ ਸਾਹਿਤ ਦਾ ਕੰਮ ਸਿਰਫ਼ ਮਨੋਰੰਜਨ ਲਈ ਸਮੱਗਰੀ ਇਕੱਠੀ ਕਰਨਾ, ਲੋਰੀਆਂ ਗਾ-ਗਾ ਕੇ ਸੁਲਾਉਣਾ, ਹੰਝੂ ਵਹਾ ਕੇ ਹੀ ਮਨ ਹਲਕਾ ਕਰਨਾ ਸੀ, ਤਦ ਤੱਕ ਇਸ ਲਈ ਕੁਝ ਵੀ ਕਰਨ ਦੀ ਕੋਈ ਲੋੜ ਨਹੀਂ ਸੀ, ਪਰ ਅਸੀਂ ਸਾਹਿਤ ਨੂੰ ਸਿਰਫ਼ ਮਨੋਰੰਜਨ ਅਤੇ ਐਸ਼ੋ-ਆਰਾਮ ਦੀ ਵਸਤੂ ਨਹੀਂ ਸਮਝਦੇ। ਸਿਰਫ਼ ਉਹੀ ਸਾਹਿਤ ਹੀ ਸਾਡੀ ਪਰਖ 'ਤੇ ਖਰਾ ਉਤਰੇਗਾ, ਜਿਸ ਵਿਚ ਉੱਚੀ ਸੋਚ, ਸੁਤੰਤਰਤਾ ਦੀ ਭਾਵਨਾ, ਸੁੰਦਰਤਾ ਦਾ ਸਾਰ, ਸਿਰਜਣਾ ਦੀ ਰੂਹ, ਜੀਵਨ ਦੀਆਂ ਸੱਚਾਈਆਂ ਦਾ ਪ੍ਰਕਾਸ਼ ਹੋਵੇ, ਜਿਹੜਾ ਸਾਨੂੰ ਸੁਆਵੇ ਨਾ, ਬਲਕਿ ਸਾਡੇ ਅੰਦਰ ਹਰਕਤ ਅਤੇ ਬੇਚੈਨੀ ਪੈਦਾ ਕਰੇ, ਕਿਉਂਕਿ ਹੁਣ ਬਹੁਤ ਜ਼ਿਆਦਾ ਸੌਣਾ ਮੌਤ ਦੀ ਨਿਸ਼ਾਨੀ ਹੈ।

***ਮੋਬਾ. 98768-20600***

14-Sep-Sunday.qxd 9/13/2025 9:30 PM Page 2



ਭਾਈ ਬਾਲੇ ਦੀ ਹੋਂਦ-ਅਣਹੋਂਦ (ਕਿਸ਼ਤ-3)

# ਭਾਈ ਬਾਲਾ ਤੇ ਬਾਲੇ ਵਾਲੀ ਜਨਮ ਸਾਖੀ ਦਾ ਅਸਲ ਨਿਸਤਾਰਾ

ਡਾ. ਜਸਵਿੰਦਰ ਸਿੰਘ ਭੁੱਲਰ

ਇੱਥੋਂ ਦ੍ਰਿੜ੍ਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਬਾਲੇ ਵਾਲੀ ਜਨਮ ਸਾਖੀ ਦੇ ਬਾਲ ਚੰਦ ਦਾ ਖੁਰਾਫ਼ਾਤੀ ਦਿਮਾਗ ਇਸ ਪਿੱਛੇ ਕੰਮ ਕਰ ਰਿਹਾ ਹੋਵੇਗਾ। ਜਨਮ ਸਾਖੀ ਉਸ ਨੇ ਲਿਖੀ ਜਾਂ ਕਿਸੇ ਹੋਰ ਲਿਖਾਰੀ ਪਾਸੋਂ ਲਿਖਵਾਈ, ਉਸ ਦਾ ਮੁੱਖ ਮੁੱਦਾ ਗੁਰੂ ਸਾਹਿਬ ਪ੍ਰਤੀ ਜ਼ਹਿਰ ਉਗਲਣਾ ਹੀ ਸੀ। ਪਰ ਫਿਰ ਵੀ ਇਹ ਸਾਖੀ ਮਕਬੂਲ ਹੋ ਗਈ। ਇਸ ਕੰਮ ਪਿੱਛੇ ਬਿਧੀ ਚੰਦ ਤੇ ਬਾਲ ਚੰਦ ਦੋਵੇਂ ਸਨ। ਇਹ ਸਫਲਤਾ ਉਨ੍ਹਾਂ ਕਿਸ ਤਰ੍ਹਾਂ ਹਾਸਿਲ ਕੀਤੀ, ਇਸ ਦਾ ਵੀ ਪਰਤ-ਦਰ-ਪਰਤ ਖੁਲਾਸਾ ਅੱਗੇ ਜਾ ਕੇ ਕਰਾਂਗੇ। ਗਿਆਨੀ ਗਿਆਨ ਸਿੰਘ ੧੯੩੫ ਈ. (੧੯੭੯ ਬਿਕਰਮੀ) 'ਸ੍ਰੀ ਗੁਰ ਪੰਥ ਪ੍ਰਕਾਸ਼' ਵਿੱਚ ਮਾਝੇ ਦੇ ਜੰਡਿਆਲੇ ਵਾਸੀ ਬਿਧੀ ਚੰਦ ਨੂੰ ਸਾਖੀਆਂ ਵਿੱਚ ਰਲਾਅ ਕਰਨ ਦਾ ਜ਼ਿੰਮੇਵਾਰ ਠਹਿਰਾਉਂਦਾ ਹੈ:-

*ਬਿਧੀ ਚੰਦ ਤਬ ਖੋਟ ਕਮਾਈ ਧੋਖਾ ਦੀਨੋ ਲੋਗਨ ਤਾਈ।*
*ਜਨਮ ਸਾਖੀ ਗੁਰੂ ਨਾਨਕ ਕੇਰੀ। ਵੀਚ ਕਥਾ ਲਿਖ ਐਸੇ ਟੇਰੀ।*

ਗੁਰੂ ਨਾਨਕ ਭੀ ਮੁਸਲਮਾਨੀ। ਔਰਤ ਕਰੀ ਮੰਜੋਤ ਮਹਾਨੀ।
ਫਿਰ ਗੁਰੂ ਹਰਗੋਬਿੰਦ ਨੇ ਕੌਲਾ। ਰਾਖੀ ਘਰ ਮੇ ਜਹਾਨ ਰੌਲਾ।
ਪੀਰ ਫਕੀਰ ਭੂਪਜੋ ਹੋਈ। ਨਿਸ ਕਲੰਕ ਹੋਵਤ ਹੈ ਸੋਈ। ਇਸ ਵਿੱਚ ਕੋਈ ਲੁਕਾਅ ਨਹੀਂ ਕਿ ਹੰਦਾਲੀ ਭਰਾ ਬਿਧੀ ਚੰਦ ਤੇ ਬਾਲ ਚੰਦ ਦੋਵੇਂ ਅੱਯਾਸ਼ ਕਿਸਮ ਦੇ ਸ਼ਖ਼ਸ ਸਨ। ਦੋਵੇਂ ਲਾਹੌਰ ਦੇ ਕੋਠਿਆਂ ਦੀਆਂ ਮਹਿਫਿਲਾਂ ਵਿੱਚ ਅਕਸਰ ਸ਼ਰੀਕ ਹੁੰਦੇ ਸਨ। ਬਿਧੀ ਚੰਦ ਨੇ ਤਾਂ ਡੂਮ ਮੁਸਲਮਾਨੀ ਵੀ ਰੱਖੀ ਹੋਈ ਸੀ। ਗੁਰੂ ਨਾਨਕ ਦੇ ਜੋਤੀ ਜੋਤਿ ਸਮਾ ਜਾਣ ਤੋਂ ਕਈ ਵਰ੍ਹੇ ਬਾਅਦ ਆਪਣੇ ਵਿਭਚਾਰਾਂ ਨੂੰ ਢਕਣ ਲਈ ਪੈੜੇ ਮੋਖੇ ਕੋਲੋਂ ਝੂਠੀ 'ਮੰਞੋਤ' ਦੀ ਸਾਖੀ ਸ਼ਾਮਲ ਕਰਵਾ ਦਿੱਤੀ। ਗਿਆਨੀ ਗਿਆਨ ਸਿੰਘ 'ਸ੍ਰੀ ਗੁਰ ਪੰਥ ਪ੍ਰਕਾਸ਼' ਵਿੱਚ ਅੱਯਾਸ਼ ਬਿਧੀ ਚੰਦ ਦੀਆਂ ਪੋਲਾਂ ਖੋਲ੍ਹਦਿਆਂ ਸਿੱਧੇ ਉਸ ਨੂੰ ਮੰਞੋਤ ਪ੍ਰਸੰਗ ਦਾ ਦੋਸ਼ੀ ਠਹਿਰਾਉਂਦੇ ਹਨ ਕਿਉਂ ਜੋ ਬਿਧੀ ਚੰਦ ਨੇ ਆਪ ਮੁਸਲਮਾਨੀ ਰੱਖੀ ਹੋਈ ਸੀ:-

*"ਪੋਤੇ ਹਿੰਦਾਲ ਕੇ ਮਹੰਤ ਹੋਇ ਬਿਧੀ ਚੰਦ,*
*ਡੂੰਮਣੀ ਮੁਸਲਮਾਨੀ ਰਾਖੀ ਘਰ ਲਯਾਏ ਹੈਂ।"*

ਬਿਧੀ ਚੰਦ ਦੇ ਮਰਨ ਤੋਂ ਕਈ ਵਰ੍ਹੇ ਬਾਅਦ ਗਿਆਨੀ ਗਿਆਨ ਸਿੰਘ ਦੇ ਇਸ ਮੱਤ ਨੂੰ ਹੰਦਾਲੀਆਂ ਦੇ ਚੇਲੇ 'ਸ੍ਰੀ ਗੁਰੂ ਹੰਦਾਲ ਪ੍ਰਕਾਸ਼' (੨੦੧੧ ਬਿਕਰਮੀ ਵਿੱਚ) ਛਾਪ ਕੇ ਬਿਧੀ ਚੰਦ ਦੀ ਵਕਾਲਤ ਵਿੱਚ ਮੁਸਲਮਾਨੀ ਰੱਖਣ ਦਾ ਇਹ ਕਾਰਾ ਬਿਸੰਭਰ ਦਾਸ ਵੱਲੋਂ ਕੀਤੇ ਜਾਣਾ ਠਹਿਰਾਅ ਦਿੰਦੇ ਹਨ। 'ਹੰਦਾਲ ਪ੍ਰਕਾਸ਼' ਜਿਸ ਨੂੰ ਮਸੰਦ ਸਾਈਂਦਾਸ ਉਰਫ ਸੁੰਦਰ ਸਿੰਘ ਨਿਰੰਜਨੀਆ, ਵਾਸੀ ਜੰਡਿਆਲਾ ਗੁਰੂ, ਜ਼ਿਲ੍ਹਾ ਸੁਧਾਸਰ ਨੇ ਪ੍ਰਕਾਸ਼ਿਤ ਕਰਵਾਇਆ, ਵਿੱਚ 'ਬ' ਅੱਖਰ ਦਾ ਟਪਲਾ ਖਾ ਜਾਣ ਕਰਕੇ ਮੁਸਲਮਾਨੀ ਰੱਖਣ ਦਾ ਦੋਸ਼ ਬਿਸੰਭਰ ਦਾਸ ਦੇ ਮੱਥੇ ਮੜ੍ਹ ਦਿੱਤਾ ਜਾਂਦਾ ਹੈ। 'ਹੰਦਾਲ ਪ੍ਰਕਾਸ਼' ਅਨੁਸਾਰ, "ਗੁਰੂ ਬਿਧੀ ਚੰਦ ਜੀ ਪੁਰ ਕੂੜ੍ਹ ਥੱਪਿਆ ਸੋ ਤੇ ਬੱਬੇ ਅੱਖਰ ਦੀ ਗ਼ਲਤੀ ਖਾ ਕੇ ਬਿਸੰਭਰ ਦਾਸ ਜੀ ਦੀ ਥਾਂ ਬਿਧੀ ਚੰਦ ਹੀ ਲਿਖ ਮਾਰਿਆ। ਕਿਉਂ ਬੱਬਾ ਬਿਧੀ ਚੰਦ ਜੀ ਨੂੰ ਲੱਗਦਾ ਸੀ ਤੇ ਬੱਬਾ ਬਿਸੰਭਰ ਦਾਸ ਜੀ ਨੂੰ ਵੀ ਲੱਗਦਾ ਸੀ। ਸੋ ਏਸ ਗਿਆਨੀ ਗਿਆਨ ਸਿੰਘ ਨੇ ਭਾਰੀ ਗਲਤੀ ਖਾਧੀ।" ਬਿਸੰਭਰ ਦਾਸ ਗੁਰੂ ਸਰਨ ਦਾਸ ਦਾ ਵੱਡਾ ਪੁੱਤਰ ਦੱਸਿਆ ਜਾਂਦਾ ਹੈ। ਗਿਆਨੀ ਗਿਆਨ ਸਿੰਘ ਦੀ ਲਿਖਤ ਸੌ ਫੀਸਦੀ ਠੀਕ ਲੱਗਦੀ ਹੈ। ਭਾਵੇਂ 'ਬੱਬੇ' ਅੱਖਰ ਨਾਲ ਦੋਵੇਂ ਨਾਂਅ ਸ਼ੁਰੂ ਹੁੰਦੇ ਹਨ ਪਰ ਕਿਥੇ ਬਿਧੀ ਚੰਦ ਦਾ ਉੱਚਾਰਣ ਤੇ ਲਿਖਤ ਅਤੇ ਕਿਥੇ ਬਿਸੰਭਰ ਦਾਸ ਦਾ ਉੱਚਾਰਣ ਤੇ ਲਿਖਤ। ਸਰਾਸਰ 'ਹੰਦਾਲ ਪ੍ਰਕਾਸ਼' ਦੇ ਕਰਤੇ ਵੱਲੋਂ ਬਿਧੀ ਚੰਦ ਦੇ ਕੁਕਰਮਾਂ ਦੀ ਪਰਦਾਪੋਸ਼ੀ ਦੀ ਬੇਤੁਕੀ ਕੋਸ਼ਿਸ਼ ਹੈ।

ਬਿਧੀ ਚੰਦ ਦੀ ਲਿਖਵਾਈ 'ਪ੍ਰਚੀ ਬਾਬਾ ਹੰਦਾਲ' ਅਤੇ ਬਾਲੇ ਵਾਲੀ ਜਨਮ ਸਾਖੀ ਦਾ ਬਹੁਤਾ ਸੱਜਰਾ ਥੋੜ੍ਹੇ ਬਹੁਤ ਵਿਰੋਧਾਭਾਸ ਦੇ ਬਾਵਜੂਦ ਬਾਲੇ ਵਾਲੀ ਸਾਖੀ ਨਾਲ ਆਪੋ ਵਿੱਚ ਮੇਲ ਖਾਂਦਾ ਹੈ। ਇੱਥੋਂ ਸਿੱਧ ਹੁੰਦਾ ਹੈ ਹੰਦਾਲੀਏ ਜਿਨ੍ਹਾਂ ਪ੍ਰਚੀ ਹੰਦਾਲ ਲਿਖੀ, ਉਹੀ ਬਾਲੇ ਵਾਲੀ ਜਨਮ ਸਾਖੀ ਦੇ ਅਸਲ ਖਿਡਾਰੀ ਹਨ, ਜਿਸ ਨੇ ਆਪਣੇ ਭਰਾ ਬਾਲ ਚੰਦ, ਜੋ ਬਾਲਾ ਹੀ ਸੀ, ਦੇ ਨਾਂਅ ਨਾਲ ਜਨਮ ਸਾਖੀ ਲਿਖ ਕੇ ਆਪਣੀ ਪੂਰੀ ਭੜਾਸ ਕੱਢੀ। ਸਾਡੀ ਜਾਚੇ ਬਿਧੀ ਚੰਦ ਵਾਲੀ ਜਨਮ ਸਾਖੀ ਹੀ ਦਰਅਸਲ ਬਾਲੇ ਵਾਲੀ ਜਨਮ ਸਾਖੀ ਹੈ। ਸਾਖੀ ੪੪ 'ਉਹਾਰ ਤੇ ਇਖਨ ਪਰਬਤ ਤੇ ਗਏ' ਵਿੱਚ ਗੁਰੂ ਨਾਨਕ ਦਾ ਜਨਮ ਤੇਲੀਆਂ ਦੇ ਨੀਚ ਘਰ

ਵਿੱਚ ਹੋਣ ਨੂੰ ਫਿਰ ਦੁਹਰਾਉਂਦਾ ਸੀਲ ਸੈਨ ਨਾਲ ਹੋਈ ਗੋਸਟਿ ਮੌਕੇ ਗੁਰੂ ਨਾਨਕ ਵਾਚਾ ਵਿੱਚ ਲਿਖਵਾਉਂਦਾ ਹੈ;

*"ਤ੍ਰੇਤੇ ਸੇਵਕ ਜਨ ਕੇ ਹੋਤੇ॥*
*ਦੁਆਪਰ ਜਨਮੁ ਨੀਚੁ ਘਰਿ ਲੇਤੇ॥ ਤੇਲੀ ਕੇ ਘਰਿ*
*ਪਾਈ ਠਉੜਿ॥ ਤਬ ਸੁੰਦਰ ਨਾਉ ਧਰਿਆ ਹੈ ਅਉਰ॥"*

ਗੁਰੂ ਸਾਹਿਬ ਜਿਨ੍ਹਾਂ ਹਮੇਸ਼ਾ ਮੂਰਤੀ ਪੂਜਾ ਕਰਨ ਦੀ ਮਨਾਹੀ ਕੀਤੀ, ਉਨ੍ਹਾਂ ਬਾਰੇ ਬਾਲਾ ਲਿਖਵਾਉਂਦਾ ਹੈ ਕਿ ਉਹ ਪਿਛਲੇ ਜਨਮ ਵਿੱਚ ਮੂਰਤੀ ਪੂਜਾ ਕਰਦੇ ਸਨ। ਇਹ ਹੀ ਨਹੀਂ ਉਹ ਝੂਠ ਵੀ ਬੋਲਦੇ ਸਨ, ਜਿਸ ਕਰਕੇ ਉਹਨਾਂ ਨੂੰ ਮਨੁੱਖਾ ਜੂਨ ਵਿੱਚ ਆਉਣਾ ਪਿਆ। ਉਹ ਆਪ ਗੁਰੂ ਨਹੀਂ ਬਲਕਿ ਉਨ੍ਹਾਂ ਖਵਾਜਾ ਖਿਜਰ (ਜਿੰਦ ਪੀਰ) ਨੂੰ ਆਪਣਾ ਗੁਰੂ ਧਾਰਿਆ ਦੱਸਦਾ ਹੈ। ਬਾਲਾ ਆਪਣੇ ਅਤੇ ਨਾਨਕ ਵਿਚਕਾਰ ਕੋਈ ਫਰਕ ਨਹੀਂ ਦੱਸਦਾ। ਉਹ ਸਾਖੀ ਵਿੱਚ ਲਿਖਵਾਉਂਦਾ ਹੈ, "ਅਸੀ ਤੁਹਨੋ ਈਵੇ ਜਾਣਦੇ ਆਹੇ ਜੇਹਾ ਨਾਨਕ ਤੇਹਾ ਤੂ" ਇਹ ਵਾਕ ਪਿਤਾ ਅਤੇ ਭਾਈਏ ਜੈ ਰਾਮ ਦੇ ਮੂੰਹੋਂ ਕਢਵਾਇਆ ਹੈ ਅਤੇ ਅੱਗੋਂ ਬਾਲਾ ਖੱਤਰੀ ਪਟਵਾਰੀਆਂ ਦੇ ਪਰਿਵਾਰ ਨੂੰ 'ਕੰਗਾਲ' ਕਹਿ ਕੇ ਨੀਵਾਂ ਦਰਸਾਉਂਦਾ ਹੈ। ਉਸ ਦੀ ਆਪਣੀ ਲਿਖਵਾਈ ਸਾਖੀ ਦਾ ਵਾਕ ਇੰਝ ਹੈ:- "ਤੁਸੀ ਤਾ ਮੈਨੂੰ ਕੰਗਾਲ ਜੇਹੇ ਨਦਰਿ ਆਵਦੇ ਹੋ"। ਅੱਗੋਂ ਭਾਈਆ ਜੈ ਰਾਮ 'ਸਤਿ ਸਤਿ ਜੀ' ਕਹਿ ਕੇ ਉਸ ਦੀ ਕਹੀ ਗੱਲ ਨੂੰ ਸੱਚ ਠਹਿਰਾਅ ਦਿੰਦਾ ਹੈ ਕਿਉਂਕਿ ਲਿਖਵਾਉਣ ਵਾਲਾ ਤਾਂ ਬਾਲਾ ਹੀ ਹੈ। ਜਦੋਂ ਗੁਰੂ ਸਾਹਿਬ ਘਿਰਨ ਪਰਬਤ 'ਤੇ ਆਉਂਦੇ ਹਨ ਤਾਂ ਸੁਖਚੈਨ ਰਖੀਸਰ ਨੂੰ ਮਿਲਦੇ ਹਨ। ਉਸ ਨੂੰ ਪਛਾਣਦਿਆਂ ਪੁੱਛਦੇ ਹਨ, "ਅਰੇ ਭਾਈ! ਤੂੰ ਉਹੀ ਸੁਖਚੈਨ ਹੈ, ਜੋ ਰਾਜੇ ਜਨਕ ਬਿਦੇਹੀ ਕਾ ਸਿਹਿਜਾ ਹਰੂ ਥਾ।" ਤਾਂ ਅੱਗੋਂ ਰਖੀਸਰ ਕਹਿਆ, "ਭਾਈ ਜੀ! ਮੈਂ ਉਹੀ ਹੋਤਾ ਹੋਂ।" ਤਾਂ ਗੁਰੂ ਨਾਨਕ ਜੀ ਉਸ ਦੇ ਪੈਰਾਂ ਤੇ ਪਇਆ, ਅੱਗੋਂ ਉਸ ਗਲ ਵਿਚ ਲੀਤਾ। ਇਥੇ ਵੀ ਬਾਲਾ ਰਖੀਸਰ ਨੂੰ ਗੁਰੂ ਨਾਨਕ ਤੋਂ ਉੱਚਾ ਦਰਸਾਉਂਦਾ ਤੇ ਕਿਸੇ ਕਮੀਵੱਸ ਉਹਨਾਂ ਨੂੰ ਨੀਵਾਂ ਪੇਸ਼ ਕਰਦਾ ਪੈਰਾਂ 'ਤੇ ਪੈਂਦਾ ਲਿਖਵਾਉਂਦਾ ਹੈ। ਲਹਿੰਦੀ ਪੰਜਾਬੀ ਵਿੱਚ ਲਿਖੀ ਮਿਹਰਬਾਨ ਦੀ ਪੋਥੀ 'ਹਰਿਜੀ' ਅਤੇ ਬਾਲੇ ਵਾਲੀ ਜਨਮ ਸਾਖੀ ਦੀਆਂ ਕੁਝ ਸਾਖੀਆਂ ਹੱਦ ਦਰਜੇ ਦੀਆਂ ਚਰਿੱਤਰਹੀਣ ਹਨ, ਜੋ ਵੱਖੋ-ਵੱਖਰੇ ਪਾਤਰਾਂ/ਸਥਾਨਾਂ ਦੇ ਨਾਂਅ ਹੇਠ ਲਿਖੀਆਂ ਮਿਲਦੀਆਂ ਹਨ। ਪੋਥੀ 'ਹਰਿਜੀ' ਵਿੱਚ ਰੰਘੜੀ ਅਤੇ ਬਾਲੇ ਵਾਲੀ ਜਨਮ ਸਾਖੀ ਵਿੱਚ 'ਮੰਞੋਤ' ਅਤੇ ਗੁਰੂ ਅੰਗਦ ਦੇਵ ਪਰੀਖਿਆ ਵਿਚਲੀ 'ਸਹਜ ਕੁਸਹਜ'। ਦੋਵਾਂ ਸਾਖੀਆਂ ਦੇ ਮੂਲ ਪਾਠ ਇਥੇ ਵਰਣਨ ਦੇ ਯੋਗ ਹੀ ਨਹੀਂ ਹਨ। 'ਹਰਿਜੀ' ਪੋਥੀ ਦੇ ਲਿਖਾਰੀ ਅਨੁਸਾਰ ਇਹ ੧੬੫੦ ਈ. ਵਿੱਚ ਲਿਖੀ ਗਈ:-

*ਸੰਮਤ॥ ੧੭੦੭ ਭਾਦਰਵਦੀ ੭॥*
*ਆਇਤਵਾਰ ਮੁਹੰਮਦੀਪੁਰ ਹਰਿਜੀ ਪੋਥੀ ਸੰਪੂਰਨ ਹੋਈ॥*



ਗੋਸ਼ਟੀ ੬੧ ਭਾਈ ਕੇਸੋਦਾਸ ਬ੍ਰਾਹਮਣ ਦੀ ਅਖਰੀ ਲਿਖੀ॥

ਸੰਮਤ ੧੭੦੭ (੧੬੫੦ ਈ.) ਵਾਲੀ 'ਹਰਿਜੀ' ਪੋਥੀ ਵਿੱਚ ਰੰਘੜੀ ਅਤੇ ਸਹਜ ਕੁਸਹਜ ਪ੍ਰਸੰਗ ਪਹਿਲਾਂ ਨਹੀਂ ਸਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਹ ਪ੍ਰਸੰਗ ਬਾਲੇ ਵਾਲੀ ਜਨਮ ਸਾਖੀ ਤੋਂ ਲਏ ਗਏ? ਜਾਂ ਫਿਰ ਬਾਲੇ ਵਾਲੀ ਜਨਮ ਸਾਖੀ ਤੋਂ 'ਹਰਿਜੀ' ਵਿੱਚ ਇਹ ਪ੍ਰਸੰਗ ਆਏ। ਬਹੁਤੇ ਵਿਦਵਾਨਾਂ ਦਾ ਮੱਤ ਹੈ ਕਿ ਉਕਤ ਪ੍ਰਸੰਗ ਬਾਲੇ ਵਾਲੀ ਸਾਖੀ ਤੋਂ 'ਹਰਿਜੀ' ਵਿੱਚ ਆਏ ਹਨ। ਪਰ ਸ.ਸ. ਪਦਮ ਦਾ ਕਹਿਣਾ ਹੈ ਕਿ 'ਹਰਿਜੀ' ਵਿੱਚ ਰੰਘੜੀ ਪ੍ਰਸੰਗ ਦਾ ਪ੍ਰਵੇਸ਼ ੧੬੫੯

ਈ. ਵਿੱਚ ਕਰਵਾਇਆ ਗਿਆ। ਸਾਡਾ ਮੱਤ ਹੈ ਕਿ ਪਹਿਲਾਂ ਅਯੋਗ ਪ੍ਰਸੰਗ 'ਹਰਿਜੀ' ਦੀ ੧੭੭ਵੀਂ ਗੋਸਟਿ ਵਿੱਚ ੧੬੫੫-੫੬ ਈ. ਦੌਰਾਨ ਜੋੜਿਆ ਗਿਆ, ਜਿਸ ਨੂੰ ਕੇਸੋ ਦਾਸ ਬ੍ਰਾਹਮਣ ਲਿਖਾਰੀ ਦੀ ਮਾਰਫਤ ਸ਼ਾਮਲ ਕਰਾਇਆ। ਕੇਸੋ ਦਾਸ ਬ੍ਰਾਹਮਣ ਤੇ ਗੋਰਖ ਦਾਸ ਸਮਕਾਲੀ ਲਿਖਾਰੀ ਸਨ। ਬਾਲੇ ਵਾਲੀ ਸਾਖੀ ਵਿੱਚ ਪ੍ਰਸੰਗ ੧੬੫੬ ਈ. ਨੂੰ ਆਇਆ, ਕਿਉਂ ਜੋ ੧੬੫੮ ਈ. ਵਾਲਾ ਉਤਾਰਾ ਤਾਂ ਸਾਡੇ ਸਾਹਮਣੇ ਹੈ। ਭਾਵੇਂ ਦੋਵਾਂ ਵਿੱਚ ਕੇਂਦਰੀ ਪਾਤਰ ਰੰਘੜੀ ਮੰਞੋਤ ਹੈ ਪਰ ਦੋਵਾਂ ਦੇ ਕਥਾਨਕ ਵਿੱਚ ਥੋੜ੍ਹਾ ਬਹੁਤ ਅੰਤਰ ਹੈ। 'ਹਰਿਜੀ' ਵਿੱਚ ਇਹ ਪ੍ਰਸੰਗ ਮੁਖ਼ਤਸਰ ਹੈ ਪਰ ਬਾਲੇ ਵਾਲੀ ਸਾਖੀ ਵਿੱਚ ਵਿਸਥਾਰ-ਪੂਰਵਕ। ਉਕਤ ਦੋਵੇਂ ਪ੍ਰਸੰਗ ਸਨਾਤਨੀ ਸੰਤ ਦਾਸ ਛਿੱਬਰ ਨੇ ਪ੍ਰਬੰਧ ਕਾਵਿ ਦੇ ਰੂਪ ਵਿੱਚ ਬਾਲੇ ਵਾਲੀ ਜਨਮ ਸਾਖੀ ਦੀ ਨਕਲ ਕਰਦਿਆਂ 'ਜਨਮ ਸਾਖੀ ਬਾਬਾ ਨਾਨਕੁ ਸਾਹ ਕੀ' ਵਿੱਚ ਪੇਸ਼ ਕੀਤੇ। ਹਾਲਾਂਕਿ ਛਿੱਬਰ ਆਪਣੇ ਆਪ ਨੂੰ ਗੁਰੂ ਦਾ ਸੇਵਕ ਦੱਸਦਾ ਹੈ। ਮਿਹਰਬਾਨ ਦੇ ਪੁੱਤਰ ਹਰਿ ਜੀ ਦੀ ਮੌਤ ਸੰਮਤ ੧੬੫੩ ਦੀ ਵਿਸਾਖ ਨੂੰ ਹੋਈ। ਉਸ ਦੀ ਮੌਤ ਤੋਂ ਬਾਅਦ ਇਹ ਅਯੋਗ ਪ੍ਰਸੰਗ ਮੁਹੰਮਦੀਪੁਰ, ਜੋ ਮਿਹਰਬਾਨ ਦਾ ਸਹੁਰਾ ਪਿੰਡ ਸੀ, ਦੇ ਲਿਖਾਰੀ ਕੇਸੋ ਦਾਸ ਬ੍ਰਾਹਮਣ ਦੇ ਜ਼ਰੀਏ, ਲਾਹੌਰ ਦੇ ਲਿਖਾਰੀ ਗੋਰਖ ਦਾਸ, ਲਾਲਾ ਪੰਨੂ, ਬਿਧੀ ਚੰਦ ਤੇ ਬਾਲ ਚੰਦ ਦੀ ਮਿਲੀਭੁਗਤ ਰਾਹੀਂ 'ਹਰਿਜੀ' ਵਿੱਚ ਵਾੜੇ ਗਏ। ਗੋਰਖ ਦਾਸ ਵੱਲੋਂ ਲਾਲਚੀ ਲਿਖਾਰੀ ਕੇਸੋ ਦਾਸ ਦਾ ਖਰੀਦਿਆ ਜਾਣਾ 'ਹਰਿਜੀ' ਵਿੱਚ ਪ੍ਰਵੇਸ਼ ਦਾ ਕਾਰਨ ਬਣਿਆ। ਕੇਸੋ ਦਾਸ ਦਾ ਰਸਤਾ ਵੈਸੇ ਵੀ ਸਾਫ ਸੀ ਕਿਉਂਕਿ ਉਸ ਦਾ ਸਰਪ੍ਰਸਤ ਸਿਰ 'ਤੇ ਨਹੀਂ ਸੀ। ਇਸੇ ਲਿਖਾਰੀ ਕੇਸੋ ਦਾਸ

ਬ੍ਰਾਹਮਣ ਨੇ ਮੁਹੰਮਦੀਪੁਰ ਬਹਿ ਕੇ ਮਿਹਰਬਾਨ ਦੀ 'ਸਚਖੰਡ', 'ਹਰਿਜੀ' ਤੇ 'ਚਤਰਭੁਜ' ਲਿਖੀਆਂ ਸਨ। ਮਾਤਾ ਮੰਞੋਤ ਵਾਲੀ ਸਾਖੀ ਜ਼ਬਰਦਸਤੀ ਵਾੜਨ ਕਰਕੇ ਪੰਨੇ ਅਤੇ ਸਾਖੀਆਂ ਦੇ ਕ੍ਰਮ ਨਾਲ ਛੇੜ- ਛਾੜ ਕੀਤੀ ਗਈ। ਮਸਲਨ ਕਪੂਰ ਵਾਲੀ ਜਨਮ ਸਾਖੀ ਦੀਆਂ ਸ਼ੁਰੂਆਤੀ ਸਾਖੀਆਂ ਦੇ ਕ੍ਰਮ ਨੂੰ ਅਖੀਰ ਵਿੱਚ ਅੰਕਾਂ ਰਾਹੀਂ ਇੰਗਿਤ ਕੀਤਾ ਹੈ ਪਰ ੩੦ ਤੋਂ ਅਗਲੀਆਂ ਸਾਖੀਆਂ ਦੇ ਕ੍ਰਮ ਨੂੰ ਦਰਸਾਉਣ ਵਾਲੀ ਜਗ੍ਹਾ 'ਤੇ ਕੁਝ ਨਹੀਂ ਦਰਸਾਇਆ ਗਿਆ। ਇਥੋਂ ਇਹ ਸਿੱਟਾ ਨਿਕਲਦਾ ਹੈ ਕਿ ਬਾਲੇ ਵਾਲੀ ਜਨਮ ਸਾਖੀ ਸਪੱਸ਼ਟ ਰੂਪ ਵਿੱਚ ਕਿਸੇ ਹੋਰ ਜਨਮ ਸਾਖੀ ਤੋਂ ਉਧਰਿਤ ਤਾਂ ਹੈ ਹੀ, ਇਸ ਵਿੱਚ ਕੁਝ ਸਾਖੀਆਂ ਆਪਣੀ ਇੱਛਾ/ਉਦੇਸ਼ ਅਨੁਸਾਰ ਥਾਂ-ਪੁਰ-ਥਾਂ ਵਾੜੀਆਂ ਗਈਆਂ। ਇਸ ਕਰਕੇ ਸਾਖੀਆਂ ਦਾ ਕ੍ਰਮ ਦਰੁੱਸਤ ਹੋਣੋਂ ਰਹਿ ਗਿਆ ਹੈ। ਬਹੁਤਾ ਉਧਰਿੱਤਣ 'ਪੁਰਾਤਨ ਜਨਮ ਸਾਖੀ', 'ਸਚਖੰਡ', 'ਹਰਿਜੀ', 'ਚਤੁਰਭੁਜ' ਅਤੇ ਅੰਸ਼ਕ ਰੂਪ ਵਿੱਚ ਸੀਹੇਂ ਉਪਲ ਦੀਆਂ ਸਾਖੀਆਂ ਤੋਂ ਹੋਇਆ ਹੈ। ਇਹਨਾਂ ਤੋਂ ਇਲਾਵਾ ਇਕ ਅਗਿਆਤ ਸਰੋਤ ਵੀ ਜ਼ਰੂਰ ਬਾਲੇ ਵਾਲੀ ਸਾਖੀ ਦੇ ਕਰਤਾਸਾਹਮਣੇ ਸੀ, ਜੋ ਹੁਣ ਉਪਲੱਬਧ ਨਹੀਂ। ਇਹ ਅਣਉਪਲੱਬਧਤਾ ਸੰਤੋਖ ਸਿੰਘ ਦੀ ਬਿਪਾਸਾ ਬੀਚ ਡੁਬੋਈ ਟੂਕਾਂ ਵੱਲ ਇਸ਼ਾਰਾ ਕਰਦੀ ਹੈ। ਸੀਹੇ-ਸੈਦੋ-ਮਿਹਰਬਾਨ-ਅਬਰੋਲ ਦੀਆਂ ਸਾਖੀਆਂ ਦਾ ਅਗਰ ਵਿਸ਼ਲੇਸ਼ਣ ਕਰੀਏ ਤਾਂ ਇਹਨਾਂ ਵਿੱਚ ਕਿਤੇ ਵੀ ਬਾਲੇ ਦਾ ਜ਼ਿਕਰ ਨਹੀਂ। ਕਾਰਨ ਸਪੱਸ਼ਟ ਹਨ ਕਿ ਉਹ ਭਾਈ ਗੁਰਦਾਸ ਦੀ ਤਰ੍ਹਾਂ ਹਕੀਕਤ ਜਾਣਦੇ ਸਨ। ਸੀਹਾਂ ਤਾਂ ਖ਼ੁਦ ਗੁਰੂ ਸਾਹਿਬ ਦਾ ਸਮਕਾਲੀ ਰਿਹਾ ਹੈ। ਬਾਲਾ ਨਾਲ ਹੁੰਦਾ ਤਾਂ ਘੱਟੋ-ਘੱਟ ਉਸ ਦਾ ਨਾਂਅ ਜ਼ਰੂਰ ਦਰਜ ਕਰਦਾ। ਬਾਲੇ ਵਾਲੀ ਜਨਮ ਸਾਖੀ ਕਿਉਂ ਲੋਕਪ੍ਰਿਯ ਹੋਈ? ਇਸ ਦਾ ਇਕ ਕਾਰਨ ਇਹ ਹੈ ਕਿ ਇਸ ਦੇ ਪ੍ਰਕਾਸ਼ਕਾਂ ਅਤੇ ਸੰਕਲਨ ਕਰਤਾਵਾਂ ਨੇ ਵਪਾਰਕ ਦ੍ਰਿਸ਼ਟੀ ਤੋਂ ਦੂਜੀਆਂ ਸਾਖੀਆਂ ਵਿੱਚੋਂ ਸਾਖੀਆਂ ਲੈ ਕੇ ਇਸ ਵਿੱਚ ਸ਼ਾਮਲ ਕੀਤੀਆਂ। ਇਹ ਹੀ ਨਹੀਂ ਵੱਖ-ਵੱਖ ਸਮਿਆਂ ਵਿੱਚ ਛਪੀਆਂ ਬਾਲੇ ਵਾਲੀ ਜਨਮ ਸਾਖੀਆਂ ਵਿੱਚ ਸਾਖੀਆਂ ਦੀ ਗਿਣਤੀ ੭੫ ਤੋਂ ਚੱਲ ਕੇ ੨੩੦ ਦੇ ਆਸ- ਪਾਸ ਹੋ ਜਾਂਦੀ ਹੈ। ਸਪੱਸ਼ਟ ਹੈ ਕਿ ਕਾਪੀ ਰਾਈਟ ਨਾ ਹੋਣ ਕਰਕੇ ਦੂਜੀਆਂ ਸਾਖੀਆਂ ਵਿੱਚੋਂ ਮੂਲ ਪਾਠ ਲੈ ਕੇ ਇਸ ਦੇ ਆਕਾਰ ਵਿੱਚ ਵਾਧਾ ਕੀਤਾ ਗਿਆ, ਜਿਸ ਨਾਲ ਇਸ ਦੇ ਅਸਲ ਮੂਲ ਸਰੂਪ ਅਤੇ ਪ੍ਰਮਾਣਿਕਤਾ ਨੂੰ ਧੱਕਾ ਲੱਗਦਾ ਹੈ। ਜ਼ਿਆਦਾ ਸਾਖੀਆਂ ਹੋਣ ਕਰਕੇ ਬਾਲੇ ਵਾਲੀ ਜਨਮ ਸਾਖੀ ਸਭ ਤੋਂ ਵੱਧ ਮਕਬੂਲ ਹੋਈ ਤੇ ਰਲਾਅ ਕਾਰਨ ਵਿਵਾਦਗ੍ਰਸਤ ਵੀ। ਮਕਬੂਲੀਅਤ ਦੇ ਬਾਵਜੂਦ ਪ੍ਰਕਾਸ਼ਕਾਂ ਨੇ ਸਾਖੀਆਂ ਵਿੱਚ ਚਿੱਤਰ ਨਹੀਂ ਪ੍ਰਕਾਸ਼ਿਤ ਕੀਤੇ।

ਕਰਮ ਸਿੰਘ ਹਿਸਟੋਰੀਅਨ ਤੋਂ ਢੇਰ ਚਿਰ ਪਹਿਲਾਂ ਜਰਮਨ ਦਾ ਡਾ. ਅਰਨੈਸਟ ਟਰੰਪ ਬਾਲੇ ਦੀ ਅਣਹੋਂਦ 'ਤੇ ਮੋਹਰ ਲਾਉਂਦਾ ਲਿਖਦਾ ਹੈ; "ਇਹ ਭਾਈ ਬਾਲਾ ਸੀ, ਜਿਸ ਨੂੰ ਗੁਰੂ ਨਾਨਕ ਸਾਹਿਬ ਦਾ ਸਾਥੀ ਦੱਸਿਆ ਗਿਆ ਹੈ, ਜਦਕਿ ਪੁਰਾਤਨ ਪਰੰਪਰਾ ਵਿੱਚ ਇਸ ਦਾ ਨਾਂਅ ਇਕ ਵਾਰੀ ਵੀ ਨਹੀਂ ਆਉਂਦਾ ਜਿਵੇਂ ਕਿ ਮੌਜੂਦਾ ਜਨਮ ਸਾਖੀਆਂ ਵਿਚ ਨਜ਼ਰੀਂ ਆਉਂਦਾ ਹੈ। ਜੇਕਰ ਭਾਈ ਬਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਦਾ ਰਹਿਣ ਵਾਲਾ ਸਾਥੀ ਤੇ ਸਲਾਹਕਾਰ ਹੁੰਦਾ ਤਾਂ ਇਹ ਗੱਲ ਬਿਲਕੁੱਲ ਸਮਝ ਨਹੀਂ ਆਉਂਦੀ ਕਿ ਪੁਰਾਤਨ ਪਰੰਪਰਾ ਵਿਚ ਰਚੀਆਂ ਜਨਮ ਸਾਖੀਆਂ ਵਿਚ ਉਸ ਬਾਰੇ ਇਕ ਵਾਰੀ ਵੀ ਇਸ਼ਾਰਾ ਕਿਉਂ ਨਾ ਆਇਆ?" ਬੜੀ ਹੈਰਾਨੀ ਦੀ ਗੱਲ ਹੈ ਕਿ ਭਾਈ ਬਾਲਾ ਅਗਰ ਗੁਰੂ ਨਾਨਕ ਦੇਵ ਜੀ ਦੇ ਏਨੇ ਕਰੀਬੀ ਸਨ ਤਾਂ ਸਿੱਖ ਜਗਤ ਦੇ ਉੱਚਕੋਟੀ ਦੇ ਮਹਾਨ ਵਿਦਵਾਨਾਂ ਨੇ ਹੀ ਉਸ ਦੀ ਹੋਂਦ ਨੂੰ ਨਜ਼ਰ-ਅੰਦਾਜ਼ ਕਿਉਂ ਕੀਤਾ? ਇੱਥੋਂ ਤੱਕ ਕਿ ਪੰਥ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੇ ਵੀ। ਉਨ੍ਹਾਂ ਨੇ ਆਪਣੀ ਗਿਆਰ੍ਹਵੀਂ ਵਾਰ, ਜਿਸ ਨੂੰ 'ਭਗਤ ਰਤਨਾਵਲੀ' ਕਿਹਾ ਜਾਂਦਾ ਹੈ, ਵਿੱਚ ਪਹਿਲੇ ਛੇ ਗੁਰੂ ਸਾਹਿਬਾਨ ਦੇ ਸ੍ਰੇਸ਼ਟ ਸਿੱਖਾਂ ਦੇ ਨਾਵਾਂ ਦੀ ਚਰਚਾ ਹੈ। ਇਹਨਾਂ ਵਿੱਚ ਉਹਨਾਂ ਗੁਰਮੁੱਖ, ਗੁਰਸਿੱਖ, ਗੁਰਸਿੱਖੀ ਦੀ ਨਾਮਾਵਲੀ ਦਾ ਵਿਸਤ੍ਰਿਤ ਜ਼ਿਕਰ ਕੀਤਾ ਹੈ, ਪਰ ਕਿਤੇ ਵੀ ਬਾਲੇ ਦਾ ਜ਼ਿਕਰ ਨਹੀਂ। ਇਹ ਜ਼ਿਕਰ ਜ਼ਰੂਰ ਮਿਲਦਾ ਹੈ ਕਿ ਬਾਬਾ ਬੁੱਢਾ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੀ ਨਹੀਂ ਕੀਤੇ ਸਗੋਂ ਉਹਨਾਂ ਦੀ ਹਜ਼ੂਰੀ ਵਿੱਚ ਵੀ ਰਹੇ ਸਨ। ਉਹਨਾਂ ਨੇ ਗੁਰੂ ਘਰ ਦੀ ਸੇਵਾ ਵੀ ਕੀਤੀ। ਆਪ ਜੀ ਨੂੰ ਪੰਜ ਗੁਰੂ ਸਾਹਿਬਾਨ ਨੂੰ ਗੁਰਗੱਦੀ ਤਿਲਕ ਲਗਾਉਣ ਦਾ ਸੁਭਾਗ ਪ੍ਰਾਪਤ ਹੈ। ਆਪ ਭਾਈ ਗੁਰਦਾਸ ਜੀ ਦੇ ਸਮਕਾਲੀ ਹੀ ਨਹੀਂ, ਬਲਕਿ ਦੋਵਾਂ ਵਿੱਚ ਕਾਫੀ ਨੇੜਤਾ ਵੀ ਸੀ। ਬਾਬਾ ਬੁੱਢਾ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਠੀਕ ਜਾਣਕਾਰੀ ਅਵੱਸ਼ ਭਾਈ ਗੁਰਦਾਸ ਜੀ ਨੂੰ ਦਿੱਤੀ ਹੋਵੇਗੀ। ਬਾਬਾ ਬੁੱਢਾ ਜੀ ਵੱਲੋਂ ਦਿੱਤੀ ਜਾਣਕਾਰੀ ਇਤਿਹਾਸਕ ਹੋਵੇਗੀ, ਨਾ ਕਿ ਬਾਲੇ ਵਾਲੀ ਸਾਖੀ ਵਾਂਗ ਮਿਥਿਹਾਸਕ। ਅਗਰ ਭਾਈ ਬਾਲੇ ਬਾਰੇ ਬਾਬਾ ਬੁੱਢਾ ਜੀ ਨੂੰ ਜਾਣਕਾਰੀ ਹੁੰਦੀ ਤਾਂ ਇਸ ਨੂੰ ਭਾਈ ਗੁਰਦਾਸ ਜੀ ਤੱਕ ਜ਼ਰੂਰ ਪਹੁੰਚਾਉਂਦੇ। ਉਹ ਵੀ ਆਪਣੀਆਂ ਵਾਰਾਂ ਵਿੱਚ ਇਸ ਦਾ ਹਵਾਲਾ ਜ਼ਰੂਰ ਦਿੰਦੇ ਪਰ ਉਸ ਦੀ ਅਣਹੋਂਦ ਦੇ ਚਲਦਿਆਂ ਵਾਰਾਂ ਵਿੱਚ ਬਾਲੇ ਦਾ ਜ਼ਿਕਰ ਕੋਈ ਨਹੀਂ। ਇਸ ਤਰ੍ਹਾਂ ਭਾਈ ਗੁਰਦਾਸ ਜੀ ਦੀ ਵਾਰ ਰੂਪੀ ਜਨਮ ਸਾਖੀ ਸੱਚੀ ਤੇ ਸਭ ਤੋਂ ਵੱਧ ਸਟੀਕ ਹੈ, ਜੋ ਇਤਿਹਾਸਕ ਯਥਾਰਥ ਦੇ ਨੇੜੇ ਵੀ ਹੈ ਤੇ ਅਤਿਅੰਤ ਭਰੋਸੇਯੋਗ ਵੀ। ਵੈਸੇ ਤਾਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਗੁਰੂ ਸਾਹਿਬ ਦਾ ਚੋਣਵਾਂ ਜੀਵਨ ਬਿਰਤਾਂਤ ਮਿਲ ਜਾਂਦਾ ਹੈ। ਅਗਰ ਇਹ ਬਿਰਤਾਂਤ ਵਾਰ ਰੂਪ ਵਿੱਚ ਨਾ ਹੋ ਕੇ ਵਾਰਤਕ ਵਿੱਚ ਵਿਸਥਾਰ ਨਾਲ ਹੁੰਦਾ ਤਾਂ ਉਸ ਨਾਲ ਹੋਰ ਨਿੱਗਰ ਤੇ ਸਾਰਥਿਕ ਜਾਣਕਾਰੀ ਮੁਹੱਈਆ ਹੋ ਜਾਣੀ ਸੀ, ਜਿਸ ਨਾਲ ਕਈ ਅਹਿਮ ਨਿਬੇੜੇ ਹੋ ਜਾਣੇ ਸਨ। ਖ਼ੈਰ! ਭਾਈ ਗੁਰਦਾਸ ਜੀ ਦੀ ੩੬ਵੀਂ ਵਾਰ, ਜਿਸ ਨੂੰ 'ਮੀਣਿਆਂ ਦੀ ਵਾਰ' ਕਿਹਾ ਜਾਂਦਾ ਹੈ, ਵਿੱਚ ਪਿਰਥੀ ਚੰਦ ਅਤੇ ਉਸ ਦੀ ਸੰਤਾਨ ਨੂੰ 'ਮੀਣਾ' ਅਤੇ ਉਸ ਦੀ ਸੰਗਤ ਕਰਨ ਨੂੰ 'ਖੋਟਾ' ਆਖਿਆ ਹੈ ਖਰੀ ਸੁਆਲਿਓ ਵੇਸੁਆ ਜੀਅ ਬਝਾ ਇਤੈ ਖੋਟੀ ਸੰਗਤਿ ਮੀਣਿਆ ਦੁਖ ਦੇਂਦੀ ਮਿਤੈ (ਵਾਰ ੩੬/੫) ਇੱਥੋਂ ਭਲੀਭਾਂਤ ਸਪੱਸ਼ਟ ਹੈ ਕਿ ਭਾਈ ਗੁਰਦਾਸ ਵਰਗੇ ਗੁਰਮਤਿ ਦੇ ਵਿਦਵਾਨ ਜਨਮ ਸਾਖੀਆਂ ਵਿੱਚ ਦੂਸ਼ਿਤ ਰਲਾਅ ਕਰਨ ਵਾਲੇ ਗੁਰੂ ਪੁੱਤਰ ਮੀਣਿਆਂ ਨੂੰ ਸਿੱਧਾ ਦੋਸ਼ੀ ਠਹਿਰਾਉਂਦੇ ਹਨ। ਕੁਝ ਵਿਦਵਾਨ ਇਸ ਤਰ੍ਹਾਂ ਦੇ ਕਾਰੇ ਲਈ ਮੀਣਿਆਂ ਤੋਂ ਇਲਾਵਾ ਕਬੀਰ ਪੰਥੀਆਂ ਅਤੇ ਹੰਦਾਲੀਆਂ (ਨਿਰੰਜਣੀਆਂ) ਨੂੰ ਜ਼ਿੰਮੇਵਾਰ ਦੱਸਦੇ ਹਨ। ਇਹ ਹੀ ਨਹੀਂ ਜਨਮ ਸਾਖੀਆਂ ਵਿੱਚ ਗੁਰੂ ਘਰ ਦੇ ਦੋਖੀ ਮੀਣਿਆਂ ਵੱਲੋਂ ਜਿੱਥੇ ਦੂਸ਼ਿਤ ਪ੍ਰਸੰਗ ਜੋੜ ਕੇ ਮਿਲਾਵਟਾਂ ਕੀਤੀਆਂ ਗਈਆਂ, ਉਥੇ ਇਸ ਬਾਬਤ ਗੁਰੂ ਰਾਮਦਾਸ ਜੀ ਨੂੰ ਵੀ ਪਤਾ ਸੀ। ਪਿਰਥੀ ਚੰਦ ਨੂੰ ਉਨ੍ਹਾਂ 'ਮੀਣਾ' ਸ਼ਬਦ ਨਾਲ ਸੰਬੋਧਿਤ ਕੀਤਾ। ਇਹ ਸੰਬੋਧਨ ਪਿਰਥੀ ਚੰਦ ਦੀ ਹੀਣਤਾ ਭਰੀ ਵਿਰੋਧੀ ਕੁਟਿਲ ਨੀਤੀ ਨੂੰ ਦਰਸਾਉਂਦਾ ਹੈ। ਭਾਈ ਗੁਰਦਾਸ ਜੀ ੨੬ਵੀਂ ਵਾਰ ਵਿੱਚ ਲਿਖਦੇ ਹਨ:-

*"ਮੀਣਾ ਹੋਆ ਪਿਰਥੀਆ ਕਰਿ ਕਰਿ ਟੇਢਕ ਬਰਲੁ ਚਲਾਇਆ।"*

ਪਿਰਥੀ ਚੰਦ ਨੇ ਜਹਾਂਗੀਰ ਅੱਗੇ ਰਾਜਸੀ ਸਾਜ਼ਿਸ਼ਾਂ ਰਚ ਕੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਾਇਆ। ਉਸ ਨੇ ਆਪਣੇ ਪੁੱਤਰ ਮਿਹਰਬਾਨ ਨੂੰ ਗੁਰਗੱਦੀ 'ਤੇ ਬਿਠਾਉਣ ਲਈ ਹਰ ਹੀਲਾ ਵਰਤਿਆ ਪਰ ਕਾਮਯਾਬ ਨਹੀਂ ਹੋ ਸਕਿਆ ਤਾਂ ਉਸ ਨੇ ਆਪਣੀ ਗੱਦੀ ਚਲਾ ਲਈ। ਮੈਕਾਲਿਫ 'ਦ ਸਿੱਖ ਰਿਲੀਜਨ' ਪੁਸਤਕ ਵਿੱਚ ਰਲਿਆਂ ਲਈ ਬਿਧੀ ਚੰਦ ਨੂੰ ਹੀ ਦੋਸ਼ੀ ਠਹਿਰਾਉਂਦੇ ਹਨ। ਉਧਰ ਸ਼ਮਸ਼ੇਰ ਸਿੰਘ ਅਸ਼ੋਕ ਵੀ ਬਾਲੇ ਵਾਲੀ ਜਨਮ ਸਾਖੀ ਵਿੱਚ ਰਲਿਆਂ ਦੇ ਲਈ ਸਰਬ ਪ੍ਰਥਮ ਮੀਣਿਆਂ ਦੇ ਲਿਖਾਰੀਆਂ ਦੀ ਜ਼ਿੰਮੇਵਾਰੀ ਤੋਂ ਬਾਅਦ ਬਿਧੀ ਚੰਦ ਨੂੰ ਹੀ ਦੋਸ਼ੀ ਠਹਿਰਾਉਂਦੇ ਹਨ। ਪੁਰਾਤਨ ਪਰੰਪਰਾ ਤੋਂ ਬਾਅਦ ਵਿੱਚ ਲਿਖੀ ਗਈ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿੱਚ ਬਾਲੇ ਦੀ ਜਨਮ ਸਾਖੀ ਦਾ ਕਾਫੀ ਰਲਾਅ ਹੈ। ਇਸੇ ਕਰਕੇ ਸਾਲਸ ਰਾਏ ਜੌਹਰੀ ਦੀ ਸਾਖੀ ਤੋਂ ਬਾਲੇ ਦੀ ਸ਼ਮੂਲੀਅਤ ਹੋ ਜਾਂਦੀ ਹੈ। ਇਹ ਸ਼ਮੂਲੀਅਤ ਹਰ ਸਾਖੀ ਵਿੱਚ ਨਹੀਂ, ਬਲਕਿ ਚੋਣਵੀਆਂ ਸਾਖੀਆਂ ਵਿੱਚ ਹੈ। ਭਾਈ ਮਨੀ ਸਿੰਘ ਲਿਖਦੇ ਹਨ ਕਿ ਉੱਤਰ ਦੀ ਉਦਾਸੀ ਵੇਲੇ ਗੁਰੂ ਸਾਹਿਬ ਨੇ ਬਾਲੇ ਨੂੰ ਨਾਲ ਜਾਣ ਦੀ ਪੇਸ਼ਕਸ਼ ਕੀਤੀ ਤੇ ਕਿਹਾ, "ਬਾਲਿਆ! ਤੂੰ ਸਾਡੇ ਨਾਲ ਚਲੇਂਗਾ ਕਿ ਘਰ ਜਾਵੇਂਗਾ?" ਤਾਂ ਬਾਲੇ ਨੇ ਕਹਿਯਾ, "ਮੈਂ ਅੱਗੇ ਹੀ ਭੁੱਲਾ ਹਾਂ ਜੋ ਮੈਂ ਤੁਹਾਡੇ ਨਾਲ ਨਹੀਂ ਗਿਆ।" ਤਾਂ ਬਚਨ ਹੋਇਆ, "ਬਾਲਿਆ! ਚੱਲ ਉਤਰ ਦੀ ਉਦਾਸੀ ਕਰ ਆਈਏ।" ਭਾਈ ਮਨੀ ਸਿੰਘ ਨੇ ਸਾਖੀ ਰਚਣ ਲਈ ਪਹਿਲਾਂ ਆ ਚੁੱਕੀਆਂ ਸਾਖੀਆਂ ਨੂੰ ਆਧਾਰ ਸਮੱਗਰੀ ਵਜੋਂ ਵਰਤਿਆ। ਉੱਤਰ ਦੀ ਉਦਾਸੀ 'ਤੇ ਆ ਕੇ ਉਹ ਬਾਲੇ ਵਾਲੀ ਸਾਖੀ ਵੱਲ ਮੂੰਹ ਕਰ ਲੈਂਦਾ ਉਸ ਦੇ ਰੰਗ ਵਿੱਚ ਰੰਗਿਆ ਜਾਂਦਾ, ਬਾਲੇ ਨੂੰ ਉੱਤਰ ਦੀ ਉਦਾਸੀ 'ਤੇ ਲੈ ਤੁਰਦਾ ਹੈ। ਹਾਲਾਂਕਿ ਉਸ ਨੂੰ ਜਨਮ ਸਾਖੀਆਂ ਵਿੱਚ ਕੀਤੇ ਜਾ ਰਹੇ ਰਲਾਅ ਬਾਰੇ ਪਤਾ ਸੀ। ਇਹੋ ਵਜ੍ਹਾ ਹੈ ਕਿ ਉਹ ਆਪ ਵੀ ਜਨਮ ਸਾਖੀ ਵਿੱਚ 'ਮੀਣਿਆਂ/ਛੋਟੇ ਮੇਲ ਵਾਲਿਆਂ' ਵੱਲੋਂ ਕੀਤੀਆਂ ਦੂਸ਼ਿਤ ਮਿਲਾਵਟਾਂ/ ਰਲਾਅ ਬਾਰੇ ਲਿਖਦਾ ਹੈ:-

"ਇਕ ਸਮੇਂ ਭਾਈ ਮਨੀ ਸਿੰਘ ਜੀ ਥੀ ਸਿਖਾਂ ਪ੍ਰਸ਼ਨ ਕੀਤਾ ਜੋ ਗੋਸਟ ਜਨਮ ਸਾਖੀ ਪਹਿਲੀ

ਪਾਤਸ਼ਾਹੀ ਦੀ ਹੈ, ਤਿਸ ਦੇ ਵਿਚ ਛੋਟੇ ਮੇਲ ਵਾਲਿਆਂ ਕਈ ਜੁਗਤਾਂ ਅਣਬਣਦੀਆਂ ਪਾਇ ਦਿਤੀਆਂ ਹੈਨ। ਜਿਸ ਨੋ ਸੁਣ ਕੇ ਸਿਖਾਂ ਦਾ ਸਿਦਿਕ ਗੁਰੂ ਵਲ ਘਟਿ ਜਾਂਦਾ ਹੈ।" 'ਗਿਆਨ ਰਤਨਾਵਲੀ' ਵਿੱਚ ਛੋਟੇ ਮੇਲ ਵਾਲਿਆਂ ਦਾ ਇੰਝ ਜ਼ਿਕਰ ਕੀਤਾ ਹੈ:- "ਹੋਰ ਛੋਟੇ ਮੇਲ ਵਾਲੇ ਜਨਮ ਸਾਖੀ ਪੜਨਗੇ। ਜਿਨਾਂ ਨੂ ਸਬਦ ਦੀ ਸੋਝੀ ਨ ਹੋਵੇਗੀ ਉਹੁ ਪੜਨਗੇ। ਜੋ ਬਾਬੇ ਰੰਘੜ ਦੀ ਬੇਟੀ ਵਿਆਹੀ ਰਾਜੇ ਜਨਕ ਦੇ ਸਿਖ ਹੋਏ ਤੇਲੀ ਦੇ ਘਰਿ ਜਨਮ ਲਿਆ। ਏਹ ਛੋਟੇ ਮੇਲਿ ਵਾਲਿਆਂ ਨੇ ਅਜੁਗਤਾਂ ਪਾਈਆ ਹੈਨ॥" ਜਨਮ ਸਾਖੀਆਂ ਵਿੱਚ ਰਲਾਅ ਜਾਂ ਅਜੁਗਤਾਂ ਹੀ ਨਹੀਂ, ਗੁਰੂ ਸਾਹਿਬਾਨ ਵੇਲੇ ਕੱਚੀ ਬਾਣੀ ਵੀ ਰਚੀ ਜਾ ਰਹੀ ਸੀ, ਜਿਸ ਬਾਰੇ ਉਨ੍ਹਾਂ ਨੂੰ ਪਤਾ ਸੀ। ਗੁਰੂ ਅਮਰਦਾਸ ਜੀ ਰਾਮਕਲੀ ਮਹਲਾ ੩ ਅਨੰਦੁ ਸਾਹਿਬ 'ਚ ਫਰਮਾਉਂਦੇ ਹਨ:-

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
ਬਾਣੀ ਤ ਕਚੀ ਸਤਿਗੁਰ ਬਾਝਹੁ ਹੋਰ ਕਚੀ ਬਾਣੀ॥
ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥.....
ਕਹੈ ਨਾਨਕੁ ਸਤਿਗੁਰ ਬਾਝਹੁ ਹੋਰ ਕਚੀ ਬਾਣੀ॥੨੪॥
(ਅੰਗ-੯੨੦)

ਸੋਢੀ ਮਿਹਰਬਾਨ ਨੇ ਵੀ ਕੱਚੀ ਬਾਣੀ ਲਿਖੀ। ਇਸ ਦੇ ਪੁੱਤਰ ਹਰਿ ਜੀ ਨੇ ਇਹੋ ਪਰੰਪਰਾ ਚਲਾਈ ਰੱਖੀ। ਇਨ੍ਹਾਂ ਨੇ ਮਹਲਾ ੬, ੭ ਅਤੇ ਮਹਲਾ ੮ ਹੇਠ ਕੱਚੀ ਬਾਣੀ ਰਚੀ। ਮਿਹਰਬਾਨ ਦੇ ਪੁੱਤਰ ਹਰਿ ਜੀ ਅਤੇ ਚਤੁਰਭੁਜ ਗੁਰੂ ਹਰਗੋਬਿੰਦ ਜੀ ਦੇ ਸਮਕਾਲੀ ਸਨ। ਗੁਰੂ ਅਰਜਨ ਦੇਵ ਜੀ ਵੇਲੇ ਕੱਚੀ ਬਾਣੀ ਲਿਖੇ ਜਾਣਾ ਆਪਣੇ ਅਰੂਜ਼ 'ਤੇ ਸੀ। ਇਸੇ ਕਰਕੇ ਉਹਨਾਂ ਗੁਰੂ ਸਾਹਿਬਾਨ ਅਤੇ ਭਗਤਾਂ, ਭੱਟਾਂ ਦੀ ਬਾਣੀ ਇਕੱਤਰ ਕਰਕੇ 'ਆਦਿ ਗ੍ਰੰਥ' ਵਿੱਚ ਜਲਦ ਸੰਭਾਲ ਲਈ ਤਾਂ ਜੋ ਰਲਾਅ ਨਾ ਹੋ ਸਕੇ ਕਿਉਂਕਿ ਮੀਣੇ ਗੁਰੂ ਘਰ ਦੇ ਦੋਖੀ ਕੱਚੀ ਬਾਣੀ ਲਿਖ ਕੇ ਭਰਮ ਭੁਲੇਖੇ ਪਾ ਰਹੇ ਸਨ। ਮਿਹਰਬਾਨ ਨੇ 'ਦਾਸ ਨਾਨਕ', 'ਨਾਨਕ ਦਾਸ' ਕਵੀ ਛਾਪ ਵਰਤ ਕੇ ਗੁਰਬਾਣੀ ਵਿੱਚ ਮਨਮਤਿ ਨਾਲ ਭੁਲੇਖੇ ਪਾਏ। ਜਦੋਂ 'ਆਦਿ ਗ੍ਰੰਥ' ਦਾ ਸੰਪਾਦਨ ਹੋ ਰਿਹਾ ਸੀ ਤਾਂ ਮਿਹਰਬਾਨ ਨੇ ਪਹਿਲੇ ਚਾਰ ਗੁਰੂ ਸਹਿਬਾਨ ਦੀ ਬਾਣੀ ਤੇ ਪੰਜਵੇਂ ਗੁਰੂ ਦੀ ਬਾਣੀ ਨਾ ਦਰਜ ਕਰਕੇ ਉਸ ਦੀ ਜਗ੍ਹਾ ਆਪਣੀ (ਮਿਹਰਬਾਨ ਦੀ) ਬਾਣੀ ਸ਼ਾਮਲ ਕਰ ਵੱਖਰਾ ਗ੍ਰੰਥ ਰਚ ਲਿਆ। ਕੇਸਰ ਸਿੰਘ ਛਿੱਬਰ 'ਬੰਸਾਵਲੀਨਾਮਾ' ਵਿੱਚ ਇਸ ਗ੍ਰੰਥ ਦਾ ਜ਼ਿਕਰ ਕਰਦੇ ਹਨ:-

"ਮੀਣਿਆ ਭੀ ਇਕ ਗ੍ਰੰਥ ਬਣਾਇਆ।
ਚਹੁੰ ਪਾਤਸਾਹੀਆ ਦੇ ਸਬਦ ਬਾਣੀ ਵਿਚ ਲਿਖਿ ਪਾਇਆ॥੬੧॥"

ਕੇਸਰ ਸਿੰਘ ਛਿੱਬਰ ਇਸ ਗ੍ਰੰਥ ਦੇ ਹਵਾਲੇ ਨਾਲ ਗੁਰਬਾਣੀ ਵਿੱਚ ਰਲਾਅ ਪਾਏ ਜਾਣ ਅਤੇ

ਭਾਈ ਗੁਰਦਾਸ ਵੱਲੋਂ ਸ਼ੁੱਧ ਬਾਣੀ ਵੱਖ ਕਰ ਲੈਣ ਬਾਰੇ ਜ਼ਿਕਰ ਕਰਦੇ ਹਨ:-

*ਇਥੇ ਸਬਦ ਕੀਰਤਨ ਕਰਨ ਸਿਖ।*
*ਰਬਾਬੀ ਡੂਮ ਉਹਨਾਂ ਲਏ ਰਖ।*
*ਇਥੇ ਕਿਸੇ ਸਿਖ ਸਬਦ ਕੀਰਤਨ ਮਿਹਰਵਾਨ ਦਾ ਪੜਿਆ।*
*ਉਹ ਸਬਦ ਅਵਾਜ਼ ਗੁਰੂ ਅਰਜਨ ਦੇ ਪੜਿਆ।*
*ਬਚਨ ਕੀਤਾ ਭਾਈ ਗੁਰਦਾਸ ਗੁਰੂ ਕੀ ਬਾਣੀ ਜੁਦਾ ਕਰੀਏ।*
*ਮੀਣੇ ਪਾਣ ਲਗੇ ਨੀ ਰਲਾ ਸੋ ਨਿਆਰੀ ਕਰ ਧਰੀਏ।*
*ਸੋ ਭਾਈ ਗੁਰਦਾਸ ਸਭ ਇਕਤਰ ਕਰ ਲਏ।*

ਅਜਿਹੀਆਂ ਸਥਿਤੀਆਂ ਤੋਂ ਸੁਚੇਤ ਹੋ ਕੇ ਗੁਰੂ ਅਰਜਨ ਦੇਵ ਜੀ ਨੇ ਬੜੀ ਸਿਆਣਪ ਨਾਲ ਸ਼ੁੱਧ ਬਾਣੀ ਇਕੱਤਰ ਕਰਕੇ 'ਆਦਿ ਗ੍ਰੰਥ' ਦੀ ਸਥਾਪਨਾ ਕਰ ਦਿੱਤੀ, ਨਹੀਂ ਤਾਂ ਆਉਣ ਵਾਲੀਆਂ ਅਸੰਖਾਂ ਸਦੀਆਂ ਵਿੱਚ ਮਨਮਤਿਆਂ ਦੀ ਬਾਣੀ ਪ੍ਰਚਲਿਤ ਹੋ ਜਾਣੀ ਸੀ। ਡਾ. ਦੀਵਾਨ ਸਿੰਘ ਇਕ ਥਾਂ ਲਿਖਦੇ ਹਨ, "ਮਨੁੱਖੀ ਮਨੋਵਿਗਿਆਨ ਇਹ ਹੈ ਕਿ ਜੇ ਠੀਕ ਨੂੰ ਗਲਤ ਬਣਾ ਕੇ ਪੇਸ਼ ਕੀਤਾ ਜਾਏ ਤਾਂ ਇਹ ਗਲਤ ਪਰਪੱਕ ਹੋ ਜਾਵੇਗਾ ਤੇ ਇਸ ਗਲਤ ਨੂੰ ਫਿਰ ਠੀਕ ਕਰਨਾ ਕਠਿਨ ਹੀ ਨਹੀਂ ਲਗਭਗ ਅਸੰਭਵ ਹੋ ਜਾਏਗਾ।" ਇਨ੍ਹਾਂ ਕੱਚੀ ਬਾਣੀਆਂ ਦੇ ਰਚਣਹਾਰਿਆਂ ਕਰਕੇ ਹੀ ਮਹਲਾ ੬, ੭, ੮ ਨੇ ਬਾਣੀ ਨਹੀਂ ਰਚੀ ਤਾਂ ਜੋ ਪਹਿਲਾਂ ਤੋਂ ਰਚੀ ਜਾ ਰਹੀ ਕੱਚੀ ਬਾਣੀ ਨਾਲ ਰਲਗੱਡ ਨਾ ਹੋ ਜਾਵੇ। ਸੰਮਤ ੧੬੮੦ ਤੋਂ ੧੬੯੫ ਤੱਕ ਗੁਰੂ ਹਰਿਗੋਬਿੰਦ ਸਾਹਿਬ ਨੇ ਮੁਗ਼ਲਾਂ ਨਾਲ ਜਗ੍ਹਾ-ਜਗ੍ਹਾ ਲੜਾਈਆਂ ਲੜੀਆਂ ਤੇ ਉਨ੍ਹਾਂ ਕੀਰਤਪੁਰ ਜਾ ਟਿਕਾਣਾ ਕੀਤਾ। ਮਿਹਰਬਾਨ ਨੇ ਮੌਕਾ ਤਾੜ ਕੇ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ 'ਤੇ ਕਬਜ਼ਾ ਕਰ ਲਿਆ। ਸੰਮਤ ੧੬੯੬ ਵਿੱਚ ਮਿਹਰਬਾਨ ਦਾ ਦੇਹਾਂਤ ਹੋਣ ਤੋਂ ਬਾਅਦ ਸੰਮਤ ੧੭੫੭ ਤੱਕ ਹਰਿ ਜੀ ਦਾ ਕਬਜ਼ਾ ਹਰਿਮੰਦਰ ਸਾਹਿਬ ਉੱਪਰ ਰਿਹਾ। ਇਸ ਸਮੇਂ ਦੌਰਾਨ ਗੁਰੂ ਤੇਗ ਬਹਾਦਰ ਜੀ ਹਰਿਮੰਦਰ ਦਰਸ਼ਨਾਂ ਲਈ ਆਏ, ਜਿਨ੍ਹਾਂ ਨੂੰ ਅੰਦਰ ਦਾਖਲ ਨਹੀਂ ਹੋਣ ਦਿੱਤਾ ਅਤੇ ਪਰਿਕਰਮਾ ਵਿੱਚੋਂ ਹੀ ਵਾਪਸ ਮੋੜ ਦਿੱਤਾ। ਵਿਸਾਖ ਸੁਦੀ ਇਕਾਦਸ਼ੀ ਸੰਮਤ ੧੭੫੩ ਵਿੱਚ ਹਰਿ ਜੀ ਦੇ ਦੇਹਾਂਤ ਤੋਂ ਤਿੰਨ ਵਰ੍ਹੇ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਨੂੰ ਹਰਿਮੰਦਰ ਸਾਹਿਬ ਭੇਜਿਆ ਤੇ ਕਬਜ਼ਾ ਲਿਆ। ਜਨਮ ਸਾਖੀ ਪਰੰਪਰਾ ਗੁਰੂ ਨਾਨਕ ਸਾਹਿਬ ਦੇ ਅੰਤਲੇ ਸਮਿਆਂ ਦੌਰਾਨ ਹੀ ਮੌਖਿਕ ਦੰਤ ਕਥਾਵਾਂ ਦੇ ਰੂਪ ਵਿੱਚ ਪ੍ਰਾਰੰਭ ਹੋ ਚੁੱਕੀ ਸੀ। ਇਸ ਤਰ੍ਹਾਂ ਸਮਕਾਲ ਵਿੱਚ ਕੋਈ ਤਾਂ ਉਹਨਾਂ ਦੀਆਂ ਸਾਖੀਆਂ ਦਾ ਗਵਾਹ ਹੋਵੇਗਾ। ਸਮਾਂ ਬੀਤਦਿਆਂ ਸਾਖੀਆਂ ਦੇ ਕਈ ਰਚਨਹਾਰੇ/ਸੰਗ੍ਰਹਿ ਕਰਤਾ ਹੋ ਗਏ। ਸਾਡੀ ਜਾਚੇ ਜਨਮ ਸਾਖੀ ਦਾ ਕੱਚਾ ਮਸੌਦਾ ਗੁਰੂ ਨਾਨਕ ਸਾਹਿਬ ਦੇ ਜੀਵਨ ਕਾਲ ਦੇ ਅੰਤਲੇ ਦਹਾਕੇ ਦੌਰਾਨ ਲਿਖਤ ਰੂਪ ਵਿੱਚ ਇਕੱਠਾ ਕੀਤਾ ਜਾਣਾ ਸ਼ੁਰੂ ਹੋ ਗਿਆ ਹੋਵੇਗਾ ਕਿਉਂ ਜੋ ਉਦਾਸੀਆਂ ਦੌਰਾਨ ਵੱਖ-ਵੱਖ ਸਾਖੀਆਂ ਸਮੇਂ ਉੱਚਾਰੀ ਬਾਣੀ ਦੀਆਂ ਸ਼ੁੱਧ ਤੁਕਾਂ ਅੱਜ ਸਾਡੇ ਸਾਹਵੇਂ ਪ੍ਰਮਾਣ ਰੂਪ ਵਿੱਚ ਉਪਲੱਬਧ ਹਨ। ਗੁਰੂ ਸਾਹਿਬ ਵੱਲੋਂ ਬਾਣੀ ਲਿਖ ਕੇ ਦੇਣ ਦਾ ਹਵਾਲਾ ਮਿਹਰਬਾਨ ਦੀ ਪੋਥੀ 'ਹਰਿਜੀ' ਵਿੱਚ ਮਿਲਦਾ ਹੈ। ਸਾਖੀ 'ਗੁਰੂ ਬਾਬੇ ਜੀ ਕੀ ਚਲੀ' ਵਿੱਚ ਲਿਖਦਾ ਹੈ: "ਤਬ ਗੁਰੂ ਬਾਬਾ ਨਾਨਕੁ ਜੀ ਰਾਜੇ ਸਿਉਨਾਭ ਕਉ ਦੀਖਿਆ ਦੀਨੀ, ਸਿਖ ਕੀਆ। ਰਾਜੇ ਕੇ ਮਨ ਸੰਤੋਖੁ ਆਇਆ। ਤਬ ਗੁਰੂ ਬਾਬੇ ਨਾਨਕ ਜੀ ਰਾਜੇ ਕਉ ਨਾਮੁ ਦਾਨੁ ਇਸਨਾਨੁ ਦੈਆ ਧਰਮੁ ਸੰਤੋਖੁ ਸੀਲੁ ਸੰਜਮੁ ਬਿਬੇਕ ਮਤਿ ਦਿੜਾਈ। ਰਾਜੇ ਕਉ ਸਮਸਤ ਬਾਣੀ ਲਿਖਿ ਦੀਨੀ। ਓਹੁ ਪੰਡਿਤੁ ਗੁਰੂ ਬਾਬੇ ਕਾ ਸਿਖੁ ਹੂਆ। ਤਿਨਹੁ ਏਹੀ ਬਿਬੇਕ ਮਤਿ ਲੀਨੀ। ਗੁਰੂ ਬਾਬੇ ਨਾਨਕ ਦੀਖਿਆ ਦੀਨੀ। ਤਬ ਰਾਜੇ ਸਿਵਨਾਭ ਕਉ ਪੂਰਨ ਸਬਦੁ ਬਾਬੇ ਨਾਨਕ ਜੀ ਦੀਆ।" ਹਰਿ ਜੀ ਨੂੰ ਬਾਬਾ ਹਰਿਆ ਵੀ ਕਿਹਾ ਜਾਂਦਾ ਸੀ, ਨੇ ਵੀ ਮਹਲਾ ੮ ਹੇਠ ਬਾਣੀ ਰਚੀ।

ਅਗਰ ਬਾਣੀ ਮੌਖਿਕ ਰੂਪ ਵਿੱਚ ਸਾਖੀਕਾਰਾਂ ਪਾਸ ਪਹੁੰਚਦੀ ਤਾਂ ਇਸ ਦਾ ਸ਼ੁੱਧ ਸਰੂਪ ਸਾਡੇ ਸਾਹਮਣੇ ਨਾ ਪਹੁੰਚਦਾ। ਗੁਰੂ ਸਾਹਿਬ ਵੀ ਬਾਣੀ ਉੱਚਾਰ ਕੇ ਉਸ ਨੂੰ ਲਿਖਤੀ ਰੂਪ ਦਿੰਦੇ ਸੰਭਾਲ ਰਹੇ ਸਨ। 'ਪੋਥੀ ਹੱਥ ਕਿਤਾਬ ਕੱਛ' ਸਤਰ ਇਹ ਸੰਕੇਤ ਦਿੰਦੀ ਹੈ ਕਿ ਗੁਰੂ ਸਾਹਿਬ ਬਾਣੀ ਨੂੰ ਲਿਖਤੀ ਰੂਪ ਦੇ ਸੰਭਾਲ ਰਹੇ ਸਨ। ਗੁਰੂ ਨਾਨਕ ਸਮੇਤ ਦੂਜੇ ਗੁਰੂ ਸਾਹਿਬਾਨ ਦੀ ਬਾਣੀ ਦਾ ਸ਼ੁੱਧ ਸਰੂਪ ਸਾਡੇ ਤੱਕ ਨਾ ਪਹੁੰਚਦਾ ਅਗਰ ਗੁਰੂ ਅਰਜਨ ਦੇਵ ਜੀ 'ਆਦਿ ਗ੍ਰੰਥ' ਦਾ ਸੰਕਲਨ ਨਾ ਕਰਦੇ। ਪੁਰਾਤਨ ਜਨਮ ਸਾਖੀ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇਕੱਤਰ ਕੀਤੀ ਅਤੇ ਆਪਣੀ ਰਚੀ ਬਾਣੀ ਦੀਆਂ ਪੋਥੀਆਂ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਥਾਪਣ ਉਪਰੰਤ ਉਹਨਾਂ ਦੇ ਸਪੁਰਦ ਕਰਕੇ ਖਡੂਰ ਜਾਣ ਨੂੰ ਕਹਿ ਦਿੱਤਾ ਸੀ, ਤਾਂ ਜੋ ਇਸ ਵਿੱਚ ਰਲਾਅ ਨਾ ਹੋ ਸਕੇ।

*"ਤਿਤੁ ਮਹਿਲ ਜੋ ਸਬਦ ਹੋਆ,*
*ਸੋ ਪੋਥੀ ਗੁਰ ਅੰਗਦ ਜੋਗ ਮਿਲੀ॥"*

ਵੱਖ-ਵੱਖ ਜਨਮ ਸਾਖੀਆਂ ਵਿੱਚ ਜ਼ਿਕਰ ਆਉਂਦਾ ਹੈ ਕਿ ਸੀਹਾਂ ਉਪਲ, ਸੈਦੋ ਘੇਹੋ, ਹਸੂ ਲੁਹਾਰ, ਝੰਡਾ ਬਾਢੀ, ਸੀਹਾਂ ਛੀਂਬਾ ਜੋ ਉਦਾਸੀਆਂ ਦੇ ਸਮੇਂ ਗੁਰੂ ਸਾਹਿਬ ਦੇ ਸਾਥੀ ਰਹੇ, ਸਾਰੇ ਲਿਖਾਰੀ ਸਨ, ਠੀਕ ਨਹੀਂ। ਇਨ੍ਹਾਂ ਵਿੱਚੋਂ ਸੀਹਾਂ ਉਪਲ ਤੇ ਸੈਦੋ ਘੇਹੋ ਲਿਖਾਰੀ ਤਾਂ ਸਨ ਪਰ ਦੋਵੇਂ ਸਮਕਾਲੀ ਨਹੀਂ। ਲਿਖਾਰੀ ਸੀਹਾਂ ਗੁਰੂ ਸਾਹਿਬ ਦਾ ਚਸ਼ਮਦੀਦ ਸੀ ਪਰ ਸੈਦੋ ਨਹੀਂ। ਬਾਕੀ ਸਾਰੇ ਕਾਲਪਨਿਕ ਪਾਤਰ ਹਨ। ਸੀਹਾਂ ਗੁਰੂ ਸਾਹਿਬ ਦੇ ਸੁਲਤਾਨਪੁਰ ਰਹਿੰਦਿਆਂ ਸੰਪਰਕ ਵਿੱਚ ਆਇਆ ਸੀ। ਗੁਰੂ ਸਾਹਿਬ ਦੀਆਂ ਸਿੱਖਿਆਵਾਂ ਤੋਂ ਪ੍ਰਭਾਵਿਤ ਹੋ ਕੇ ਸੀਹਾਂ ਸਿੱਖ ਬਣ ਬਾਬੇ ਦਾ ਸੇਵਕ ਹੋ, ਉਸੇ ਦੀ ਵਿਚਾਰਧਾਰਾ ਨਾਲ ਹੋ ਤੁਰਿਆ। ਜਿਸ ਕਰਕੇ ਭਾਈ ਗੁਰਦਾਸ ਨੇ ਵੀ ਉਸ ਨੂੰ ਮਾਣ ਦਿੱਤਾ। ਕਈ ਵਿਦਵਾਨਾਂ ਦੀ ਇਹ ਵੀ ਧਾਰਨਾ ਗਲਤ ਸਾਬਿਤ ਹੁੰਦੀ ਹੈ ਕਿ ਸੀਹੇਂ-ਸੈਦੋ ਨੇ 'ਪ੍ਰਾਣ ਸੰਗਲੀ' ਕਲਮ ਬੰਦ ਕੀਤੀ। ਜਦ ਉਹ ਸਮਕਾਲੀ ਹੀ ਨਹੀਂ, ਫਿਰ ਕਿਵੇਂ ਇਕੱਠੇ ਕਲਮ ਬੰਦ ਕਰ ਸਕਦੇ ਹਨ?

ਸਮਕਾਲੀ ਤਾਂ ਮੁਸਲਿਮ ਤਾਜੁਦੀਨ ਸੀ, ਜੋ ਮੱਕੇ ਮਦੀਨੇ ਦੀ ਚੌਥੀ ਉਦਾਸੀ ਦੌਰਾਨ ਗੁਰੂ ਸਾਹਿਬ ਦੇ ਨਾਲ ਡੇਢ ਸਾਲ ਰਿਹਾ। ਉਸ ਦੇ ਗ੍ਰੰਥ ਵਿੱਚੋਂ ਇਸ ਪੂਰਨ ਉਦਾਸੀ ਦੀ ਝਲਕ ਸਾਨੂੰ ਦਿਖਦੀ ਹੈ। ਵੱਖ-ਵੱਖ ਮੌਲਾਣਿਆਂ ਨਾਲ ਹੋਈਆਂ ਮੁਲਾਕਾਤਾਂ, ਗੋਸਟਿ ਰੂਪੀ ਆਪਸੀ ਵਾਰਤਾਲਾਪ, ਬਾਣੀ ਸ਼ੁੱਧ ਰੂਪ ਵਿੱਚ ਸਾਖੀਆਂ ਨੂੰ ਦ੍ਰਿਸ਼ਟਮਾਨ ਕਰਦੀ ਹੈ। ਕਿਹਾ ਜਾ ਸਕਦਾ ਹੈ ਕਿ ਸਾਖੀਆਂ ਦੀ ਲਿਖਤ ਰੂਪ ਵਿੱਚ ਰਚਨ ਪ੍ਰਕਿਰਿਆ ਗੁਰੂ ਨਾਨਕ ਦੇ ਅੰਤਲੇ ਸਮੇਂ ਵਿੱਚ ਸ਼ੁਰੂ ਹੋ ਚੁੱਕੀ ਸੀ, ਜੋ ਗੁਰੂ ਅੰਗਦ ਦੇਵ ਜੀ ਦੇ ਵੇਲੇ ਬਕਾਇਦਾ ਚਲਦੀ ਰਹੀ ਤੇ ਹੋਰਨਾਂ ਲਿਖਾਰੀਆਂ ਨੇ ਇਸ ਦੇ ਵਿਕਾਸ ਵਿੱਚ ਯੋਗਦਾਨ ਪਾਇਆ। ਇਹ ਵੀ ਸੰਭਵ ਹੈ ਕਿ ਇਸੇ ਅਗਿਆਤ ਲੇਖਕ ਦੀ ਅਸਲ ਪੋਥੀ ਬਿਧੀ ਚੰਦੀਆਂ ਦੇ ਹੱਥ ਲੱਗੀ ਹੋਵੇ, ਜਿਸ ਦੀ ਨਕਲ ਰੱਖ ਕੇ ਅਸਲ ਬਿਆਸ ਦਰਿਆ ਵਿੱਚ ਰੋੜ੍ਹ ਦਿੱਤੀ ਹੋਵੇ। ਜਿਸ ਦੇ ਹੋਣ ਦਾ ਜ਼ਿਕਰ ਭਾਈ ਸੰਤੋਖ ਸਿੰਘ ਜੀ ਕਰਦੇ ਰਹੇ ਹਨ। ਇਸੇ ਨਕਲ ਵਿੱਚ ਆਪਣੀ ਲੋੜ ਤੇ ਮਨਸ਼ਾ ਅਨੁਸਾਰ ਸਾਖੀਆਂ ਦੇ ਵਾਧੇ ਘਾਟੇ ਨਾਲ ਨਵੀਂ ਸਾਖੀ ਬਿਧੀ ਚੰਦ ਨੇ ਆਪਣੇ ਭਰਾ ਬਾਲ ਚੰਦ ਦੇ ਨਾਂਅ 'ਤੇ ਪੇਸ਼ ਕਰ ਦਿੱਤੀ, ਜਿਸ ਨੂੰ ਅੱਜ ਬਾਲੇ ਵਾਲੀ ਸਾਖੀ ਕਿਹਾ ਜਾਂਦਾ ਹੈ। ਇਸ ਬਾਲੇ ਨੇ ਨਾ ਸਿਰਫ ਅਗਿਆਤ ਲੇਖਕ ਦੀ ਸਾਖੀ ਨੂੰ ਆਧਾਰ ਬਣਾਇਆ, ਬਲਕਿ ਉਸ ਵੇਲੇ ਵਿਦਮਾਨ ਸੀਹੇਂ ਦੀ 'ਸਾਖੀ ਮਹਲੁ ਪਹਿਲੇ ਕੀ', 'ਪੁਰਾਤਨ ਜਨਮ ਸਾਖੀ' ਤੇ ਮਿਹਰਬਾਨ ਵਾਲੀ ਜਨਮ ਸਾਖੀ ਨੂੰ ਵੀ ਆਧਾਰ ਬਣਾਇਆ, ਜਿਨ੍ਹਾਂ ਦੇ ਅਨੇਕਾਂ ਨਮੂਨੇ ਬਾਲੇ ਵਾਲੀ ਵਿੱਚ ਪ੍ਰਤੱਖ ਨਜ਼ਰੀਂ ਪੈਂਦੇ ਹਨ।

ਭਾਈ ਸੰਤੋਖ ਸਿੰਘ ਦੇ ਮਤ ਅਨੁਸਾਰ ਗੁਰੂ ਅੰਗਦ ਦੇਵ ਜੀ ਵੇਲੇ ਸਾਖੀ ਤਾਂ ਲਿਖੀ ਗਈ, ਜੋ ਬਾਲੇ ਨੇ ਨਹੀਂ ਲਿਖਵਾਈ। ਇਹ ਕਿਸੇ ਹੋਰ ਸਾਖੀਕਾਰ ਦੀ ਹੋ ਸਕਦੀ ਹੈ, ਜੋ ਬਦਕਿਸਮਤੀ ਨਾਲ ਨਹੀਂ ਮਿਲਦੀ। ਇਹ ਪੋਥੀ ਜ਼ਰੂਰ ਹੰਦਾਲੀਆਂ ਦੇ ਹੱਥ ਲੱਗੀ, ਜਿਸ ਦੇ ਉਲਟ ਉਨ੍ਹਾਂ ਨੇ ਰਲਾਅ ਕਰਕੇ ਨਵੀਂ ਪੋਥੀ ਪੇਸ਼ ਕਰ ਦਿੱਤੀ। ਭਾਈ ਸਾਹਿਬ ਨੇ ਬਾਬੇ ਹੰਦਾਲ ਦੀ ਔਲਾਦ ਨੂੰ ਰਾਹੂ ਦੀ ਸੰਗਿਆ ਦੇ ਕੇ ਨਿਵਾਜਿਆ ਹੈ:-

*ਭਯੋ ਰਾਹੁ ਹਿੰਦਾਲੇ ਜਾਯਾ। ਜਿਨ ਪੁਸਤਕ ਬਿਪਰੀਤ ਬਨਾਯਾ।*
*ਜਸ ਰਾਕਾਸ਼ਸ਼ਿ ਗ੍ਰਸਨਹਿ ਕੀਨਾ। ਮੂਰਖ ਮਤਿ ਕਲਿ ਮਲਨ ਮਲੀਨਾ॥੪॥*

*ਭਾਈ ਵੀਰ ਸਿੰਘ ਦਾ ਵੀ ਮੰਨਣਾ ਹੈ ਕਿ ਹੰਦਾਲੀਆਂ ਨੇ ਪਹਿਲੀ ਪੋਥੀ ਨਸ਼ਟ ਕਰਕੇ ਨਵੀਂ*

*ਜਨਮ ਸਾਖੀ ਰਚ ਦਿੱਤੀ। ਭਾਈ ਸੰਤੋਖ ਸਿੰਘ ਵੀ ਅਜਿਹੇ ਘਿਨਾਉਣੇ ਕਾਰੇ ਲਈ ਹੰਦਾਲੀਆਂ ਨੂੰ*

*ਜ਼ਿੰਮੇਵਾਰ ਠਹਿਰਾਉਂਦੇ ਹਨ ਕਿ ਉਨ੍ਹਾਂ ਨੇ ਆਪਣੇ ਵੱਡਿਕਿਆਂ ਨੂੰ ਉੱਚਾ ਚੁੱਕਣ ਲਈ ਉਸ ਵਿੱਚ*

*ਅਣਉਚਿਤ ਬਚਨ ਲਿਖ ਕੇ ਇਹ ਕੁਕਰਮ ਕੀਤਾ:-*
*ਗੁਰੂ ਅੰਗਦ ਜੀ ਜੋ ਲਿਖਵਾਈ।*
*ਬਹੁ ਨਹਿ ਲਿਖੀ, ਰਹੀ ਇਕ ਥਾਈ।*
*ਇਕ ਕਬੀਰ ਬੰਸੀ ਮਿਲਿ ਤਾਹੀ।*
*ਸੋ ਪੋਥੀ ਪਢਿ ਗੁਨ ਮਨ ਮਾਹੀ॥੨੨॥*
*ਕਰਿ ਕੁਕਰਮ ਅਨਸੋਧ ਬਨਾਈ।*
*ਅਪਨ ਵਡਿਨ ਕੀ ਕੀਰਤਿ ਪਾਈ।*
*ਬਚਨ ਅਨੁਚਿਤ ਲਿਖੇ ਸਮੁਦਾਏ।*
*ਜਿਨਕੇ ਪਢਨ ਸੁਨਨਿ ਅਘ ਪਾਏ॥੨੩॥*
*ਅਪਨਾ ਵਡਾ ਜਾਨ ਹਿੰਦਾਲੂ।*
*ਤਿਹ ਕੀ ਕੀਰਤਿ ਲਿਖੀ ਬਿਸਾਲੂ।*
*ਸ੍ਰੀ ਨਾਨਕ ਤੇ ਵਡੀ ਬਨਾਇ।*
*ਮਹਿਮਾ ਲਿਖਤ ਭਯੋ ਬਹੁ ਭਾਇ॥੨੪॥*
*(ਨਾਨਕ ਪ੍ਰਕਾਸ਼, ਅਧਿਆਇ ੩੭, ਪੂਰਬਾਰਧ)*

98106-02915

ਬਾਕੀ ਅਗਲੇ ਐਤਵਾਰਤਾ 'ਚ


## ਬਾਲ ਕੋਨਾ









ਸਾਰੀਆਂ ਪੇਂਟਿੰਗਜ਼ ਨਵਗੀਤ ਸਿੰਘ ਜਮਾਤ ਤੀਜੀ, ਲਾਲਾ ਲਾਜ ਪਤਰਾਏ ਇੰਟਰਨੈਸ਼ਨਲ ਸਕੂਲ, ਮੋਗਾ ਦੀਆਂ ਹਨ।